PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

31st Oct - 7th Nov 2024 • Issue No. 3054

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਬੰਦੀਛੋੜ ਦਿਵਸ ਤੇ ਦੀਵਾਲੀ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ ਹੋਵੇ




**ਇਸ ਵਾਰ ਬੰਦੀਛੋੜ ਦਿਵਸ (ਦੀਵਾਲੀ) ਦੀ ਤਾਰੀਖ਼ 1 ਨਵੰਬਰ ਆ ਰਹੀ ਹੈ – ਇਹ ਉਹ ਤਾਰੀਖ਼ ਹੈ ਜਦੋਂ 1947 ਤੋਂ ਬਾਅਦ ਦੇ ਅਜ਼ਾਦ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਹੋਰ ਅਨੇਕਾਂ ਸ਼ਹਿਰਾਂ ਅੰਦਰ ਸਰਕਾਰੀ ਪ੍ਰਸ਼ਾਸਨ ਦੀ ਮਦਦ ਨਾਲ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ**

**ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ ਕਿਹਾ ਹੈ ਕਿ ਇਸ ਦਿਨ ਰੌਸ਼ਨੀ ਦੀਆਂ ਲੜੀਆਂ ਲਾਉਣ ਤੋਂ ਗੁਰੇਜ਼ ਕੀਤਾ ਜਾਵੇ – ਉਸ ਦੇਸ਼ ਵਿੱਚ ਸਿੱਖਾਂ ਦੇ ਕਤਲੇਆਮ ਨੂੰ 40 ਸਾਲ ਬੀਤ ਜਾਣ ਤੱਕ ਵੀ ਇਨਸਾਫ਼ ਨਹੀਂ ਮਿਲਿਆ**

## ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਕਰਵਾਏ ਗਏ 52 ਰਾਜੇ ਅਤੇ ਉਨ੍ਹਾਂ ਦੀਆਂ ਰਿਆਸਤਾਂ ਦੇ ਨਾਂ

ਗਵਾਲੀਅਰ ਦੇ ਕਿਲ੍ਹੇ ਵਿੱਚੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਛੁਡਵਾਏ ਗਏ 52 ਰਾਜੇ ਅਤੇ ਉਹਨਾਂ ਦੀਆਂ ਰਿਆਸਤਾਂ ਬਾਰੇ ਗਲੋਬਲ ਸਿੱਖ ਵਿਜ਼ਨ ਵੱਲੋਂ ਗਹਿਰੀ ਖੋਜ ਕੀਤੀ ਗਈ ਹੈ। ਗਲੋਬਲ ਸਿੱਖ ਵਿਜ਼ਨ ਦੇ ਸੀ. ਈ. ਓ. ਸ: ਰਵਿੰਦਰਪਾਲ ਸਿੰਘ ਦੁਆਰਾ ਭੇਜੀ ਗਈ ਇਹ ਜਾਣਕਾਰੀ ਪੰਜਾਬ ਦੇ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ।

**ਰਾਜੇ ਅਤੇ ਉਨ੍ਹਾਂ ਦੀਆਂ ਰਿਆਸਤਾਂ ਦੇ ਨਾਂ ਇਸ ਤਰ੍ਹਾਂ ਹਨ:**

1 ਰਾਜਾ ਬਿਕਰਮਜੀਤ ਸਿੰਘ ਜੋਧਪੁਰ (ਰਾਜਸਥਾਨ)
2 ਰਾਜਾ ਚੰਦਰਾ ਸੇਨ ਮਾਰਵਾੜ (ਰਾਜਸਥਾਨ)
3 ਰਾਜਾ ਅਮਰ ਸਿੰਘ ਮੇਵਾੜ (ਰਾਜਸਥਾਨ)
4 ਰਾਜਾ ਜੈ ਸਿੰਘ ਅੰਬਰ (ਰਾਜਸਥਾਨ)
5 ਰਾਜਾ ਉਗਰਸੇਨ ਰੇਵਾ (ਮੱਧ ਪ੍ਰਦੇਸ਼)
6 ਰਾਜਾ ਪੁਹਪ ਸਿੰਘ ਸਿਰੋਹੀ (ਰਾਜਸਥਾਨ)
7 ਰਾਜਾ ਦੁਰਜਨ ਸਿੰਘ ਬੂੰਦੀ (ਰਾਜਸਥਾਨ)
8 ਰਾਜਾ ਮਧੁਕਰ ਸਿੰਘ ਚੰਬਾ (ਹਿਮਾਚਲ ਪ੍ਰਦੇਸ਼)
9 ਰਾਜਾ ਵਿਕਰਮਦਿੱਤਿਆ ਉਦੈਪੁਰ (ਰਾਜਸਥਾਨ)
10 ਰਾਜਾ ਸ਼ਲਿਵਾਹਨ ਜੈਸਲਮੇਰ (ਰਾਜਸਥਾਨ)
11 ਰਾਜਾ ਭੋਜ ਸਿੰਘ ਰਣਥੰਭੋਰ (ਰਾਜਸਥਾਨ)
12 ਰਾਜਾ ਇੰਦਰਜੀਤ ਸਿੰਘ ਗਵਾਲੀਅਰ (ਮੱਧ ਪ੍ਰਦੇਸ਼)
13 ਰਾਜਾ ਕਲਿਆਣ ਮੱਲ ਬੀਕਾਨੇਰ (ਰਾਜਸਥਾਨ)
14 ਰਾਜਾ ਕਾਹਨ ਸਿੰਘ ਮਛੇਰੀ (ਰਾਜਸਥਾਨ)
15 ਰਾਜਾ ਹਰੀ ਸਿੰਘ ਸੋਨੀਪੱਤ ਹਰਿਆਣਾ
16 ਰਾਜਾ ਭੀਮ ਸਿੰਘ ਕੋਟਾ (ਰਾਜਸਥਾਨ)
17 ਰਾਜਾ ਨਰਾਇਣ ਦਾਸ ਕੁਮਾਯੂੰ (ਉਤਰਾਖੰਡ)
18 ਰਾਜਾ ਗੋਪਾਲ ਸਿੰਘ ਨੂਰਪੁਰ (ਹਿਮਾਚਲ ਪ੍ਰਦੇਸ਼)
19 ਰਾਜਾ ਪ੍ਰਤਾਪ ਸਿੰਘ ਜੰਮੂ (ਜੰਮੂ ਤੇ ਕਸ਼ਮੀਰ)
20 ਰਾਜਾ ਰਾਜ ਸਿੰਘ ਛੱਤਰਪੁਰ (ਮੱਧ ਪ੍ਰਦੇਸ਼)
21 ਰਾਜਾ ਅਨਿਰੁੱਧ ਸਿੰਘ ਵਿਜੇਪੁਰ (ਮੱਧ ਪ੍ਰਦੇਸ਼)
22 ਰਾਜਾ ਉਦੇਭਾਨ ਸਿੰਘ ਢੋਲਪੁਰ (ਰਾਜਸਥਾਨ)
23 ਰਾਜਾ ਪੂਰਨ ਮੱਲ ਸਿਰਮੌਰ (ਹਿਮਾਚਲ ਪ੍ਰਦੇਸ਼)
24 ਰਾਜਾ ਸੁਖਵੀਰ ਸਿੰਘ ਜਸਰੋਤਾ (ਜੰਮੂ ਤੇ ਕਸ਼ਮੀਰ)
25 ਰਾਜਾ ਰਤਨ ਸਿੰਘ ਰਤਲਾਮ (ਮੱਧ ਪ੍ਰਦੇਸ਼)
26 ਰਾਜਾ ਸੋਹਨ ਸਿੰਘ ਮਦਸੌਰ (ਮੱਧ ਪ੍ਰਦੇਸ਼)
27 ਰਾਜਾ ਕਿਸ਼ਨ ਸਿੰਘ ਬੰਨਸਵਾੜਾ (ਰਾਜਸਥਾਨ)
28 ਰਾਜਾ ਦਲੇਲ ਸਿੰਘ ਕਿਸ਼ਨਗੜ੍ਹ (ਰਾਜਸਥਾਨ)
29 ਰਾਜਾ ਛੱਤਰਸਲ ਪੰਨਾ (ਮੱਧ ਪ੍ਰਦੇਸ਼)
30 ਰਾਜਾ ਮੀਤ ਸੇਨ ਅਲਵਰ (ਰਾਜਸਥਾਨ)
31 ਰਾਜਾ ਹਿੰਮਤ ਸਿੰਘ ਗੋਗਾਮੇਰੀ (ਰਾਜਸਥਾਨ)
32 ਰਾਜਾ ਸੰਗਰਾਮ ਸਿੰਘ ਸ਼ਾਹਪੁਰਾ (ਰਾਜਸਥਾਨ)
33 ਰਾਜਾ ਰਣਜੀਤ ਸਿੰਘ ਜੀਂਦ (ਹਰਿਆਣਾ)
34 ਰਾਜਾ ਕਰਨ ਸਿੰਘ ਕਾਂਗੜਾ (ਹਿਮਾਚਲ ਪ੍ਰਦੇਸ਼)
35 ਰਾਜਾ ਰਘੁਨਾਥ ਸਿੰਘ ਬਿਲਾਸਪੁਰ (ਹਿਮਾਚਲ ਪ੍ਰਦੇਸ਼)
36 ਰਾਜਾ ਅਨੂਪ ਸਿੰਘ ਬੀਕਾਨੇਰ (ਰਾਜਸਥਾਨ)
37 ਰਾਜਾ ਕਨਕ ਸਿੰਘ ਸੰਬਲਪੁਰ (ਉੜੀਸਾ)
38 ਰਾਜਾ ਮਾਨ ਸਿੰਘ ਗਿਧੌੜ (ਬਿਹਾਰ)
39 ਰਾਜਾ ਜਸਵੰਤ ਸਿੰਘ ਜਲੌਰ (ਰਾਜਸਥਾਨ)
40 ਰਾਜਾ ਰਾਮ ਸਿੰਘ ਸਿਕਾਰ (ਰਾਜਸਥਾਨ)
41 ਰਾਜਾ ਸਵੈ ਸਿੰਘ ਉਦੈਪੁਰਵਤੀ (ਰਾਜਸਥਾਨ)
42 ਰਾਜਾ ਕੀਰਤ ਸਿੰਘ ਫਰੀਦਕੋਟ (ਪੰਜਾਬ)
43 ਰਾਜਾ ਦਲੇਰ ਸਿੰਘ ਕਲਸੀਆ (ਪੰਜਾਬ)
44 ਰਾਜਾ ਗਜ ਸਿੰਘ ਝੱਬੂਆ (ਮੱਧ ਪ੍ਰਦੇਸ਼)
45 ਰਾਜਾ ਸੱਤਿਆਸਾਲ ਦੰਤਾ (ਗੁਜਰਾਤ)
46 ਰਾਜਾ ਪ੍ਰਿਥਵੀਪਾਲ ਨਰਸਿੰਘਗੜ੍ਹ (ਮੱਧ ਪ੍ਰਦੇਸ਼)
47 ਰਾਜਾ ਰਾਜਪਾਲ ਕਰੌਲੀ (ਰਾਜਸਥਾਨ)
48 ਰਾਜਾ ਭੂਪਤ ਸਿੰਘ ਸਕਤੀ (ਛੱਤੀਸਗੜ੍ਹ)
49 ਰਾਜਾ ਚੱਤਰ ਸਿੰਘ ਮੈਹੜ (ਮੱਧ ਪ੍ਰਦੇਸ਼)
50 ਰਾਜਾ ਸ਼ਿਵ ਸਿੰਘ ਸ਼ਿਵਪੁਰੀ (ਮੱਧ ਪ੍ਰਦੇਸ਼)
51 ਰਾਜਾ ਹਰੀਹਰ ਸਿੰਘ ਖਿਲਚੀਪੁਰ (ਮੱਧ ਪ੍ਰਦੇਸ਼)
52 ਰਾਜਾ ਉਦੈ ਸਿੰਘ ਨਗੌੜ (ਮੱਧ ਪ੍ਰਦੇਸ਼)

ਭਾਰਤ ਦੇ ਕਈ ਰਾਜਾਂ ਦੀ ਵੰਡ ਹੋਣ ਦੇ ਕਾਰਨ ਹੋ ਸਕਦਾ ਰਾਜਿਆਂ ਦੀਆਂ ਰਿਆਸਤਾਂ ਦੇ ਨਾਂਵਾਂ ਵਿੱਚ ਕੁੱਝ ਤਬਦੀਲੀ ਹੋ ਗਈ ਹੋਵੇ।



# ਮਿਸਟਰ ਸਿੰਘਸ Mr. Singh's Pizza ਵੱਲੋਂ
# ਬੰਦੀਛੋੜ ਦਿਵਸ ਤੇ ਦੀਵਾਲੀ ਦੀ
## ਖਾਲਸਾ ਪੰਥ ਅਤੇ ਸਮੂਹ ਜਗਤ ਨੂੰ ਲੱਖ ਲੱਖ ਵਧਾਈ




103 Cornwall Rd
Handsworth Wood
Birmingham, B20 2HY
**Handsworth Wood**
**0121 5239275**

Call&Collect Eat in Delivery

Unit 15b
New Sqaure
B70 7PP
**West Bromwich**
**0121 525 7466**

480 Dudley Road,
Wolverhampton
WV2 3AF
**Wolverhampton**
**01902 504135**

387 Eastern Avenue,
Gants Hill,
IG2 6LR
**East London**
**0208 270 1234**

431 Great West Road
Hounslow, TW5 0BY
**Hounslow**
**020 3475 0217**

## ਦੁਨੀਆਂ ਦਾ ਸਭ ਤੋਂ ਮਸ਼ਹੂਰ
## ਪਹਿਲਾ ਵੈਸ਼ਨੂੰ ਪੀਜ਼ਾ ਰੈਸਟੋਰੈਂਟ

/MrSinghs @MrSinghs /MrSinghsPizza

mrsingh's
all vegetarian pizza

# ਕੈਨੇਡਾ ਦਾ ਵੱਡਾ ਦੋਸ਼-ਸਿੱਖ ਵੱਖਵਾਦੀਆਂ ਦੇ ਕਤਲ ਦੀ ਸਾਜ਼ਿਸ਼ ਪਿੱਛੇ ਭਾਰਤੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ

**○ ਭਾਰਤ ਸਰਕਾਰ ਨੇ ਕੈਨੇਡਾ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ○ ਕੈਨੇਡਾ ਤੋਂ ਬਾਅਦ ਹੁਣ ਅਮਰੀਕਾ ਅਤੇ ਭਾਰਤ ਵਿਚਾਲੇ ਤਣਾਅ ਦਾ ਮਾਹੌਲ**

## ਖਾਸ ਖਬਰ

ਕੈਨੇਡਾ ਸਰਕਾਰ ਨੇ ਹੁਣ ਦੋਸ਼ ਲਾਇਆ ਹੈ ਕਿ ਕੈਨੇਡਾ ਦੀ ਧਰਤੀ 'ਤੇ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਪਿੱਛੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹੱਥ ਹੈ। ਭਾਰਤ ਸਰਕਾਰ ਨੇ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਅਤੇ ਕੈਨੇਡਾ ਦੇ ਅਜਿਹੇ ਸਾਰੇ ਪਿਛਲੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

ਕੈਨੇਡੀਅਨ ਉਪ ਵਿਦੇਸ਼ ਮਾਮਲਿਆਂ ਦੇ ਮੰਤਰੀ ਡੇਵਿਡ ਮੌਰੀਸਨ ਨੇ ਬੀਤੇ ਮੰਗਲਵਾਰ ਨੂੰ ਇੱਕ ਸੰਸਦੀ ਕਮੇਟੀ ਨੂੰ ਦੱਸਿਆ ਕਿ ਉਸਨੇ ਇੱਕ ਅਮਰੀਕੀ ਅਖਬਾਰ ਨੂੰ ਦੱਸਿਆ ਕਿ ਸਾਰੀ ਸਾਜ਼ਿਸ਼ ਅਮਿਤ ਸ਼ਾਹ ਦੁਆਰਾ ਰਚੀ ਗਈ ਸੀ। ਵਾਸ਼ਿੰਗਟਨ ਪੋਸਟ ਅਖਬਾਰ, ਸੀਬੀਸੀ ਨਿਊਜ਼ ਦੇ ਅਨੁਸਾਰ, ਕੈਨੇਡੀਅਨ ਅਧਿਕਾਰੀਆਂ ਨੇ ਦੋਸ਼ ਲਗਾਇਆ ਹੈ ਕਿ ਇਸ ਪਿੱਛੇ ਅਮਿਤ ਸ਼ਾਹ ਦਾ ਹੱਥ ਸੀ। ਕੈਨੇਡਾ ਵਿੱਚ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾ ਕੇ ਹਿੰਸਾ ਅਤੇ ਧਮਕਾਉਣ ਦੀ ਮੁਹਿੰਮ ਪਿਛੇ ਅਮਿਤ ਸ਼ਾਹ ਹੈ। ਮਾਰੀਸਨ ਨੇ ਸੰਸਦੀ ਕਮੇਟੀ ਨੂੰ ਦੱਸਿਆ ਕਿ "ਪੱਤਰਕਾਰ ਨੇ ਮੈਨੂੰ ਫ਼ੋਨ ਕੀਤਾ ਅਤੇ ਪੁੱਛਿਆ ਕਿ ਕੀ ਇਹ (ਅਮਿਤ ਸ਼ਾਹ) ਉਹੀ ਵਿਅਕਤੀ ਸੀ। ਮੈਂ ਪੁਸ਼ਟੀ ਕੀਤੀ ਕਿ ਇਹ ਉਹੀ ਵਿਅਕਤੀ ਹੈ।" ਓਟਵਾ ਸਥਿਤ ਭਾਰਤੀ ਹਾਈ ਕਮਿਸ਼ਨ ਅਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਅਜੇ ਤੱਕ ਇਸ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ।

ਮੰਗਲਵਾਰ ਤੋਂ ਪਹਿਲਾਂ, ਕੈਨੇਡੀਅਨ ਅਧਿਕਾਰੀ ਰਿਕਾਰਡ 'ਤੇ ਸਿਰਫ ਇਹ ਕਹਿ ਰਹੇ ਸਨ ਕਿ ਇਸ ਸਾਜ਼ਿਸ਼ ਦੇ ਪਿੱਛੇ "ਭਾਰਤ ਸਰਕਾਰ ਦੀਆਂ ਏਜੰਸੀਆਂ ਦੇ ਉੱਚ ਪੱਧਰੀ ਲੋਕਾਂ" ਦਾ ਹੱਥ ਸੀ। ਪਰ ਪਹਿਲੀ ਵਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਨਾਂ ਖੁੱਲ੍ਹ ਕੇ ਲਿਆ ਗਿਆ ਹੈ। ਵਾਸ਼ਿੰਗਟਨ ਪੋਸਟ ਵਿਚ ਅਮਿਤ ਸ਼ਾਹ ਦਾ ਨਾਂ ਸਾਹਮਣੇ ਆਉਂਦੇ ਹੀ ਵੱਖਵਾਦੀ ਸਿੱਖ ਸੰਗਠਨਾਂ ਨੇ ਅਮਿਤ ਸ਼ਾਹ 'ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ। ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਬਿਆਨ ਵਿੱਚ ਕਿਹਾ, "ਅਮਿਤ ਸ਼ਾਹ ਨੇ ਭਾਰਤ ਦੀਆਂ ਸਰਹੱਦਾਂ ਤੋਂ ਬਾਹਰ ਖਾਲਿਸਤਾਨ ਪੱਖੀ ਕਾਰਕੁਨਾਂ ਨੂੰ ਫੜਨ ਅਤੇ ਖ਼ਤਮ ਕਰਨ ਲਈ ਭਾਰਤ ਦੀਆਂ ਸੁਰੱਖਿਆ ਏਜੰਸੀਆਂ ਨੂੰ ਹਥਿਆਰ ਬਣਾਇਆ ਹੈ।"

ਰਾਇਟਰਜ਼ ਨਿਊਜ਼ ਏਜੰਸੀ ਮੁਤਾਬਕ ਖਾਲਿਸਤਾਨੀਆਂ ਦੀ ਮੰਗ ਭਾਰਤ ਤੋਂ ਵੱਖ ਹੋ ਕੇ ਇਕ ਆਜ਼ਾਦ ਦੇਸ਼ ਬਣਾਉਣ ਦੀ ਹੈ ਜਿਸ ਨੂੰ 'ਖਾਲਿਸਤਾਨ' ਵਜੋਂ ਜਾਣਿਆ ਜਾਵੇਗਾ। ਭਾਰਤ ਵਿੱਚ 1980 ਅਤੇ 1990 ਦੇ ਦਹਾਕੇ ਦੌਰਾਨ ਖਾਲਿਸਤਾਨ ਲਹਿਰ ਚੱਲੀ ਸੀ। ਇਸ ਦੇ ਨਾਲ ਹੀ 1984 ਵਿੱਚ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਵੀ ਹੋਇਆ ਸੀ। ਇਸ ਵਿੱਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਸਿੱਖ ਵੱਖਵਾਦੀਆਂ ਨੂੰ ਖਦੇੜਨ



ਲਈ ਫੌਜ ਨੇ ਅੰਮ੍ਰਿਤਸਰ ਦੇ ਸਿੱਖਾਂ ਦੇ ਸਭ ਤੋਂ ਪਵਿੱਤਰ ਗੁਰਦੁਆਰੇ 'ਤੇ ਕਾਰਵਾਈ ਕੀਤੀ ਸੀ। ਭਾਜਪਾ ਆਗੂ ਵੀ ਇਸ ਸਰਕਾਰੀ ਅਪਰੇਸ਼ਨ ਦਾ ਸਮਰਥਨ ਕਰ ਰਹੇ ਸਨ। ਬਾਅਦ ਵਿੱਚ ਭਾਜਪਾ ਦੇ ਸੰਸਥਾਪਕ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਕਿਤਾਬ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਜਿਸ ਵਿੱਚ ਉਨ੍ਹਾਂ ਲਿਖਿਆ ਹੈ ਕਿ ਸਾਡੇ (ਭਾਜਪਾ) ਦੇ ਦਬਾਅ ਕਾਰਨ ਇੰਦਰਾ ਗਾਂਧੀ ਨੂੰ ਹਰਿਮੰਦਰ ਸਾਹਿਬ ਵਿਖੇ ਫੌਜ ਰਾਹੀਂ ਕਾਰਵਾਈ ਕਰਨੀ ਪਈ।

ਕੈਨੇਡਾ ਨੇ 2023 ਵਿਚ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਜਰ ਦੀ ਕੈਨੇਡਾ ਦੀ ਧਰਤੀ 'ਤੇ ਹੋਈ ਹੱਤਿਆ ਨਾਲ ਸਬੰਧਾਂ ਨੂੰ ਲੈ ਕੇ ਅਕਤੂਬਰ ਦੇ ਅੱਧ ਵਿਚ ਭਾਰਤੀ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ। ਭਾਰਤ ਨੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢਣ ਦੇ ਹੁਕਮ ਵੀ ਦਿੱਤੇ ਹਨ।

ਜੂਨ 2023 ਵਿੱਚ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਜਰ ਦੇ ਕਤਲ ਦੀ ਜਾਂਚ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ ਨੂੰ ਕੈਨੇਡਾ ਵੱਲੋਂ 13 ਅਕਤੂਬਰ ਨੂੰ "ਸ਼ੱਕੀ ਵਿਅਕਤੀ" ਕਰਾਰ ਦਿੱਤਾ ਗਿਆ ਸੀ। ਕੈਨੇਡਾ ਦਾ ਦੋਸ਼ ਹੈ ਕਿ ਨਿੱਜਰ ਦੀ ਹੱਤਿਆ ਭਾਰਤੀ ਏਜੰਟਾਂ ਨੇ ਕੀਤੀ ਸੀ। ਨਿੱਜਰ ਕੈਨੇਡਾ ਦਾ ਨਾਗਰਿਕ ਸੀ। ਹਾਲਾਂਕਿ, ਨਿੱਜਰ ਨੂੰ ਭਾਰਤ ਵਿੱਚ ਖਾੜਕੂ ਘੋਸ਼ਿਤ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਕਿ ਕੈਨੇਡਾ ਸੰਜੇ ਵਰਮਾ 'ਤੇ ਅਗਲੀ ਕਾਰਵਾਈ ਕਰਦਾ, ਭਾਰਤ ਸਰਕਾਰ ਨੇ ਵਰਮਾ ਅਤੇ ਪੰਜ ਹੋਰ ਡਿਪਲੋਮੈਟਾਂ ਨੂੰ ਵਾਪਸ ਬੁਲਾ ਲਿਆ। ਕਿਉਂਕਿ ਕੈਨੇਡਾ ਨੇ ਇਸ ਕਾਂਡ ਉਨ੍ਹਾਂ ਦੇ ਨਾਂ ਵੀ ਲਏ ਗਏ ਸਨ।

ਇਸ ਦੇ ਜਵਾਬ ਵਿੱਚ ਭਾਰਤ ਨੇ ਵੀ 6 ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ। ਇਸ ਕਾਰਨ ਭਾਰਤ ਅਤੇ ਕੈਨੇਡਾ ਦੇ ਸਬੰਧ ਹੋਰ ਵਿਗੜ ਗਏ ਸਨ। ਭਾਰਤ ਨੇ ਸਾਰੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਭਾਰਤੀ ਏਜੰਟਾਂ 'ਤੇ ਖਾਲਿਸਤਾਨ ਸਮਰਥਕਾਂ ਨੂੰ ਨਿਸ਼ਾਨਾ ਬਣਾਉਣ, ਫਿਰੌਤੀ ਅਤੇ ਹਿੰਸਕ ਕਾਰਵਾਈਆਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ ਅਤੇ ਇੱਥੋਂ ਤੱਕ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਵੀ ਕੈਨੇਡਾ ਦੀ ਧਰਤੀ 'ਤੇ ਅਪਰਾਧਿਕ ਗਤੀਵਿਧੀਆਂ ਨਾਲ ਜੁੜੇ ਹੋਏ ਹਨ। ਲਾਰੈਂਸ ਬਿਸ਼ਨੋਈ ਇਸ ਸਮੇਂ ਗੁਜਰਾਤ ਦੀ ਜੇਲ੍ਹ ਵਿੱਚ ਹੈ। ਭਾਰਤ ਸਰਕਾਰ ਨੇ ਹੁਕਮ ਦਿੱਤਾ ਹੈ ਕਿ ਲਾਰੈਂਸ ਬਿਸ਼ਨੋਈ ਤੋਂ ਭਾਰਤ ਦੇ ਕਿਸੇ ਵੀ ਸੂਬੇ ਦੀ ਪੁਲਿਸ ਪੁੱਛਗਿੱਛ ਨਹੀਂ ਕਰ ਸਕਦੀ। ਅਜਿਹਾ ਕਿਉਂ ਹੈ ਇਸ ਦਾ ਕੋਈ ਜਾਇਜ਼ ਕਾਰਨ ਨਹੀਂ ਦਿੱਤਾ ਗਿਆ। ਹਾਲ ਹੀ ਵਿਚ ਅਭਿਨੇਤਾ ਸਲਮਾਨ ਖਾਨ ਨੂੰ ਕਤਲ ਦੀ ਧਮਕੀ ਅਤੇ ਬਾਅਦ ਵਿਚ ਸਲਮਾਨ ਦੇ ਦੋਸਤ ਅਤੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੀ ਹੱਤਿਆ ਦੇ ਮਾਮਲੇ ਵਿਚ ਲਾਰੈਂਸ ਬਿਸ਼ਨੋਈ ਦਾ ਨਾਂ ਸਾਹਮਣੇ ਆਇਆ ਸੀ। ਲਾਰੈਂਸ ਬਿਸ਼ਨੋਈ ਦੇ ਗਰੋਹ ਦੇ ਲੋਕ ਲਗਾਤਾਰ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਪਰ ਮੁੰਬਈ ਪੁਲਿਸ ਜਾਂ ਪੰਜਾਬ ਪੁਲਿਸ ਬਿਸ਼ਨੋਈ ਤੋਂ ਪੁੱਛਗਿੱਛ ਨਹੀਂ ਕਰ ਸਕਦੀ।

### ਅਮਰੀਕਾ ਅਤੇ ਭਾਰਤ ਵਿਚਾਲੇ ਤਣਾਅ

ਕਈ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਹੁਣ ਅਮਰੀਕਾ ਵੀ ਭਾਰਤੀ ਡਿਪਲੋਮੈਟਾਂ ਨੂੰ ਕੱਢਣ ਜਾ ਰਿਹਾ ਹੈ। ਅਮਰੀਕਾ ਵਿਦੇਸ਼ ਵਿਭਾਗ ਨੇ ਇਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਹੈ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਰਿਪੋਰਟ ਬਾਰੇ ਜਾਣਕਾਰੀ ਨਹੀਂ ਹੈ। ਮੈਥਿਊ ਮਿਲਰ ਨੇ ਕਿਹਾ, "ਮੈਂ ਇਸ ਰਿਪੋਰਟਾਂ ਤੋਂ ਜਾਣੂ ਨਹੀਂ ਹਾਂ ਕਿ ਅਸੀਂ ਭਾਰਤੀ ਡਿਪਲੋਮੈਟਾਂ ਨੂੰ ਕੱਢ ਦਿੱਤਾ ਹੈ...ਮੈਨੂੰ ਕਿਸੇ ਵੀ ਕੱਢੇ ਜਾਣ ਦੀ ਜਾਣਕਾਰੀ ਨਹੀਂ ਹੈ।" ਇਸ ਮਹੀਨੇ ਦੇ ਸ਼ੁਰੂ ਵਿੱਚ ਕੈਨੇਡੀਅਨ ਸਰਕਾਰ ਵੱਲੋਂ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ ਵਿੱਚ ਭਾਰਤੀ ਡਿਪਲੋਮੈਟ ਨੂੰ 'ਪਰਸਨ ਆਫ ਇਨਟਰਸਟ' ਐਲਾਨੇ ਜਾਣ ਤੋਂ ਬਾਅਦ ਭਾਰਤ ਨੇ ਕੈਨੇਡਾ ਤੋਂ ਛੇ ਡਿਪਲੋਮੈਟਾਂ ਨੂੰ ਵਾਪਸ ਬੁਲਾ ਲਿਆ ਸੀ।

### 'ਵਿਕਾਸ ਯਾਦਵ ਦੀ ਹਵਾਲਗੀ 'ਤੇ ਨਿਆਂ ਵਿਭਾਗ ਲਵੇਗਾ ਫੈਸਲਾ'

ਅਮਰੀਕਾ ਨੇ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਵਿੱਚ ਭੂਮਿਕਾ ਨਿਭਾਉਣ ਵਾਲੇ ਭਾਰਤ ਦੇ ਸਾਬਕਾ ਸਰਕਾਰੀ ਕਰਮਚਾਰੀ ਵਿਕਾਸ ਯਾਦਵ ਦੇ ਮਾਮਲੇ 'ਤੇ ਵੀ ਪ੍ਰਤੀਕਿਰਿਆ ਦਿੱਤੀ ਹੈ। ਯਾਦਵ ਦੀ ਸੰਭਾਵਿਤ ਹਵਾਲਗੀ ਬਾਰੇ ਪੁੱਛੇ ਜਾਣ 'ਤੇ ਮਿਲਰ ਨੇ ਕਿਹਾ ਕਿ ਹਵਾਲਗੀ ਦਾ ਮਾਮਲਾ ਅਮਰੀਕੀ ਨਿਆਂ ਵਿਭਾਗ ਦੇ ਅਧਿਕਾਰ ਅਧੀਨ ਆਉਂਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਮਰੀਕਾ ਇਸ ਮੁੱਦੇ 'ਤੇ ਭਾਰਤ ਸਰਕਾਰ ਨਾਲ ਗੱਲਬਾਤ ਕਰ ਰਿਹਾ ਹੈ।

### 'ਭਾਰਤ ਨੇ ਆਪਣਾ ਵਫ਼ਦ ਭੇਜਿਆ'

ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਨੇ ਆਪਣੀ ਜਾਂਚ ਦੀ ਸਥਿਤੀ ਬਾਰੇ ਵਿੱਚ ਅਧਿਕਾਰੀਆਂ ਨੂੰ ਜਾਣਕਾਰੀ ਦੇਣ ਲਈ ਦੋ ਹਫ਼ਤੇ ਪਹਿਲਾਂ ਇੱਕ ਵਫ਼ਦ ਅਮਰੀਕਾ ਭੇਜਿਆ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਆਪਣੇ ਭਾਰਤੀ ਹਮਰੁਤਬਾ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਮਾਮਲੇ ਵਿੱਚ ਅਸਲ ਜਵਾਬਦੇਹੀ ਹੋਵੇਗੀ।

## ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚੇ ਵਿਰਸਾ ਸਿੰਘ ਵਲਟੋਹਾ, ਕਿਹਾ- ਮੈਂ ਗੁਰੂ ਦੀ ਕਚਹਿਰੀ 'ਚ ਆਇਆ ਹਾਂ



ਅਕਾਲੀ ਦਲ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਪਹਿਲੀ ਵਾਰ ਵਿਰਸਾ ਸਿੰਘ ਵਲਟੋਹਾ ਮੰਗਲਵਾਰ ਯਾਨੀ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ। ਜਿੱਥੇ ਉਨ੍ਹਾਂ ਨੇ ਅਰਦਾਸ ਕੀਤੀ। ਅਰਦਾਸ ਕਰਨ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਨੇ ਕਿਹਾ- ਸਤਿਗੁਰੂ ਮੈਂ ਤੁਹਾਡੇ ਦਰਬਾਰ ਵਿੱਚ ਹਾਜ਼ਰ ਹਾਂ। ਗਿਆਨੀ ਹਰਪ੍ਰੀਤ ਸਿੰਘ ਵੱਲੋਂ ਮੇਰੇ ਤੇ ਲਗਾਏ ਗਏ ਦੋਸ਼ ਝੂਠੇ ਹਨ। ਜੇਕਰ ਗਿਆਨੀ ਹਰਪ੍ਰੀਤ ਸਿੰਘ ਕੋਲ ਕੋਈ ਸਬੂਤ ਹੈ ਤਾਂ ਉਹ ਗੁਰੂ ਪੰਥ ਦੀ ਕਚਹਿਰੀ ਵਿੱਚ ਪੇਸ਼ ਕਰੇ। ਗਿਆਨੀ ਹਰਪ੍ਰੀਤ ਸਿੰਘ ਦਾ ਪਰਿਵਾਰ ਉਨ੍ਹਾਂ ਦਾ ਆਪਣਾ ਪਰਿਵਾਰ ਹੈ। ਸਤਿਗੁਰੂ ਜੀ, ਧਿਆਨ ਵਿੱਚ ਰੱਖੋ, ਮੈਂ ਬਹੁਤ ਡੂੰਘੀ ਪੀੜਾ ਫ਼ਲਸਤੋਚੋਂ ਲੰਘ ਰਿਹਾ ਹਾਂ। ਇਸ ਮਹੀਨੇ 15 ਅਕਤੂਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਨ। ਜਿੱਥੋਂ ਉਨ੍ਹਾਂ ਨੂੰ ਅਕਾਲੀ ਦਲ ਛੱਡਣ ਦੇ ਆਦੇਸ਼ ਦਿੱਤੇ ਗਏ। ਕੁਝ ਸਮੇਂ ਬਾਅਦ ਉਨ੍ਹਾਂ ਵੱਲੋਂ ਭੇਜਿਆ ਗਿਆ ਅਸਤੀਫਾ ਅਕਾਲੀ ਦਲ ਨੇ ਪ੍ਰਵਾਨ ਕਰ ਲਿਆ। ਇਹ ਜਾਣਕਾਰੀ ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਦਿੱਤੀ।

# ਐੱਮਪੀ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਗੁਰਭੇਜ ਸਿੰਘ ਸਮੇਤ ਚਾਰ ਗ੍ਰਿ.ਫ਼ਤਾਰ

## ✪ ਹੈਰੋਇਨ ਤੇ ਹਥਿਆਰ ਬਰਾਮਦ



ਜਲੰਧਰ-ਜਲੰਧਰ ਕਮਿਸ਼ਨਰੇਟ ਪੁਲਿਸ ਦੇ ਸੀਆਈਏ ਸਟਾਫ ਦੀ ਪੁਲਿਸ ਨੇ ਬੰਬੀਹਾ-ਕੌਸ਼ਲ ਗੈਂਗ ਨੂੰ ਹਥਿਆਰ ਸਪਲਾਈ ਕਰਨ ਵਾਲੇ ਜੇਲ੍ਹ ਵਿਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਸਾਥੀ ਗੁਰਭੇਜ ਸਿੰਘ ਸਮੇਤ ਤਿੰਨ ਹੋਰ ਗੈਂਗਸਟਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ’ਚੋਂ 12 ਬੋਰ ਦੇ 10 ਕਾਰਤੂਸ, 315 ਬੋਰ ਦੇ ਅੱਠ ਕਾਰਤੂਸ ਤੇ 100 ਗ੍ਰਾਮ ਹੈਰੋਇਨ ਬਰਾਮਦ ਕਰਨ ਦਾ ਦਾਅਵਾ ਹੈ। ਮੁਲਜ਼ਮਾਂ ਨੂੰ ਰਿਮਾਂਡ ’ਤੇ ਲੈ ਕੇ ਉਨ੍ਹਾਂ ਦੇ ਸਮੁੱਚੇ ਨੈੱਟਵਰਕ ਦੀਆਂ ਜੜ੍ਹਾਂ ਪੁੱਟੀਆਂ ਜਾ ਰਹੀਆਂ ਹਨ।

ਪੁਲਿਸ ਦਾ ਦਾਅਵਾ ਹੈ ਕਿ ਤ.ਫਤੀਸ਼ ਤੋਂ ਬਾਅਦ ਇਸ ਗਿਰੋਹ ਸਬੰਧੀ ਹੋਰ ਸਨਸਨੀਖੇਜ਼ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਬਾਰੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਬੰਬੀਹਾ-ਕੌਸ਼ਲ ਗੈਂਗ ਸੂਬੇ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਯੋਜਨਾ ਬਣਾ ਰਿਹਾ ਸੀ।

ਇਸ ਤੋਂ ਪਹਿਲਾਂ ਪੁਲਿਸ ਨੇ 5 ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਦੇ ਸਬੰਧ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਗੁਰਭੇਜ ਸਿੰਘ ਨਾਲ ਪਾਏ ਗਏ ਸਨ। ਇਸ ਦੌਰਾਨ ਪੁਲਿਸ ਨੇ ਜਾਂਚ ਦੌਰਾਨ ਐੱਮਪੀ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਗੁਰਭੇਜ ਸਿੰਘ ਵਾਸੀ ਪਿੰਡ ਗੋਦਾਰਾ ਥਾਣਾ ਬਾਜਾਖਾਨਾ ਜ਼ਿਲ੍ਹਾ .ਫਰੀਦਕੋਟ ਨੂੰ ਗ੍ਰਿ.ਫਤਾਰ ਕਰ ਲਿਆ, ਜਦਕਿ ਉਸ ਦੇ ਤਿੰਨ ਹੋਰ ਸਾਥੀ ਲਖਵਿੰਦਰ ਸਿੰਘ ਵਾਸੀ ਪਿੰਡ ਹੈਬੋਵਾਲ ਜ਼ਿਲ੍ਹਾ ਹੁਸ਼ਿਆਰਪੁਰ, ਸਤਿੰਦਰ ਸਿੰਘ ਕਾਕਾ, ਹਰਦੀਪ ਸਿੰਘ ਤੇ ਭਰਤ ਸਿੰਘ ਉਰ.ਫ ਭਾਊ ਵਾਸੀ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਨੂੰ ਗ੍ਰਿ.ਫਤਾਰ ਕੀਤਾ ਗਿਆ ਹੈ।

ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਗ੍ਰਿ.ਫਤਾਰ ਮੁਲਜ਼ਮਾਂ ਲਖਵਿੰਦਰ ਸਿੰਘ ਤੇ ਹਰਸ਼ਦੀਪ ਸਿੰਘ ਖ਼ਿਲਾ.ਫ ਨਸ਼ਾ ਤਸਕਰੀ ਦੇ ਕੇਸ ਦਰਜ ਹਨ। ਇਹ ਦੋਵੇਂ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਦੇ ਮਾਮਲੇ ’ਚ ਵੀ ਸ਼ਾਮਲ ਸਨ ਤੇ ਅੰਮ੍ਰਿਤਪਾਲ ਸਿੰਘ ਦੇ ਨਜ਼ਦੀਕੀ ਸਾਥੀ ਗੁਰਭੇਜ ਸਿੰਘ ਦੇ ਸੰਪਰਕ ਵਿਚ ਸਨ। ਇਹ ਚਾਰੇ ਮੁਲਜ਼ਮ ਅਜਨਾਲਾ ਥਾਣੇ ’ਤੇ ਹਮਲੇ ਦੇ ਕੇਸ ਵਿਚ ਕਪੂਰਥਲਾ ਜੇਲ੍ਹ ਵਿਚ ਬੰਦ ਸਨ ਤਾਂ ਇਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਹੋਈ। ਪੁਲਿਸ ਕਮਿਸ਼ਨਰ ਨੇ ਦਾਅਵਾ ਕੀਤਾ ਕਿ ਇਹ ਮੁਲਜ਼ਮ ਜੇਲ੍ਹ ਦੇ ਅੰਦਰੋਂ ਮੋਬਾਈਲ ਫੋਨਾਂ ਰਾਹੀਂ ਨੈੱਟਵਰਕ ਚਲਾ ਰਹੇ ਸਨ।

ਸੀਆਈਏ ਸਟਾ.ਫ ਦੇ ਇੰਚਾਰਜ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਦੱਸਿਆ ਸੀ ਕਿ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਮੱਧ ਪ੍ਰਦੇਸ਼ ਤੋਂ ਤਸਕਰੀ ਕਰ ਕੇ ਹਥਿਆਰ ਬੰਬੀਹਾ-ਕੌਸ਼ਲ ਗਿਰੋਹ ਵੱਲੋਂ ਪਹੁੰਚਾਏ ਗਏ ਸਨ। ਇਹ ਹਥਿਆਰ ਜੇਲ੍ਹ ’ਚ ਬੰਦ ਬਦਨਾਮ ਗੈਂਗਸਟਰ ਗੁਰਭੇਜ ਸਿੰਘ, ਜੋ ਕਿ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਕਰੀਬੀ ਦੱਸਿਆ ਜਾਂਦਾ ਹੈ, ਨੇ ਆਪਣੇ ਨੈੱਟਵਰਕ ਰਾਹੀਂ ਮੁਹੱਈਆ ਕਰਵਾਏ ਸੀ। ਇਨ੍ਹਾਂ ਹਥਿਆਰਾਂ ਨਾਲ ਸੂਬੇ ’ਚ ਗੈਂਗਵਾਰ ਤੇ ਸੁਪਾਰੀ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾਣਾ ਸੀ ਪਰ ਕਮਿਸ਼ਨਰੇਟ ਪੁਲਿਸ ਦੀ ਮੁਸਤੈਦੀ ਕਾਰਨ ਇਹ ਸਨਸਨੀਖੇਜ਼ ਘਟਨਾਵਾਂ ਟਲ ਗਈਆਂ।

ਸੀਆਈਏ ਅਨੁਸਾਰ ਦੋ ਹੋਰ ਮੁਲਜ਼ਮਾਂ ਸਤਿੰਦਰ ਕਾਲਾ ਤੇ ਆਕਾਸ਼ ਲੱਕੀ ਦੇ ਨਾਂ ਵੀ ਹਥਿਆਰਾਂ ਦੀ ਸਪਲਾਈ ਤੇ ਨਸ਼ਾ ਤਸਕਰੀ ’ਚ ਸਾਹਮਣੇ ਆਏ ਸਨ। ਪੁਲਿਸ ਅਧਿਕਾਰੀਆਂ ਦੀ ਮੰਨੀਏ ਤਾਂ ਗੁਰਭੇਜ ਸਿੰਘ ਦੇ ਇਸ਼ਾਰੇ ’ਤੇ ਇਸ ਦੇ ਪੂਰੇ ਨੈੱਟਵਰਕ ਦੀ ਜਾਂਚ ਕੀਤੀ ਜਾਵੇਗੀ। ਸੀਆਈਏ ਇੰਚਾਰਜ ਅਨੁਸਾਰ ਹੁਣ ਤੱਕ ਦੀ ਜਾਂਚ ’ਚ ਸਾਹਮਣੇ ਆਇਆ ਹੈ ਕਿ ਪਹਿਲਾਂ ਗ੍ਰਿ.ਫਤਾਰ ਕੀਤੇ ਗਏ ਹਰਸ਼ਦੀਪ ਸਿੰਘ ਹਥਿਆਰਾਂ ਦੀ ਸਪਲਾਈ ਦੇ ਨਾਲ-ਨਾਲ ਨਸ਼ਾ ਤਸਕਰੀ ਵੀ ਕਰਦੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਡਰੱਗ ਰੈਕੇਟ ਦੀ ਅਹਿਮ ਜਾਣਕਾਰੀ ਪੁਲਿਸ ਦੇ ਹੱਥ ਉਨ੍ਹਾਂ ਦੇ ਮੋਬਾਈਲ .ਫੋਨਾਂ ਰਾਹੀਂ ਆਈ ਹੈ।

### ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਿੱਖ ਸੰਗਤ ਨੂੰ ਅਪੀਲ

# 1 ਨਵੰਬਰ ਬੰਦੀਛੋੜ ਦਿਵਸ ਮੌਕੇ ਨਾ ਕੀਤੀ ਜਾਵੇ ਬਿਜਲਈ ਸਜਾਵਟ



ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼ ਕੀਤਾ ਹੈ ਕਿ ਇਕ ਨਵੰਬਰ ਨੂੰ ਬੰਦੀਛੋੜ ਦਿਵਸ ਮੌਕੇ ਬੰਦੀਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਕੇਵਲ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਬਿਜਲਈ ਸਜਾਵਟਾਂ ਨਾ ਕੀਤੀਆਂ ਜਾਣ।

ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ 1 ਨਵੰਬਰ 1984 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਦੇ 110 ਸ਼ਹਿਰਾਂ ਵਿਚ ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਾਂਗਰਸ ਹਕੂਮਤ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਬੇਰਹਿਮੀ ਦੇ ਨਾਲ ਕਤਲੇਆਮ ਕੀਤਾ ਗਿਆ ਸੀ, ਜੋ ਸਿੱਖ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ 1 ਨਵੰਬਰ 2024 ਨੂੰ ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਹੋਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਹਕੂਮਤ ਦੀ ਸਰਪ੍ਰਸਤੀ ਹੇਠ ਹੋਏ ਆਪਣੇ ਨਰਸੰਹਾਰ ਦੇ ਬਹੁਪੱਖੀ ਪ੍ਰਭਾਵਾਂ ਵਿਚੋਂ ਉਭਰਦਿਆਂ ਆਪਣੇ ਕੌਮੀ ਬਿਰਤਾਂਤ ਨੂੰ ਮੁੜ ਸਥਾਪਿਤ ਕਰਨ ਲਈ ਜਿਹੜਾ ਸੰਘਰਸ਼ਸ਼ੀਲ ਪੈਂਡਾ ਤਹਿ ਕੀਤਾ ਹੈ, ਉਹ ਵੀ ਅਦੁੱਤੀ ਅਤੇ ਲਾ-ਮਿਸਾਲ ਹੈ।

ਉਨ੍ਹਾਂ ਕਿਹਾ ਕਿ ਨਵੰਬਰ ‘84 ਇਕ ਐਸਾ ਨਾਸੂਰ ਹੈ ਜੋ ਰਹਿੰਦੀ ਦੁਨੀਆ ਤੱਕ ਸਿੱਖ ਮਾਨਸਿਕਤਾ ਵਿਚ ਤਾਜ਼ਾ ਰਹੇਗਾ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਮਦ ਦੀ ਯਾਦ ਵਿਚ ਬੰਦੀਛੋੜ ਦਿਵਸ ਵੀ ਹੈ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਬੰਦੀਛੋੜ ਦਿਵਸ ਮੌਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਬਿਜਲਈ ਸਜਾਵਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਵੱਸਦੀਆਂ ਸਿੱਖ ਸੰਗਤਾਂ ਵਲੋਂ ਇਕ ਨਵੰਬਰ ਵਾਲੇ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਯਾਦ ਵਿਚ ਬੰਦੀਛੋੜ ਦਿਵਸ ਮਨਾਉਂਦਿਆਂ ਗੁਰਦੁਆਰਾ ਸਾਹਿਬਾਨ ਅਤੇ ਘਰਾਂ ਵਿਚ ਸਿਰਫ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਬਿਜਲਈ ਸਜਾਵਟ ਨਾ ਕੀਤੀ ਜਾਵੇ।

## ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com



# ਹਰਜਿੰਦਰ ਸਿੰਘ ਧਾਮੀ ਲਗਾਤਾਰ ਚੌਥੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ

## ✪ ਬੀਬੀ ਜਗੀਰ ਕੌਰ 74 ਵੋਟਾਂ ਦੇ ਵੱਡੇ ਫਰਕ ਨਾਲ ਹਾਰੀ ✪ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਤੇ ਸ਼ੇਰ ਸਿੰਘ ਮੰਡ ਬਿਨਾਂ ਮੁਕਾਬਲਾ ਚੁਣੇ ਜਨਰਲ ਸਕੱਤਰ





ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਇਥੇ ਤੇਜਾ ਸਿੰਘ ਸਮੁੰਦਰੀ ਹਾਲ 'ਚ ਹੋਏ ਜਨਰਲ ਇਜਲਾਸ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਵਿਰੋਧੀ ਅਕਾਲੀ ਦਲ ਸੁਧਾਰ ਲਹਿਰ ਦੇ ਉਮੀਦਵਾਰ ਤੇ 3 ਵਾਰ ਦੇ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ 74 ਵੋਟਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ। ਕੁੱਲ ਪਈਆਂ 142 ਵੋਟਾਂ ਵਿਚੋਂ ਧਾਮੀ ਨੂੰ 107 ਤੇ ਬੀਬੀ ਜਗੀਰ ਕੌਰ ਨੂੰ ਕੇਵਲ 33 ਵੋਟਾਂ ਪਈਆਂ ਤੇ ਦੋ ਵੱਟਾਂ ਰੱਦ ਹੋ ਗਈਆਂ। ਧਾਮੀ ਦੇ ਲਗਾਤਾਰ ਚੌਥੀ ਵਾਰ ਵੱਡੇ ਫਰਕ ਨਾਲ ਮੁੜ ਪ੍ਰਧਾਨ ਚੁਣੇ ਜਾਣ ਨਾਲ ਮੌਜੂਦਾ ਦੌਰ ਵਿਚ ਸਿਆਸੀ ਤੇ ਧਾਰਮਿਕ ਸੰਕਟ ਵਿਚੋਂ ਲੰਘ ਰਹੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਕਾਫੀ ਹੱਦ ਤੱਕ ਰਾਹਤ ਮਿਲੀ ਹੈ।

### ਤਿੰਨ ਸਾਬਕਾ ਪ੍ਰਧਾਨਾਂ ਨੇ ਧਾਮੀ ਦਾ ਨਾਂਅ ਪ੍ਰਧਾਨਗੀ ਲਈ ਕੀਤਾ ਪੇਸ਼

ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦੀ ਹਾਜ਼ਰੀ ਵਿਚ ਆਰੰਭ ਹੋਏ ਜਨਰਲ ਇਜਲਾਸ ਦੌਰਾਨ ਸ਼੍ਰੋ( ਮਣੀ ਅਕਾਲੀ ਦਲ ਵਲੋਂ ਹਰਜਿੰਦਰ ਸਿਘ ਧਾਮੀ ਦਾ ਪ੍ਰਧਾਨਗੀ ਲਈ ਨਾਂਅ ਸਾਬਕਾ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵਲੋਂ ਪੇਸ਼ ਕੀਤਾ ਗਿਆ, ਜਿਸ ਦੀ ਤਾਈਦ ਤੇ ਤਾਈਦ ਮਜੀਦ ਕ੍ਰਮਵਾਰ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸਾਬਕਾ ਕਾਰਜਕਾਰੀ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ ਨੇ ਕੀਤੀ।



ਅਕਾਲੀ ਦਲ ਸੁਧਾਰ ਲਹਿਰ ਵਲੋਂ ਬੀਬੀ ਜਗੀਰ ਕੌਰ ਦਾ ਨਾਂਅ ਅਮਰੀਕ ਸਿੰਘ ਸ਼ਾਹਪੁਰ ਨੇ ਪੇਸ਼ ਕੀਤਾ, ਜਦੋਂ ਕਿ ਤਾਈਦ, ਤਾਈਦ ਮਜੀਦ ਕਰਮਵਾਰ ਮਿੱਠੂ ਸਿੰਘ ਕਾਹਨੇਕੇ ਤੇ ਸਵਿੰਦਰ ਸਿੰਘ ਟੌਹੜਾ ਨੇ ਕੀਤੀ। ਵਿਰੋਧੀ ਧਿਰ ਦੀ ਮੰਗ 'ਤੇ ਦੋਵਾਂ ਧਿਰਾਂ ਦੇ ਇਕ-ਇਕ ਮੈਂਬਰ ਨੂੰ ਰਿਟਰਨਿੰਗ ਅਧਿਕਾਰੀ ਨਿਯੁਕਤ ਕਰਦਿਆਂ ਉਨ੍ਹਾਂ ਦੀ ਨਿਗਰਾਨੀ ਵਿਚ ਪਈਆਂ ਵੋਟਾਂ ਦੌਰਾਨ ਮੌਜੂਦਾ ਹਾਊਸ ਦੇ 148 ਮੈਂਬਰਾਂ 'ਚੋਂ ਹਾਜ਼ਰ 142 ਮੈਂਬਰਾਂ ਨੇ ਵੋਟ ਪਾਈ। ਧਾਮੀ ਦੇ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਰਘੂਜੀਤ ਸਿੰਘ ਦਾ ਨਾਂਅ ਗੁਰਪ੍ਰੀਤ ਸਿੰਘ ਝੱਬਰ ਨੇ ਪੇਸ਼ ਕੀਤਾ, ਤਾਈਦ ਰਵਿੰਦਰ ਸਿੰਘ ਖ਼ਾਲਸਾ ਤੇ ਤਾਈਦ ਮਜੀਦ ਫੁੰਮਣ ਸਿੰਘ ਨੇ ਕੀਤੀ। ਜੂਨੀਅਰ ਮੀਤ ਪ੍ਰਧਾਨ ਲਈ ਬਲਦੇਵ ਸਿੰਘ ਕਲਿਆਣ ਦਾ ਨਾਂਅ ਬਲਜੀਤ ਸਿੰਘ ਜਲਾਲਉਸਮਾ ਵਲੋਂ ਪੇਸ਼ ਕੀਤਾ ਗਿਆ, ਤਾਈਦ ਗੁਰਮੀਤ ਸਿੰਘ ਬੂਹ ਤੇ ਮਜੀਦ ਜਰਨੈਲ ਸਿੰਘ ਡੋਗਰਾਂਵਾਲਾ ਨੇ ਕੀਤੀ। ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਦਾ ਨਾਂਅ ਗੁਰਿੰਦਰਪਾਲ ਸਿੰਘ ਗੋਰਾ ਵਲੋਂ ਪੇਸ਼ ਕੀਤਾ ਗਿਆ, ਤਾਈਦ ਰਘਬੀਰ ਸਿੰਘ ਸਹਾਰਨਮਾਜਰਾ ਤੇ ਮਜੀਦ ਗੁਰਬਖ਼ਸ਼ ਸਿੰਘ ਖ਼ਾਲਸਾ ਵਲੋਂ ਕੀਤੀ ਗਈ। ਵਿਰੋਧੀ ਧਿਰ ਨੇ ਪ੍ਰਧਾਨਗੀ ਹਾਰਨ ਤੋਂ ਬਾਅਦ ਇਨ੍ਹਾਂ ਅਹੁਦਿਆਂ ਲਈ ਆਪਣੇ ਉਮੀਦਵਾਰ ਹੀ ਖੜ੍ਹੇ ਨਹੀਂ ਕੀਤੇ, ਜਿਸ ਕਾਰਨ ਧਾਮੀ ਧੜੇ ਵਲੋਂ ਬਿਨਾਂ ਮੁਕਾਬਲਾ ਹੀ ਹਰਿਆਣਾ ਤੋਂ ਮੈਂਬਰ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਤੇ ਸ਼ੇਰ ਸਿੰਘ ਮੰਡ ਜਨਰਲ ਸਕੱਤਰ ਚੁਣੇ ਗਏ। 11 ਮੈਂਬਰੀ ਅੰਤ੍ਰਿੰਗ ਕਮੇਟੀ ਬਣਾਉਣ ਲਈ ਭਾਈ ਅਮਰਜੀਤ ਸਿੰਘ ਚਾਵਲਾ ਨੇ ਤਜਵੀਜ ਪੇਸ਼ ਕੀਤੀ। ਜਨਰਲ ਇਜਲਾਸ ਦੀ ਕਾਰਵਾਈ ਸਕੱਤਰ ਪ੍ਰਤਾਪ ਸਿੰਘ ਨੇ ਚਲਾਈ।

ਚੋਣ ਨਤੀਜੇ ਐਲਾਨੇ ਜਾਣ ਉਪਰੰਤ ਧਾਮੀ ਵਲੋਂ ਕੁਲਵੰਤ ਸਿੰਘ ਮੰਨਣ ਨੂੰ ਇਕ ਸਾਲ ਲਈ ਸ਼੍ਰੋਮਣੀ ਕਮੇਟੀ ਦਾ ਕਾਰਜਕਾਰੀ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ। ਉਨ੍ਹਾਂ ਵਲੋਂ 11 ਮੈਂਬਰੀ ਅੰਤ੍ਰਿਗ ਕਮੇਟੀ ਦਾ ਵੀ ਗਠਨ ਕੀਤਾ ਗਿਆ, ਜਿਸ ਵਿਚ ਬੀਬੀ ਹਰਜਿੰਦਰ ਕੌਰ ਚੰਡੀਗੜ੍ਹ, ਅਮਰੀਕ ਸਿੰਘ ਵਿਛੋਆ, ਸੁਰਜੀਤ ਸਿੰਘ ਤੁਗਲਵਾਲਾ, ਪਰਮਜੀਤ ਸਿੰਘ ਖ਼ਾਲਸਾ, ਸੁਰਜੀਤ ਸਿੰਘ ਗੜ੍ਹੀ, ਬਲਦੇਵ ਸਿੰਘ ਕਾਇਮਪੁਰ, ਦਲਜੀਤ ਸਿੰਘ ਭਿੰਡਰ, ਸੁਖਹਰਪ੍ਰੀਤ ਸਿੰਘ ਰੋਡੇ, ਰਵਿੰਦਰ ਸਿੰਘ ਖ਼ਾਲਸਾ ਤੇ ਵਿਰੋਧੀ ਧਿਰ ਵਲੋਂ ਦੋ ਮੈਂਬਰਾਂ ਜਸਵੰਤ ਸਿੰਘ ਪੁੜੈਣ ਤੇ ਪਰਮਜੀਤ ਸਿੰਘ ਰਾਏਪੁਰ ਨੂੰ ਸ਼ਾਮਿਲ ਕੀਤਾ ਗਿਆ।

### ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

ਪ੍ਰਧਾਨ ਹਰਜਿੰਦਰ ਸਿੰਘ ਧਾਮੀ ਹੋਰ ਅਹੁਦੇਦਾਰਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ, ਜਿਥੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸਿਰੋਪਾਓ ਭੇਟ ਕੀਤੇ। ਇਸ ਮਗਰੋਂ ਪ੍ਰਧਾਨ ਧਾਮੀ ਨੇ ਦਫ਼ਤਰ ਵਿਖੇ ਆਪਣਾ ਕਾਰਜਭਾਰ ਸੰਭਾਲਿਆ।

ਮੀਡੀਆ ਨੂੰ ਇਜਲਾਸ ਵਾਲੇ ਹਾਲ ਵਿਚ ਦਾਖ਼ਲ ਹੋਣ ਦੀ ਨਹੀਂ ਦਿੱਤੀ ਇਜਾਜ਼ਤ

ਜਨਰਲ ਇਜਲਾਸ ਦੌਰਾਨ ਮੀਡੀਆ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਤੋਂ ਦੂਰ ਰੱਖਿਆ ਗਿਆ, ਪਰ ਮੀਡੀਆ ਲਈ ਲਾਈਵ ਸਕਰੀਨ ਲਗਾ ਕੇ ਬੈਠਣ ਦਾ ਪ੍ਰਬੰਧ ਜ਼ਰੂਰ ਕੀਤਾ ਗਿਆ ਸੀ।

### ਸ਼ਾਮਿਲ ਹੋਏ ਮੈਂਬਰ

ਇਜਲਾਸ ਦੌਰਾਨ ਹਾਜ਼ਰ 142 ਮੈਂਬਰਾਂ ਵਿਚ ਚੁਣੇ ਗਏ ਅਹੁਦੇਦਾਰਾਂ ਤੋਂ ਇਲਾਵਾ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਲਵਿੰਦਰਪਾਲ ਸਿੰਘ ਪੱਖੋਕੇ, ਬੀਬੀ ਜਗੀਰ ਕੌਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਅਮਰੀਕ ਸਿੰਘ ਜਨੈਤਪੁਰ, ਹਰਪਾਲ ਸਿੰਘ ਪਾਲੀ, ਬਲਦੇਵ ਸਿੰਘ ਕਾਇਮਪੁਰ, ਬੀਬੀ ਮਨਜੀਰ ਕੌਰ ਕੰਧੋਲਾ, ਹਰਭਜਨ ਸਿੰਘ ਮਸਾਣਾ, ਅਮੀਰ ਸਿੰਘ ਵਿਰਕ ਰਸੀਦਾਂ, ਬੀਬੀ ਅਮਰਜੀਤ ਕੌਰ, ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਜਗਸੀਰ ਸਿੰਘ ਮਾਗੇਆਣਾ, ਗੁਰਪਾਲ ਸਿੰਘ ਗੋਰਾ, ਬੀਬੀ ਕਿਰਨਵੀਰ ਕੌਰ, ਨਤਵੇਜ ਸਿੰਘ ਕਾਉਣੀ, ਕੌਰ ਸਿੰਘ ਬਹਾਵਵਾਲਾ, ਬੀਬੀ ਪਰਮਿੰਦਰ ਕੌਰ, ਸੂਬਾ ਸਿੰਘ ਡੱਬਵਾਲਾ, ਦਰਸ਼ਨ ਸਿੰਘ ਬਰਾੜ, ਪ੍ਰੀਤਮ ਸਿੰਘ ਮਲਸੀਹਾਂ, ਦਰਸ਼ਨ ਸਿੰਘ ਸ਼ੇਰਖਾਂ, ਬਲਵਿੰਦਰ ਸਿੰਘ ਭੰਮਾ ਲੰਡਾ, ਸਤਪਾਲ ਸਿੰਘ ਤਲਵੰਡੀ ਭਾਈ, ਬੀਬੀ ਜਸਵਿੰਦਰ ਕੌਰ ਜ਼ੀਰਾ, ਗੁਰਮੀਤ ਸਿੰਘ ਬੂਹ, ਬੀਬੀ ਨਰਿੰਦਰ ਕੌਰ,

ਬਾਕੀ ਹਿਸਾ ਸਫਾ 6 ਤੇ ਪੜ੍ਹੋ

### ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਜ਼ਮੀਰ ਮਰ ਚੁੱਕੀ ਹੈ- ਬੀਬੀ ਜਗੀਰ ਕੌਰ

ਪੱਤਰਕਾਰਾਂ ਵਲੋਂ ਵਾਰ-ਵਾਰ ਹਾਰ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ ਬੀਬੀ ਜਗੀਰ ਕੌਰ ਨੇ ਕੇਵਲ ਇੰਨਾ ਹੀ ਕਿਹਾ ਕਿ ਲੋਕਾਂ ਦੀ ਜ਼ਮੀਰ ਜਾਗ ਗਈ ਪਰ ਸ਼੍ਰੋ( ਮਣੀ ਕਮੇਟੀ ਮੈਂਬਰਾਂ ਦੀ ਜ਼ਮੀਰ ਮਰ ਚੁੱਕੀ ਹੈ, ਇਸ ਲਈ ਅੱਜ ਇਹ ਸਥਿਤੀ ਬਣੀ ਹੈ।

### ਸਚਾਈ ਦੀ ਜਿੱਤ ਹੋਈ-ਭੂੰਦੜ

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅੱਜ ਦੀ ਇਹ ਜਿੱਤ ਪੂਰੀ ਕੌਮ ਲਈ ਬਹੁਤ ਮਾਇਨੇ ਰੱਖਦੀ ਹੈ। ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਹਰਜਿੰਦਰ ਸਿੰਘ ਧਾਮੀ ਨੂੰ ਹਰਾਉਣ ਲਈ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਨੇ ਬਹੁਤ ਜ਼ੋਰ ਲਗਾਇਆ, ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਡਰਾਇਆ ਧਮਕਾਇਆ ਗਿਆ ਤੇ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ ਪਰ ਪੰਥ ਵਿਰੋਧੀ ਸ਼ਕਤੀਆਂ ਦੇ ਸਾਰੇ ਯਤਨ ਫ਼ੇਲ੍ਹ ਹੋਏ ਅਤੇ ਸਚਾਈ ਦੀ ਜਿੱਤ ਹੋਈ ਹੈ।

5 ਸਫ਼ੇ ਦੀ ਬਾਕੀ

ਗੁਰਮੇਲ ਸਿੰਘ ਸੰਗਤਪੁਰਾ, ਸੁਖਹਰਪ੍ਰੀਤ ਸਿੰਘ ਰੋਡੇ, ਤਰਸੇਮ ਸਿੰਘ ਰੱਤੀਆਂ, ਬੀਬੀ ਜਸਪਾਲ ਕੌਰ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ਼ੇਰ ਸਿੰਘ ਮੰਡਵਾਲਾ, ਛੁੰਮਣ ਸਿੰਘ, ਮੇਜਰ ਸਿੰਘ ਮਹਿਰਾਜ, ਬੀਬੀ ਜਸਪਾਲ ਕੌਰ, ਅਮਰੀਕ ਸਿੰਘ ਕੋਟਸ਼ਮੀਰ, ਬੀਬੀ ਜੋਗਿੰਦਰ ਕੌਰ ਬਠਿੰਡਾ, ਮੋਹਨ ਸਿੰਘ ਬੰਗੀ, ਸੁਰਜੀਤ ਸਿੰਘ ਰਾਏਪੁਰ, ਮਿੱਠੂ ਸਿੰਘ ਕਾਹਨੇਕੇ, ਬਾਬਾ ਬੂਟਾ ਸਿੰਘ, ਗੁਰਪ੍ਰੀਤ ਸਿੰਘ ਝੱਬਰ, ਬੀਬੀ ਪਰਮਜੀਤ ਕੌਰ, ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਜਸਪਾਲ ਕੌਰ, ਮਲਕੀਤ ਸਿੰਘ ਚੰਗਾਲ, ਪਰਮਜੀਤ ਸਿੰਘ ਖ਼ਾਲਸਾ, ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਸ਼ਰਨਜੀਤ ਕੌਰ, ਭੁਪਿੰਦਰ ਸਿੰਘ ਭਲਵਾਨ, ਬੀਬੀ ਮਲਕੀਤ ਕੌਰ ਕਮਾਲਪੁਰ, ਕੁਲਦੀਪ ਸਿੰਘ ਨੱਸੂਪੁਰ, ਬੀਬੀ ਹਰਦੀਪ ਕੌਰ, ਸਤਵਿੰਦਰ ਸਿੰਘ ਟੌਹੜਾ, ਜਰਨੈਲ ਸਿੰਘ ਕਰਤਾਰਪੁਰ, ਸਵਿੰਦਰ ਸਿੰਘ ਸੱਭਰਵਾਲ, ਜਸਮੇਲ ਸਿੰਘ ਲਾਡਛੂ, ਬੀਬੀ ਕੁਲਦੀਪ ਕੌਰ ਟੌਹੜਾ, ਨਿਰਮੈਲ ਸਿੰਘ ਜੌਲਾਂ, ਸੁਰਜੀਤ ਸਿੰਘ ਗੜ੍ਹੀ, ਬਾਬਾ ਗੁਰਪ੍ਰੀਤ ਸਿੰਘ, ਰਣਧੀਰ ਸਿੰਘ ਚੀਮਾ, ਅਵਤਾਰ ਸਿੰਘ ਰਿਆ, ਰਵਿੰਦਰ ਸਿੰਘ ਖ਼ਾਲਸਾ, ਦਵਿੰਦਰ ਸਿੰਘ ਖੱਟੜਾ, ਰਘਬੀਰ ਸਿੰਘ ਸਹਾਰਨ ਮਾਜਰਾ, ਚਰਨ ਸਿੰਘ ਆਲਮਗੀਰ, ਹਰਪਾਲ ਸਿੰਘ ਜੱਲਾ, ਹਰਪ੍ਰੀਤ ਸਿੰਘ ਗਰਚਾ, ਜਗਜੀਤ ਸਿੰਘ ਤਲਵੰਡੀ, ਭਾਈ ਗੁਰਚਰਨ ਸਿੰਘ ਗਰੇਵਾਲ, ਜਸਵੰਤ ਸਿੰਘ ਪੁੜੈਣ, ਕੇਵਲ ਸਿੰਘ ਬਾਦਲ, ਬੀਬੀ ਰਜਿੰਦਰ ਕੌਰ, ਰਣਜੀਤ ਸਿੰਘ ਮੰਗਲੀ, ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਮਹਿੰਦਰ ਸਿੰਘ ਹੁਸੈਨਪੁਰਾ, ਗੁਰਬਖ਼ਸ਼ ਸਿੰਘ ਖ਼ਾਲਸਾ, ਕੁਲਵੀਰ ਸਿੰਘ ਬੜਾ ਪਿੰਡ, ਬਲਦੇਵ ਸਿੰਘ ਕਲਿਆਣ, ਪਰਮਜੀਤ ਸਿੰਘ ਰਾਏਪੁਰ, ਬੀਬੀ ਦਵਿੰਦਰ ਕੌਰ ਕਾਲੜਾ, ਕੁਲਵੰਤ ਸਿੰਘ ਮੰਨਣ, ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਗੁਰਪ੍ਰੀਤ ਕੌਰ, ਜਰਨੈਲ ਸਿੰਘ ਡੋਗਰਾਂਵਾਲਾ, ਬਲਜੀਤ ਸਿੰਘ ਜਲਾਲ ਉਸਮਾ, ਅਮਰਜੀਤ ਸਿੰਘ ਭਲਾਈਪੁਰ, ਬਲਵਿੰਦਰ ਸਿੰਘ ਵੇਂਈਪੂਈ, ਗੁਰਬਚਨ ਸਿੰਘ ਕਰਮੂੰਵਾਲਾ, ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ ਪੱਟੀ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਮੰਗਵਿੰਦਰ ਸਿੰਘ ਖਾਪੜਖੇੜੀ, ਗੁਰਿੰਦਰਪਾਲ ਸਿੰਘ ਰਣੀਕੇ, ਹਰਜਾਪ ਸਿੰਘ ਸੁਲਤਾਨਵਿੰਡ, ਭਾਈ ਰਾਜਿੰਦਰ ਸਿੰਘ ਮਹਿਤਾ, ਬਾਵਾ ਸਿੰਘ ਗੁਮਾਨਪੁਰਾ, ਬੀਬੀ ਕਿਰਨਜੋਤ ਕੌਰ, ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਅਮਰੀਕ ਸਿੰਘ ਵਿਛੋਆ, ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, ਅਮਰਜੀਤ ਸਿੰਘ ਬੰਡਾਲਾ, ਬਿਕਰਮਜੀਤ ਸਿੰਘ ਕੋਟਲਾ, ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਤੁਗਲਵਾਲ, ਗੁਰਿੰਦਰਪਾਲ ਸਿੰਘ ਗੋਰਾ, ਗੁਰਨਾਮ ਸਿੰਘ ਜੱਸਲ, ਅਮਰੀਕ ਸਿੰਘ ਸ਼ਾਹਪੁਰ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜੱਫਰਵਾਲ, ਰਵਿੰਦਰ ਸਿੰਘ ਚੱਕ, ਤਾਰਾ ਸਿੰਘ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਜੰਗ ਬਹਾਦਰ ਸਿੰਘ ਰਾਏ, ਭਾਈ ਅਮਰਜੀਤ ਸਿੰਘ ਚਾਵਲਾ, ਪਰਮਜੀਤ ਸਿੰਘ ਲੱਖੇਵਾਲ, ਅਜਮੇਰ ਸਿੰਘ ਖੇੜਾ, ਚਰਨਜੀਤ ਸਿੰਘ ਕਾਲੇਵਾਲ, ਹਰਦੀਪ ਸਿੰਘ ਮੋਹਾਲੀ, ਬੀਬੀ ਪਰਮਜੀਤ ਕੌਰ ਲਾਂਡਰਾਂ, ਰਘੂਜੀਤ ਸਿੰਘ ਵਿਰਕ, ਭਾਈ ਰਾਮ ਸਿੰਘ, ਜਗਤਾਰ ਸਿੰਘ ਰੋਡੇ, ਸੁਰਜੀਤ ਸਿੰਘ ਕੰਗ, ਹਰਭਜਨ ਸਿੰਘ ਚੀਮਾ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸੁਖਮੀਤ ਸਿੰਘ ਕਾਦੀਆਂ, ਹਰਮਨਜੀਤ ਸਿੰਘ, ਗੁਰਮਿੰਦਰ ਸਿੰਘ ਮਠਾਰੂ, ਗੁਰਿੰਦਰ ਸਿੰਘ ਬਾਵਾ ਮੁੰਬਈ, ਬੀਬੀ ਸੁਖਵਿੰਦਰ ਕੌਰ, ਓ. ਐੱਸ. ਡੀ. ਸਤਬੀਰ ਸਿੰਘ ਧਾਮੀ ਤੇ ਸਕੱਤਰ ਪ੍ਰਤਾਪ ਸਿੰਘ ਸਮੇਤ ਹੋਰ ਸ਼੍ਰੋਮਣੀ ਕਮੇਟੀ ਅਧਿਕਾਰੀ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਜਾਗਦੀ ਜ਼ਮੀਰ ਦਾ ਸਬੂਤ ਦਿੱਤਾ : ਡਾ. ਚੀਮਾ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਭਰੋਸਾ ਪ੍ਰਗਟ ਕਰਕੇ ਇਤਿਹਾਸਕ ਫ਼ੈਸਲਾ ਕਰਦੇ ਹੋਏ ਆਪਣੀ ਜਾਗਦੀ ਜ਼ਮੀਰ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਗਤ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਦੇਖਣਾ ਚਾਹੁੰਦੀ ਹੈ।

### ਮਿਲੀ ਸੇਵਾ ਨਿਮਰਤਾ ਨਾਲ ਨਿਭਾਵਾਂਗਾ-ਧਾਮੀ

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਮੁੜ ਪ੍ਰਾਪਤ ਹੋਈ ਸੇਵਾ ਨੂੰ ਉਹ ਗੁਰੂ ਸਾਹਿਬ ਦੀ ਭੈਅ ਭਾਵਨੀ, ਨਿਮਰਤਾ ਤੇ ਪੰਥਕ ਭਾਵਨਾਵਾਂ ਅਨੁਸਾਰ ਨਿਭਾਉਣ ਦਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਾਲ ਦੀ ਚੋਣ ਵਿਚ ਪੰਜਾਬ ਦੀ 'ਆਪ' ਸਰਕਾਰ ਦੇ ਨਾਲ-ਨਾਲ ਭਾਰਤ ਸਰਕਾਰ, ਭਾਜਪਾ, ਆਰ. ਐੱਸ. ਐੱਸ. ਤੇ ਕਾਂਗਰਸ ਨੇ ਵੀ ਵਿਰੋਧੀ ਧਿਰ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਤੇ ਵਿਰੋਧੀ ਧਿਰ ਨੇ ਖਰੀਦਣ ਲਈ ਕਿਸੇ ਨੂੰ ਲਾਲਚ ਦਿੱਤੇ ਤੇ ਕਿਸੇ ਨੂੰ ਧਮਕਾਇਆ, ਪਰ ਉਨ੍ਹਾਂ ਦਾ ਜਾਦੂ ਨਹੀਂ ਚੱਲਿਆ। ਭਵਿੱਖ ਦੀਆਂ ਯੋਜਨਾਵਾਂ ਬਾਰੇ ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਦੇ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਉੱਚ ਸਿੱਖਿਆ ਲਈ ਕੋਚਿੰਗ ਦਿਵਾਉਣ ਲਈ ਯਤਨ ਤੇਜ਼ ਕੀਤੇ ਜਾਣਗੇ। ਉਨ੍ਹਾਂ ਵਿਰੋਧੀ ਧਿਰ ਨੂੰ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ।

## 1996 ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਨ

ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ ਨਿਮਰ ਅਤੇ ਸ਼ਾਂਤ ਸੁਭਾਅ ਵਾਲੇ ਹਰਜਿੰਦਰ ਸਿੰਘ ਧਾਮੀ 1996 'ਚ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਮੈਂਬਰ ਬਣੇ ਸਨ ਤੇ ਉਦੋਂ ਤੋਂ ਹੁਣ ਤੱਕ ਲਗਾਤਾਰ ਮੈਂਬਰ ਬਣਦੇ ਆ ਰਹੇ ਹਨ। 2020 ਵਿਚ ਉਹ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਰਹੇ ਅਤੇ 2021, 2022 ਤੇ 2023 ਵਿਚ ਤਿੰਨ ਵਾਰ ਪ੍ਰਧਾਨ ਬਣੇ ਹਨ। ਇਸ ਵਾਰ ਵੀ ਉਨ੍ਹਾਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ। ਸ਼੍ਰੋਮਣੀ ਕਮੇਟੀ ਦੇ ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ ਹਰਜਿੰਦਰ ਸਿੰਘ ਧਾਮੀ ਸਾਦਾ ਰਹਿਣੀ ਤੇ ਠਰੰਮੇ ਵਾਲੀ ਸ਼ਖ਼ਸੀਅਤ ਹਨ। ਉਹ ਸਿੱਖ ਸਰੋਕਾਰਾਂ ਪ੍ਰਤੀ ਡੂੰਘੀ ਪਕੜ ਰੱਖਦੇ ਹਨ ਤੇ ਇਕ ਇਮਾਨਦਾਰ ਸਿੱਖ ਆਗੂ ਵਜੋਂ ਜਾਣੇ ਜਾਂਦੇ ਹਨ। ਉਹ ਸਿੱਖ ਸੰਘਰਸ਼ ਦੇ ਯੋਧਿਆਂ ਦੇ ਕੇਸਾਂ ਦੀ ਪੈਰਵਾਈ ਵੀ ਕਰਦੇ ਰਹੇ ਹਨ। ਸ. ਧਾਮੀ ਨੇ ਕਾਰਜਕਾਲ ਦੌਰਾਨ ਕਈ ਅਹਿਮ ਕਾਰਜ ਕੀਤੇ।

### ਜਲੰਧਰ ਨਾਲ ਸੰਬੰਧਿਤ ਹਨ ਮੁੱਖ ਸਕੱਤਰ ਮੰਨਣ

ਆਨਰੇਰੀ ਮੁੱਖ ਸਕੱਤਰ ਬਣੇ ਕੁਲਵੰਤ ਸਿੰਘ ਮੰਨਣ ਜਲੰਧਰ ਨਾਲ ਸੰਬੰਧਿਤ ਹਨ। ਉਹ 2004 ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਨ ਤੇ ਅੰਤ੍ਰਿੰਗ ਕਮੇਟੀ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਆਨਰੇਰੀ ਮੁੱਖ ਸਕੱਤਰ ਚੁਣੇ ਜਾਣ ਬਾਅਦ ਉਨ੍ਹਾਂ ਗੁਰੂ ਸਾਹਿਬ ਦਾ ਸ਼ੁਕਰਾਨਾ, ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਤੇ ਸਮੁੱਚੇ ਮੈਂਬਰਾਂ ਦਾ ਧੰਨਵਾਦ ਕੀਤਾ।

## ਅਹਿਮ ਮਤੇ ਕੀਤੇ ਗਏ ਪਾਸ

ਸ਼੍ਰੋਮਣੀ ਕਮੇਟੀ ਦੇ ਹੋਏ ਜਨਰਲ ਇਜਲਾਸ ਦੌਰਾਨ ਕਈ ਅਹਿਮ ਮਤੇ ਪਾਸ ਕੀਤੇ ਗਏ, ਜਿਨ੍ਹਾਂ ਨੂੰ ਹਾਜ਼ਰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਨ੍ਹਾਂ ਵਿਚ ਸਿੱਖ ਕੌਮ ਨੂੰ ਢਾਅ ਲਾ ਰਹੀਆਂ ਦੁਸ਼ਮਣ ਸ਼ਕਤੀਆਂ ਵਿਰੁੱਧ ਆਵਾਜ਼ ਉਠਾਉਣ, ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਕਿਰਦਾਰਕੁਸ਼ੀ ਨੂੰ ਰੋਕਣ ਸੰਬੰਧੀ ਸਰਕਾਰ ਨੂੰ ਅਪੀਲ, ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਪ੍ਰਕਿਰਿਆ ਸੁਖਾਲੀ ਬਣਾਉਣ, ਬੇਅਦਬੀ ਮਾਮਲਿਆਂ ਦੇ ਦੋਸ਼ੀ ਫੜਨ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਦੇ ਮਸਲੇ ਵਿਚਾਰਨ ਲਈ ਸਲਾਹਕਾਰ ਬੋਰਡ ਦਾ ਗਠਨ ਕਰਨ ਆਦਿ ਮਤੇ ਸ਼ਾਮਿਲ ਹਨ।

ਇਸ ਦੌਰਾਨ ਪਾਸ ਕੀਤੇ ਗਏ ਮਤਿਆਂ ਵਿਚ ਪੰਥ ਵਿਰੋਧੀ ਸ਼ਕਤੀਆਂ ਵਲੋਂ ਸਿੱਖਾਂ ਦੇ ਇਤਿਹਾਸ, ਮਰਿਆਦਾ ਤੇ ਸਿਧਾਂਤਾਂ ਨੂੰ ਰਲਗੱਡ ਕਰਨ ਦੀਆਂ ਸਾਜ਼ਿਸ਼ਾਂ ਦੀ ਸਖ਼ਤ ਨਿੰਦਾ ਕੀਤੀ। ਸਿਆਸੀ ਪਾਰਟੀਆਂ ਵਲੋਂ ਸਿੱਖ ਸੰਸਥਾਵਾਂ ਨੂੰ ਖੰਡਿਤ ਕਰਨ ਤੇ ਸਿੱਖ ਮਸਲਿਆਂ ਪ੍ਰਤੀ ਅਪਣਾਈ ਜਾ ਰਹੀ ਸਾਜਿਸ਼ੀ ਨੀਤੀ ਦਾ ਡਟ ਕੇ ਟਾਕਰਾ ਕਰਨ ਦਾ ਸੰਕਲਪ ਕੀਤਾ। ਸਿੱਖੀ ਨੂੰ ਢਾਅ ਲਗਾਉਣ ਵਾਲੀਆਂ ਸਾਜਿਸ਼ਾਂ ਨੂੰ ਬੰਦ ਕਰਨ ਲਈ ਸਰਕਾਰਾਂ ਤੇ ਏਜੰਸੀਆਂ ਨੂੰ ਤਾੜਨਾ ਕੀਤੀ ਗਈ।

ਸਿੱਖ ਕੌਮ ਵਿਰੁੱਧ ਸੋਸ਼ਲ ਮੀਡੀਆ ਜ਼ਰੀਏ ਹੋ ਰਹੇ ਹਮਲਿਆਂ 'ਤੇ ਚਿੰਤਾ ਪ੍ਰਗਟ ਕਰਦਿਆਂ ਸਿੱਖਾਂ ਵਿਰੁੱਧ ਹੁੰਦੇ ਨਫ਼ਰਤੀ ਪ੍ਰਚਾਰ ਨੂੰ ਹਰ ਪੱਧਰ 'ਤੇ ਰੋਕਣ ਲਈ ਵੀ ਪਾਸ ਮਤੇ ਵਿਚ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ। ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮਿਆਦ ਪੰਜ ਸਾਲ ਹੋਰ ਵਧਾਉਣ ਲਈ ਭਾਰਤ ਤੇ ਪਾਕਿਸਤਾਨ ਸਰਕਾਰਾਂ ਦਾ ਧੰਨਵਾਦ ਕੀਤਾ ਤੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਪ੍ਰਕਿਰਿਆ ਸਰਲ ਕਰਨ, ਪਾਸਪੋਰਟ ਦੀ ਸ਼ਰਤ ਹਟਾਉਣ, ਆਧਾਰ ਕਾਰਡ ਰਾਹੀਂ ਮੌਕੇ 'ਤੇ ਸ਼ਰਧਾਲੂਆਂ ਨੂੰ ਜਾਣ ਦੀ ਇਜਾਜ਼ਤ ਦੇਣ ਅਤੇ ਸ਼ਰਧਾਲੂਆਂ ਤੋਂ ਲਏ ਜਾਂਦੇ 20 ਡਾਲਰ ਦੀ ਸ਼ਰਤ ਖ਼ਤਮ ਕਰਨ ਦੀ ਮੰਗ ਕੀਤੀ।

ਇਕ ਹੋਰ ਮਤੇ ਰਾਹੀਂ 2015 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਸੰਬੰਧੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਪੈਰੋਕਾਰਾਂ ਹਨੀਪ੍ਰੀਤ, ਪਰਦੀਪ ਕਲੇਰ ਤੇ ਹੋਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ ਤੇ ਕਲੇਰ ਨੂੰ ਦੋ ਕੇਸਾਂ ਵਿਚ ਅਦਾਲਤ ਵਲੋਂ ਭਗੌੜਾ ਕਰਾਰ ਦੇਣ ਦੇ ਬਾਵਜੂਦ ਵੀ ਗ੍ਰਿਫ਼ਤਾਰ ਨਾ ਕਰਨ ਤੇ ਪੰਜਾਬ ਸਰਕਾਰ ਦੀ ਮਨਸ਼ਾ 'ਤੇ ਸਵਾਲ ਉਠਾਏ ਗਏ। ਫ਼ਿਲਮਾਂ, ਨਾਟਕਾਂ ਤੇ ਸੀਰੀਅਲਾਂ ਵਿਚ ਸਿੱਖਾਂ ਦੇ ਕਿਰਦਾਰ ਨੂੰ ਗ਼ਲਤ ਤਰੀਕੇ ਨਾਲ ਦਿਖਾਉਣ ਦੇ ਰੁਝਾਨ ਨੂੰ ਤੁਰੰਤ ਰੋਕਣ, ਕੰਗਨਾ ਰਣੌਤ ਦੀ ਫ਼ਿਲਮ ਐਮਰਜੈਂਸੀ 'ਤੇ ਸਰਕਾਰ ਨੂੰ ਰੋਕ ਲਗਾਉਣ ਅਤੇ ਸਿੱਖਾਂ ਪ੍ਰਤੀ ਨਾਕਰਾਤਮਕ ਪ੍ਰਦਰਸ਼ਨ ਨੂੰ ਰੋਕਣ ਲਈ ਫ਼ਿਲਮ ਸੈਂਸਰ ਬੋਰਡ ਵਿਚ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਪੱਕੇ ਤੌਰ 'ਤੇ ਸ਼ਾਮਿਲ ਕਰਨ ਦੀ ਮੰਗ ਕੀਤੀ ਗਈ। ਭਾਰਤ ਸਰਕਾਰ ਤੋਂ ਸਿੱਖ ਕੌਮ ਦੇ ਇਤਿਹਾਸਕ ਅਸਥਾਨਾਂ ਨਾਲ ਸੰਬੰਧਿਤ ਲੰਮੇਂ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ ਨੂੰ ਤੁਰੰਤ ਹੱਲ ਕਰਨ ਤੇ ਸਿੱਖ ਕੌਮ ਦੇ ਧਾਰਮਿਕ ਅਸਥਾਨਾਂ ਬਾਰੇ ਸਾਰਥਕ ਪਹੁੰਚ ਅਪਣਾ ਕੇ ਇਨ੍ਹਾਂ ਦੀ ਸੇਵਾ ਸੰਭਾਲ ਸ਼੍ਰੋਮਣੀ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਗਈ।ਪੰਜਾਬ ਵਿਚ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ 'ਤੇ ਗਹਿਰੀ ਚਿੰਤਾ ਪ੍ਰਗਟਾਉਂਦੇ ਹੋਏ ਪੰਜਾਬ ਸਰਕਾਰ ਨੂੰ ਨਸ਼ਿਆਂ ਦੀ ਰੋਕਥਾਮ ਲਈ ਢੁਕਵੇਂ ਕਦਮ ਚੁੱਕਣ ਦੀ ਮੰਗ ਕੀਤੀ।

ਸਿੱਖਾਂ ਦੇ ਦੇਸ਼ ਲਈ ਯੋਗਦਾਨ ਨੂੰ ਮੱਦੇਨਜ਼ਰ ਰੱਖਦਿਆਂ ਸਿੱਖ ਕੌਮ ਦੀਆਂ ਤਕਨੀਕੀ ਤੇ ਮੈਡੀਕਲ ਸੰਸਥਾਵਾਂ ਦੀ ਘੱਟ ਗਿਣਤੀ ਵਾਲੀ ਮਾਨਤਾ ਪਹਿਲਾਂ ਦੀ ਤਰ੍ਹਾਂ ਜਿਉਂ ਦੀ ਤਿਉਂ ਬਰਕਰਾਰ ਰੱਖਣ ਦੀ ਮੰਗ ਕੀਤੀ ਗਈ। ਪਾਸ ਹੋਰ ਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜਦੇ ਮਾਮਲਿਆਂ ਦੇ ਸਰਲੀਕਰਨ ਲਈ 11 ਮੈਂਬਰੀ ਸਲਾਹਕਾਰ ਬੋਰਡ ਬਣਾਉਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

ਬੀਤੇ ਸਮੇਂ ਅੰਦਰ ਕੈਨੇਡਾ ਵਿਚ ਸਿੱਖ ਸ਼ਖ਼ਸੀਅਤਾਂ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਉੱਥੇ ਵੱਸਦੇ ਸਿੱਖਾਂ ਅੰਦਰ ਅਸੁਰੱਖਿਆ ਦੀ ਭਾਵਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਭਾਰਤ ਤੇ ਕੈਨੇਡਾ ਦੀਆਂ ਸਰਕਾਰਾਂ ਨੂੰ ਇਕ-ਦੂਜੇ ਦਾ ਸਹਿਯੋਗ ਕਰਕੇ ਸੱਚ ਸਾਹਮਣੇ ਲਿਆਉਣ ਤੇ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਯਤਨ ਕਰਨ ਦੀ ਮੰਗ ਕੀਤੀ ਗਈ। ਇਨ੍ਹਾਂ ਮਤਿਆਂ ਨੂੰ ਹਾਜ਼ਰ ਮੈਂਬਰਾਂ ਵਲੋਂ ਪ੍ਰਵਾਨਗੀ ਦਿੱਤੀ ਗਈ।

# ਲਾਰੈਂਸ ਬਿਸ਼ਨੋਈ ਗੈਂਗ ਵਲੋਂ ਪੱਪੂ ਯਾਦਵ ਨੂੰ ਜਾਨੋਂ ਮਾਰਨ ਦੀ ਧਮਕੀ



ਪਟਨਾ-ਬਿਹਾਰ ਦੇ ਪੂਰਨੀਆ ਤੋਂ ਆਜ਼ਾਦ ਸੰਸਦ ਮੈਂਬਰ ਰਾਜੇਸ਼ ਰੰਜਨ ਉਰਫ਼ ਪੱਪੂ ਯਾਦਵ ਨੂੰ ਲਾਰੈਂਸ ਬਿਸ਼ਨੋਈ ਗਰੋਹ ਵਲੋਂ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਸੁਰੱਖਿਆ ਵਧਾਉਣ ਦੀ ਮੰਗ ਕੀਤੀ ਹੈ।

# 'ਸਟੇਟ ਗੈਸਟ' ਵਰਗੀਆਂ ਸਹੂਲਤਾਂ ਮਿਲ ਰਹੀਆਂ ਸਨ ਗੈਂਗਸਟਰ ਲਾਰੈਂਸ ਨੂੰ

## ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਪਾਈਆਂ ਝਾੜਾਂ ✪ ਅਪਰਾਧਿਕ ਸਾਜਿਸ਼ ਤੇ ਭ੍ਰਿਸ਼ਟਾਚਾਰ ਦੇ ਪਹਿਲੂ ਦੀ ਜਾਂਚ ਵਿਸ਼ੇਸ਼ ਡੀ.ਜੀ.ਪੀ. ਕਰਨਗੇ

ਚੰਡੀਗੜ੍ਹ-ਪੰਜਾਬ ਦੇ ਖਰੜ ਵਿਖੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਮਾਮਲੇ ਵਿਚ ਸਿਰਫ਼ ਹੇਠਲੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਮੁਹਾਲੀ ਦੇ ਤਤਕਾਲੀ ਐੱਸ.ਐੱਸ.ਪੀ. ਅਤੇ ਤਤਕਾਲੀ ਐੱਸ.ਪੀ. ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸਖ਼ਤ ਫਟਕਾਰ ਲਗਾਈ ਹੈ। ਹਾਈ ਕੋਰਟ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹਿਰਾਸਤ ਸਿਰਫ਼ ਨਾ-ਮਾਤਰ ਹੀ ਸੀ, ਅਸਲ ਵਿਚ ਪੰਜਾਬ ਵਿਚ ਉਸ ਨੂੰ 'ਸਟੇਟ ਗੈਸਟ' ਵਰਗੀਆਂ ਸਹੂਲਤਾਂ ਮਿਲ ਰਹੀਆਂ ਸਨ। ਬੀਤੇ ਦਿਨੀਂ ਮਾਮਲੇ ਦੀ ਸੁਣਵਾਈ ਸ਼ੁਰੂ ਹੁੰਦੇ ਹੀ ਅਦਾਲਤ ਨੇ ਪੁੱਛਿਆ ਕਿ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੀ ਕਾਰਵਾਈ ਕੀਤੀ ਗਈ ? ਹਾਈ ਕੋਰਟ ਨੂੰ ਦੱਸਿਆ ਗਿਆ ਕਿ ਡੀ. ਐੱਸ.ਪੀ. ਤੋਂ ਲੈ ਕੇ ਕਾਂਸਟੇਬਲ ਤੱਕ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ ਹਾਈ ਕੋਰਟ ਨੇ ਪੁੱਛਿਆ ਕਿ ਮੁਹਾਲੀ ਦੇ ਤਤਕਾਲੀ ਐੱਸ.ਐੱਸ.ਪੀ. ਅਤੇ ਐੱਸ.ਪੀ. ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਗਈ ? ਪੰਜਾਬ ਦੇ ਏ.ਜੀ. ਨੇ ਕਿਹਾ ਕਿ ਐੱਸ. ਐੱਸ. ਪੀ. ਨੂੰ ਇਸ ਦੀ ਜਾਣਕਾਰੀ ਨਹੀਂ ਸੀ। ਹਾਈ ਕੋਰਟ ਨੇ ਕਿਹਾ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਾਲ ਏਨਾ ਵੱਡਾ ਕਾਫ਼ਲਾ ਚੱਲਦਾ ਹੈ, ਇਹ ਕਿਵੇਂ ਹੋ ਸਕਦਾ ਹੈ ਕਿ ਐੱਸ. ਐੱਸ. ਪੀ. ਨੂੰ ਇਸ ਦੀ ਜਾਣਕਾਰੀ ਨਾ ਹੋਵੇ।

ਹਾਈ ਕੋਰਟ ਨੇ ਹੁਣ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਉਹ ਐੱਸ.ਆਈ.ਟੀ. ਦੀ ਰਿਪੋਰਟ ਦੇਖਣ ਤੋਂ ਬਾਅਦ ਐੱਸ. ਐੱਸ. ਪੀ. ਅਤੇ ਐੱਸ.ਪੀ. ਖ਼ਿਲਾਫ਼ ਉਚਿਤ ਕਾਰਵਾਈ ਕਰੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਹਾਈ ਕੋਰਟ ਹੁਕਮ ਜਾਰੀ ਕਰੇਗੀ। ਅਦਾਲਤ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਕਿਉਂ ਉਨ੍ਹਾਂ ਦਿਨਾਂ ਵਿਚ ਲਾਰੈਂਸ ਬਿਸ਼ਨੋਈ ਨੂੰ ਵਾਰ-ਵਾਰ ਪੰਜਾਬ ਲਿਆਂਦਾ ਜਾ ਰਿਹਾ ਸੀ। ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਪਿੱਛੇ ਕਾਰਨ ਕੀ ਸੀ, ਇਹ ਪਤਾ ਲਗਾਉਣਾ ਜ਼ਰੂਰੀ ਹੈ। ਮਾਮਲੇ ਦੀ ਜਾਂਚ ਕਰ ਰਹੇ ਆਈ.ਪੀ.ਐਸ. ਅਧਿਕਾਰੀ ਵਿਸ਼ੇਸ਼ ਡੀ. ਜੀ. ਪੀ. (ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ) ਪ੍ਰਬੋਧ ਕੁਮਾਰ ਦੀ ਐੱਸ. ਆਈ. ਟੀ. ਨੂੰ ਹਾਈ ਕੋਰਟ ਨੇ ਇਹ ਪਤਾ ਲਗਾਉਣ ਦੇ ਹੁਕਮ ਦਿੱਤੇ ਹਨ। ਨਾਲ ਹੀ ਇਸ ਮਾਮਲੇ ਵਿਚ ਅਪਰਾਧਿਕ ਸਾਜਿਸ਼ ਤੇ ਭ੍ਰਿਸ਼ਟਾਚਾਰ ਦੇ ਪਹਿਲੂ ਦੀ ਜਾਂਚ ਕਰਨ ਦੇ ਵੀ ਹੁਕਮ ਦਿੱਤੇ ਗਏ ਹਨ। ਹਾਈ ਕੋਰਟ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ 'ਤੇ ਜੇਕਰ ਹਾਈ ਕੋਰਟ ਨੂੰ ਸ਼ੱਕ ਹੋਇਆ ਤਾਂ ਜਾਂਚ ਕਿਸੇ ਸੁਤੰਤਰ ਏਜੰਸੀ ਨੂੰ ਸੌਂਪ ਦਿੱਤੀ ਜਾਵੇਗੀ ਹਾਈ ਕੋਰਟ ਨੇ ਕਿਹਾ ਕਿ ਡੀ. ਜੀ. ਪੀ. ਨੇ ਕਿਹਾ ਸੀ ਕਿ ਇੰਟਰਵਿਊ ਪੰਜਾਬ ਵਿਚ ਨਹੀਂ ਹੋਈ ਸੀ, ਹੁਣ ਉਹ ਇਹ ਹਲਫ਼ਨਾਮਾ ਦਾਇਰ ਕਰਕੇ ਦੱਸਣ ਕਿ ਉਨ੍ਹਾਂ ਨੇ ਇਹ ਗੱਲ ਕਿਸ ਆਧਾਰ 'ਤੇ ਕਹੀ ਸੀ। ਨਾਲ ਹੀ ਉਨ੍ਹਾਂ ਵਲੋਂ ਬਣਾਈ ਗਈ ਐੱਸ. ਆਈ .ਟੀ. ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਸੰਬੰਧੀ ਜਾਂਚ ਪੂਰੀ ਕਰਨ ਵਿਚ ਕਿਉਂ ਨਾਕਾਮ ਰਹੀ।



### ਲਾਰੈਂਸ ਦੇ ਜੇਲ੍ਹ ਵਿੱਚੋਂ ਦਿੱਤੇ ਗਏ ਇੰਟਰਵਿਊਜ਼ ਬਾਰੇ ਸਵਾਲ

ਲਾਰੈਂਸ ਬਿਸ਼ਨੋਈ ਦੀ ਚਰਚਾ ਦਾ ਕਾਰਨ ਉਨ੍ਹਾਂ ਦਾ ਅਪਰਾਧਕ ਕਾਰਵਾਈਆਂ ਵਿੱਚ ਨਾਮ ਆਉਣਾ ਹੀ ਨਹੀਂ ਹੈ, ਸਗੋਂ ਉਹ ਜੇਲ੍ਹ ਵਿੱਚੋਂ ਮੀਡੀਆ ਨੂੰ ਇੰਟਰਵਿਊਜ਼ ਵੀ ਦੇ ਚੁੱਕੇ ਹਨ। ਮਾਰਚ 2023 ਵਿੱਚ ਇੱਕ ਨਿੱਜੀ ਖ਼ਬਰ ਅਦਾਰੇ ਨੇ ਲਾਰੈਂਸ ਬਿਸ਼ਨੋਈ ਦੇ ਦੋ ਇੰਟਰਵਿਊਜ਼ ਪ੍ਰਸਾਰਿਤ ਕੀਤੇ ਗਏ ਸਨ। ਇਨ੍ਹਾਂ ਇੰਟਰਵਿਊਜ਼ ਵਿੱਚ ਲਾਰੈਂਸ ਵੱਲੋਂ ਆਪਣੀਆਂ ਅਪਰਾਧਕ ਕਾਰਵਾਈਆਂ ਨੂੰ ਜਾਇਜ਼ ਠਹਿਰਾਇਆ ਗਿਆ ਸੀ। ਲਾਰੈਂਸ ਬਿਸ਼ਨੋਈ ਦੀਆਂ ਇੰਟਰਵਿਊਜ਼ ਬਾਰੇ ਪੰਜਾਬ ਸਰਕਾਰ ਵੱਲੋਂ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ। ਇਸ ਟੀਮ ਵੱਲੋਂ ਜੁਲਾਈ 2023 ਵਿੱਚ ਆਪਣੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦਿੱਤੀ ਗਈ ਸੀ। ਰਿਪੋਰਟ ਵਿੱਚ ਇਹ ਸਾਹਮਣੇ ਆਇਆ ਸੀ ਕਿ ਕਿ ਦੋ ਇੰਟਰਵਿਊਜ਼ ਵਿੱਚੋਂ ਪਹਿਲਾ ਇੰਟਰਵਿਊ ਪੰਜਾਬ ਦੇ ਖਰੜ ਵਿਚਲੀ ਸੀਆਈਏ ਦੇ ਦਫ਼ਤਰ ਵਿੱਚ ਦਿੱਤਾ ਗਿਆ ਸੀ। ਜਦਕਿ ਦੂਜੀ ਇੰਟਰਵਿਊ ਰਾਜਸਥਾਨ ਵਿੱਚ ਸ਼ੂਟ ਕੀਤੀ ਗਈ ਸੀ।

ਅਦਾਲਤ ਨੇ ਆਪਣੇ ਹੁਕਮਾਂ ਵਿੱਚ ਕਿਹਾ ਸੀ ਕਿ ਇਹ ਵੀ ਸਾਹਮਣੇ ਆਇਆ ਸੀ ਕਿ ਇਹ ਇੰਟਰਵਿਊਜ਼ ਪ੍ਰਸਾਰਿਤ ਕੀਤੇ ਜਾਣ ਤੋਂ ਕੁਝ ਮਹੀਨੇ ਪਹਿਲਾਂ ਸ਼ੂਟ ਕੀਤੇ ਗਏ ਸਨ। ਅਦਾਲਤ ਨੇ ਅੱਗੇ ਕਿਹਾ ਸੀ, "ਜਿਸ ਵਿਅਕਤੀ ਦੀ ਇੰਟਰਵਿਊ ਲਈ ਗਈ ਹੈ ਉਸ ਖ਼ਿਲਾਫ਼ ਪੰਜਾਬ ਵਿੱਚ 71 ਮਾਮਲੇ ਚੱਲ ਰਹੇ ਹਨ ਅਤੇ ਉਸ ਨੂੰ 4 ਕੇਸਾਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਜਿਨ੍ਹਾਂ ਵਿੱਚ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1967, 302 ਆਈਪੀਸੀ ਦੇ ਅਧੀਨ ਅਪਰਾਧ ਸ਼ਾਮਲ ਹਨ।"ਇੰਟਰਵਿਊ ਦੇਣ ਵਾਲਾ ਟਾਰਗਿਟ ਕਿਲਿੰਗ ਅਤੇ ਆਪਣੀਆਂ ਅਪਰਾਧਿਕ ਗਤੀਵਿਧੀਆਂ ਨੂੰ ਜਾਇਜ਼ ਠਹਿਰਾ ਰਿਹਾ ਹੈ। ਉਸ ਨੇ ਇੱਕ ਫਿਲਮ ਅਦਾਕਾਰ ਸਲਮਾਨ ਖਾਨ ਨੂੰ ਧਮਕੀ ਦਿੱਤੀ ਗਈ ਧਮਕੀ ਨੂੰ ਦੁਹਰਾਇਆ ਅਤੇ ਜਾਇਜ਼ ਠਹਿਰਾਇਆ ਹੈ।" ਲਾਰੈਂਸ ਦੀ ਇੰਟਰਵਿਊ ਵਿੱਚ ਉਸ ਨੇ ਆਪਣੇ ਆਪ ਨੂੰ 'ਖਾਲਿਸਤਾਨ ਅਤੇ ਪਾਕਿਸਤਾਨ' ਵਿਰੋਧੀ ਦੱਸਿਆ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਰਾਸ਼ਟਰਵਾਦੀ ਵੀ ਕਰਾਰ ਦਿੱਤਾ ਸੀ।

### ਇੰਟਰਵਿਊ ਮਾਮਲੇ ਵਿਚ ਡੀਐੱਸਪੀ ਗੁਰਸ਼ੇਰ ਸੰਧੂ ਸਣੇ ਸੱਤ ਅਧਿਕਾਰੀ ਸਸਪੈਂਡ

ਪੰਜਾਬ ਪੁਲੀਸ ਦੇ ਬਹੁਚਰਚਿਤ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਦੇ ਕੈਂਪਸ ਆਫ਼ਿਸ ਵਿੱਚ ਵਿਸ਼ੇਸ਼ ਇੰਟਰਵਿਊ ਕਰਵਾਉਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋਂ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਸਮੇਤ ਕਈ ਪੁਲੀਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਡੀਐੱਸਪੀ ਗੁਰਸ਼ੇਰ ਸੰਧੂ ਤੋਂ ਇਲਾਵਾ ਤਤਕਾਲੀ ਡੀਐੱਸਪੀ (ਆਰਥਿਕ ਅਪਰਾਧ ਸ਼ਾਖਾ) ਸਮਰ ਵਿਨੀਤ, ਸਬ ਇੰਸਪੈਕਟਰ ਰੀਨਾ, ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੇ ਸਬ ਇੰਸਪੈਕਟਰ (ਲੋਕਲ ਰੈਂਕ) ਜਗਤਪਾਲ ਜਾਂਗੂ, ਏਜੀਟੀਐਫ ਦੇ ਸਬ ਇੰਸਪੈਕਟਰ (ਲੋਕਲ ਰੈਂਕ) ਸ਼ਗਨਜੀਤ ਸਿੰਘ, ਤਤਕਾਲੀ ਡਿਊਟੀ ਅਫ਼ਸਰ ਏਐੱਸਆਈ ਮੁਖ਼ਤਿਆਰ ਸਿੰਘ ਅਤੇ ਲਾਈਟ ਮੁਨਸ਼ੀ ਹੌਲਦਾਰ (ਲੋਕਲ ਰੈਂਕ) ਓਮ ਪ੍ਰਕਾਸ਼ ਸ਼ਾਮਲ ਹਨ। ਇਨ੍ਹਾਂ ਖ਼ਿਲਾਫ਼ ਵਿਭਾਗੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਖ਼ਿਲਾਫ਼ ਖ਼ੁਦ ਹੀ ਝੂਠੀਆਂ ਸ਼ਿਕਾਇਤਾਂ ਕਰਵਾਉਣ ਅਤੇ ਖ਼ੁਦ ਹੀ ਜਾਂਚ ਕਰਨ ਅਤੇ ਪੀੜਤਾਂ ਨੂੰ ਡਰਾ ਧਮਕਾ ਕੇ ਮੋਟੀਆਂ ਰਕਮਾਂ ਮੰਗਣ ਦਾ ਵੱਖਰਾ ਕੇਸ ਦਰਜ ਹੈ। ਡੀਐੱਸਪੀ ਗੁਰਸ਼ੇਰ ਸਿੰਘ ਸੰਧੂ ਨੇ ਪਿੱਛੇ ਜਿਹੇ ਕਈ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਡੀਐੱਸਪੀ ਸੰਧੂ ਨੂੰ ਸ਼ਲਾਘਾਯੋਗ ਸੇਵਾਵਾਂ ਬਦਲੇ ਮੈਡਲ ਦੇ ਕੇ ਸਨਮਾਨਿਤ ਕੀਤਾ ਸੀ। ਜਦੋਂ ਪੁਲੀਸ ਵੱਲੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਪੁੱਛ ਪੜਤਾਲ ਲਈ ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਦੇ ਕੈਂਪਸ ਆਫ਼ਿਸ ਖਰੜ ਵਿੱਚ ਰੱਖਿਆ ਗਿਆ ਸੀ ਤਾਂ ਉਦੋਂ 3 ਅਪਰੈਲ 2022 ਨੂੰ ਟੀਵੀ ਚੈਨਲ ਨੂੰ ਵਿਸ਼ੇਸ਼ ਇੰਟਰਵਿਊ ਕਰਵਾਈ ਗਈ ਸੀ। ਇਨ੍ਹਾਂ ਪੁਲੀਸ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਟੀਵੀ ਇੰਟਰਵਿਊ ਲਈ ਵਿਸ਼ੇਸ਼ ਪ੍ਰਬੰਧ ਕਰਨ ਦਾ ਦੋਸ਼ੀ ਪਾਇਆ ਗਿਆ ਹੈ।

ਇਸ ਸਬੰਧੀ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਵਿਸ਼ੇਸ਼ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿੱਚ ਕੁੱਝ ਪੁਲੀਸ ਮੁਲਾਜ਼ਮਾਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਤੋਂ ਬਾਅਦ ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਵੱਲੋਂ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਗਏ ਹਨ। ਮੁਅੱਤਲੀ ਦੇ ਹੁਕਮਾਂ ਅਨੁਸਾਰ ਪੁਲੀਸ ਅਫ਼ਸਰ ਅਤੇ ਕਰਮਚਾਰੀ ਚੰਡੀਗੜ੍ਹ ਸਥਿਤ ਡੀਜੀਪੀ ਦਫ਼ਤਰ ਵਿੱਚ ਤਾਇਨਾਤ ਰਹਿਣਗੇ ਅਤੇ ਉਹ ਕਿਸੇ ਸਮਰੱਥ ਅਧਿਕਾਰੀ ਦੀ ਇਜਾਜ਼ਤ ਤੋਂ ਬਿਨਾਂ ਸਟੇਸ਼ਨ ਛੱਡ ਕੇ ਕਿਤੇ ਵੀ ਬਾਹਰ ਨਹੀਂ ਜਾਣਗੇ। ਹਾਈ ਕੋਰਟ ਵੱਲੋਂ 21 ਦਸੰਬਰ 2023 ਨੂੰ ਨੋਟਿਸ ਲੈਣ ਤੋਂ ਬਾਅਦ ਵਿਸ਼ੇਸ਼ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਸਿੱਟ ਦਾ ਗਠਨ ਕੀਤਾ ਗਿਆ ਸੀ ਤੇ ਜਾਂਚ ਰਿਪੋਰਟ ਜਨਵਰੀ 2024 ਵਿੱਚ ਹਾਈ ਕੋਰਟ ਨੂੰ ਸੌਂਪੀ ਗਈ ਸੀ।

### ਬਿਸ਼ਨੋਈ ਸਰਕਾਰੀ ਕੈਟ ਸੈਨਾ ?

ਵਸ਼ਿੰਗਟਨ ਟਾਈਮਜ ਨੇ ਬਿਸ਼ਨੋਈ ਗਿਰੋਹ ਨੂੰ ਭਾਰਤੀ ਏਜੰਸੀਆਂ ਵਲੋਂ ਪ੍ਰਮੋਟ ਕੀਤਾ ਗਿਰੋਹ ਦਸਿਆ ਸੀ, ਜਿਸ ਰਾਹੀਂ ਖਾਲਿਸਤਾਨੀ ਸਿਖਾਂ ਦੀਆਂ ਹੱਤਿਆਵਾਂ ਕਰਵਾਈਆਂ ਜਾ ਰਹੀਆਂ ਹਨ। ਭਾਰਤ ਸਰਕਾਰ ਦੇ ਏਜੰਟਾਂ' ਨਾਲ ਜੁੜੀ ਕੈਨੇਡਾ ਵਿੱਚ ਕਥਿਤ ਹਿੰਸਕ ਅਪਰਾਧਕ ਗਤੀਵਿਧੀ ਬਾਰੇ ਆਰਸੀਐੱਮਪੀ (ਰੌਇਲ ਕੈਨੇਡੀਅਨ ਮਾਊਂਟਡ ਪੁਲਿਸ) ਨੇ ਆਪਣੀ ਪ੍ਰੈਸ ਕਾਨਫਰੰਸ ਦੌਰਾਨ ਲਾਰੈਂਸ ਬਿਸ਼ਨੋਈ ਗਰੁੱਪ ਦਾ ਨਾਮ ਲਿਆ ਸੀ। ਆਰਸੀਐੱਮਪੀ ਦੇ ਬੁਲਾਰਿਆਂ ਨੇ ਕਿਹਾ ਸੀ ਕਿ ਲਾਰੈਂਸ ਬਿਸ਼ਨੋਈ ਗਰੁੱਪ ਦੀ ਕੈਨੇਡਾ ਵਿਚਲੀ ਕਥਿਤ ਅਪਰਾਧਕ ਗਤੀਵਿਧੀ ਵਿੱਚ ਪ੍ਰਮੁੱਖ ਭੂਮਿਕਾ ਹੈ। ਆਰਸੀਐੱਮਪੀ ਨੇ ਬਿਸ਼ਨੋਈ ਗਰੁੱਪ ਦੇ ਭਾਰਤ ਸਰਕਾਰ ਦੇ ਏਜੰਟਾਂ ਨਾਲ ਕਥਿਤ ਸਬੰਧ ਹੋਣ ਦਾ ਵੀ ਇਲਜ਼ਾਮ ਲਾਇਆ ਸੀ।

ਆਰਸੀਐੱਮਪੀ ਬੁਲਾਰੇ ਬ੍ਰਿਗਿਟੇ ਗਾਓਵਿਨ, ਅਸਿਸਟੈਂਟ ਕਮਿਸ਼ਨਰ, ਫੈੱਡਰਲ ਪੁਲਿਸਿੰਗ, ਕੌਮੀ ਸੁਰੱਖਿਆ (ਆਰਸੀਐੱਮਪੀ) ਨੇ ਕਿਹਾ ਸੀ ਕਿ ਇਸ ਵੱਲੋਂ ਕੈਨੇਡਾ ਵਿਚਲੇ ਦੱਖਣੀ ਏਸ਼ੀਆਈ ਭਾਈਚਾਰੇ ਖਾਸ ਕਰਕੇ ਖਾਲਿਸਤਾਨ ਪੱਖੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸੀਂ ਆਰਸੀਐੱਮਪੀ ਦੇ ਨਜ਼ਰੀਏ ਤੋਂ ਦੇਖਿਆ ਹੈ ਕਿ ਉਹ ਸੰਗਠਿਤ ਅਪਰਾਧ ਦੀ ਵਰਤੋਂ ਕਰਦੇ ਹਨ। ਇਸ ਨੂੰ ਜਨਤਕ ਤੌਰ ਉੱਤੇ ਇੱਕ ਅਪਰਾਧਕ ਸਮੂਹ ਨਾਲ ਜੋੜਿਆ ਜਾ ਚੁੱਕਿਆ ਹੈ ਅਤੇ ਇਸ ਅਪਰਾਧਕ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਵੀ ਲਈ ਹੈ। ਬਿਸ਼ਨੋਈ ਗਰੁੱਪ.. ਅਸੀਂ ਮੰਨਦੇ ਹਾਂ ਇਹ ਗਰੁੱਪ ਭਾਰਤ ਸਰਕਾਰ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ।

ਖਾਲਿਸਤਾਨੀ ਗਰੁਪਾਂ ਦਾ ਮੰਨਣਾ ਹੈ ਕਿ ਸਰਕਾਰ ਨੇ ਖਾੜਕੂਵਾਦ ਨੂੰ ਕੁਚਲਣ ਲਈ ਆਪਣੀਆਂ ਕੈਟ ਸੈਨਾਵਾਂ ਬਣਾਈਆਂ ਸਨ, ਹੁਣ ਉਸਨੇ ਵਿਦੇਸ਼ਾਂ ਵਿਚ ਬਿਸ਼ਨੋਈ ਗੈਂਗ ਹੇਠ ਬਣਾਈਆਂ ਹਨ।

ਬਾਕੀ ਹਿਸਾ ਸਫ਼ਾ 54 ਤੇ ਪੜ੍ਹੋ

# ਟਰੂਡੋ ਦੀ 'ਕੈਨੇਡਾ ਫਸਟ ਨੀਤੀ' ਤੋਂ ਭਾਰਤੀ ਹੋਣਗੇ ਪ੍ਰਭਾਵਿਤ

## ✪ ਕੰਪਨੀਆਂ ਨੂੰ ਹੁਣ ਨੌਕਰੀਆਂ ਵਿਚ ਕੈਨੇਡੀਅਨ ਨਾਗਰਿਕਾਂ ਨੂੰ ਪਹਿਲ ਦੇਣੀ ਪਵੇਗੀ



ਟਰਾਂਟੋ-ਭਾਰਤ ਅਤੇ ਕੈਨੇਡਾ ਦੇ ਵਿਗੜਦੇ ਰਿਸ਼ਤਿਆਂ ਦਰਮਿਆਨ ਕੈਨੇਡੀਅਨ ਪੀ.ਐੱਮ. ਟਰੂਡੋ ਨੇ ਕੈਨੇਡਾ ਫਸਟ ਨੀਤੀ ਦਾ ਐਲਾਨ ਕੀਤਾ ਹੈ। ਰਿਪੋਰਟਾਂ ਮੁਤਾਬਕ ਕੈਨੇਡਾ 'ਚ ਇਸ ਨੀਤੀ ਦਾ ਸਭ ਤੋਂ ਜ਼ਿਆਦਾ ਅਸਰ ਉਥੇ ਰਹਿਣ ਵਾਲੇ ਭਾਰਤੀਆਂ 'ਤੇ ਪਵੇਗਾ। ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇਸ ਨੀਤੀ ਦਾ ਐਲਾਨ ਕਰਦੇ ਹੋਏ ਟਰੂਡੋ ਨੇ ਲਿਖਿਆ ਕਿ ਕੰਪਨੀਆਂ ਨੂੰ ਹੁਣ ਨੌਕਰੀਆਂ ਵਿਚ ਕੈਨੇਡੀਅਨ ਨਾਗਰਿਕਾਂ ਨੂੰ ਪਹਿਲ ਦੇਣੀ ਪਵੇਗੀ । ਜਦੋਂ ਕੋਈ ਕੰਪਨੀ ਕਿਸੇ ਵਿਦੇਸ਼ੀ ਨਾਗਰਿਕ ਨੂੰ ਨੌਕਰੀ 'ਤੇ ਰੱਖਦੀ ਹੈ, ਤਾਂ ਉਸਨੂੰ ਪਹਿਲਾਂ ਇਹ ਦੱਸਣਾ ਹੋਵੇਗਾ ਕਿ ਉਨ੍ਹਾਂ ਨੂੰ ਉਸ ਨੌਕਰੀ ਲਈ ਕੋਈ ਢੁਕਵਾਂ ਕੈਨੇਡੀਅਨ ਨਾਗਰਿਕ ਨਹੀਂ ਮਿਲਿਆ।

ਕੈਨੇਡੀਅਨ ਸਰਕਾਰ ਦੀ ਇਸ ਨੀਤੀ ਦਾ ਸਭ ਤੋਂ ਵੱਧ ਅਸਰ ਉਥੇ ਵਸੇ ਭਾਰਤੀਆਂ 'ਤੇ ਪਵੇਗਾ। ਕਿਉਂਕਿ ਕੋਰੋਨਾ ਦੌਰਾਨ ਟਰੂਡੋ ਸਰਕਾਰ ਵੱਲੋਂ ਵਿਦੇਸ਼ੀ ਕਰਮਚਾਰੀਆਂ ਨੂੰ ਦਿੱਤੀ ਗਈ ਢਿੱਲ ਕਾਰਨ ਉੱਥੇ ਪੜ੍ਹਨ ਲਈ ਗਏ ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਨੇ ਸ਼ਾਪਿੰਗ ਮਾਲ, ਰੈਸਟੋਰੈਂਟ, ਫੂਡ ਸਟੋਰਾਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਨਾਲ ਉਨ੍ਹਾਂ ਦੀ ਪੜ੍ਹਾਈ ਦੇ ਨਾਲ-ਨਾਲ ਕੁਝ ਆਮਦਨ ਹੋਣੀ ਵੀ ਸ਼ੁਰੂ ਹੋ ਗਈ ਸੀ। ਇੱਕ ਰਿਪੋਰਟ ਦੇ ਅਨੁਸਾਰ, 2023 ਵਿੱਚ ਕੈਨੇਡਾ ਵਿੱਚ ਕੰਮ ਕਰਨ ਵਾਲੇ ਵਿਦੇਸ਼ੀ ਅਸਥਾਈ ਕਾਮਿਆਂ ਵਿੱਚ ਭਾਰਤੀਆਂ ਦੀ ਗਿਣਤੀ ਸਭ ਤੋਂ ਵੱਧ ਸੀ। ਟਰੂਡੋ ਸਰਕਾਰ ਨੇ ਕੋਰੋਨਾ ਮਹਾਮਾਰੀ ਤੋਂ ਬਾਅਦ ਮਜ਼ਦੂਰਾਂ ਦੀ ਕਮੀ ਕਾਰਨ 2022 ਵਿੱਚ ਨਵੇਂ ਨਿਯਮ ਬਣਾਏ ਸਨ। ਉਦੋਂ ਇਸਨੂੰ ਅਸਥਾਈ ਵਿਦੇਸ਼ੀ ਕਰਮਚਾਰੀ ਪ੍ਰੋਗਰਾਮ ਦਾ ਨਾਮ ਦਿੱਤਾ ਗਿਆ। ਇਸ ਵਿੱਚ ਗੈਰ-ਕੈਨੇਡੀਅਨਾਂ ਨੂੰ ਰੁਜ਼ਗਾਰ ਸੰਬੰਧੀ ਪਾਬੰਦੀਆਂ ਤੋਂ ਰਾਹਤ ਦਿੱਤੀ ਗਈ ਸੀ। ਇਸ ਤੋਂ ਇਲਾਵਾ ਉਨ੍ਹਾਂ ਦੀ ਤਨਖਾਹ ਵੀ ਵਧਾਈ ਗਈ।

ਸਰਕਾਰ ਦੇ ਇਸ ਕਦਮ ਦਾ ਭਾਰਤੀ ਵਿਦਿਆਰਥੀਆਂ ਨੂੰ ਕਾਫੀ ਫਾਇਦਾ ਹੋਇਆ। ਉੱਥੇ ਜਾਣ ਵਾਲੇ ਵਿਦਿਆਰਥੀ ਪੜ੍ਹਾਈ ਤੋਂ ਇਲਾਵਾ ਪਾਰਟ ਟਾਈਮ ਨੌਕਰੀਆਂ ਕਰਨ ਲੱਗ ਪਏ। ਫੋਰਬਸ ਦੀ ਰਿਪੋਰਟ ਮੁਤਾਬਕ ਟਰੂਡੋ ਸਰਕਾਰ ਦੇ ਇਸ ਫੈਸਲੇ ਤੋਂ ਬਾਅਦ ਕਈ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਦੀ ਬਜਾਏ ਕੈਨੇਡੀਅਨ ਯੂਨੀਵਰਸਿਟੀਆਂ ਨੂੰ ਚੁਣਿਆ। ਵਿਦੇਸ਼ ਮੰਤਰਾਲਾ ਅਨੁਸਾਰ, 2024 ਵਿੱਚ ਲਗਭਗ 13,35,878 ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕੈਨੇਡਾ ਵਿੱਚ ਸਭ ਤੋਂ ਵੱਧ 4.27 ਲੱਖ ਵਿਦਿਆਰਥੀ ਹਨ। ਟਰੂਡੋ ਨੇ ਕਿਹਾ ਕਿ ਪ੍ਰਵਾਸੀਆਂ ਨੇ ਸਾਡੀ ਆਰਥਿਕਤਾ ਨੂੰ ਕੋਰੋਨਾ ਦੌਰਾਨ ਲਗਾਈਆਂ ਪਾਬੰਦੀਆਂ ਕਾਰਨ ਹੋਏ ਨੁਕਸਾਨ ਤੋਂ ਉਭਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ, ਪਰ ਹੁਣ ਸਮਾਂ ਆ ਗਿਆ ਹੈ ਕਿ ਇਸ ਨੂੰ ਬਦਲਿਆ ਜਾਵੇ। ਕੈਨੇਡਾ ਨੂੰ ਆਪਣੀ ਆਬਾਦੀ ਨੂੰ ਸਥਿਰ ਕਰਨ ਦੀ ਲੋੜ ਹੈ।

# ਪੁਲਿਸ ਨੂੰ ਸਸਪੈਂਡ ਐਸਐਚਓ ਅਰਸ਼ਦੀਪ ਦੀ ਭਾਲ, ਘਰ 'ਤੇ ਮਾਰਿਆ ਛਾਪਾ

ਮੋਗਾ-ਨਸ਼ਾ ਤਸਕਰਾਂ ਤੋਂ ਪੰਜ ਲੱਖ ਰੁਪਏ ਲੈਣ ਦੇ ਦੋਸ਼ ਵਿੱਚ ਘਿਰੀ ਐਸਐਚਓ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ ਨੂੰ ਮੋਗਾ ਪੁਲਿਸ ਭਾਲ ਕਰ ਰਹੀ ਹੈ। ਮੋਗਾ ਪੁਲਿਸ ਨੇ ਅਰਸ਼ਪ੍ਰੀਤ ਕੌਰ ਦੇ ਘਰ ਛਾਪੇਮਾਰੀ ਕੀਤੀ ਹੈ ਪਰ ਅਰਸ਼ਪ੍ਰੀਤ ਕੌਰ ਪੁਲਿਸ ਨੂੰ ਘਰ ਨਹੀਂ ਮਿਲੀ।

ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਥਾਣੇ ਵਿੱਚ ਐਸਐਚਓ ਵਜੋਂ ਤਾਇਨਾਤ ਗਰੇਵਾਲ 'ਤੇ ਨਸ਼ਾ ਤਸਕਰਾਂ ਨੂੰ 5 ਲੱਖ ਰੁਪਏ ਲੈ ਕੇ ਛੱਡਣ ਦਾ ਦੋਸ਼ ਹੈ। ਇਸ ਮਾਮਲੇ ਵਿੱਚ ਉਸ ਦੇ ਨਾਲ-ਨਾਲ ਦੋ ਕਲਰਕਾਂ ਨੂੰ ਵੀ ਮੁਅੱਤਲ ਕਰਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਸੀ।

### ਐੱਸਐੱਚਓ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ ਦੱਸਿਆ ਖੁਦ ਨੂੰ ਬੇਕਸੂਰ

ਐੱਸਐੱਚਓ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ ਨੇ ਆਪਣੇ ਖਿਲਾਫ ਦਰਜ ਹੋਏ ਕੇਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਲੰਬੀ ਪੋਸਟ ਕੀਤੀ ਹੈ। ਪੋਸਟ ਵਿਚ ਉਨ੍ਹਾਂ ਨੇ ਲਿਖਿਆ ਸੀ ਕਿ ਉਸ ਨੂੰ ਇਸ ਮਾਮਲੇ ਵਿਚ ਫਸਾਇਆ ਗਿਆ ਹੈ, ਜਦਕਿ ਉਹ ਬੇਕਸੂਰ ਹੈ। ਅਰਸ਼ਪ੍ਰੀਤ ਕੌਰ ਨੇ ਇਸ ਪਿੱਛੇ ਪੁਲਿਸ ਅਧਿਕਾਰੀਆਂ ਦੀ ਸਾਜ਼ਿਸ਼ ਦਾ ਹਵਾਲਾ ਦਿੰਦਿਆਂ ਮੋਗਾ ਦੇ ਡੀਐਸਪੀ ਅਤੇ ਐਸਪੀ 'ਤੇ ਦੋਸ਼ ਲਾਏ ਹਨ। ਉਨ੍ਹਾਂ ਨੇ ਲਿਖਿਆ ਕਿ



ਉਪਰੋਕਤ ਦੋਵੇਂ ਅਧਿਕਾਰੀਆਂ ਨੇ ਉਸ ਵਿਰੁੱਧ ਝੂਠਾ ਕੇਸ ਦਰਜ ਕੀਤਾ ਹੈ।

### ਇਹ ਸਾਰਾ ਮਾਮਲਾ ਸੀ

ਇਸ ਮਾਮਲੇ ਵਿੱਚ ਐਸਪੀਡੀ ਬੀਕੇ ਸਿੰਗਲਾ ਨੇ ਦੱਸਿਆ ਕਿ 1 ਅਕਤੂਬਰ 2024 ਨੂੰ ਐਸਐਚਓ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ ਅਤੇ ਤਤਕਾਲੀ ਮੁਨਸ਼ੀ ਗੁਰਪ੍ਰੀਤ ਸਿੰਘ ਨੇ ਅਮਰਜੀਤ ਸਿੰਘ ਨਾਮਕ ਵਿਅਕਤੀ ਕੋਲੋਂ 2 ਕਿਲੋ ਅਫੀਮ ਬਰਾਮਦ ਕਰਕੇ ਉਸ ਖ਼ਿਲਾਫ਼ ਕੇਸ ਦਰਜ ਕੀਤਾ ਸੀ।

ਇਸ ਮਾਮਲੇ ਵਿਚ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਕਿ ਅਮਰਜੀਤ ਸਿੰਘ ਦੇ ਨਾਲ ਉਸ ਦੇ ਦੋ ਹੋਰ ਸਾਥੀ ਵੀ ਹਨ, ਜਿਨ੍ਹਾਂ ਕੋਲ 3 ਕਿਲੋ ਅਫੀਮ ਸੀ, ਜਿਨ੍ਹਾਂ ਨੂੰ ਛੁਡਾਉਣ ਲਈ 8 ਲੱਖ ਰੁਪਏ ਵਿਚ ਸੌਦਾ ਹੋਇਆ ਸੀ ਅਤੇ 5 ਲੱਖ ਰੁਪਏ ਵਿਚ ਐਸ.ਐਚ.ਓ ਇੰਸਪੈਕਟਰ ਅਰਸ਼ਪ੍ਰੀਤ ਕੌਰ ਨੂੰ ਦਿੱਤਾ ਗਿਆ ਸੀ। ਗਰੇਵਾਲ, ਕਾਂਸਟੇਬਲ ਗੁਰਪ੍ਰੀਤ ਸਿੰਘ ਅਤੇ ਕਾਂਸਟੇਬਲ ਰਾਜਪਾਲ ਸਿੰਘ ਨੇ ਲਿਆ ਸੀ।

### ਕੇਸ ਦਰਜ ਹੋਣ ਤੋਂ ਬਾਅਦ ਤਿੰਨੋਂ ਫਰਾਰ ਹੋ ਗਏ

ਇਸ ਮਾਮਲੇ ਦੀ ਜਾਂਚ ਵਿੱਚ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ, ਕਾਂਸਟੇਬਲ ਗੁਰਪ੍ਰੀਤ ਸਿੰਘ, ਕਾਂਸਟੇਬਲ ਰਾਜਪਾਲ ਸਿੰਘ, ਮਨਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਖ਼ਿਲਾਫ਼ ਥਾਣਾ ਕੋਟਈਸੇਖਾ ਵਿੱਚ ਭ੍ਰਿਸ਼ਟਾਚਾਰ ਐਕਟ ਅਤੇ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰਕੇ ਛਾਪੇਮਾਰੀ ਕੀਤੀ ਜਾ ਰਹੀ ਹੈ।

ਜਲਦ ਹੀ ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ ਅਤੇ ਵਿਭਾਗ ਵੱਲੋਂ ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ, ਕਾਂਸਟੇਬਲ ਗੁਰਪ੍ਰੀਤ ਸਿੰਘ ਅਤੇ ਕਾਂਸਟੇਬਲ ਰਾਜਪਾਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇੰਸਪੈਕਟਰ ਅਰਸ਼ਪ੍ਰੀਤ ਕੌਰ ਗਰੇਵਾਲ, ਕਾਂਸਟੇਬਲ ਗੁਰਪ੍ਰੀਤ ਸਿੰਘ ਅਤੇ ਕਾਂਸਟੇਬਲ ਰਾਜਪਾਲ ਸਿੰਘ ਫਰਾਰ ਹਨ, ਜਿਨ੍ਹਾਂ ਦੀ ਪੁਲਿਸ ਭਾਲ ਕਰ ਰਹੀ ਹੈ।

# ਇਕ ਹੋਰ ਸਿੰਘ ਡਾ. ਤੇਜਿੰਦਰ ਸਿੰਘ ਗਰੇਵਾਲ ਕੈਨੇਡਾ ਵਿਚ ਬਣਿਆ ਵਿਧਾਇਕ !



ਬਰਨਾਲਾ-ਸਿਖਾਂ ਨੇ ਵਿਦੇਸ਼ਾਂ ਵਿਚ ਜਾ ਕੇ ਵੱਡੀਆਂ ਮੱਲਾਂ ਮਾਰੀਆਂ ਹਨ, ਇਸ ਦੇ ਇਕ ਹੋਰ ਤਾਜ਼ਾ ਮਿਸਾਲ ਤੇਜਿੰਦਰ ਸਿੰਘ ਗਰੇਵਾਲ ਨੇ ਕੈਨੇਡਾ ਵਿਚ ਵਿਧਾਇਕ ਬਣ ਕੇ ਕੀਤੀ ਹੈ। ਬਰਨਾਲਾ ਜ਼ਿਲ੍ਹੇ ਦੇ ਕਸਬੇ ਭਦੌੜ ਦੇ ਜੰਮਪਲ ਡਾ. ਤੇਜਿੰਦਰ ਸਿੰਘ ਗਰੇਵਾਲ ਕੈਨੇਡਾ ਵਿੱਚ ਵਿਧਾਇਕ ਚੁਣੇ ਗਏ ਹਨ। ਉਹ ਇਕ ਵਿਗਿਆਨੀ ਵੀ ਹਨ।

ਦੱਸ ਦੇਈਏ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਪੀਐਚਡੀ ਕਰਨ ਤੋਂ ਬਾਅਦ ਤਜਿੰਦਰ ਸਿੰਘ ਗਰੇਵਾਲ ਅਤੇ ਉਨ੍ਹਾਂ ਦੀ ਪਤਨੀ ਡਾ: ਰਵਿੰਦਰ ਕੌਰ ਗਰੇਵਾਲ ਨੇ ਕੁਝ ਸਮਾਂ ਯੂਨੀਵਰਸਿਟੀ ਵਿੱਚ ਪੜ੍ਹਾਇਆ ਅਤੇ 1999 ਦੇ ਆਸਪਾਸ ਕੈਨੇਡਾ ਚਲੇ ਗਏ। ਗਰੇਵਾਲ ਹੁਣ ਕੈਨੇਡਾ ਦੀ ਇੱਕ ਵੱਕਾਰੀ ਯੂਨੀਵਰਸਿਟੀ ਵਿੱਚ ਖੇਤੀ ਵਿਗਿਆਨੀ ਵਜੋਂ ਕੰਮ ਕਰ ਰਿਹਾ ਹੈ। ਉਸਨੇ ਆਪਣੀ ਮੁੱਢਲੀ ਸਿੱਖਿਆ ਭਦੌੜ ਦੇ ਇੱਕ ਸਰਕਾਰੀ ਸਕੂਲ ਤੋਂ ਕੀਤੀ। ਤਜਿੰਦਰ ਗਰੇਵਾਲ ਨੂੰ ਕੈਨੇਡਾ ਵਿੱਚ ਇੱਕ ਨਾਮਵਰ ਵਿਗਿਆਨੀ ਅਤੇ ਸਮਰਪਿਤ ਸਮਾਜਕ ਆਗੂ ਵਜੋਂ ਜਾਣਿਆ ਜਾਂਦਾ ਹੈ।

# Little bits for a big celebration.

## Happy Diwali.

nectar prices

Nectar Price
£1
Without Nectar
£1.30
Cofresh Bombay mix 325g




Nectar Price
£2.50
Without Nectar
£3
Bikano Besan laddu 200g




Nectar Price
£4
Without Nectar
£5
Royal Jalebi 300g





Nectar Price
£1.30
Without Nectar
£1.60
Jaimin Softy chakli 200g




Sainsbury's
Good food for all of us

18+. Nectar card/app required. Available in selected supermarkets, excludes Locals. Nectar Price products vary by store size/online. T&Cs and further exclusions apply. Cofresh Bombay mix 325g (with Nectar 31p/100g, without Nectar 40p/100g), Jaimin Softy chakli 200g (with Nectar 65p/100g, without Nectar 80p/100g), Royal Jalebi 300g (with Nectar £1.33/100g, without Nectar £1.67/100g), Bikano Besan laddu 200g (with Nectar £1.25/100g, without Nectar £1.50/100g). Prices valid until 03/11. Subject to availability. For full terms see nectar.com/nectar-prices




# ਲੰਡਨ ਦੇ ਸਭ ਤੋਂ ਪੁਰਾਣੇ 'ਪੰਜਾਬ ਰੈਸਟੋਰੈਂਟ' ਵੱਲੋਂ

## ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ




## ਵਧੀਆ ਅਤੇ ਸੁਆਦਿਸ਼ਟ ਖਾਣਿਆਂ ਲਈ ਪੰਜਾਬੀਆਂ ਦਾ ਸਭ ਤੋਂ ਮਸ਼ਹੂਰ ਰੈਸਟੋਰੈਂਟ





Punjab™
1946

# Distinctive North Indian Cuisine

ਤੁਹਾਡੇ ਆਰਡਰ ਮੁਤਾਬਕ ਅਸੀਂ ਡੱਬਾ ਬੰਦ ਤਾਜ਼ਾ ਖਾਣਾ ਵੀ ਪਹੁੰਚਾਉਂਦੇ ਹਾਂ

ਤਿੰਨਾਂ ਪੁਸ਼ਤਾਂ ਤੋਂ ਚੱਲ ਰਿਹਾ, ਸਿੱਖਾਂ ਦਾ ਇੰਗਲੈਂਡ ਵਿੱਚ ਪਹਿਲਾ ਰੈਸਟੋਰੈਂਟ ਹੈ ।

ਆਪ ਸੁਰੱਖਿਅਤ ਰਹੋ ਅਤੇ ਦੂਜਿਆਂ ਦੀ ਸੁਰੱਖਿਆ ਦਾ ਖਿਆਲ ਰੱਖੋ

Our award-winning menu combines traditional tandoori dishes with our Punjabi specialities to suit all tastes. The 'Acharri Gosht' made with pickled lamb has to be experienced at least once in a lifetime, the classic 'Kadu Pumpkin Sabhji' has a sumptuous mouth watering flavour and you can't miss Grandad's special 'Kali Daal'.




ਅਸੀਂ ਤੁਹਾਡੀ ਸੇਵਾ ਲਈ ਸੱਤੇ ਦਿਨ ਖੁੱਲ੍ਹੇ ਹਾਂ ਲੰਚ ਅਤੇ ਡਿਨਰ ਲਈ ਪਧਾਰੋ




Open 7 days for Lunch and Dinner
80 Neal Street Covent Garden WC2H 9PA
Tel 020 7836 9787 020 7240 9979 www.punjab.co.uk

Covent Garden

# ਇਰਾਨ-ਇਜਰਾਈਲ ਵਿਚ ਛਿੜ ਸਕਦਾ ਏ ਮਹਾਸੰਗਰਾਮ

**✪ ਅਮਰੀਕਾ ਦੀ ਚਿਤਾਵਨੀ ਦੇ ਬਾਵਜੂਦ ਈਰਾਨ ਇਜਰਾਈਲ ਉਪਰ ਹਮਲੇ ਲਈ ਉਤਾਰੂ ✪ ਇਜ਼ਰਾਈਲ ਨੇ ਈਰਾਨ ਦੇ ਦੋ ਖ਼ੁਫ਼ੀਆ ਫ਼ੌਜੀ ਟਿਕਾਣਿਆਂ ਸਮੇਤ ਮਿਜ਼ਾਈਲ ਫੈਕਟਰੀਆਂ ਨੂੰ ਕੀਤਾ ਸੀ ਤਬਾਹ ✪ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੀ ਇਮਾਰਤ ਨੂੰ ਬਣਾਇਆ ਨਿਸ਼ਾਨਾ**

ਖਾਸ ਖਬਰ

ਈਰਾਨ 'ਤੇ ਇਜ਼ਰਾਈਲ ਦੇ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਇਕ ਵਾਰ ਫਿਰ ਵਧ ਗਿਆ ਹੈ। ਇਜ਼ਰਾਈਲ ਨੇ 25 ਅਕਤੂਬਰ ਨੂੰ ਕਈ ਈਰਾਨੀ ਫੌਜੀ ਟਿਕਾਣਿਆਂ ਤੇ ਮਿਜ਼ਾਈਲ ਨਿਰਮਾਣ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਦੇ ਕਈ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ ਸੀ। ਈਰਾਨ ਦੀ ਰਾਜਧਾਨੀ ਦੇ ਦੱਖਣ-ਪੂਰਬ ਵਿਚ ਇਕ ਗੁਪਤ ਫੌਜੀ ਅੱਡੇ ਨੂੰ ਵੀ ਨਿਸ਼ਾਨਾ ਬਣਾਇਆ ਸੀ। ਇਜ਼ਰਾਈਲੀ ਸੂਤਰਾਂ ਨੇ ਇਹ ਵੀ ਕਿਹਾ ਕਿ ਚਾਰ ਐਸ-300 ਏਅਰ ਡਿਫੈਂਸ ਬੈਟਰੀਆਂ, ਜੋ ਰਣਨੀਤਕ ਸਥਾਨਾਂ 'ਤੇ ਸਨ, 'ਤੇ ਹਮਲਾ ਕੀਤਾ ਗਿਆ ਸੀ। ਦੂਜੇ ਪਾਸੇ, ਈਰਾਨ ਦੀ ਫੌਜ ਨੇ ਕਿਹਾ ਕਿ ਇਜ਼ਰਾਈਲ ਦੇ ਲੜਾਕੂ ਜਹਾਜ਼ਾਂ ਨੇ ਇਲਾਮ, ਖੁਜ਼ੇਸਤਾਨ ਤੇ ਤਹਿਰਾਨ ਦੇ ਆਲੇ-ਦੁਆਲੇ ਦੇ ਪ੍ਰਾਂਤਾਂ ਵਿਚ ਸਰਹੱਦੀ ਰਾਡਾਰ ਪ੍ਰਣਾਲੀਆਂ 'ਤੇ ਹਮਲਾ ਕਰਨ ਲਈ "ਬਹੁਤ ਹਲਕੇ ਹਥਿਆਰਾਂ" ਦੀ ਵਰਤੋਂ ਕੀਤੀ, ਜਿਸ ਨਾਲ ਜ਼ਿਆਦਾ ਨੁਕਸਾਨ ਨਹੀਂ ਹੋਇਆ।

ਦੂਜੇ ਪਾਸੇ ਇਜ਼ਰਾਇਲੀ ਹਵਾਈ ਹਮਲੇ ਤੋਂ ਬਾਅਦ ਕੁਝ ਸੈਟੇਲਾਈਟ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਇਕ ਅਮਰੀਕੀ ਖੋਜਕਰਤਾ ਨੇ ਕਿਹਾ ਸੀ ਕਿ ਹਮਲੇ ਵਿਚ ਈਰਾਨ ਦੀ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਜੋ ਕਿ ਉਸਦੇ ਪ੍ਰਮਾਣੂ ਹਥਿਆਰਾਂ ਦੇ ਵਿਕਾਸ ਪ੍ਰੋਗਰਾਮ ਦਾ ਹਿੱਸਾ ਸੀ।ਦੂਸਰੇ ਰਿਸਰਚਰ ਨੇ ਦੱਸਿਆ ਕਿ ਉਨ੍ਹਾਂ ਇਮਾਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਜਿੱਥੇ ਈਰਾਨ ਬੈਲਿਸਟਿਕ ਮਿਜ਼ਾਈਲਾਂ ਲਈ ਸੌਲਿਡ ਫਿਊਲ ਮਿਲਾਉਣ ਲਈ ਇਸਤੇਮਾਲ ਕਰਦਾ ਹੈ। ਉਨ੍ਹਾਂ ਰਾਇਟਰਜ਼ ਨੂੰ ਦੱਸਿਆ ਕਿ ਇਜ਼ਰਾਈਲ ਦੇ ਤਹਿਰਾਨ ਨੇੜੇ ਇਕ ਵਿਸ਼ਾਲ ਫ਼ੌਜੀ ਕੰਪਲੈਕਸ ਵਿਚ ਇਮਾਰਤਾਂ 'ਤੇ ਹਮਲਾ ਕੀਤਾ ਹੈ।

ਸੈਟੇਲਾਈਟ ਫੋਟੋਆਂ ਵਿੱਚ ਨੁਕਸਾਨੀਆਂ ਗਈਆਂ ਇਮਾਰਤਾਂ ਨੂੰ ਦੇਖਿਆ ਜਾ ਸਕਦਾ ਹੈ। ਇਨ੍ਹਾਂ ਇਮਾਰਤਾਂ ਵਿੱਚ ਈਰਾਨ ਦਾ ਪਾਰਚਿਨ ਮਿਲਟਰੀ ਬੇਸ ਨਜ਼ਰ ਆਉਂਦਾ ਹੈ। ਜਿੱਥੇ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਨੂੰ ਸ਼ੱਕ ਹੈ ਕਿ ਈਰਾਨ ਨੇ ਪਹਿਲਾਂ ਉੱਚ ਵਿਸਫੋਟਕਾਂ ਦਾ ਪ੍ਰੀਖਣ ਕੀਤਾ ਸੀ, ਜੋ ਪ੍ਰਮਾਣੂ ਹਥਿਆਰ ਨੂੰ ਚਾਲੂ ਕਰ ਸਕਦਾ ਹੈ। ਹੋਰ ਨੁਕਸਾਨ ਨੇੜਲੇ ਮਿਲਟਰੀ ਬੇਸ 'ਤੇ ਦੇਖਿਆ ਜਾ ਸਕਦਾ ਹੈ, ਜਿਸ ਬਾਰੇ ਵਿਸ਼ਲੇਸ਼ਕ ਮੰਨਦੇ ਹਨ ਕਿ ਇੱਕ ਭੂਮੀਗਤ ਸੁਰੰਗ ਪ੍ਰਣਾਲੀ ਹੈ ਅਤੇ ਮਿਜ਼ਾਈਲ ਉਤਪਾਦਨ ਸਾਈਟਾਂ ਨੂੰ ਲੁਕਾਉਂਦੀ ਹੈ। ਕਈ ਈਰਾਨੀ ਫੌਜੀ ਅਫਸਰਾਂ ਦੇ ਮਾਰੇ ਜਾਣ ਦੀ ਵੀ ਖਬਰ ਹੈ।

ਈਰਾਨ ਲੰਬੇ ਸਮੇਂ ਤੋਂ ਜ਼ੋਰ ਦੇ ਰਿਹਾ ਸੀ ਕਿ ਉਸਦਾ ਪਰਮਾਣੂ ਪ੍ਰੋਗਰਾਮ ਸ਼ਾਂਤੀਪੂਰਨ ਹੈ, ਹਾਲਾਂਕਿ ਇਜਰਾਈਲ, ਪੱਛਮੀ ਖੁਫੀਆ ਏਜੰਸੀਆਂ ਅਤੇ ਹੋਰਾਂ ਦਾ ਕਹਿਣਾ ਹੈ ਕਿ ਤਹਿਰਾਨ ਦਾ 2003 ਤੱਕ ਇੱਕ ਸਰਗਰਮ



ਪ੍ਰਮਾਣੂ ਹਥਿਆਰ ਪ੍ਰੋਗਰਾਮ ਸੀ।

ਈਰਾਨ 'ਤੇ ਹਮਲੇ ਤੋਂ ਬਾਅਦ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦਾਅਵਾ ਕੀਤਾ ਸੀ ਕਿ ਇਜ਼ਰਾਈਲ ਦੇ ਹਮਲਿਆਂ ਨਾਲ ਈਰਾਨ ਨੂੰ 'ਗੰਭੀਰ ਨੁਕਸਾਨ' ਹੋਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਈਰਾਨ 'ਤੇ ਹੋਏ ਇਸ ਹਮਲੇ ਨਾਲ ਇਜ਼ਰਾਈਲ ਦੇ ਸਾਰੇ ਟੀਚੇ ਹਾਸਲ ਹੋ ਗਏ ਹਨ। ਇਜ਼ਰਾਈਲੀ ਫੌਜ ਨੇ ਕਿਹਾ ਕਿ ਉਸ ਦੇ ਸਾਰੇ ਲੜਾਕੂ ਜਹਾਜ਼ ਈਰਾਨ 'ਤੇ ਹਮਲੇ ਦੀ ਕਾਰਵਾਈ ਨੂੰ ਅੰਜਾਮ ਦੇਣ ਤੋਂ ਬਾਅਦ ਸੁਰੱਖਿਅਤ ਵਾਪਸ ਪਰਤ ਗਏ ਹਨ। ਜੇਕਰ ਈਰਾਨ ਦੁਬਾਰਾ ਕੋਈ ਜਵਾਬੀ ਕਾਰਵਾਈ ਕਰਦਾ ਹੈ ਤਾਂ ਉਹ ਇਸਦੇ ਲਈ ਤਿਆਰ ਹਨ। ਹਾਲਾਂਕਿ ਹੁਣ ਅਲੀ ਖਾਮੇਨੇਈ ਨੇ ਜਵਾਬੀ ਕਾਰਵਾਈ ਕਰਨ ਤੋਂ ਗੁਰੇਜ਼ ਕੀਤਾ ਹੈ।

ਤੁਹਾਨੂੰ ਦੱਸ ਦੇਈਏ ਕਿ ਇਸ ਮਹੀਨੇ ਦੀ ਸ਼ੁਰੂਆਤ 'ਚ 1 ਅਕਤੂਬਰ ਨੂੰ ਈਰਾਨ ਨੇ ਇੱਕੋ ਸਮੇਂ 18 ਬੈਲਿਸਟਿਕ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਇਸ ਨਾਲ ਤੇਲ ਅਵੀਵ ਵਿਚ ਹੰਗਾਮਾ ਹੋ ਗਿਆ ਸੀ। ਉਦੋਂ ਤੋਂ, ਇਜ਼ਰਾਈਲ ਨੇ ਈਰਾਨ ਤੋਂ ਹਮਲੇ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ।

## ਕੀ ਮਹਾਂਯੁਧ ਦੀ ਸੰਭਾਵਨਾ ਹੈ ?

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਭਾਵੇਂ ਦਾਅਵਾ ਹੈ ਕਿ ਹਮਲੇ ਨੇ 'ਮਿੱਥੇ ਸਾਰੇ ਟੀਚੇ ਪੂਰੇ ਕੀਤੇ ਹਨ' ਪਰ ਉਨ੍ਹਾਂ ਦਾ ਇਹ ਮੰਨ ਲੈਣਾ ਕਿ ਤਹਿਰਾਨ ਦੇਰ-ਸਵੇਰ ਫ਼ੌਜੀ ਰੂਪ ਵਿਚ ਇਸ ਦਾ ਜਵਾਬ ਨਹੀਂ ਦੇਵੇਗਾ, ਇੱਕ ਕਿਸਮ ਦੀ ਨਾਦਾਨੀ ਹੈ। ਤਹਿਰਾਨ ਦੇ ਮਿਜ਼ਾਈਲ ਹੱਲਿਆਂ ਤੋਂ ਕਰੀਬ ਤਿੰਨ ਹ਼ਫਤੇ ਬਾਅਦ ਕੀਤਾ ਹਮਲਾ ਸੰਕੇਤ ਕਰਦਾ ਹੈ ਕਿ ਤਲ ਅਵੀਵ ਨੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਇੰਤਜ਼ਾਰ ਅਤੇ ਵਿਚਾਰ ਕੀਤਾ ਹੈ। ਫਿਰ ਵੀ ਇਹ ਬਹੁਤ ਭੜਕਾਊ ਕਾਰਵਾਈ ਹੈ ਜੋ ਪੱਛਮ ਏਸ਼ੀਆ ਨੂੰ ਹੋਰ ਉਲਝਾ ਸਕਦੀ ਹੈ। ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਕੀਤੀ ਜਾ ਰਹੀ ਕਾਰਵਾਈ ਨਾਲ ਪਹਿਲਾਂ ਹੀ ਖੇਤਰ ਉਥਲ-ਪੁਥਲ ਦਾ ਸ਼ਿਕਾਰ ਹੈ। ਮਗਰੋਂ ਇਜ਼ਰਾਈਲ ਨੇ ਲਿਬਨਾਨ ਵਿੱਚ ਵੀ ਸੈਨਿਕ ਕਾਰਵਾਈ ਕੀਤੀ ਹੈ ਜਿਸ ਨਾਲ ਟਕਰਾਅ ਦਾ ਘੇਰਾ ਵਧਣ ਦੇ ਆਸਾਰ ਬਣੇ ਹੋਏ ਹਨ।

ਇਜ਼ਰਾਈਲ ਨੇ ਉਨ੍ਹਾਂ ਰਿਪੋਰਟਾਂ ਨੂੰ ਖਾਰਜ ਕੀਤਾ ਹੈ ਕਿ ਇਸ ਨੇ ਅਮਰੀਕੀ ਦਬਾਅ ਹੇਠ ਇਰਾਨੀ ਤੇਲ ਤੇ ਗੈਸ ਸੋਮਿਆਂ ਉੱਤੇ ਹੱਲਾ ਬੋਲਣ ਤੋਂ ਪਰਹੇਜ਼ ਕੀਤਾ ਹੈ ਪਰ ਇਹ ਸਪੱਸ਼ਟ ਹੈ ਕਿ ਤਲ ਅਵੀਵ ਇਰਾਨ ਵਿਰੁੱਧ ਮੁਕੰਮਲ ਜੰਗ ਛੇੜਨ ਤੋਂ ਝਿਜਕ ਰਿਹਾ ਹੈ। ਇਸ ਲਈ ਸੀਮਤ ਜਿਹੀ ਕਾਰਵਾਈ ਹੀ ਕੀਤੀ ਹੈ। ਪਹਿਲਾਂ ਹੀ ਹਮਾਸ ਅਤੇ ਹਿਜ਼ਬੁੱਲ੍ਹਾ ਨਾਲ ਉਲਝ ਰਹੇ ਇਜ਼ਰਾਈਲ ਦਾ ਮਕਸਦ ਇਰਾਨ ਦੇ ਸੁਪਰੀਮ ਲੀਡਰ ਤੇ ਫ਼ੌਜੀ ਕਮਾਂਡਰਾਂ ਨੂੰ ਸਖ਼ਤ ਸੰਦੇਸ਼ ਦੇਣਾ ਹੈ ਹਾਲਾਂਕਿ ਇਹ ਸੀਮਤ ਇਜ਼ਰਾਇਲੀ ਕਾਰਵਾਈ ਵੀ ਇਰਾਨ ਨੂੰ ਭੜਕਾਉਣ ਲਈ ਕਾਫ਼ੀ ਹੈ। ਜੇ ਇਜ਼ਰਾਈਲ ਕੋਲ ਆਤਮ-ਰੱਖਿਆ ਦਾ ਹੱਕ ਹੈ ਤਾਂ ਇਰਾਨ ਕੋਲ ਵੀ ਹੈ। ਜੇਕਰ ਬਦਲਾਖੋਰੀ ਦੀ ਇਹ ਕਾਰਵਾਈ ਇੰਝ ਹੀ ਜਾਰੀ ਰਹੀ ਤਾਂ ਬੇਸ਼ੱਕ, ਖੇਤਰੀ ਤਣਾਅ ਵਧਦਾ ਹੀ ਜਾਏਗਾ। ਇਸ ਦੇ ਸਿੱਟੇ ਪੂਰੀ ਦੁਨੀਆ ਨੂੰ ਭੁਗਤਣੇ ਪੈ ਸਕਦੇ ਹਨ।

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਆਸ ਹੈ ਕਿ ਇਜ਼ਰਾਇਲੀ ਹੱਲੇ ਤੋਂ ਬਾਅਦ ਇਸ ਆਪਸੀ ਟਕਰਾਅ ਦਾ ਅੰਤ ਹੋ ਜਾਵੇਗਾ। ਇਜਰਾਈਲੀ ਹਮਲੇ ਤੋਂ ਬਾਅਦ ਅਮਰੀਕਾ ਨੇ ਈਰਾਨ (ਇਰਾਨ ਇਜ਼ਰਾਈਲ ਯੁੱਧ) ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਇਜ਼ਰਾਈਲ ਤੋਂ ਬਦਲਾ ਲੈਣ ਬਾਰੇ ਨਾ ਸੋਚੇ। ਅਮਰੀਕੀ ਰੱਖਿਆ ਮੰਤਰੀ ਲੋਇਡ ਜੇ ਔਸਟਿਨ ਨੇ ਚਿਤਾਵਨੀ ਦਿੱਤੀ ਕਿ ਈਰਾਨ ਨੂੰ ਇਜ਼ਰਾਈਲ ਦੇ ਹਮਲਿਆਂ ਦਾ ਜਵਾਬ ਦੇਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਇੱਕ ਵੱਡੀ ਗਲਤੀ ਸਾਬਤ ਹੋਵੇਗਾ। ਅਮਰੀਕਾ ਨੇ ਕਿਹਾ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਹੋਰ ਵਧੇਗਾ।

ਹਾਲਾਂਕਿ ਅਮਰੀਕਾ ਗ਼ਲਤ ਉਮੀਦ ਲਾਈ ਬੈਠਾ ਹੈ, ਕਿਉਂਕਿ ਇਰਾਨ ਇਜ਼ਰਾਈਲ ਨੂੰ ਲਗਾਤਾਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੱਬਾਂ ਭਾਰ ਰੱਖਣਾ ਚਾਹੁੰਦਾ ਹੈ। ਉਹ ਪਹਿਲਾਂ ਹੀ ਹੋਰ ਸੰਗਠਨਾਂ ਨੂੰ ਮੂਹਰੇ ਕਰ ਕੇ ਲੜਾਈ ਲੜ ਰਿਹਾ ਹੈ। ਈਰਾਨ ਬਦਲਾ ਲੈਣ 'ਤੇ ਅੜਿਆ ਹੋਇਆ ਹੈ। ਈਰਾਨ ਨੇ ਹੁਣੇ ਜਿਹੇ ਕਿਹਾ ਹੈ ਕਿ ਉਹ ਆਪਣੀ ਸੁਰੱਖਿਆ ਲਈ ਜ਼ਰੂਰੀ ਕਦਮ ਚੁੱਕਦਾ ਰਹੇਗਾ। ਈਰਾਨ ਦੇ ਸੁਪਰੀਮ ਲੀਡਰ ਖਾਮੇਨੇਈ ਨੇ ਕਿਹਾ ਕਿ ਯਹੂਦੀ (ਇਜ਼ਰਾਈਲੀ) ਈਰਾਨ ਨੂੰ ਲੈ ਕੇ ਗਲਤ ਧਾਰਨਾਵਾਂ ਬਣਾ ਰਹੇ ਹਨ, ਉਹ ਈਰਾਨ ਨੂੰ ਨਹੀਂ ਜਾਣਦੇ। ਉਹ ਅਜੇ ਵੀ ਈਰਾਨੀ ਲੋਕਾਂ ਦੀ ਤਾਕਤ ਅਤੇ ਦ੍ਰਿੜਤਾ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕੇ ਹਨ। ਅਸੀਂ ਉਨ੍ਹਾਂ ਨੂੰ ਇਹ ਗੱਲਾਂ ਸਮਝਾਉਣੀਆਂ ਹਨ। ਖਾਮੇਨੇਈ ਨੇ ਕਿਹਾ ਕਿ ਸਾਡੇ ਅਧਿਕਾਰੀਆਂ ਨੂੰ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਸਮਝਣਾ ਚਾਹੀਦਾ ਹੈ ਕਿ ਦੁਸ਼ਮਣ ਨੂੰ ਈਰਾਨੀ ਲੋਕਾਂ ਦੀ ਤਾਕਤ ਦਿਖਾਉਣ ਲਈ ਹੁਣ ਕੀ ਕਰਨਾ ਚਾਹੀਦਾ ਹੈ ਅਤੇ ਜੋ ਵੀ ਇਸ ਦੇਸ਼ ਦੇ ਹਿੱਤ ਵਿਚ ਹੈ, ਉਹ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯਹੂਦੀ ਹਕੂਮਤ (ਇਜ਼ਰਾਈਲ) ਨੇ ਗਲਤ ਕਦਮ ਚੁੱਕਿਆ ਸੀ। ਸਾਨੂੰ ਉਨ੍ਹਾਂ ਨੂੰ ਈਰਾਨੀ ਲੋਕਾਂ ਦੀ ਤਾਕਤ ਨੂੰ ਸਮਝਾਉਣਾ ਹੋਵੇਗਾ।

ਗ਼ੌਰ ਕੀਤੀ ਜਾਵੇ ਤਾਂ ਦੋਵੇਂ ਮੁਲਕਾਂ ਨੇ ਘੱਟ ਹੀ ਸੰਜਮ ਵਰਤਿਆ ਹੈ ਪਰ ਇਨ੍ਹਾਂ ਨੂੰ ਆਪਸੀ ਤਬਾਹੀ ਦੇ ਇਸ ਰਾਹ ਉੱਤੇ ਚੱਲਣ ਤੋਂ ਪਹਿਲਾਂ ਗੰਭੀਰ ਸੋਚ-ਵਿਚਾਰ ਕਰਨ ਦੀ ਲੋੜ ਹੈ ਜਿਸ ਦੇ ਨਾ ਕੇਵਲ ਪੱਛਮੀ ਏਸ਼ੀਆ ਬਲਕਿ ਪੂਰੇ ਸੰਸਾਰ ਲਈ ਗੰਭੀਰ ਨਤੀਜੇ ਨਿਕਲਣਗੇ।

## ਪੰਥ ਲਈ ਅਕਾਲੀ ਦਲ ਵਿਚ ਰਲੇਵਾਂ ਕਰਨ ਅਕਾਲੀ ਸੁਧਾਰ ਲਹਿਰ ਦੇ ਆਗੂ: ਬਡੂੰਗਰ

ਪਟਿਆਲਾ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਬਹੁਤਾਤ ਸ਼੍ਰੋਮਣੀ ਅਕਾਲੀ ਦਲ ਨਾਲ ਹੈ ਜਿਸ ਕਰਕੇ ਅਕਾਲੀ ਸੁਧਾਰ ਲਹਿਰ ਦੀ ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਪੰਥਕ ਨਿਰਣੇ ਨੂੰ ਖਿੜੇ ਮੱਥੇ ਪ੍ਰਵਾਨ ਕਰੇ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਬਾਹਰੀ ਦਖਲਅੰਦਾਜ਼ੀ ਨੂੰ ਸਿੱਖ ਕੌਮ ਨੇ ਕਦੇ ਵੀ ਬਰਦਾਸ਼ਤ ਨਹੀਂ ਕੀਤਾ। 28 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਨੇ ਵੀ ਆਪਣੇ ਪਹਿਲੇ ਸ਼ਾਨਾਮਤੀ ਇਤਿਹਾਸ ਫ਼ਰਸਤੁੋਤੇ ਮੋਹਰ ਲਗਾਈ ਹੈ ਜਿਸ ਕਰਕੇ ਪੰਥਕ ਨਿਰਣੇ ਨੂੰ ਸਿਰ ਮੱਥੇ ਮੰਨ ਕੇ ਪੰਥ ਦੀ ਚੜ੍ਹਦੀ ਕਲਾ ਲਈ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੂੰ ਮਾਂ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਵਿੱਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ।

## –ਅਮਰੀਕੀ ਰਾਸ਼ਟਰਪਤੀ ਚੋਣਾਂ–

# ਨਵੇਂ ਸਰਵੇਖਣਾਂ ਵਿਚ ਵੀ ਨਹੀਂ ਬਦਲਿਆ ਅੰਕੜਾ, ਕਾਂਟੇ ਦੀ ਟੱਕਰ, ਹੈਰਿਸ ਨੂੰ ਮਾਮੂਲੀ ਬੜਤ

## * ਕੋਈ ਵੀ ਉਮੀਦਵਾਰ ਮਾਰ ਸਕਦਾ ਹੈ ਬਾਜੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਕੇਵਲ ਕੁਝ ਦਿਨ ਬਾਕੀ ਹਨ ਤੇ 5 ਨਵੰਬਰ ਨੂੰ ਵੋਟਾਂ ਪਾਉਣ ਦਾ ਆਖਰੀ ਦਿਨ ਹੈ ਪਰੰਤੂ ਅਜੇ ਤੱਕ ਵੀ ਕਿਸੇ ਇਕ ਉਮੀਦਵਾਰ ਦੇ ਹੱਕ ਵਿਚ ਹਵਾ ਦਾ ਰੁਖ ਨਹੀਂ ਹੈ। 2 ਤਾਜ਼ਾ ਸਰਵੇਖਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਆਪਣੇ ਵਿਰੋਧੀ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਉਪਰ ਪਿਛਲੇ ਸਰਵੇਖਣ ਵਾਂਗ ਮਾਮੂਲੀ ਬੜਤ ਹਾਸਲ ਹੈ ਜਿਸ ਬੜਤ ਨੂੰ ਪੱਕੀ ਨਹੀਂ ਸਮਝਿਆ ਜਾ ਰਿਹਾ ਹੈ। ਸੀ ਬੀ ਐਸ ਨਿਊਜ਼/ ਯੂਗੋਵ ਪੋਲ ਦੇ ਸਰਵੇ ਅਨੁਸਾਰ ਹੈਰਿਸ ਆਪਣੇ ਵਿਰੋਧੀ ਟਰੰਪ ਨਾਲੋਂ ਰਾਸ਼ਟਰੀ ਪੱਧਰ 'ਤੇ ਕੇਵਲ 1% ਵੋਟਾਂ ਨਾਲ ਅੱਗੇ ਹਨ। ਹੈਰਿਸ ਨੂੰ 50% ਤੇ ਟਰੰਪ ਨੂੰ49% ਸੰਭਾਵੀ ਮੱਤਦਾਤਾ ਦਾ ਸਮਰਥਨ ਹਾਸਲ ਹੈ। ਅੱਧ ਅਕਤੂਬਰ ਵਿਚ ਹੈਰਿਸ ਨੂੰ 51% ਤੇ ਟਰੰਪ ਨੂੰ 48% ਮੱਤਦਾਤਾ ਦਾ ਸਮਰਥਨ ਹਾਸਲ ਸੀ। ਏ ਬੀ ਸੀ ਨਿਊਜ਼/ਇਪੋਸਸ ਚੋਣ ਸਰਵੇ ਅਨੁਸਾਰ ਹੈਰਿਸ ਨੂੰ ਟਰੰਪ ਉਪਰ 4% ਬੜਤ ਹਾਸਲ ਹੈ। ਹੈਰਿਸ ਦੇ ਹੱਕ ਵਿਚ 51% ਮੱਤਦਾਤਾ ਹਨ ਜਦ ਕਿ ਟਰੰਪ ਦੇ ਹੱਕ ਵਿਚ 47% ਮੱਤਦਾਤਾ ਹਨ। ਪਰੰਤੂ ਇਸ ਸਰਵੇ ਵਿਚ ਗਲਤੀ ਦੀ ਪ੍ਰਤੀਸ਼ਤ 2.5% ਮਨਫੀ/ਜਮਾਂ ਰਖੀ ਗਈ ਹੈ। ਸਰਵੇਕਾਰ ਇਸ ਗਲ ਨਾਲ ਸਹਿਮਤ ਹਨ ਕਿ ਹਾਰ ਜਾਂ ਜਿੱਤ ਇਸ ਤੱਥ ਉਪਰ ਨਿਰਭਰ ਕਰੇਗੀ ਕਿ ਚੋਣ ਵਾਲੇ ਦਿਨ ਕਿਹੜਾ ਉਮੀਦਵਾਰ ਜਾਂ ਪਾਰਟੀ ਆਪਣੇ ਸਮਰਥਕਾਂ ਨੂੰ ਮੱਤਦਾਤਾ ਕੇਂਦਰ ਤੱਕ ਪਹੁੰਚਾਉਣ ਵਿਚ ਸਫਲ ਹੁੰਦੀ ਹੈ। ਘੱਟ ਘੱਟ 7 ਅਹਿਮ ਰਾਜਾਂ ਵਿਚ ਤਾਂ ਅਜਿਹੇ ਹੀ ਹਾਲਾਤ ਹਨ ਜੋ ਰਾਜ ਕਿਸੇ ਵੀ ਉਮੀਦਵਾਰ ਦੇ ਵਾਈਟ ਹਾਊਸ ਵਿਚ ਪਹੁੰਚਣ ਲਈ ਫੈਸਲਾਕੁੰਨ ਸਾਬਤ ਹੋਣਗੇ। ਹਾਲਾਂ ਕਿ ਏ ਬੀ ਸੀ ਦੇ ਸਰਵੇ ਵਿਚ ਹੈਰਿਸ ਨੂੰ 4% ਮੱਤਦਾਤਾ ਦਾ ਵਧ ਸਮਰਥਨ ਹਾਸਲ ਹੈ ਪਰੰਤੂ ਸਰਵੇਕਾਰਾਂ ਦਾ ਮੰਨਣਾ ਹੈ ਕਿ ਫੈਸਲਾਕੁੰਨ ਰਾਜ ਪੈਨਸਿਲਵਾਨੀਆ, ਮਿਸ਼ੀਗਨ, ਵਿਸਕਾਨਸਿਨ, ਉੱਤਰੀ ਕੈਰੋਲੀਨਾ, ਜਾਰਜੀਆ, ਐਰੀਜ਼ੋਨਾ ਤੇ ਨੇਵਾਡਾ ਵਿਚ ਮੁਕਾਬਲਾ ਬਹੁਤ ਫਸਵਾਂ ਹੈ। ਮੱਤਦਾਨ ਕਰਨ ਵਾਲੇ ਸੰਭਾਵਿਤ ਮੱਤਦਾਤਾ ਤੋਂ ਇਲਾਵਾ ਸਾਰੇ ਦਰਜ ਮੱਤਦਾਤਾਵਾਂ ਵਿਚ ਵੀ ਹੈਰਿਸ 2% ਵੋਟਾਂ ਨਾਲ ਅੱਗੇ ਹਨ। ਹੈਰਿਸ ਨੂੰ 49 % ਤੇ ਟਰੰਪ ਨੂੰ 47% ਮੱਤਦਾਤਾਵਾਂ ਦਾ ਸਮਰਥਨ ਹਾਸਲ ਹੈ। ਇਹ ਸਰਵੇ 18 ਤੋਂ 22 ਅਕਤੂਬਰ ਦਰਮਿਆਨ 2802 ਇੰਗਲਿਸ਼ ਤੇ ਸਪੈਨਿਸ਼ ਬਾਲਗਾਂ ਉਪਰ ਆਨ ਲਾਈਨ ਕੀਤਾ ਗਿਆ। ਸੰਭਾਵਿਤ ਮੱਤਦਾਤਾ ਸਰਵੇ ਵਿਚ 2.5% ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਜਦ ਕਿ ਦਰਜ ਸਮੁੱਚੇ ਮੱਤਦਾਤਾ ਵਿਚ ਗਲਤੀ ਦੀ ਸੰਭਾਵਨਾ 2% ਰੱਖੀ ਗਈ ਹੈ। ਡੈਮੋਕਰੈਟਿਕ ਪਾਰਟੀ ਨਾਲ ਜੁੜੇ 90% ਸਮਰਥਕਾਂ ਦਾ ਕਹਿਣਾ ਹੈ ਕਿ ਉਨਾਂ ਲਈ ਸਿਹਤ ਦਾ ਮੁੱਦਾ ਸਭ ਤੋਂ ਉਪਰ ਹੈ ਜਦ ਕਿ 64% ਰਿਪਬਲੀਕਨ ਸਮਰਥਕਾਂ ਲਈ ਸਿਹਤ ਦਾ ਮੁੱਦਾ ਅਹਿਮ ਹੈ। 91% ਡੈਮੋਕਰੈਟਿਕ ਸਮਰਥਕ ਲੋਕਤੰਤਰ ਦੀ ਰਾਖੀ ਦੇ ਮੁੱਦੇ ਨੂੰ ਅਹਿਮੀਅਤ ਦੇ ਰਹੇ ਹਨ ਜਦ ਕਿ 80% ਰਿਪਬਲੀਕਨ ਸਮਰਥਕ ਲੋਕਤੰਤਰ ਦੀ ਰਾਖੀ ਨੂੰ ਅਹਿਮ ਸਮਝਦੇ ਹਨ। ਦੂਸਰੇ ਪਾਸੇ 96% ਦਰਜ ਰਿਪਬਲੀਕਨ ਮੱਤਦਾਤਾ ਦਾ ਕਹਿਣਾ ਹੈ ਕਿ ਅਰਥਵਿਵਸਥਾ ਉਨਾਂ ਲਈ ਸਭ ਤੋਂ ਉਪਰ ਹੈ ਜਦ ਕਿ 86% ਡੈਮੋਕਰੈਟਿਕ ਸਮਰਥਕ ਮੱਤਦਾਤਾ ਅਰਥਵਿਵਸਥਾ ਦੇ ਮੁੱਦੇ ਨੂੰ ਅਹਿਮ ਸਮਝਦੇ ਹਨ। 90% ਰਿਪਬਲੀਕਨ ਸਮਰਥਕ ਮੱਤਦਾਤਾ ਦਾ ਕਹਿਣਾ ਹੈ ਕਿ ਯੂ ਐਸ- ਮੈਕਸੀਕੋ ਬਾਰਡਰ 'ਤੇ ਇਮੀਗ੍ਰੇਸ਼ਨ ਸਿਸਟਮ ਉਨਾਂ ਲਈ ਬਹੁਤ ਵੱਡਾ ਮਹੱਤਵ ਰਖਦਾ ਹੈ ਜਦ ਕਿ 50% ਡੈਮੋਕਰੈਟਿਕ ਸਮਰਥਕ ਇਸ ਮੁੱਦੇ ਨੂੰ ਅਹਿਮ ਸਮਝਦੇ ਹਨ।



## ਉਦਯੋਗਪਤੀ ਰਤਨ ਟਾਟਾ ਦੀ ਵਸੀਅਤ ਸਾਹਮਣੇ ਆਈ, ਕਈ ਬਣ ਗਏ ਕਰੋੜਪਤੀ

ਮੁੰਬਈ : ਉਦਯੋਗਪਤੀ ਰਤਨ ਟਾਟਾ ਦੀ ਵਸੀਅਤ ਬਾਰੇ ਜਾਣਕਾਰੀ ਸਾਹਮਣੇ ਆਈ ਹੈ। ਇਸ ਵਿੱਚ ਉਸਨੇ ਜਰਮਨ ਸ਼ੈਫਰਡ ਕੁੱਤੇ ਟੀਟੋ ਦੀ ਅਸੀਮਿਤ ਦੇਖਭਾਲ ਦਾ ਪ੍ਰਬੰਧ ਕੀਤਾ ਹੈ। ਰਤਨ ਟਾਟਾ ਨੇ ਆਪਣੇ ਪਿੱਛੇ 10 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਛੱਡੀ ਹੈ। ਇਹ ਜਾਇਦਾਦ ਉਸ ਦੀਆਂ ਭੈਣਾਂ ਸ਼ਿਰੀਨ ਅਤੇ ਡਾਇਨਾ ਤੋਂ ਇਲਾਵਾ ਹਾਊਸ ਸਟਾਫ ਅਤੇ ਹੋਰਾਂ ਵਿਚਕਾਰ ਵੰਡੀ ਜਾਵੇਗੀ।

ਹਾਲਾਂਕਿ ਰਤਨ ਟਾਟਾ ਦੀ ਜਿੰਨੀ ਦੌਲਤ ਉਨ੍ਹਾਂ ਦੇ ਕੁੱਤੇ ਨੂੰ ਮਿਲਣ ਵਾਲੀ ਹੈ, ਉਸ ਤੋਂ ਬਾਅਦ ਉਹ ਘੱਟੋ-ਘੱਟ ਭਾਰਤ ਦਾ ਸਭ ਤੋਂ ਅਮੀਰ ਕੁੱਤਾ ਬਣ ਜਾਵੇਗਾ। ਰਤਨ ਟਾਟਾ ਦੀ ਵਸੀਅਤ ਵਿੱਚ ਉਨ੍ਹਾਂ ਦੇ ਖਾਸ ਦੋਸਤ ਸ਼ਾਂਤਨੂ ਦਾ ਵੀ ਜ਼ਿਕਰ ਹੈ।

## ਕਨੇਡਾ ਵਿੱਚ ਪੰਜ ਪੰਜਾਬੀ ਗ੍ਰਿਫ਼ਤਾਰ





ਕਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਪੰਜ ਪੰਜਾਬੀਆਂ ਨੂੰ ਨਸ਼ੇ ਅਤੇ ਹਥਿਆਰ ਰੱਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਵਿੱਚ 61 ਸਾਲਾ ਨਰਿੰਦਰ ਨਾਗਰਾ, ਉਸ ਦੇ ਦੋ ਲੜਕੇ ਨਵਨੀਤ ਨਾਗਰਾ ਅਤੇ ਰਵਨੀਤ ਨਾਗਰਾ ਜੋ ਸਿਰਫ਼ 21-22 ਸਾਲ ਦੇ ਹਨ। ਦੂਜੇ ਨੌਜਵਾਨ ਰਨਦੀਪ ਤੇ ਪਵਨੀਤ ਉਹ ਵੀ 20-21 ਸਾਲ ਦੇ ਹਨ। ਉਨ੍ਹਾਂ ਕੋਲੋਂ 11 ਬੰਦੂਕਾਂ, 900 ਕਾਰਤੂਸ ਅਤੇ 20,000 ਡਾਲਰ ਵੀ ਫੜੇ ਗਏ ਹਨ। ਇਹ ਸਾਰੇ ਨਸ਼ੇ ਅਤੇ ਹਥਿਆਰ ਰੱਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਹਨ। ਇੰਨੀ ਛੋਟੀ ਉਮਰ ਵਿੱਚ ਛੇਤੀ ਅਮੀਰ ਹੋਣ ਦੀ ਲਾਲਸਾ ਨੌਜਵਾਨਾਂ ਵਿੱਚ ਦਿਨੋਂ ਦਿਨ ਵਧ ਰਹੀ ਹੈ। ਇਸੇ ਕਰਕੇ ਪੰਜਾਬ, ਅਮਰੀਕਾ, ਕਨੇਡਾ ਵਿੱਚ ਵੱਡੇ ਪੱਧਰ ਤੇ ਫਿਰੌਤੀਆਂ, ਕਤਲ ਤੇ ਨਸ਼ੇ ਵੱਧ ਰਹੇ ਹਨ।


ਦੀਵਾਲੀ ਦੀਆਂ ਮੁਬਾਰਕਾਂ

ਜੇ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ, ਜਾਂ ਘਰ ਹੋਰ ਥਾਂ ਤੇ ਲੈ ਰਹੇ ਹੋ, ਜਾਂ ਰੀ-ਮੌਰਗੇਜ ਕਰਨੀ ਹੈ ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਕਿਰਾਏ ਲਈ ਘਰ ਲੈਣਾ ਹੋਵੇ ਜਾਂ ਵਪਾਰਕ ਜਾਇਦਾਦ ਲਈ ਰਾਜੂ ਸੰਸਾਰਪੁਰੀ ਨਾਲ ਗੱਲ ਕਰੋ:

Buying first time, moving home, considering a re-mortgage or current fixed rate is expiring soon?

WE CAN HELP WITH:

- Residential
- First Time Buyer
- Shared Ownership
- Bridging Finance
- Buy to Let
- Re- Mortgage
- Home Mover
- Commercial Loans

BESPOKE MORTGAGES
YOUR VISION. OUR EXPERTISE.

Raju Sansarpuri
MORTGAGE ADVISOR
07821 269 999
Punjabi/Hindi/Urdu Spoken
020 8561 9838
raju@bespoke-mortgages.co.uk
1274 Uxbridge Road, Hayes, UB4 8JF
www.bespoke-mortgages.co.uk



# ਅਮਰੀਕਾ ਦੀ ਸਖਤ ਕਾਰਵਾਈ, ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀਆਂ ਨੂੰ ਭੇਜਿਆ ਵਾਪਸ

**ਵਿਸ਼ੇਸ਼ ਰਿਪੋਟ**

## ✪ ਸਖਤੀ ਤੋਂ ਬਾਅਦ ਗੈਰ-ਕਾਨੂੰਨੀ ਪਰਵਾਸ ਦੇ ਮਾਮਲਿਆਂ ਵਿਚ 55 ਪ੍ਰਤੀਸ਼ਤ ਦੀ ਆਈ ਕਮੀ ✪ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਸਮੂਹ ਬਣੇ





ਅਮਰੀਕਾ ਨੇ ਦੇਸ਼ ਵਿਚ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਕਿਰਾਏ ਦੇ ਵਿਸ਼ੇਸ਼ ਜਹਾਜ਼ ਰਾਹੀਂ ਭਾਰਤ ਸਰਕਾਰ ਦੀ ਮਦਦ ਨਾਲ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਬੀਤੇ ਦਿਨੀਂ ਦੱਸਿਆ ਕਿ ਇਸ ਜਹਾਜ਼ ਨੂੰ 22 ਅਕਤੂਬਰ ਨੂੰ ਭਾਰਤ ਭੇਜਿਆ ਗਿਆ ਸੀ। ਹੋਮਲੈਂਡ ਸਕਿਓਰਿਟੀ ਦੇ ਕਾਰਜਕਾਰੀ ਡਿਪਟੀ ਸਕੱਤਰ ਕ੍ਰਿਸਟੀ ਏ. ਕੈਨੇਗਲੋ ਨੇ ਕਿਹਾ ਸੀ ਕਿ ਜਿਹੜੇ ਭਾਰਤੀ ਨਾਗਰਿਕ ਕੋਲ ਸੰਯੁਕਤ ਰਾਜ ਵਿੱਚ ਰਹਿਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਨੂੰ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਸੀ ਕਿ ਗ੍ਰਹਿ ਸੁਰੱਖਿਆ ਵਿਭਾਗ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨਾ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਜਾਰੀ ਰੱਖੇਗਾ ਅਤੇ ਕਾਨੂੰਨੀ ਰੂਟਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰੇਗਾ। ਗ੍ਰਹਿ ਸੁਰੱਖਿਆ ਵਿਭਾਗ ਅਨੁਸਾਰ ਡੀ. ਐਚ. ਐਸ ਨੇ ਵਿੱਤੀ ਸਾਲ 2024 ਵਿੱਚ 1,60,000 ਤੋਂ ਵੱਧ ਵਿਅਕਤੀਆਂ ਨੂੰ ਵਾਪਸ ਭੇਜਿਆ ਸੀ ਅਤੇ ਭਾਰਤ ਸਮੇਤ 145 ਤੋਂ ਵੱਧ ਦੇਸ਼ਾਂ ਵਿੱਚ 495 ਤੋਂ ਵੱਧ ਅੰਤਰਰਾਸ਼ਟਰੀ ਹਵਾਲਗੀ ਉਡਾਣਾਂ ਦਾ ਸੰਚਾਲਨ ਕੀਤਾ ਸੀ। ਗ੍ਰਹਿ ਸੁਰੱਖਿਆ ਵਿਭਾਗ ਨੇ ਪਿਛਲੇ ਸਾਲ ਦੁਨੀਆ ਭਰ ਦੇ ਕਈ ਦੇਸ਼ਾਂ ਤੋਂ ਲੋਕਾਂ ਨੂੰ ਬਾਹਰ ਕੱਢਿਆ ਹੈ, ਜਿਸ ਵਿੱਚ ਕੋਲੰਬੀਆ, ਇਕਵਾਡੋਰ, ਪੇਰੂ, ਮਿਸਰ, ਮੌਰੀਤਾਨੀਆ, ਸੇਨੇਗਲ, ਉਜ਼ਬੇਕਿਸਤਾਨ, ਚੀਨ ਅਤੇ ਭਾਰਤ ਸ਼ਾਮਲ ਹਨ। ਜੂਨ 2024 ਵਿਚ ਬਾਰਡਰ ਸੁਰੱਖਿਆ ਰਾਸ਼ਟਰਪਤੀ ਘੋਸ਼ਣਾ ਅਤੇ ਇਸਦੇ ਨਾਲ ਅੰਤਰਿਮ ਅੰਤਿਮ ਨਿਯਮ ਲਾਗੂ ਹੋਣ ਤੋਂ ਬਾਅਦ, ਦੱਖਣ-ਪੱਛਮੀ ਸਰਹੱਦ ’ਤੇ ਦਾਖਲੇ ਦੇ ਸਥਾਨਾਂ ’ਤੇ ਗੈਰ-ਕਾਨੂੰਨੀ ਪਰਵਾਸ ਦੇ ਮਾਮਲਿਆਂ ਵਿਚ 55 ਪ੍ਰਤੀਸ਼ਤ ਦੀ ਕਮੀ ਆਈ ਹੈ।

ਕਾਰਜਕਾਰੀ ਗ੍ਰਹਿ ਸੁਰੱਖਿਆ ਡਿਪਟੀ ਮੰਤਰੀ ਕ੍ਰਿਸਟੀ ਏ. ਕੈਨੇਗਲੋ ਨੇ ਕਿਹਾ ਕਿ ਭਾਰਤੀ ਨਾਗਰਿਕ ਜਿਨ੍ਹਾਂ ਕੋਲ ਅਮਰੀਕਾ ਵਿਚ ਰਹਿਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ, ਨੂੰ ਤੁਰੰਤ ਡਿਪੋਰਟ ਕੀਤਾ ਜਾ ਰਿਹਾ ਹੈ..। ਉਨ੍ਹਾਂ ਕਿਹਾ ਕਿ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਅਮਰੀਕੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨਾ ਜਾਰੀ ਰੱਖੇਗਾ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰੇਗਾ ਅਤੇ ਕਾਨੂੰਨੀ ਰੂਟਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰੇਗਾ। ਇਸ ਵਿੱਚ ਕਿਹਾ ਗਿਆ ਹੈ ਕਿ ਡੀਐਚਐਸ ਨੇ ਵਿੱਤੀ ਸਾਲ 2024 ਵਿੱਚ 1,60,000 ਤੋਂ ਵੱਧ ਵਿਅਕਤੀਆਂ ਨੂੰ ਵਾਪਸ ਭੇਜਿਆ ਗਿਆ ਸੀ ਅਤੇ ਭਾਰਤ ਸਮੇਤ 145 ਤੋਂ ਵੱਧ ਦੇਸ਼ਾਂ ਵਿੱਚ 495 ਤੋਂ ਵੱਧ ਅੰਤਰਰਾਸ਼ਟਰੀ ਹਵਾਲਗੀ ਉਡਾਣਾਂ ਦਾ ਪ੍ਰਬੰਧ ਕੀਤਾ ਗਿਆ ਸੀ। ਡੀਐਚਐਸ ਨੇ ਪਿਛਲੇ ਸਾਲ ਵਿੱਚ ਕੋਲੰਬੀਆ, ਇਕਵਾਡੋਰ, ਪੇਰੂ, ਮਿਸਰ, ਮੌਰੀਤਾਨੀਆ, ਸੇਨੇਗਲ, ਉਜ਼ਬੇਕਿਸਤਾਨ, ਚੀਨ ਅਤੇ ਭਾਰਤ ਸਮੇਤ ਦੁਨੀਆ ਭਰ ਦੇ ਕਈ ਦੇਸ਼ਾਂ ਦੇ ਲੋਕਾਂ ਨੂੰ ਬਾਹਰ ਕੱਢਿਆ ਸੀ। ਹੋਮਲੈਂਡ ਸਿਕਿਓਰਿਟੀ ਵਿਭਾਗ ਨੂੰ ਅਨਿਯਮਿਤ ਪ੍ਰਵਾਸ ਨੂੰ ਘਟਾਉਣ, ਸੁਰੱਖਿਅਤ, ਕਨੂੰਨੀ ਅਤੇ ਵਿਵਸਥਿਤ ਰੂਟਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਅਤੇ ਕਮਜ਼ੋਰ ਲੋਕਾਂ ਦੀ ਤਸਕਰੀ ਅਤੇ ਸ਼ੋਸ਼ਣ ਕਰਨ ਵਾਲੇ ਅੰਤਰ-ਰਾਸ਼ਟਰੀ ਅਪਰਾਧਿਕ ਨੈਟਵਰਕਾਂ ਨੂੰ ਖਤਮ ਕਰਨ ਲਈ ਕਾਰਵਾਈ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਵਰਣਨਯੋਗ ਹੈ ਕਿ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਸਾਲ 2010 ਤੋਂ ਬਾਅਦ ਕਿਸੇ ਵੀ ਸਾਲ ਦੇ ਮੁਕਾਬਲੇ ਸਾਲ 2024 ਵਿਚ ਜ਼ਿਆਦਾ ਲੋਕਾਂ ਨੂੰ ਵਾਪਸ ਭੇਜਿਆ ਗਿਆ ਸੀ।

### ਮੋਦੀ ਦੇ ਸੁਪਨੇ ਚਲਦੀ ਹਵਾਈ ਵਾਂਗ ਠੁਸ ਹੋਏ

ਜਿਸ ਅਮਰੀਕਾ ਨੂੰ ਲੈਕੇ ਪ੍ਰਧਾਨ ਮੰਤਰੀ ਬਣਨ ਵੇਲੇ ਮੋਦੀ ਨੇ ਸੁਪਨਾ ਦੇਖਿਆ ਸੀ ਕਿ ਉਹ ਭਾਰਤੀ ਵੀਜ਼ਾ ਲੈਣ ਲਈ ਲਾਈਨ ਲਗਾਕੇ ਖੜ੍ਹਾ ਹੋਵੇਗਾ,ਉਸੇ ਅਮਰੀਕਾ ਨੇ ਹੁਣ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਭਾਰਤੀ ਨਾਗਰਿਕਾਂ ਨੂੰ ਜਹਾਜ਼ ਰਾਹੀਂ ਵਾਪਸ ਭੇਜ ਦਿੱਤਾ ਹੈ।

ਪਿਛਲੇ ਸਾਲ ਸੰਸਦ ਵਿਚ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਰਾਜ ਸਭਾ ਵਿਚ ਕਿਹਾ ਸੀ ਕਿ 2022 ਵਿਚ 2,25,620 ਭਾਰਤੀਆਂ ਨੇ ਦੇਸ਼ ਦੀ ਨਾਗਰਿਕਤਾ ਛੱਡ ਦਿੱਤੀ ਸੀ।ਤਦ ਜੈਸ਼ੰਕਰ ਨੇ ਕਿਹਾ ਸੀ ਕਿ 2015 ਵਿੱਚ ਭਾਰਤੀ ਨਾਗਰਿਕਤਾ ਛੱਡਣ ਵਾਲੇ ਭਾਰਤੀਆਂ ਦੀ ਗਿਣਤੀ1,31,489 ਸੀ, ਜਦੋਂ ਕਿ 2016 ਵਿੱਚ, 1,41,603 ਭਾਰਤੀਆਂ ਨੇ ਅਤੇ 2017 ਵਿੱਚ, 1,33,049 ਭਾਰਤੀਆਂ ਨੇ ਨਾਗਰਿਕਤਾ ਛੱਡੀ ਸੀ। 2018 ਵਿੱਚ ਇਹ ਗਿਣਤੀ 1,34,561 ਸੀ, ਜਦੋਂ ਕਿ 2019 ਵਿੱਚ 1,44,017 ਅਤੇ 2020 ਵਿੱਚ 85,256 ਅਤੇ 2021 ਵਿੱਚ 1,63,370 ਸੀ।ਜਦ ਕਿ 2011 ਵਿੱਚ 1,22,819 , 2012 ਵਿੱਚ 1,20,923, 2013 ਵਿੱਚ 1,31,405 ਅਤੇ 2014 ਵਿੱਚ 1,29,328 ਨੇ ਆਪਣੀ ਨਾਗਰਿਕਤਾ ਛੱਡੀ ਸੀ।

ਯਾਨੀ ਕਿ ਭਾਰਤ ਵਿੱਚ ਅਜਿਹੀ ਖੁਸ਼ਹਾਲੀ ਨਹੀਂ ਸੀ ਕਿ ਅਮਰੀਕੀ ਲੋਕ ਵੀਜ਼ਿਆਂ ਲਈ ਕਤਾਰਾਂ ਵਿੱਚ ਖੜ੍ਹੇ ਹੋਣ। ਸਗੋਂ ਇਸ ਦੇ ਉਲਟ ਹੋਇਆ ਕਿ ਹੁਣ ਵਧੇਰੇ ਭਾਰਤੀ ਲੋਕਾਂ ਨੇ ਆਪਣੀ ਨਾਗਰਿਕਤਾ ਛੱਡਣੀ ਸ਼ੁਰੂ ਕਰ ਦਿੱਤੀ ਹੈ।ਇਸ ਦਾ ਸਾਫ ਅਰਥ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਸੁਪਨੇ ਚਲਦੀ ਹਵਾਈ ਵਾਂਗ ਠੁਸ ਹੋ ਰਹੇ ਹਨ।

### ਡੰਕੀ ਰੂਟ ਰਾਹੀਂ ਭਾਰਤੀ ਛਡ ਰਹੇ ਨੇ ਦੇਸ

ਇਹ ਕਾਨੂੰਨੀ ਸਾਧਨਾਂ ਰਾਹੀਂ ਭਾਰਤੀ ਨਾਗਰਿਕਤਾ ਤਿਆਗਣ ਦਾ ਮਾਮਲਾ ਹੈ। ਹੁਣ ਸਥਿਤੀ ਅਜਿਹੀ ਹੈ ਕਿ ਭਾਰਤੀ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਇਸ ਨੂੰ ਡੰਕੀ ਰੂਟ ਵੀ ਕਿਹਾ ਜਾਂਦਾ ਹੈ। ਡੰਕੀ ਨੂੰ ਖੇਤਰੀ ਭਾਸ਼ਾ ਵਿੱਚ ਡੌਂਕੀ ਕਿਹਾ ਜਾਂਦਾ ਹੈ, ਇਸ ਦਾ ਸ਼ਬਦ ਪੰਜਾਬੀ ਦੇ ਮੁਹਾਵਰੇ ‘ਇੱਕ ਤੋਂ ਦੂਜੀ ਥਾਂ ਨੂੰ ਟਪੂਸੀਆਂ ਮਾਰਨ’ ਦੇ ਮੁਹਾਵਰੇ ਤੋਂ ਬਣਿਆ ਹੈ। ਪੰਜਾਬ ਅਤੇ ਹਰਿਆਣਾ ਦੇ ਹਜ਼ਾਰਾਂ ਨੌਜਵਾਨ ਨੇ ਪੱਛਮੀ ਦੇਸ਼ਾਂ ਖਾਸ ਕਰਕੇ ਅਮਰੀਕਾ ਪਹੁੰਚਣ ਲਈ ‘ਡੌਂਕੀ’ ਦੇ ਰਸਤੇ ਨੂੰ ਤਰਜੀਹ ਦਿੰਦੇ ਹਨ। ਇਸ ਮਨੁੱਖੀ ਤਸਕਰੀ ਦਾ ਇੱਕ ਕੌਮਾਂਤਰੀ ਨੈੱਟਵਰਕ ਹੈ, ਜਿਸ ਨੂੰ ਖ਼ਤਮ ਕਰਨ ਲਈ ਕਈ ਸਰਕਾਰਾਂ ਦਾਅਵੇ ਕਰਦੀਆਂ ਰਹੀਆਂ ਹਨ, ਪਰ ਇਹ ਵਰਤਾਰਾ ਉਵੇਂ ਹੀ ਜਾਰੀ ਹੈ। ਪਿਛਲੇ ਸਮੇਂ ਵਿੱਚ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਕਈ ਨੌਜਵਾਨਾਂ ਨੇ ਅਮਰੀਕਾ ਜਾਂਦੇ ਸਮੇਂ ਆਪਣੀ ਜਾਨ ਗਵਾਈ ਸੀ। ਪਰ ਇਨ੍ਹਾਂ ਖਤਰਿਆਂ ਦੇ ਬਾਵਜੂਦ ਨਾਜਾਇਜ਼ ਪ੍ਰਵਾਸ ਨਹੀਂ ਰੁਕ ਰਿਹਾ।

ਅਮਰੀਕੀ ਸਮਾਚਾਰ ਆਊਟਲੈੱਟ ਸੀਐਨਐਨ ਨੇ ਇਸ ਰੂਟ ਦਾ ਖੁਲਾਸਾ ਕੀਤਾ ਹੈ, ਜੋ ਕਈ ਦੇਸ਼ਾਂ ਪਨਾਮਾ, ਕੋਸਟਾ ਰੀਕਾ, ਅਲ ਸਲਵਾਡੋਰ ਅਤੇ ਗੁਆਟਮਾਲਾ, ਮੈਕਸੀਕੋ ਅਤੇ ਅਮਰੀਕਾ ਦੇ ਵਿਚਕਾਰ ਸਥਿਤ ਦੇਸ਼ਾਂ ਵਿਚੋਂ ਗੁਜ਼ਰਦਾ ਹੈ। ਸੀ. ਐਨ. ਐਨ ਨੇ ਕਈ ਪਰਿਵਾਰਾਂ ਨਾਲ ਗੱਲ ਕੀਤੀ ਜਿਨ੍ਹਾਂ ਦੇ ਮੈਂਬਰਾਂ ਨੇ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ ਸੀ। ਡੌਂਕੀ ਰੂਟ ਜ਼ਰੀਏ ਅਮਰੀਕਾ ਜਾਣ ਵਾਲੇ ਸਭ ਤੋਂ ਪਹਿਲਾਂ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਪਹੁੰਚਦੇ ਹਨ ਜਿੱਥੇ ਵੀਜ਼ੇ ਆਸਾਨੀ ਨਾਲ ਮਿਲ ਜਾਂਦੇ ਹਨ। ਉੱਥੇ, ਉਹ ਪ੍ਰਵਾਸੀ ਤਸਕਰਾਂ ਨੂੰ ਮਿਲਦੇ ਹਨ ਜੋ ਉਨ੍ਹਾਂ ਨੂੰ ਖਤਰਨਾਕ ਜੰਗਲਾਂ ਰਾਹੀਂ ਅਮਰੀਕਾ-ਮੈਕਸੀਕੋ ਸਰਹੱਦ ਤੱਕ ਲੈ ਜਾਂਦੇ ਹਨ। ਬਹੁਤ ਸਾਰੇ ਲੋਕ ਇਸ ਡੌਂਕੀ ਰੂਟ ਰਾਹੀਂ ਅਮਰੀਕਾ ਪਹੁੰਚਣ ਦੀ ਲਾਲਸਾ ਵਿੱਚ ਫਸ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਕਮਾਈ ਬਰਬਾਦ ਕਰ ਬੈਠਦੇ ਹਨ। ਇੱਥੇ ਮਾਫੀਆ ਗੈਂਗ ਤੁਹਾਡੇ ਤੋਂ ਮੋਟੀ ਰਕਮ ਵਸੂਲਦੇ ਹਨ। ਦੋ ਸਾਲਾਂ ਦਾ ਇਹ ਸਫ਼ਰ ਬਹੁਤ ਖ਼ਤਰਨਾਕ ਹੈ। ਕਈ ਅਪਰਾਧਿਕ ਗਿਰੋਹ ਨਾ ਸਿਰਫ ਲੋਕਾਂ ਨੂੰ ਰਸਤੇ ਵਿਚ ਲੁੱਟਦੇ ਹਨ ਅਤੇ ਕੁਝ ਨੂੰ ਮਾਰ ਵੀ ਦਿੰਦੇ ਹਨ।

ਇਹ ਇੱਕ ਜੋਖਮ ਭਰੀ ਯਾਤਰਾ ਹੈ, ਇੱਕ ਚਿੰਤਾਜਨਕ ਰੁਝਾਨ ਦਾ ਹਿੱਸਾ ਹੈ। ਅਮਰੀਕਾ ਪਹੁੰਚਣ ਤੋਂ ਬਾਅਦ ਉਹ ਕਸਟਮ ਅਤੇ ਬਾਰਡਰ ਅਧਿਕਾਰੀਆਂ ਦੁਆਰਾ ਫੜੇ ਜਾਣ ਦੀ ਉਡੀਕ ਕਰਦੇ ਹਨ। ਜਦੋਂ ਕਸਟਮ ਅਧਿਕਾਰੀ ਪਹੁੰਚਦਾ ਹੈ, ਤਾਂ ਪਹੁੰਚਣ ਵਾਲੇ ਲੋਕ ਆਪਣੇ ਆਪ ਨੂੰ ਪੀੜਤ ਹੋਣ ਦਾ ਦਾਅਵਾ ਕਰਦੇ ਹਨ ਅਤੇ ਦੇਸ਼ ਵਿੱਚ ਖ਼ਤਰੇ ਵਿੱਚ ਹਨ ਅਤੇ ਸ਼ਰਨ ਮੰਗਦੇ ਹਨ। ਅਧਿਕਾਰੀ ਪਹਿਲਾਂ ਇਹ ਨਿਰਧਾਰਤ ਕਰਦੇ ਹਨ ਕਿ ਕੀ ਵਿਅਕਤੀ ਸਰੀਰਕ ਖਤਰੇ ਵਿੱਚ ਹੈ ਜਾਂ ਨਹੀਂ। ਇਸ ਤੋਂ ਬਾਅਦ ਉਨ੍ਹਾਂ ਨੂੰ ਪਾਣੀ ਦੀ ਬੋਤਲ ਦਿੱਤੀ ਜਾਂਦੀ ਹੈ। ਅਮਰੀਕੀ ਕਾਨੂੰਨ ਅਨੁਸਾਰ ਜੇਕਰ ਕੋਈ ਵਿਅਕਤੀ ਸ਼ਰਨ ਦਾ ਦਾਅਵਾ ਕਰਦਾ ਹੈ ਤਾਂ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੁਣਵਾਈ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਕਸਟਮ ਅਧਿਕਾਰੀ ਆਪਣੀ ਸੁਰੱਖਿਆ ਜਾਂਚ ਕਰਦੇ ਹਨ ਅਤੇ ਪ੍ਰਵਾਸੀਆਂ ਦੀ ਇੰਟਰਵਿਊ ਕੀਤੀ ਜਾਂਦੀ ਹੈ। ਜਾਂਚ ਤੋਂ ਬਾਅਦ ਅਧਿਕਾਰੀ ਫ਼ੈਸਲਾ ਕਰਦਾ ਹੈ ਕਿ ਉਨ੍ਹਾਂ ਦੀ ਸ਼ਰਣ ਦੀ ਅਰਜ਼ੀ ’ਤੇ ਵਿਚਾਰ ਕਰਨਾ ਹੈ ਜਾਂ ਨਹੀਂ। ਅਜਿਹਾ ਹੋਣ ਵਿੱਚ ਕਈ ਸਾਲ ਲੱਗ ਸਕਦੇ ਹਨ।

ਸੀਐਨਐਨ ਅਨੁਸਾਰ ਇਸ ਨਾਲ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਵਿਗੜ ਸਕਦੇ ਹਨ। ਇਸ ਰਾਸ਼ਟਰਪਤੀ ਚੋਣ ਵਿੱਚ ਇਮੀਗ੍ਰੇਸ਼ਨ ਇੱਕ ਵੱਡਾ ਮੁੱਦਾ ਬਣਿਆ ਹੋਇਆ ਹੈ। ਸੀ.ਐਨ.ਐਨ ਦੀ ਰਿਪੋਰਟ ਹੈ ਕਿ ਚਾਰ ਸਾਲਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਨਾਟਕੀ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ 2018-19 ਵਿੱਚ ਇਹ 8097 ਸੀ, ਜੋ 2022-23 ਵਿੱਚ ਵੱਧ ਕੇ 96,917 ਹੋ ਗਈ ਹੈ। ਹਾਲੀਆ ਪਿਊ ਖੋਜ ਦਰਸਾਉਂਦੀ ਹੈ ਕਿ ਸਾਲ 2022 ਤੱਕ ਉਹ ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਵਾਲਾ ਤੀਜਾ ਸਭ ਤੋਂ ਵੱਡਾ ਸਮੂਹ ਬਣ ਗਏ ਹਨ। ਇਸ ਦਾ ਸਾਫ ਅਰਥ ਹੈ ਕਿ ਭਾਰਤ ਵਿਚ ਬੇਰੁਜ਼ਗਾਰੀ, ਭ੍ਰਿਸ਼ਟਾਚਾਰੀ ਸਿਸਟਮ ਹੈ ਤੇ ਮਨੁੱਖੀ ਸੁਰਖਿਆ ਤੇ ਸਰਕਾਰੀ ਪ੍ਰਬੰਧਾਂ ਦੀ ਕਮੀ ਹੈ। ਇਸੇ ਕਾਰਣ ਭਾਰਤੀ ਲੋਕ ਦੇਸ ਛਡ ਰਹੇ ਹਨ।

ਰਾਗਰਫੀਲਡ ਇੰਸ਼ੋਰੈਂਸ ਅਤੇ ਮੌਰਗੇਜ਼ ਬਰੋਕਰ
ਦੇ ਸਾਰੇ ਗਾਹਕਾਂ ਅਤੇ ਸ਼ੁਭਚਿੰਤਕਾਂ ਨੂੰ
ਦੀਵਾਲੀ ਦੀ ਲੱਖ ਲੱਖ ਵਧਾਈ ਹੋਵੇ

Ragarfield

ਆਪਣੇ ਬਿਜ਼ਨੈਸ ਦੀ ਇੰਸੋਰੈਂਸ ਕਰਵਾਉਣ ਲਈ
ਬਰਤਾਨੀਆਂ ਦੀ ਮਸ਼ਹੂਰ ਕੰਪਨੀ ਰਾਗਰਫੀਲਡ ਲਿਮਟਿਡ ਨਾਲ ਸੰਪਰਕ ਕਰੋ ਜੀ

# RAGARFIELD

## Insurance & Mortgage Broker

ਆਪਣੀ ਦੁਕਾਨ/ਵਿਉਪਾਰ ਦੀ ਇੰਸ਼ੋਰੇਂਸ ਦਾ ਰਿਨੀਉਲ ਆਉਣ ਤੇ ਸਾਡੇ ਕੋਲੋਂ ਕੁਟੇਸ਼ਨ ਲਵੋ ਅਤੇ ਘੱਟੋ–ਘੱਟ 10% ਸ਼ਰਤੀਆਂ ਬੱਚਤ ਕਰੋ।

Independent Insurance Broker Established In 1973

**Tel.: 01474 328 888**

Shop Insurance



Commercial Property



Residential Let Property



Fleet Insurance



High Net Worth & Home Insurance



Car Insurance



ਅਸੀਂ ਪਿਛਲੇ ਚਾਰ ਦਹਾਕਿਆਂ ਤੋਂ ਬਿਜ਼ਨੈਸ਼ ਇੰਸ਼ੋਰੇਂਸ ਦੀ ਸੇਵਾ ਵਿਚ ਹਾਜ਼ਰ ਹਾਂ।

RESTAURANTS, FISH & CHIPS TAKEWAYS, PIZZA & KEBAB OUTLETS, PUBS, NIGHT CLUBS, LICENSED GROCERS, SHOP FRONT FITTERS, BUILDERS, PAINTER & DECORATORS, FACTORIES, WHOLESALERS, CATERING, HEATING & PLUMBING, LANDLORD & LIABILITIES, OFFICE PREMISES.

Authorised & Regulated By The Financial Conduct Authority

Terms and conditions apply. Discount guaranteed on selective trade list only. Offer can be withdrawn at any time without any notice

31 Milton Road, Gravesend, Kent, DA12 2RF

Tel.: 01474 328 888 * Fax: 01474 320 578

W: www.ragarfield.net - E: info@ragarfield.net

Registered in England No. 1100103

# ਪੰਜਾਬੀ ਨੌਜਵਾਨ ਰਾਜ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ 30 ਟਨ ਵਾਧੂ ਭੋਜਨ 24 ਘੰਟਿਆਂ ਵਿੱਚ 80 ਹਜ਼ਾਰ ਲੋਕਾਂ ਲਈ ਤਿਆਰ ਕਰਕੇ ਬਣਾਇਆ ਵਿਸ਼ਵ ਰਿਕਾਰਡ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਨੌਜਵਾਨ ਰਾਜ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ 30 ਟਨ ਵਾਧੂ ਭੋਜਨ ਇਕੱਤਰ ਕਰਕੇ 24 ਘੰਟਿਆਂ ਵਿੱਚ 80 ਹਜ਼ਾਰ ਲੋਕਾਂ ਲਈ ਤਿਆਰ ਕਰਕੇ ਵਿਸ਼ਵ ਰਿਕਾਰਡ ਬਣਾਇਆ ਹੈ । ਇਹ 30 ਟਨ ਤੋਂ ਵੱਧ ਭੋਜਨ ਜੋ ਬਰਬਾਦ ਹੋ ਜਾਣਾ ਸੀ, ਨੂੰ ਚੈਰਿਟੀ ਵੱਲੋਂ ਬਚਾਇਆ ਗਿਆ ਹੈ ਅਤੇ ਥਾਮਸ ਫ੍ਰੈਂਕਸ ਫਾਊਂਡੇਸ਼ਨ ਨੇ 24 ਘੰਟਿਆਂ ਵਿੱਚ 80,000 ਤਾਜ਼ਾ ਭੋਜਨ ਤਿਆਰ ਕੀਤਾ ਜੋ ਸਮਰਸੈੱਟ ਦੇ ਆਲੇ-ਦੁਆਲੇ ਵੰਡਿਆ ਜਾ ਰਿਹਾ ਹੈ।**



ਸਰਪਲੱਸ ਉਤਪਾਦ ਨੂੰ ਰੈਸਟੋਰੈਂਟਾਂ ਅਤੇ ਦੁਕਾਨਾਂ ਦੁਆਰਾ ਕੋਸ਼ਿਸ਼ ਲਈ ਦਾਨ ਕੀਤਾ ਗਿਆ ਸੀ, ਜੋ ਕਿ ਪੁਰਾਣਾ ਹੋਣ ਦੇ ਨੇੜੇ ਸੀ ਜਾਂ ਹੁਣ ਲੋੜ ਨਹੀਂ ਸੀ।ਲਗਭਗ 400 ਵਲੰਟੀਅਰ ਸਥਾਨਕ ਕਾਰੋਬਾਰਾਂ ਅਤੇ ਸਕੂਲਾਂ, ਡੱਬਿਆਂ ਨੂੰ ਪੈਕ ਕਰਨ ਅਤੇ ਵੰਡਣ ਲਈ ਵੈਨਾਂ ਤੱਕ ਭੋਜਨ ਪਹੁੰਚਾਉਣ ਦੇ ਰਿਕਾਰਡ ਯਤਨ ਵਿੱਚ ਸ਼ਾਮਲ ਹੋਏ।

ਫਾਊਂਡੇਸ਼ਨ ਦੇ ਚੈਰਿਟੀ ਦੇ ਮੁਖੀ ਰਾਜ ਸਿੰਘ ਨੇ ਕਿਹਾ ਕਿ ਟਾਊਨਟਨ ਦੇ ਸਮਰਸੈਟ ਕਾਊਂਟੀ ਕ੍ਰਿਕਟ ਗਰਾਊਂਡ 'ਤੇ ਆਯੋਜਿਤ ਇਹ ਸਮਾਗਮ ਸਥਾਨਕ ਭਾਈਚਾਰੇ ਦੀ ਉਦਾਰਤਾ ਕਾਰਨ ਸੰਭਵ ਹੋਇਆ ਹੈ। ਅਸੀਂ ਇੱਕ ਅਮੀਰ ਰਾਸ਼ਟਰ ਹਾਂ ਅਤੇ ਭੋਜਨ ਗਰੀਬੀ ਇੱਕ ਅਜਿਹੀ ਚੀਜ਼ ਹੈ ਜਿਸ ਵਿੱਚ ਕੋਈ ਵੀ ਸਹਿਜ ਮਹਿਸੂਸ ਨਹੀਂ ਕਰਦਾ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਉੱਦਮ ਕਰਨਾ ਚਾਹੀਦਾ ਹੈ, ਜੇਕਰ ਅਸੀਂ ਇਕੱਠੇ ਹੁੰਦੇ ਹਾਂ ਤਾਂ ਇੱਕ ਫਰਕ ਲਿਆ ਸਕਦੇ ਹਾਂ।

ਰਾਜ ਸਿੰਘ ਨੇ ਅੱਗੇ ਕਿਹਾ ਕਿ ਕੁਝ ਚੀਜ਼ਾਂ ਕਿਸਾਨਾਂ ਨੇ ਦਾਨ ਕੀਤੀਆਂ ਸਨ। ਸਮਾਗਮ ਵਿੱਚ ਪਕਾਏ ਗਏ ਖਾਣੇ ਨੂੰ 16 ਸਥਾਨਕ ਸਮਰਸੈਟ ਚੈਰਿਟੀਜ਼ ਵਿੱਚ ਵੰਡਿਆ ਜਾਵੇਗਾ, ਜਦੋਂ ਕਿ ਵਧੇਰੇ ਨੂੰ ਫ੍ਰੀਜ਼ ਕੀਤਾ ਜਾਵੇਗਾ ਅਤੇ ਯੂਕੇ ਦੇ ਆਲੇ-ਦੁਆਲੇ ਹੋਰ ਕਾਰਨਾਂ ਲਈ ਲਿਜਾਇਆ ਜਾਵੇਗਾ, ਲੋਕਾਂ ਦੀ ਸਰਦੀਆਂ ਵਿੱਚ ਤਾਜ਼ੇ ਪਕਾਏ ਹੋਏ ਭੋਜਨ ਖਾਣ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਰੇਗਾ ।

ਮੈਰੀ ਪਾਰਸਨਜ਼, ਚੈਰਿਟੀ ਸਿਟੀ ਹਾਰਵੈਸਟ ਨੇ ਕਿਹਾ ਕਿ ਇਸ ਸਮੇਂ ਇਸ ਦੇਸ਼ ਵਿੱਚ ਇੱਕ ਵੱਡੀ ਸਮੱਸਿਆ ਹੈ ਕਿ ਲੋਕਾਂ ਕੋਲ ਭੋਜਨ ਖਰੀਦਣ ਲਈ ਲੋੜੀਂਦੇ ਪੈਸੇ ਨਹੀਂ ਹਨ । ਇਸ ਲਈ ਇਸ ਵਿੱਚ ਸ਼ਾਮਲ ਹੋਣਾ ਅਤੇ ਕੁਝ ਕਰਨ ਦੇ ਯੋਗ ਹੋਣਾ ਬਹੁਤ ਵਧੀਆ ਹੈ। ਜਿਕਰਯੋਗ ਹੈ ਕਿਰਾਜ ਸਿੰਘ ਆਪਣੇ ਪਿਤਾ ਵਰਲਡ ਕੈਂਸਰ ਕੇਅਰ ਦੇ ਰਾਜਦੂਤ ਸਨ ਡਾਃ ਕੁਲਵੰਤ ਸਿੰਘ ਧਾਲੀਵਾਲ ਦੇ ਪਦ ਚਿੰਨਾਂ ਤੇ ਚੱਲਦਿਆਂ ਸਮਾਜ ਸੇਵਾ ਦਾ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ।

# ਪੰਜਾਬ ਸਰਕਾਰ ਨੇ ਨਿਗਮ ਚੋਣਾਂ ਦੀ ਤਿਆਰੀ ਵਿੱਢੀ

ਚੰਡੀਗੜ੍ਹ- ਪੰਜਾਬ ਵਿੱਚ ਜ਼ਿਮਨੀ ਚੋਣਾਂ ਵਿਚਾਲੇ ਆਮ ਆਦਮੀ ਪਾਰਟੀ ਨੇ ਅਗਾਮੀ ਨਗਰ ਨਿਗਮ ਚੋਣਾਂ ਲਈ ਤਿਆਰੀ ਵੀ ਵਿੱਢ ਦਿੱਤੀ ਹੈ। ਨਗਰ ਨਿਗਮ ਚੋਣਾਂ ਦੀ ਤਿਆਰੀ ਵਜੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਦਿੱਲੀ ਵਿੱਚ ਪੰਜਾਬ ਦੇ ਸਮੂਹ ਨਗਰ ਨਿਗਮਾਂ ਦੇ ਕਮਿਸ਼ਨਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਕਮਿਸ਼ਨਰਾਂ ਨੂੰ ਸਰਗਰਮੀਆਂ ਤੇਜ਼ ਕਰਨ ਲਈ ਕਿਹਾ ਗਿਆ ਹੈ। ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਰਵੀਜੋਤ ਸਿੰਘ ਵੀ ਮੀਟਿੰਗ ਵਿੱਚ ਮੌਜੂਦ ਸਨ।

# ਪੰਜਾਬੀ ਨੌਜਵਾਨਾਂ ਨੇ 4 ਮਹੀਨੇ ਦੀ ਬੱਚੀ ਤੇ ਚਾਕੂ ਤਾਣ ਕੇ ਪੰਜਾਬੀ ਪ੍ਰੀਵਾਰ ਲੁੱਟਿਆ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਸਲੋਹ ਦੇ ਸਟੋਕ ਪੋਜ਼ ਇਲਾਕੇ ਵਿੱਚ ਇੱਕ ਕਾਰੋਬਾਰੀ ਦਾ ਘਰ ਲੁੱਟੇ ਜਾਣ ਦੀ ਖ਼ਬਰ ਮਿਲੀ ਹੈ। ਕਾਰੋਬਾਰੀ ਦਾ ਨਾਮ ਮਨਪ੍ਰੀਤ ਸਿੰਘ ਹੈ ਅਤੇ ਉਹ ਦੁਕਾਨਦਾਰ ਹੈ ।**

ਗੱਲ ਕਰਦਿਆਂ ਪੀੜਤ ਨੇ ਦੱਸਿਆ ਕੇ ਵੀਰਵਾਰ ਬਾਅਦ ਦੁਪਹਿਰ ਤਿੰਨ ਪੰਜਾਬੀ ਨੌਜਵਾਨ ਪਾਰਸਲ ਦੇਣ ਦੇ ਬਹਾਨੇ ਘਰ ਆਏ। ਜਦੋਂ ਮਨਪ੍ਰੀਤ ਦੀ ਪਤਨੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਇੱਕ ਨੌਜਵਾਨ ਉਸ ਨੂੰ ਧੱਕ ਕੇ ਘਰ ਅੰਦਰ ਲੈ ਗਇਆ ਅਤੇ ਆਪਣੇ ਸਾਥੀਆਂ ਨੂੰ ਬੁਲਾ ਲਿਆ। ਪ੍ਰੀਵਾਰ ਨੇ ਦੱਸਿਆ ਕਿ ਪੀੜਤਾ ਦੇ ਮੂੰਹ ਤੇ ਟੇਪ ਲਗਾ ਕੇ ਉਸ ਦੇ ਹੱਥ ਬੰਨ੍ਹ ਦਿੱਤੇ ਅਤੇ ਉਸ ਦੀ ਚਾਰ ਮਹੀਨੇ ਦੀ ਬੱਚੀ ਦੇ ਗਲ ਤੇ ਚਾਕੂ ਰੱਖ ਕੇ ਨਕਦੀ ਦੀ ਮੰਗ ਕੀਤੀ। ਉਹਨਾਂ ਦੱਸਿਆ ਕਿ ਲੁਟੇਰਿਆਂ ਨੇ ਵਾਰਦਾਤ ਮੌਕੇ ਘੱਟੋ-ਘੱਟ 15 ਵਾਰ ਚਾਕੂ ਬੱਚੀ ਦੇ ਗਲ ਤੇ ਰੱਖ ਕੇ ਧਮਕਾਇਆ । ਲੁਟੇਰੇ ਵੱਡੀ ਮਾਤਰਾ ਵਿੱਚ ਘਰੇ ਪਈ ਨਕਦੀ ਲੁੱਟ ਕੇ ਲੈ ਗਏ । ਮੌਕੇ ਕੇ ਪਹੁੰਚੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ । ਪੀੜਤ ਨੇ ਕਿਹਾ ਕਿ ਲੁਟੇਰੇ ਸ਼ੁੱਧ ਪੰਜਾਬੀ ਬੋਲਦੇ ਸਨ ।

ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਵਧਾਈਆਂ

ਐਸ ਐਸ ਧਾਲੀਵਾਲ ਕੇਟਰਿੰਗ, ਗਰੀਨਫੋਰਡ

ਪੀਜ਼ਾ ਅਤੇ ਦੇਸੀ/ਪੰਜਾਬੀ ਖਾਣਿਆਂ ਦੇ ਮਾਹਿਰ



EST: 35 YEARS
Gary of GREENFORD
Open 7 Days a week:
1:00pm to 10:00pm
Now on Just Eat and Uber Eats
Collection Only
Buy One Pizza Get One FREE



Weddings - Anniversaries, Birthdays- Engagements, Receptions - Corporate Events, Exhibitions - Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਬੁੱਕ ਕਰਨ ਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

SS DHALIWAL CATERING

Tel: 0208 575 3600 / Mo: 07910 922 879

65 Marnham Crescent, Greenford, Middx, UB6 9SP

ਪੰਜਾਬ ਵਿਖੇ ਜ਼ਮੀਨ ਵਿਕਾਊ ਹੈ

AGRICULTURAL LAND FOR SALE PUNJAB INDIA

16.5 acres in one single piece. Access roads to all sides. Between Bambianwali and Jamsher Khera. Close proximity to the new highway, with easy access to G.T. Road, Jalandhar Cantt, Mithapur and Model Town.

Price on application

*Please contact Sukhminder Singh Rai*

Mobile: 07976 285122

Email: montysjeni@gmail.com

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵੱਲੋਂ

## ਬੰਦੀਛੋੜ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਦੀ ਖਾਲਸਾ ਪੰਥ ਅਤੇ ਸਮੂਹ ਜਗਤ ਨੂੰ ਲੱਖ ਲੱਖ ਵਧਾਈ

ਗੁਰੂ ਰੂਪ ਸਾਧ ਸੰਗਤ ਜੀ, ਬੰਦੀਛੋੜ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਪੁਰਬ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ! ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਵਸ ਦੇ ਸਬੰਧ ਵਿੱਚ ਸੈਂਡਵੈਲ ਦੇ ਸਮੂਹ ਗੁਰਦੁਆਰਾ ਸਾਹਿਬਾਨ ਵੱਲੋਂ ਨਗਰ ਕੀਰਤਨ 3 ਨਵੰਬਰ ਦਿਨ ਐਤਵਾਰ ਨੂੰ ਆਯੋਜਿਤ ਕੀਤੇ ਜਾ ਰਹੇ ਹਨ। ਦਿੱਤੇ ਹੋਏ ਪ੍ਰੋਗਰਾਮ ਅਨੁਸਾਰ ਗੁਰੂ ਘਰ ਵਿਖੇ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਰੌਣਕਾਂ ਵਧਾਓ ਅਤੇ ਗੁਰੂ ਦੀਆਂ ਖੁਸ਼ੀਆਂ ਹਾਸਲ ਕਰੋ ਜੀ। ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਮਨੁੱਖਤਾ ਨੂੰ ਧਰਮ ਮਾਰਗ 'ਤੇ ਚੱਲਣ ਦਾ ਬਲ ਬਖਸ਼ਣ ਅਤੇ ਖਾਲਸਾ ਪੰਥ ਦੀ ਹਰ ਮੈਦਾਨ ਫਤਹਿ ਹੋਵੇ।




ਗੁਰੂ ਨਾਨਕ ਗੁਰਦੁਆਰਾ ਸਮੈਦਿਕ
GURU NANAK GURDWARA SMETHWICK



ਗੁਰੂ ਨਾਨਕ ਗੁਰਦੁਆਰਾ ਸਮੈਦਿਕ
GURU NANAK GURDWARA SMETHWICK

**ਨਵੰਬਰ 1984 ਨੂੰ ਭਾਰਤੀ ਜ਼ੁਲਮਾਂ ਦਾ ਸ਼ਿਕਾਰ ਹੋਏ ਸਮੂਹ ਸਿੱਖਾਂ ਨੂੰ ਬ੍ਰਮਿੰਘਮ ਸਿਟੀ ਵਿੱਖੇ ਮੋਮਬੱਤੀਆਂ ਜਗਾ ਕੇ ਯਾਦ ਕੀਤਾ ਜਾਵੇਗਾ, ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ**




# ਨਗਰ ਕੀਰਤਨ

## 3 ਨਵੰਬਰ 2024 ਦਿਨ ਐਤਵਾਰ ਨੂੰ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ 3 ਨਵੰਬਰ ਐਤਵਾਰ ਨੂੰ ਸੈਂਡਵੈਲ ਦੇ ਗੁਰੂ ਘਰਾਂ ਵੱਲੋਂ ਨਗਰ ਕੀਰਤਨ ਆਯੋਜਿਤ ਕੀਤੇ ਜਾ ਰਹੇ ਹਨ...**

ਇਹ ਨਗਰ ਕੀਰਤਨ ਸਵੇਰੇ 9:00 ਵਜੇ ਗੁਰਦੁਆਰਾ ਸ੍ਰੀ ਹਰਿ ਰਾਏ ਸਾਹਿਬ ਤੋਂ ਅਰੰਭ ਹੋਣਗੇ ਉਪਰੰਤ

| | |
|---|---|
| ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਾਮਵਿਚ ਵਿਖੇ | 11:00 ਵਜੇ |
| ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ਓਲਡਬਰੀ ਵਿਖੇ | 1:00 ਵਜੇ |
| ਗੁਰਦੁਆਰਾ ਗੁਰੂ ਮਾਨਿਓ ਗ੍ਰੰਥ ਓਲਡਬਰੀ ਵਿਖੇ | 2:00 ਵਜੇ |
| ਗੁਰਦੁਆਰਾ ਬਾਬਾ ਸੰਗ ਜੀ ਸਮੈਦਿਕ ਵਿਖੇ | 3:15 ਵਜੇ |
| ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ | 4:00 ਵਜੇ |

ਪਹੁੰਚ ਕੇ ਸਮਾਪਤੀ ਅਤੇ ਅਰਦਾਸ ਹੋਵੇਗੀ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪ੍ਰਚਾਰਕ ਜਥੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾ ਕੇ ਨਿਹਾਲ ਕਰਨਗੇ। ਗੁਰੂ ਘਰ ਦੇ ਸੇਵਾਦਾਰਾਂ ਵੱਲੋਂ ਸੰਗਤਾਂ ਨੂੰ ਹੁੰਮ ਹੁੰਮਾ ਕੇ ਇਹਨਾਂ ਸਮਾਗਮਾਂ ਵਿੱਚ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਵੱਲੋਂ : ਸਮੂਹ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਨਾਨਕ ਗੁਰਦੁਆਰਾ ਸਮੈਦਿਕ**

# GURU NANAK GURDWARA SMETHWICK

128-130 HIGH STREET, SMETHWICK, WARLEY, WEST MIDLANDS B66 3AP TEL: 0121 558 2527 FAX: 0121 555 5926
www.gngsmethwick.com Email:info@gngsmethwick.com www.facebook.com/GNGSmethwick https://twitter.com/gngsmethwick




**Subject to availability.** Selected stores. GB Only. Prices correct and checked on 14/10/2024. Prices and packaging may vary. Morrisons may sell other products at other prices. Saving based on this branded product at Morrisons vs the cost of an equivalent product meeting the same need at Lidl.

ਸਾਡੇ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਵਧਾਈਆਂ

Largest Glass Procesers, Merchants and Toughened Glass Manufacturer in Midlands



B.G.L




ਦੋ ਦਹਾਕੇ ਤੋਂ ਵੱਡੀ ਪੱਧਰ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਬਣਾਉਣ ਦੀ ਵਿਸ਼ਾਲ ਫੈਕਟਰੀ



ਬੀ.ਜੀ.ਐਲ





ਡਬਲ ਗਲੇਜ਼ਿੰਗ ਵਾਲਿਆਂ ਤੇ
ਸ਼ਾਪਫਰੰਟਸ ਬਣਾਉਣ ਵਾਲਿਆਂ ਲਈ
ਟਫਨਡ ਗਲਾਸ, ਲੈਮੀਨੇਟ ਗਲਾਸ,
ਸੀ ਐਨ ਸੀ, ਫਾਇਰ ਗਲਾਸ,
ਸੌਫਟ ਕੋਟਡ ਗਲਾਸ
ਬਹੁਤ ਹੀ ਉੱਤਮ ਕੀਮਤਾਂ 'ਤੇ ਉਪਲਬੱਧ ਹੈ।

**We Offer**

Glass Processing - Float Glass - Tempered Glass - CNC - Laminate - Mirror Cut To Size
Safety Back Mirror 4mm, 6mm - Balustrade - Fire Glass - Obs Range - Soft Coated Glass
Drill Holes - Polished - Operating From 60,000 Square Feet Factory







ਸਾਡਾ ਆਪਣਾ ਫਲੀਟ ਤੁਹਾਡੇ ਦਰਾਂ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਅਪੜਦਾ ਕਰੇਗਾ।

ਵਧੀਆ ਕੁਆਲਿਟੀ ਦਾ ਟਫਨਡ ਤੇ ਹਰ ਤਰ੍ਹਾਂ ਦਾ ਗਲਾਸ ਹਾਸਲ ਕਰਨ ਲਈ ਬੀ.ਜੀ.ਐਲ ਦੀਆਂ ਵਿਸ਼ੇਸ਼ ਕੀਮਤਾਂ ਦਾ ਫਾਇਦਾ ਉਠਾਓ

ਵਧੀਆ ਕੁਆਲਟੀ – ਵਾਜਬ ਕੀਮਤਾਂ



BSI Registered Firm
EN 12150

**Bloomsbury Glass Ltd**
Kelvin Way, West Bromwich
West Midlands, B70 7LH
Tel : 0121 725 3000
Fax : 0121 725 3001
E-mail : info@bloomsburyglass.co.uk
www.bloomsburyglass.co.uk

# ਗਲੋਬਲ ਸਿੱਖ ਕੌਂਸਲ ਵੱਲੋਂ ਇਤਿਹਾਸਕ ਤਖ਼ਤਾਂ ਦੇ ਪ੍ਰਬੰਧ 'ਚ ਸਰਕਾਰੀ ਦਖ਼ਲਅੰਦਾਜ਼ੀ ਖਤਮ ਕਰਨ ਦੀ ਮੰਗ

## ਈਸਟ ਇੰਡੀਆ ਯੁੱਗ ਦੇ ਕਾਨੂੰਨ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਸੋਧੇ ਜਾਣ : ਕੰਵਲਜੀਤ ਕੌਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗਲੋਬਲ ਸਿੱਖ ਕੌਂਸਲ (ਜੀ. ਐਸ. ਸੀ.) ਨੇ ਸਰਬਸੰਮਤੀ ਨਾਲ ਸਿੱਖਾਂ ਦੇ ਦੋ ਇਤਿਹਾਸਕ ਤਖ਼ਤ ਸਾਹਿਬ-ਾਨ ਤਖ਼ਤ ਸ੍ਰੀ ਪਟਨਾ ਸਾਹਿਬ, ਬਿਹਾਰ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਮਹਾਰਾਸ਼ਟਰ ਨੂੰ ਸਥਾਨਕ ਸਿੱਖ ਸੰਗਤ ਅਤੇ ਗੁਰਦੁਆਰਾ ਕਮੇਟੀਆਂ ਦੇ ਸਰਗਰਮ ਸਹਿਯੋਗ ਨਾਲ ਸਰਕਾਰੀ ਕੰਟਰੋਲ ਤੋਂ ਮੁਕਤ ਕਰਵਾਉਣ ਦੀ ਮੰਗ ਕੀਤੀ ਹੈ।

ਇਹ ਮਤਾ ਲੇਡੀ ਸਿੰਘ ਕੰਵਲਜੀਤ ਕੌਰ, ਓ. ਬੀ. ਈ., ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਹੋਈ ਜੀ. ਐਸ. ਸੀ. ਦੀ ਸਾਲਾਨਾ ਜਨਰਲ ਮੀਟਿੰਗ ਦੌਰਾਨ ਪਾਸ ਕੀਤਾ ਗਿਆ। 'ਸਿੱਖ ਮਰਿਯਾਦਾ' ਦੀਆਂ ਕਮੀਆਂ ਨੂੰ ਉਜਾਗਰ ਕਰਦੇ ਹੋਏ, ਜੀ. ਐਸ. ਸੀ. ਦੀ ਪ੍ਰਧਾਨ ਨੇ ਦੱਸਿਆ ਕਿ ਦੋਵਾਂ ਤਖ਼ਤਾਂ 'ਤੇ ਨਿਭਾਈਆਂ ਜਾ ਰਹੀਆਂ ਮੌਜੂਦਾ ਧਾਰਮਿਕ ਪ੍ਰੰਪਰਾਵਾਂ ਬੁਨਿਆਦੀ ਸਿੱਖ ਸਿਧਾਂਤਾਂ ਦੀ ਉਲੰਘਣਾ ਕਰਦੀਆਂ ਹਨ। ਇਸ ਤੋਂ ਇਲ-ਾਵਾ, ਦੋਵੇਂ ਤਖ਼ਤ ਸਾਹਿਬਾਨ ਦੇ ਪ੍ਰਬੰਧਾਂ ਲਈ ਕਮੇਟੀਆਂ ਅਤੇ ਬੋਰਡਾਂ ਵਿਚ ਨਾਮਜ਼ਦ ਕੀਤੇ ਮੈਂਬਰਾਂ ਕੋਲ ਇਨ੍ਹਾਂ ਗੁਰਦੁਆਰਾ ਸਾਹਿਬਾਨ ਦੇ ਸੰਚਾਲਨ ਅਤੇ ਧਾਰਮਿਕ ਰਹੁ-ਰੀਤਾਂ ਨਿਭਾਉਣ ਪ੍ਰਤੀ ਨਾ-ਮਾਤਰ ਅਧਿਕਾਰ ਹਨ।

ਜੀ. ਐਸ. ਸੀ. ਦੇ ਕਾਨੂੰਨੀ ਮਾਮਲਿਆਂ ਬਾਰੇ ਕਮੇਟੀ ਦੇ ਚੇਅਰਮੈਨ ਜਗੀਰ ਸਿੰਘ ਮਲੇਸ਼ੀਆ ਨੇ ਆਪਣਾ ਖੋਜ ਪਰਚਾ ਪੇਸ਼ ਕਰਦੇ ਹੋਏ ਦੱਸਿਆ ਕਿ ਉਪਰੋਕਤ ਦੋਵੇਂ ਤਖਤ ਇਸ ਸਮੇਂ 70 ਸਾਲ ਪੁਰਾਣੇ ਕਾਨੂੰਨਾਂ - ਪਟਨਾ ਸਾਹਿਬ ਦਾ ਸੰਵਿਧਾਨ ਤੇ ਉਪ-ਨਿਯਮ-1957 ਵਿੱਚ ਅਤੇ ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ-1956, ਰਾਹੀਂ ਕੰਟਰੋਲ ਕੀਤੇ ਜਾ ਰਹੇ ਹਨ। ਇਹ ਕਾਨੂੰਨ ਇੰਨਾਂ ਤਖ਼ਤਾਂ ਦੇ ਧਾਰਮਿਕ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਬਹੁਤ ਜ਼ਿਆਦਾ ਸਰਕਾਰੀ ਦਖ਼ਲਅੰਦਾਜ਼ੀ ਦੀ ਇਜਾਜ਼ਤ ਦਿੰਦੇ ਹਨ।


ਗਲੋਬਲ ਸਿੱਖ ਕੌਂਸਲ ਦੀ ਪ੍ਰਧਾਨ ਕੰਵਲਜੀਤ ਕੌਰ, ਓ.ਬੀ.ਈ. ਸੰਬੋਧਨ ਕਰਦੇ ਹੋਏ

ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਇਨ੍ਹਾਂ ਪੁਰਾਣੇ ਕਾਨੂੰਨਾਂ ਨੂੰ ਤੁਰੰਤ ਸੋਧਣ 'ਤੇ ਜ਼ੋਰ ਦਿੰਦਿਆਂ, ਉਨ੍ਹਾਂ ਦੱਸਿਆ ਕਿ 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਇਹ ਦੋਵੇਂ ਤਖ਼ਤ ਕਦੇ ਵੀ ਸਿੱਖਾਂ ਦੇ ਕਬਜ਼ੇ ਵਿਚ ਨਹੀਂ ਰਹੇ ਅਤੇ ਇਨ੍ਹਾਂ ਪੁਰਾਣੇ ਕਾਨੂੰਨਾਂ ਅਤੇ ਘਿਨਾਉਣੀਆਂ ਧਾਰਾਵਾਂ ਪਵਿੱਤਰ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਸਬੰਧੀ ਸਿੱਖਾਂ ਸੰਗਤਾਂ ਦੀ ਅਜ਼ਾਦੀ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਵਿਚ ਸਰਕਾਰੀ ਦਖਲਅੰਦਾਜ਼ੀ ਨਾ ਸਿਰਫ ਲੋਕਤੰਤਰੀ ਪ੍ਰਕਿਰਿਆ ਵਿਚ ਰੁਕਾਵਟ ਬਣੀ ਹੋਈ ਹੈ ਬਲਕਿ ਗੁਰਦੁਆਰਾ ਸਾਹਿਬਾਨ ਦੀ ਖੁਦਮੁਖਤਿਆਰੀ 'ਤੇ ਵੀ ਸਵਾਲ ਖੜ੍ਹੇ ਹੋਏ ਪਏ ਹਨ।

ਕੌਂਸਲ ਨੇ ਕਿਸੇ ਵੀ ਪ੍ਰਸਤਾਵਿਤ ਆਲ ਇੰਡੀਆ ਸਿੱਖ ਗੁਰਦੁਆਰਾ ਕਾਨੂੰਨ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹਾ ਕੇਂਦਰੀ ਕਾਨੂੰਨ ਬਣਾਉਣ ਦੀ ਬਜਾਏ ਪ੍ਰਚਲਿਤ ਗੁਰਦੁਆਰਾ ਕਾਨੂੰਨਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ ਤਾਂ ਜੋ ਪੁਰਾਤਨ ਸਿੱਖ ਸਿਧਾਂਤਾਂ ਦਾ ਸਤਿਕਾਰ ਹੋ ਸਕੇ ਅਤੇ ਸਥਾਨਕ ਸਿੱਖ ਸੰਗਤਾਂ ਆਪਣੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਬਿਨਾਂ ਕਿਸੇ ਸਰਕਾਰੀ ਦਖਲ ਤੋਂ ਚਲਾਉਣ ਦੇ ਸਮਰੱਥ ਹੋ ਸਕਣ।

ਜੀ. ਐਸ. ਸੀ. ਨੇ ਦੁਨੀਆ ਭਰ ਦੇ ਸਿੱਖਾਂ ਨੂੰ ਗੁਰਦੁਆਰਾ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਦਾ ਵਿਰੋਧ ਕਰਨ ਅਤੇ ਈਸਟ ਇੰਡੀਆ ਯੁੱਗ ਦੇ ਕਾਨੂੰਨਾਂ ਵਿੱਚ ਸੋਧਾਂ ਕਰਾਉਣ ਲਈ ਜ਼ੋਰਦਾਰ ਮੁਹਿੰਮ ਚਲਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 26 ਵਿੱਚ ਦਰਜ ਮਨੋਰਥ ਅਨੁਸਾਰ ਸਿੱਖ ਮਾਮਲਿਆਂ ਦਾ ਪੂਰਾ ਕੰਟਰੋਲ ਸਿੱਖ ਭਾਈਚਾਰੇ ਨੂੰ ਵਾਪਸ ਮਿਲ ਸਕੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੌਂਸਲ ਦੇ ਸਲਾਹਕਾਰ ਲਾਰਡ ਇੰਦਰਜੀਤ ਸਿੰਘ ਵਿੰਬਲਡਨ, ਮੈਂਬਰ ਹਾਊਸ ਆਫ ਲਾਰਡਜ਼, ਇੰਡੋਨੇਸ਼ੀਆ ਤੋਂ ਡਾ: ਕਰਮਿੰਦਰ ਸਿੰਘ ਢਿੱਲੋਂ, ਪਰਮਜੀਤ ਸਿੰਘ ਬੇਦੀ ਯੂ.ਐਸ.ਏ., ਆਇਰਲੈਂਡ ਤੋਂ ਡਾ: ਜਸਬੀਰ ਸਿੰਘ ਪੁਰੀ, ਭਾਰਤ ਤੋਂ ਰਾਮ ਸਿੰਘ ਰਾਠੌਰ, ਹਰਸ਼ਰਨ ਸਿੰਘ ਅਤੇ ਹਰਜੀਤ ਸਿੰਘ ਗਰੇਵਾਲ, ਯੂ.ਕੇ. ਤੋਂ ਸਤਨਾਮ ਸਿੰਘ ਪੂਨੀਆ ਅਤੇ ਨੇਪਾਲ ਤੋਂ ਕਿਰਨਦੀਪ ਕੌਰ ਸੰਧੂ ਵੀ ਹਾਜ਼ਰ ਸਨ।

ਸਮੂਹ ਜਗਤ ਨੂੰ ਦੀਵਾਲੀ ਦੇ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸਮੂਹ ਜਗਤ ਨੂੰ ਦੀਵਾਲੀ ਦੇ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਵੀ.ਕੇ.ਐਮ. ਸੌਲਿਸਟਰਜ਼ ਵੁਲਵਰਹੈਂਪਟਨ

## ਵਿਜੇ ਕੁਮਾਰ ਮੋਮੀ ਅਤੇ ਸਾਰੇ ਸਟਾਫ ਵੱਲੋਂ

## ਦੀਵਾਲੀ ਦੇ ਸ਼ੁਭ ਦਿਹਾੜੇ ਦੀ ਸਮੂਹ ਜਗਤ ਨੂੰ ਲੱਖ-ਲੱਖ ਵਧਾਈ



# VKM SOLICITORS

**Regulated by the Solicitors Regulation Authority**

ਹੇਠਾਂ ਦਿੱਤੇ ਮਸਲਿਆਂ ਦਾ ਕਾਨੂੰਨੀ ਹੱਲ ਕੱਢਣ ਲਈ ਅੱਜ ਹੀ ਸਾਡੇ ਨਾਲ ਸੰਪਰਕ ਕਰੋ, ਸਾਡੇ ਤਜ਼ਰਬੇਕਾਰ ਵਕੀਲ ਤੁਹਾਨੂੰ ਤੁਹਾਡੇ ਕੇਸ ਮੁਤਾਬਕ ਸਹੀ ਅਤੇ ਢੁੱਕਵੀਂ ਸਲਾਹ ਦੇਣ ਵਿੱਚ ਮਾਹਰ ਹਨ ।



### *IMMIGRATION - APPLICATIONS & APPEALS:*

- ਵਰਕ ਪਰਮਿਟ (ਮਾਹਿਰ ਕਾਮੇ) ਟੀਅਰ 2
- ਸਟੂਡੈਂਟ ਵੀਜ਼ਾ ਟੀਅਰ 4 ਜਨਰਲ
- ਮੰਗੇਤਰ ਜਾਂ ਸਾਥੀ ਨੂੰ ਮੰਗਵਾਉਣ ਲਈ ਅਰਜ਼ੀ
- ਕਿਸੇ ਵੀ ਤਰ੍ਹਾਂ ਦੇ ਵੀਜ਼ੇ ਦੀ ਹੋਈ ਨਾਂਹ ਲਈ ਅਪੀਲਾਂ ਤੇ ਇਮੀਗ੍ਰੇਸ਼ਨ ਕੋਟ (FTT-IAC) ਵਿੱਚ ਰੀਪਰਜ਼ੈਨਟੇਸ਼ਨ
- ਯੂਰਪੀਅਨ ਨੈਸ਼ਨਲ ਲਈ ਯੂ. ਕੇ. ਵਿੱਚ ਰਹਿਣ ਲਈ ਅਰਜ਼ੀ
- ਬੱਚਿਆਂ ਦੇ 7 ਸਾਲਾਂ ਦੇ ਕੇਸ / ਸਟੇਟਲੈਸ ਕੇਸ ਲਈ ਅਰਜ਼ੀ
- ਬਿਨ੍ਹਾਂ ਸਟੇਟਸ ਤੋਂ ਯੂ.ਕੇ. ਰਹਿਣ ਵਾਲਿਆਂ ਲਈ ਢੁੱਕਵੀਂ ਅਰਜ਼ੀ

**ਵਿਸ਼ੇਸ਼ ਨੋਟ :**
ਇਨ੍ਹਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਇਮੀਗ੍ਰੇਸ਼ਨ ਮਾਮਲਿਆਂ ਵਿੱਚ ਸਾਨੂੰ ਚੰਗਾ ਤਜ਼ਰਬਾ ਹਾਸਲ ਹੈ। ਨਵੇਂ ਕਾਨੂੰਨਾਂ ਦੀ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ !

*Please Contact :*
*Vijay Kumar Momi LL.B.*
*Aman Puri LL.B.*
*For Quotation/Appointment*

### SERVICES :

** Conveyancing -Residential & Commercial Properties*
** Landlord & Tenant- Including Possession Proceedings*
** Business Sale & Purchase * Family Law*
** Debt Recovery * Wills & Probate.*

### PERSONAL INJURY

ਜੇ ਤੁਹਾਨੂੰ ਐਕਸੀਡੈਂਟ ਦੌਰਾਨ ਕਿਤੇ ਵੀ ਚੋਟ ਲੱਗੀ ਹੈ ਤਾਂ ਅਸੀਂ ਤੁਹਾਨੂੰ 100% ਮੁਆਵਜ਼ਾ ਦੁਆ ਸਕਦੇ ਹਾਂ। ਤੁਹਾਡੇ ਮੁਆਵਜ਼ੇ ਵਿੱਚੋਂ ਕਿਸੇ ਵੀ ਤਰ੍ਹਾਂ ਦੀ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ।

**NO WIN - NO FEE**

**ਅਸੀਂ ਫੈਮਿਲੀ ਲਾਅ ਦੇ ਹੇਠ ਦਿੱਤੇ ਮਸਲਿਆਂ ਵਿੱਚ ਮਾਹਰ ਹਾਂ :**
* ਤਲਾਕ / ਵੱਖਰੇ ਹੋਣਾ * ਬੱਚਿਆਂ ਸਬੰਧੀ ਝਗੜੇ * ਵਿਆਹ ਸਬੰਧੀ ਵਿੱਤੀ ਝਗੜੇ * ਵਿਆਹ ਤੋਂ ਪਹਿਲਾਂ ਅਤੇ ਬਾਅਦ ਦੇ ਸਮਝੌਤੇ * ਵੱਖਰੇ ਹੋਣ ਤੋਂ ਬਾਅਦ ਦਹੇਜ ਦੇ ਮਾਮਲੇ * ਘਰੇਲੂ ਹਿੰਸਾ * ਪੈਸਿਆਂ ਦਾ ਲੈਣ-ਦੇਣ ।

ਕਾਰੋਬਾਰ ਜਾਂ ਘਰ ਵੇਚਣਾ / ਖਰੀਦਣਾ, ਇਮੀਗ੍ਰੇਸ਼ਨ, ਫੈਮਿਲੀ ਲਾਅ, ਪਰਸਨਲ ਇੰਜ਼ਰੀ ਕਲੇਮ ਅਤੇ ਹੋਰ ਕਾਨੂੰਨੀ ਕੰਮਾਂ ਦੀ ਸਲਾਹ ਲੈਣੀ ਹੋਵੇ ਤਾਂ

**VKM SOLICITORS**

ਨੂੰ ਹਮੇਸ਼ਾ ਯਾਦ ਰੱਖੋ !!

*Weekend & Evening Appointments Available*

*48 Queen Street, Wolverhampton, WV1 3BJ.*
**Tel : 01902 311155, Fax : 01902 311159**

VKM SOLICITORS

# ਬਰਤਾਨੀਆਂ ਦੀ ਰਾਸ਼ਟਰੀ ਸਿਹਤ ਸੇਵਾ ਐਨ ਐਚ ਐਸ 'ਚ ਭਾਰਤੀਆਂ ਦਾ ਵੱਡਾ ਯੋਗਦਾਨ : ਸਿਹਤ ਮੰਤਰੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਰਾਜ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਨੇ ਕਿਹਾ ਹੈ ਕਿ ਬਰਤਾਨੀਆਂ ਦੀ ਰਾਸ਼ਟਰੀ ਸਿਹਤ ਸੇਵਾ (ਐਨ. ਐਚ. ਐਸ.) 'ਚ ਭਾਰਤੀਆਂ ਦਾ ਵੱਡਾ ਯੋਗਦਾਨ ਹੈ। ਉਹਨਾਂ ਭਾਰਤੀ ਭਾਈਚਾਰੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਰਤ ਨਾਲ ਭਾਈਵਾਲੀ ਭਵਿੱਖ ਵਿੱਚ ਬਰਤਾਨੀਆਂ ਨੂੰ ਦੇਸ਼ ਦੀ ਸਿਹਤ ਸੰਭਾਲ ਪ੍ਰਣਾਲੀ ਦੇ ਆਧੁਨਿਕੀਕਰਨ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦ ਮਿਲੇਗੀ।**

ਲੰਡਨ ਵਿੱਚ 'ਇੰਡੀਆ ਗਲੋਬਲ ਫੋਰਮ' (ਆਈ ਜੀ ਐਫ) ਦੇ ਸਾਲਾਨਾ ਦੀਵਾਲੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਿੱਸਾ ਲੈਂਦਿਆਂ, ਉਹਨਾਂ ਆਉਣ ਵਾਲੇ ਸਮੇਂ ਵਿੱਚ ਆਪਣੇ ਵਿਭਾਗ ਵਿੱਚ ਵਿਆਪਕ ਸੁਧਾਰਾਂ ਦੀ ਉਮੀਦ ਜ਼ਾਹਰ ਕੀਤੀ।

ਸਟ੍ਰੀਟਿੰਗ ਨੇ ਕਿਹਾ ਕਿ ਜੇ ਪਿਛਲੇ 76 ਸਾਲਾਂ ਵਿੱਚ ਐਨ ਐਚ ਐਸ ਨੂੰ ਜਿਸ ਤਰ੍ਹਾਂ ਦਾ ਰੂਪ ਦਿੱਤਾ ਹੈ, ਉਸ ਬਾਰੇ ਗੱਲ ਕਰਦਾ ਹਾਂ, ਤਾਂ ਅਸੀਂ ਬਰਤਾਨੀਆਂ ਵਿੱਚ ਰਹਿਣ ਵਾਲੇ ਪ੍ਰਵਾਸੀ ਭਾਰਤੀਆਂ ਦੇ ਬਹੁਤ ਰਿਣੀ ਹਾਂ।

ਉਹਨਾਂ ਕਿਹਾ ਕਿ ਪ੍ਰਵਾਸੀ ਭਾਰਤੀਆਂ ਨੇ ਜਿੱਥੇ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਰਾਜ ਸਿਹਤ ਮੰਤਰੀ ਵੇਸ ਸਟ੍ਰੀਟਿੰਗ, ਕੈਬਨੈਟ ਮੰਤਰੀ ਲਿਜ਼ ਕਿੰਡਾਲ, ਮਨੋਜ ਲਾਡਵਾ

1948 ਵਿੱਚ ਐਨ ਐਚ ਐਸ ਦੀ ਸਥਾਪਨਾ ਵਿੱਚ ਮਦਦ ਕੀਤੀ, ਅਤੇ ਅੱਜ ਅਸੀਂ ਉਨ੍ਹਾਂ ਦੇ ਬੱਚਿਆਂ, ਪੋਤੇ-ਪੋਤੀਆਂ ਅਤੇ ਪੜਪੋਤੇ-ਪੋਤੀਆਂ ਨੂੰ ਇਸਦਾ ਭਵਿੱਖ ਬਣਾਉਂਦੇ ਹੋਏ ਦੇਖਦੇ ਹਾਂ। ਭਾਰਤ ਵਿੱਚ ਪ੍ਰਾਇਮਰੀ ਹੈਲਥ ਕੇਅਰ ਅਤੇ ਖੋਜ ਅਤੇ ਨਵੀਨਤਾ ਵਰਗੇ ਖੇਤਰਾਂ ਦਾ ਜ਼ਿਕਰ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਬਰਤਾਨੀਆ ਇਸ ਮਾਮਲੇ ਵਿੱਚ ਭਾਰਤ ਤੋਂ ਬਹੁਤ ਕੁਝ ਸਿੱਖ ਸਕਦਾ ਹੈ।

ਉਸਨੇ ਕੋਵਿਡ ਮਹਾਂਮਾਰੀ ਦੌਰਾਨ ਭਾਰਤ-ਯੂਕੇ ਵੈਕਸੀਨ ਭਾਈਵਾਲੀ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਹ ਇੱਕ ਉਦਾਹਰਣ ਹੈ ਕਿ ਕਿਵੇਂ ਸਿਹਤ ਸੰਭਾਲ ਖੇਤਰ ਵਿੱਚ ਦੁਵੱਲੀ ਭਾਈਵਾਲੀ ਨੂੰ ਹੋਰ ਅੱਗੇ ਲਿਜਾਇਆ ਜਾ ਸਕਦਾ ਹੈ। ਸਮਾਗਮ ਨੂੰ ਮਨੋਜ ਲਾਡਵਾ, ਕੈਬਨੈਟ ਮੰਤਰੀ ਲਿਜ਼ ਕਿੰਡਾਲ ਆਦਿ ਨੇ ਸੰਬੋਧਨ ਕੀਤਾ।

# ਮਹਾਰਾਜਾ ਦਲੀਪ ਸਿੰਘ ਦੀ 131ਵੀਂ ਬਰਸੀ ਮੌਕੇ ਦਿੱਤੀ ਸ਼ਰਧਾਂਜ਼ਲੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਾਰਾਜਾ ਦਲੀਪ ਸਿੰਘ ਦੀ 131ਵੀਂ ਬਰਸੀ ਮੌਕੇ ਸੇਂਟ ਐਂਡਰਿਊ ਐਂਡ ਸੇਂਟ ਪੈਟਰਿਕ ਚਰਚ ਐਲਵੀਡਨ ਵਿਖੇ ਭਾਈਚਾਰੇ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਐਲਵੀਡਨ ਚਰਚ ਵਿੱਚ ਆਯੋਜਿਤ ਸਮਾਗਮ ਵਿੱਚ ਉੱਘੇ ਲੇਖਕ ਪੀਟਰ ਬੈਂਸ, ਗੁਰਦੁਆਰਾ ਖਾਲਸਾ ਜੱਥਾ ਸ਼ੈਫਰਡਬੁੱਸ਼ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ, ਕੈਪਟਨ ਜੈ ਸਿੰਘ ਸੋਹਲ, ਐਸੈਕਸ ਕਲਚਰਲ ਡਾਇਵਰਸਿਟੀ ਪ੍ਰਾਜੈਕਟ ਦੇ ਇੰਦੀ ਸੰਧੂ ਤੋਂ ਇਲਾਵਾ ਸਥਾਨਿਕ ਅਤੇ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੀਆਂ ਸਖਸ਼ੀਅਤਾਂ ਮਹਾਰਾਜਾ ਦਲੀਪ ਸਿੰਘ ਨੂੰ ਯਾਦ ਕੀਤਾ। ਮਹਰਾਜਾ ਦਲੀਪ ਸਿੰਘ ਦੀ ਸਮਾਧ ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ। ਉਪਰੰਤ ਥੈਟਫੋਰਡ ਵਿਖੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਚਾਰਾਂ ਹੋਈਆਂ।



ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿੱਚ ਇਕੱਤਰ ਭਾਈਚਾਰਾ

# ਮੈਰਾਥਨ ਦੌੜਾਕ ਮਨੀ ਸਿੰਘ ਕੰਗ ਨੇ ਜਿੱਤਿਆ "ਬਰਤਾਨੀਆਂ ਦਾ ਮਾਣ" ਪੁਰਸਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਡਿਮੈਂਸ਼ੀਆ ਪੀੜਤ ਲੋਕਾਂ ਦੀ ਮਦਦ ਕਰਨ ਵਾਲੇ ਸਮਾਜ ਸੇਵੀ ਮਨੀ ਸਿੰਘ ਕੰਗ ਨੂੰ ਬਰਤਾਨੀਆਂ ਦਾ ਮਾਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਵੁਲਵਰਹੈਂਪਟਨ ਦੇ ਰਹਿਣ ਵਾਲੇ ਮਨੀ ਸਿੰਘ ਨੇ ਪੈਦਲ ਯਾਤਰਾ ਕਰਕੇ, ਮੈਰਾਥਨ ਦੌੜ ਕੇ ਅਤੇ ਸਮੋਸੇ ਆਦਿ ਵੇਚ ਕੇ ਪੀੜਤਾਂ ਦੀ ਮਦਦ ਲਈ 2 ਲੱਖ 60 ਹਜ਼ਾਰ ਪੌਂਡ ਇਕੱਤਰ ਕੀਤੇ। ਮਨੀ ਸਿੰਘ ਨੇ ਕਿਹਾ ਕਿ ਉਸ ਨੂੰ ਖੁਸ਼ੀ ਹੈ ਕਿ ਉਸ ਦੇ ਕੰਮ ਨੂੰ ਮਾਨਤਾ ਦਿੱਤੀ ਗਈ ਹੈ। ਇਹ ਸੇਵਾ ਉਹਨਾਂ ਲੋਕਾਂ ਦੇ ਮਨੋਬਲ ਨੂੰ ਉੱਚਾ ਕਰਨਾ ਹੈ ਜੋ ਪੀੜਾ ਵਿੱਚੋਂ ਲੰਘ ਰਹੇ ਹਨ। ਜਿਕਰਯੋਗ ਹੈ ਕਿ ਕਿ ਇਹ ਪੁਰਸਕਾਰ 1999 ਵਿੱਚ ਸ਼ੁਰੂ ਹੋਇਆ ਸੀ। ਜਿਸ ਵਿੱਚ ਯੂ ਕੇ ਦੀਆਂ ਵੱਖ ਵੱਖ ਖੇਤਰਾਂ ਦੀਆਂ ਪ੍ਰਮੁੱਖ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਮਹਾਰਾਜਾ ਚਾਰਲਸ ਨੇ ਜੇਤੂਆਂ ਨੂੰ ਸ਼ੁਭਕਾਮਨਾਵਾਂ ਭੇਜੀਆਂ।




ਮਨੀ ਸਿੰਘ ਕੰਗ ਜੇਤੂ ਪੁਰਸਕਾਰ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਹੋਏ

# ਹੈਰਿਸ ਰਾਸ਼ਟਰਪਤੀ ਬਣੀ, ਤਾਂ ਚੀਨੀ ਆਗੂ ਉਸ ਨੂੰ ਬੱਚੇ ਵਾਂਗ ਧਮਕਾਉਣਗੇ : ਟਰੰਪ

ਵਾਸ਼ਿੰਗਟਨ- ਡੋਨਾਲਡ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਜੇਕਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਵ੍ਹਾਈਟ ਹਾਊਸ ਲਈ ਚੁਣੀ ਜਾਂਦੀ ਹੈ, ਤਾਂ ਚੀਨ ਦੇ ਆਗੂ ਉਨ੍ਹਾਂ ਨੂੰ ਇਕ ਬੱਚੇ ਵਾਂਗ ਧਮਕਾਉਣਗੇ। ਜਦੋਂ ਰੇਡੀਓ ਹੋਸਟ ਹਿਊ ਹੈਵਿਟ ਨੇ ਟਰੰਪ ਨੂੰ ਚੀਨੀ ਰਾਸ਼ਟਰਪਤੀ ਬਾਰੇ ਕਿਹਾ ਕਿ ਜੇਕਰ ਕਿਸੇ ਤਰ੍ਹਾਂ ਕਮਲਾ ਹੈਰਿਸ ਜਿੱਤ ਜਾਂਦੀ ਹੈ, ਤਾਂ ਉਨ੍ਹਾਂ ਨੂੰ ਸ਼ੀ ਜਿਨਪਿੰਗ ਨਾਲ ਨਿਪਟਣਾ ਪਵੇਗਾ, ਉਹ ਉਨ੍ਹਾਂ ਨੂੰ ਕਿਵੇਂ ਸੰਭਾਲਣਗੇ। ਟਰੰਪ ਨੇ ਕਿਹਾ ਕਿ ਚੀਨੀ ਰਾਸ਼ਟਰਪਤੀ ਉਨ੍ਹਾਂ ਨੂੰ ਇਕ ਬੱਚੇ ਵਾਂਗ ਧਮਕਾਉਣਗੇ। ਉਹ ਬਹੁਤ ਛੇਤੀ ਸਾਰੀ ਕੈਂਡੀ ਖੋਹ ਲੈਣਗੇ। ਉਨ੍ਹਾਂ ਕੁਝ ਅੰਦਾਜ਼ਾ ਨਹੀਂ ਹੋਵੇਗਾ ਕਿ ਕੀ ਹੋਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਕਮਲਾ ਹੈਰਿਸ ਨੂੰ ਲੋਅ ਆਈਕਿਊ ਵਾਲਾ ਦੱਸਿਆ। ਇਸ ਟਿੱਪਣੀ ਨੂੰ ਲੈ ਕੇ ਉਨ੍ਹਾਂ ਦੇ ਕੈਂਪੇਨ ਵੱਲੋਂ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ ਗਈ। ਉੱਥੇ, ਚੋਣਾਂ ਤੋਂ ਪਹਿਲਾਂ ਆਏ ਸਰਵੇ ਫਲਸਤੂੰਚ ਟਰੰਪ ਨੂੰ ਹੈਰਿਸ ਦੇ ਮੁਕਾਬਲੇ ਮਾਮੂਲੀ ਬੜ੍ਹਤ ਦਿੱਤੀ ਗਈ ਹੈ।

ਸਮੂਹ ਜਗਤ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀ ਲੱਖ ਲੱਖ ਵਧਾਈ



VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# 'ਆਪ' ਵਿਧਾਇਕ ਦੀ ਪਤਨੀ ਖ਼ਿਲਾਫ਼ ਕੇਸ ਦਰਜ !

## ✪ ਬਜ਼ੁਰਗ ਪ੍ਰਵਾਸੀ ਪੰਜਾਬੀ ਦੇ ਘਰ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼

ਲੁਧਿਆਣਾ-ਲੁਧਿਆਣਾ ਜ਼ਿਲ੍ਹੇ ਦੇ ਕਸਬਾ ਸੁਧਾਰ ਥਾਣੇ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਦੀ ਪਤਨੀ ਗੁਰਪ੍ਰੀਤ ਕੌਰ ਗੁਰੀ ਸਮੇਤ 7 ਲੋਕਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਹੈ। ਸਾਰੇ ਮੁਲਜ਼ਮ ਫਰਾਰ ਹਨ। ਪੁਲਿਸ ਉਨ੍ਹਾਂ ਦੀ ਭਾਲ ਵਿੱਚ ਲੱਗੀ ਹੋਈ ਹੈ। ਮੁਲਜ਼ਮਾਂ ਉੱਤੇ ਇਲਜ਼ਾਮ ਹੈ ਕਿ ਉਪਰੋਕਤ ਸਾਰੇ ਮੁਲਜ਼ਮਾਂ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਬਜ਼ੁਰਗ ਐਨਆਰਆਈ ਨਛੱਤਰ ਸਿੰਘ ਦੇ ਘਰ 'ਤੇ ਨਾਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰਪ੍ਰੀਤ ਕੌਰ ਗੁਰੀ ਨੇ 20 ਅਗਸਤ ਨੂੰ ਉਕਤ ਬਜ਼ੁਰਗ ਐਨਆਰਆਈ ਨਛੱਤਰ ਸਿੰਘ ਖ਼ਿਲਾਫ਼ ਸਰੀਰਕ ਛੇੜਛਾੜ ਦਾ ਕੇਸ ਦਰਜ ਕਰਵਾਇਆ ਸੀ। ਹਾਲਾਂਕਿ ਇਸ ਮਾਮਲੇ ਵਿੱਚ ਐਨਆਰਆਈ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ। ਇਸ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਸੰਦੀਪ ਸਿੰਘ ਜਗਪਾਲ ਨੇ ਕੈਨੇਡਾ ਦੇ ਮਿਸੀਸਾਗਾ ਤੋਂ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਪੁਲਿਸ ਮੁਖੀ ਐਸਐਸਪੀ ਨਵਨੀਤ ਸਿੰਘ ਬੈਂਸ ਨੂੰ ਈਮੇਲ ਭੇਜ ਕੇ ਮਕਾਨ 'ਤੇ ਕਬਜ਼ਾ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ।

### ਪੁਲਿਸ ਜਾਂਚ ਵਿੱਚ ਇਲਜ਼ਾਮ ਪਾਏ ਗਏ ਸਹੀ

ਪੜਤਾਲ ਦੌਰਾਨ ਸਾਰੇ ਇਲਜ਼ਾਮ ਸਹੀ ਪਾਏ ਗਏ, ਜਿਸ ਤੋਂ ਬਾਅਦ ਐਸ.ਐਸ.ਪੀ. ਨਵਨੀਤ ਸਿੰਘ ਬੈਂਸ ਦੇ ਹੁਕਮਾਂ 'ਤੇ ਗੁਰਪ੍ਰੀਤ ਕੌਰ ਗੁਰੀ ਸਹੌਲੀ, ਅਰਵਿੰਦ ਬਿਹਾਰ, ਜੈ ਕ੍ਰਿਸ਼ਨ ਸਾਹਨੀ ਬਿਹਾਰ, ਚੰਦਨ ਸਾਹਨੀ



ਬਿਹਾਰ, ਹਰਜੀਤ ਸਿੰਘ, ਬਲਵੀਰ ਸਿੰਘ ਵਾਸੀ ਚੌਕੀਮਾਨ ਜਗਰਾਉਂ ਤੇ ਸੁਖਦੇਵ ਸਿੰਘ ਵਾਸੀ ਲੁਧਿਆਣਾ ਖ਼ਿਲਾਫ਼ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਸਬੰਧੀ ਐਸਐਚਓ ਜਸਵਿੰਦਰ ਸਿੰਘ ਨੇ ਦੱਸਿਆ ਕਿ ਸਾਰੇ ਮੁਲਜ਼ਮ ਫਰਾਰ ਹਨ ਜਿਨ੍ਹਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਵਿਧਾਇਕ ਪਠਾਣ ਮਾਜਰਾ ਦੀ ਪਤਨੀ ਗੁਰਪ੍ਰੀਤ ਕੌਰ ਗੁਰੀ ਨਾਲ ਪਰਿਵਾਰਕ ਸਬੰਧ ਹੋਣ ਕਾਰਨ ਬਜ਼ੁਰਗ ਐਨਆਰਆਈ ਨਛੱਤਰ ਸਿੰਘ ਨੇ ਸੁਧਾਰ ਦੇ ਘੁਮਾਣ ਚੌਕ ਸਥਿਤ ਕਰੋੜਾਂ ਰੁਪਏ ਦੇ ਮਕਾਨ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ। ਮੁਲਜ਼ਮਾਂ ਨੇ ਮਕਾਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਜਾਅਲੀ ਦਸਤਾਵੇਜ਼ ਤਿਆਰ ਕੀਤੇ। ਦੱਸ ਦੇਈਏ ਕਿ ਇਸ ਮਾਮਲੇ ਵਿਚ ਵਿਧਾਇਕ ਪਠਾਣ ਮਾਜਰਾ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਨ੍ਹਾਂ ਦਾ ਗੁਰਪ੍ਰੀਤ ਕੌਰ ਨਾਲ ਕਿਸੇ ਤਰ੍ਹਾਂ ਦਾ ਕੋਈ ਲੈਣ-ਦੇਣ ਨਹੀਂ ਹੈ।

# ਸ਼ਿਵ ਸੈਨਾ ਆਗੂ ਰਾਣਾ 'ਤੇ ਅਣਪਛਾਤਿਆਂ ਨੇ ਕੀਤਾ ਹਮਲਾ, ਤਿੰਨ ਲੋਕ ਜ਼ਖ਼ਮੀ

ਲੁਧਿਆਣਾ-ਲੁਧਿਆਣਾ ਵਿਚ ਰਾਤ ਦੌਰਾਨ ਸ਼ਿਵ ਸੈਨਾ ਸਮਾਜਵਾਦੀ ਦੇ ਵਪਾਰ ਮੰਡਲ ਦੇ ਪ੍ਰਧਾਨ ਰਾਜਨ ਰਾਣਾ, ਉਨ੍ਹਾਂ ਦੇ ਭਰਾ ਅਤੇ ਭਤੀਜੇ 'ਤੇ ਸਕੂਟਰ ਸਵਾਰ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਰਾਣਾ ਦੇ ਸਿਰ, ਮੱਥੇ ਅਤੇ ਬਾਹਾਂ 'ਤੇ ਸੱਟਾਂ ਲੱਗੀਆਂ ਹਨ। ਹਮਲਾਵਰ ਕੁੱਟਮਾਰ ਕਰਨ ਤੋਂ ਬਾਅਦ ਮੌਕੇ ਤੋਂ ਫ਼ਰਾਰ ਹੋ ਗਏ। ਰਾਣਾ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੋਂ ਉਨ੍ਹਾਂ ਨੂੰ ਡੀ. ਐਮ. ਸੀ. ਹਸਪਤਾਲ ਲਿਜਾਇਆ ਗਿਆ। ਘਟਨਾ ਸਮੇਂ ਰਾਜਨ ਰਾਣਾ ਦੇ ਸੁਰੱਖਿਆ ਕਰਮਚਾਰੀ ਉਨ੍ਹਾਂ ਨਾਲ ਮੌਜੂਦ ਨਹੀਂ ਸਨ।



ਰਾਜਨ ਰਾਣਾ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਨਾਲ ਆਪਣੇ ਛੋਟੇ ਭਰਾ ਬੌਬੀ ਦਾ ਜਨਮ ਦਿਨ ਮਨਾ ਕੇ ਕਾਰ ਵਿੱਚ ਘਰ ਪਰਤ ਰਹੇ ਸਨ। ਚੌੜਾ ਬਾਜ਼ਾਰ ਵਿੱਚ ਪਰਾਂਠਾ ਵੇਚਣ ਵਾਲੀਆਂ ਰੇਹੜੀਆਂ 'ਤੇ ਕੁਝ ਨੌਜਵਾਨ ਖੜ੍ਹੇ ਸਨ। ਉਨ੍ਹਾਂ ਦੇ ਭਤੀਜੇ ਪੀਯੂਸ਼ ਨੇ ਨੌਜਵਾਨਾਂ ਨੂੰ ਹਾਰਨ ਮਾਰਿਆ ਕਿਉਂਕਿ ਸੜਕ 'ਤੇ ਜਗ੍ਹਾ ਘੱਟ ਸੀ। ਇਸ ਦੌਰਾਨ ਗੁੱਸੇ ਵਿਚ ਆਏ ਨੌਜਵਾਨਾਂ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਰਾਣਾ ਦੀ ਕਾਰ ਨੂੰ ਸਕੂਟਰ ਨਾਲ ਟੱਕਰ ਮਾਰ ਦਿੱਤੀ। ਜਿਸ ਤੋਂ ਬਾਅਦ ਉਕਤ ਨੌਜਵਾਨ ਨੇ ਉਨ੍ਹਾਂ ਨਾਲ ਬਦਸਲੂਕੀ ਕਰਨੀ ਕੀਤੀ। ਉਕਤ ਨੌਜਵਾਨ ਨੇ ਆਪਣੇ ਇਕ ਦਰਜਨ ਦੇ ਕਰੀਬ ਨੌਜਵਾਨਾਂ ਨੂੰ ਬੁਲਾ ਕੇ ਉਸ 'ਤੇ ਹਮਲਾ ਕਰ ਦਿੱਤਾ। ਹਮਲੇ ਵਿੱਚ ਰਾਜਨ ਰਾਣਾ, ਉਨ੍ਹਾਂ ਦੇ ਭਰਾ ਬੌਬੀ ਅਤੇ ਭਤੀਜਾ ਪਿਊਸ਼ ਗੰਭੀਰ ਜ਼ਖ਼ਮੀ ਹੋ ਗਏ ਹਨ। ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ। ਰਾਣਾ ਦਾ ਇਲਾਜ ਕਰਕੇ ਡੀਐਮਸੀ ਹਸਪਤਾਲ ਭੇਜ ਦਿੱਤਾ ਗਿਆ। ਥਾਣਾ ਡਿਵੀਜ਼ਨ ਨੰਬਰ 3 ਦੀ ਪੁਲਿਸ ਮੌਕੇ 'ਤੇ ਪੁੱਜੀ। ਥਾਣਾ ਡਵੀਜ਼ਨ ਨੰਬਰ 2 ਦੇ ਐਸਐਚਓ ਅੰਮ੍ਰਿਤਪਾਲ ਸ਼ਰਮਾ ਨੇ ਦੱਸਿਆ ਕਿ ਪੁਲਿਸ ਘਟਨਾ ਵਾਲੀ ਥਾਂ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰੇਗੀ।

# ਸ਼ਰਾਬੀ ਨੇ ਗਲ਼ਾ ਘੱਟ ਕੇ ਕੀਤਾ ਪਤਨੀ ਦਾ ਕਤਲ

## ✪ ਕਬੱਡੀ ਖਿਡਾਰੀ ਬਲਵੀਰ ਸਿੰਘ ਆਸ਼ੂ ਦੀ ਮਾਂ ਸੀ ਪਰਮਜੀਤ ਕੌਰ

ਲਹਿਰਾਗਾਗਾ-ਪਿੰਡ ਲਹਿਲ ਖੁਰਦ ਵਿਖੇ ਸ਼ਰਾਬੀ ਵਿਅਕਤੀ ਨੇ ਪਤਨੀ ਦਾ ਗਲਾ ਘੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਚੌਕੀ ਲਹਿਰਾ ਦੇ ਇੰਚਾਰਜ ਰਘਵੀਰ ਸਿੰਘ ਨੇ ਦੱਸਿਆ ਕਿਲ ਮਿਬਕ ਔਰਤ ਦੇ ਭਰਾ ਜਗਤਾਰ ਸਿੰਘ ਵਾਸੀ ਰਾਮਪੁਰਾ ਫੂਲ ਨੇ ਪੁਲਿਸ ਨੂੰ ਦਿੱਤੇ ਲਿਖਤੀ



ਬਿਆਨ ਵਿੱਚ ਦੱਸਿਆ ਕਿ ਉਸ ਦੀ ਭੈਣ ਪਰਮਜੀਤ ਕੌਰ ਦਾ ਵਿਆਹ 24 ਸਾਲ ਪਹਿਲਾਂ ਪਿੰਡ ਲਹਿਲ ਖੁਰਦ ਦੇ ਪ੍ਰਗਟ ਸਿੰਘ ਨਾਲ ਹੋਇਆ ਸੀ। ਪ੍ਰਗਟ ਸਿੰਘ ਸ਼ਰਾਬ ਪੀਣ ਦਾ ਆਦੀ ਸੀ ਅਤੇ ਉਸ ਦੀ ਭੈਣ ਨਾਲ ਕੁੱਟਮਾਰ ਕਰਦਾ ਰਹਿੰਦਾ ਸੀ। ਉਹ ਪ੍ਰਗਟ ਸਿੰਘ ਨੇ ਕਈ ਵਾਰ ਸਮਝਾ ਕੇ ਵੀ ਗਏ ਪਰ ਉਹ ਗੁੱਸੇ ਵਿੱਚ ਕਹਿੰਦਾ ਸੀ, 'ਮੈਨੂੰ ਤੁਹਾਡੀ ਭੈਣ ਪਰਮਜੀਤ ਕੌਰ ਸੋਹਣੀ ਨਹੀਂ ਲੱਗਦੀ ਤੇ ਮੈਂ ਇਸ ਨੂੰ ਮਾਰ ਕੇ ਹੋਰ ਵਿਆਹ ਕਰਵਾ ਲਵਾਂਗਾ।'

ਜਗਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸੋਚਿਆ ਕਿ ਪ੍ਰਗਟ ਗੁੱਸੇ ਵਿੱਚ ਕਹਿ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਭੈਣ ਪਰਮਜੀਤ ਕੌਰ ਦਾ ਛੋਟੀ ਭੈਣ ਕੋਲ ਫੋਨ ਆਇਆ ਕਿ ਉਸ ਦਾ ਪਤੀ ਉਸ ਨਾਲ ਬਹੁਤ ਕੁੱਟਮਾਰ ਕਰਦਾ ਹੈ, ਉਸ ਨੂੰ ਲੈ ਜਾਓ। ਜਦੋਂ ਉਹ ਭੈਣ ਪਰਮਜੀਤ ਕੌਰ ਨੂੰ ਲੈਣ ਲਈ ਲਹਿਲ ਖੁਰਦ ਪਹੁੰਚੇ ਤਾਂ ਦੇਖਿਆ ਕਿ ਪ੍ਰਗਟ ਸਿੰਘ ਡੰਗਰਾਂ ਵਾਲੇ ਵਰਾਂਡੇ ਵਿੱਚ ਉਸ ਦੀ ਭੈਣ ਪਰਮਜੀਤ ਕੌਰ ਦੇ ਗਲ ਵਿੱਚ ਪਰਨਾ ਪਾ ਕੇ ਉਸ ਦਾ ਗਲਾ ਘੁੱਟ ਰਿਹਾ ਸੀ। ਜਦੋਂ ਉਹ ਭੱਜ ਕੇ ਨੇੜੇ ਪੁੱਜੇ ਪਹੁੰਚੇ ਤਾਂ ਦੇਖਿਆ ਕਿ ਪਰਮਜੀਤ ਕੌਰ ਦੀ ਮੌਤ ਹੋ ਚੁੱਕੀ ਸੀ ਤੇ ਪਰਗਟ ਸਿੰਘ ਪਰਨਾ ਲੈ ਕੇ ਭੱਜ ਗਿਆ।

ਪੁਲਿਸ ਨੇ ਕੇਸ ਦਰਜ ਕਰਕੇ ਪੋਸਟਮਾਰਟਮ ਕਰਾਉਣ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪਰਮਜੀਤ ਕੌਰ ਦਾ ਇਕਲੌਤਾ ਪੁੱਤਰ ਬਲਦੇਵ ਸਿੰਘ ਆਸ਼ੂ ਕਬੱਡੀ ਦਾ ਵਧੀਆ ਖਿਡਾਰੀ ਹੈ।

# ਪੁਲਿਸ ਵਲੋਂ ਅੰਤਰਰਾਸ਼ਟਰੀ ਡਰੱਗ ਸਿੰਡੀਕੇਟ ਦਾ ਪਰਦਾਫਾਸ਼

## ✪ 105 ਕਿਲੋ ਹੈਰੋਇਨ ਸਮੇਤ ਕੈਫੀਨ, ਡੀਐਮਆਰ, ਵਿਦੇਸ਼ੀ ਪਿਸਤੌਲ ਤੇ ਪਿਸਤੌਲ ਬਰਾਮਦ

ਅੰਮ੍ਰਿਤਸਰ-ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਟੀਮ ਨੇ ਅੰਮ੍ਰਿਤਸਰ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਡਰੱਗ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਅੰਮ੍ਰਿਤਸਰ ਦੇ ਬਾਬਾ ਬਕਾਲਾ ਕਸਬੇ ਤੋਂ ਦੋ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ। ਪੁਲੀਸ ਨੇ ਇਨ੍ਹਾਂ ਕੋਲੋਂ ਕਰੀਬ 105 ਕਿਲੋ ਹੈਰੋਇਨ, 31.93 ਕਿਲੋ ਕੈਫੀਨ, 17 ਕਿਲੋ ਡੀਐਮਆਰ, 5 ਵਿਦੇਸ਼ੀ ਪਿਸਤੌਲ ਅਤੇ 1 ਦੇਸੀ ਪਿਸਤੌਲ ਬਰਾਮਦ ਕੀਤਾ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਨਵਜੋਤ ਸਿੰਘ ਅਤੇ ਲਵਪ੍ਰੀਤ ਕੁਮਾਰ ਵਜੋਂ ਹੋਈ ਹੈ। ਮੁਲਜ਼ਮਾਂ ਦਾ ਆਗੂ ਨਵਪ੍ਰੀਤ ਸਿੰਘ ਭੁੱਲਰ ਉਕਤ ਨੈੱਟਵਰਕ ਨੂੰ ਵਿਦੇਸ਼ ਤੋਂ ਚਲਾ ਰਿਹਾ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਉਕਤ ਸਾਰੀਆਂ ਖੇਪਾਂ ਸਰਹੱਦ ਪਾਰ ਪਾਕਿਸਤਾਨ ਤੋਂ ਆਈਆਂ ਸਨ। ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 500 ਕਰੋੜ ਰੁਪਏ ਤੋਂ ਵੱਧ ਹੈ। ਇਸ ਰਿਕਵਰੀ ਲਈ ਇਨਪੁਟ ਪਿਛਲੇ ਸਮੇਂ ਵਿੱਚ ਕੀਤੀ ਗਈ ਰਿਕਵਰੀ ਤੋਂ ਪ੍ਰਾਪਤ ਹੋਇਆ ਸੀ

ਡੀਜੀਪੀ ਪੰਜਾਬ ਗੌਰਵ ਯਾਦਵ ਨੇ




ਦੱਸਿਆ ਕਿ ਉਕਤ ਐਫਆਈਆਰ ਅੰਮ੍ਰਿਤਸਰ ਸਟੇਟ ਸਪੈਸ਼ਲ ਆਪ੍ਰੇਸ਼ਨ ਯੂਨੀਅਨ (ਐਸਐਸਓਸੀ) ਵਿੱਚ ਦਰਜ ਕੀਤੀ ਗਈ ਹੈ। ਪੁਲਿਸ ਵੱਲੋਂ ਬੀਤੇ ਦਿਨੀਂ ਇੱਕ ਖੇਪ ਜ਼ਬਤ ਕੀਤੀ ਗਈ ਸੀ, ਉਕਤ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਇਸ ਬਰਾਮਦਗੀ ਸਬੰਧੀ ਜਾਣਕਾਰੀ ਮਿਲੀ ਸੀ। ਪੁਲਸ ਪਿਛਲੇ ਕਾਫੀ ਸਮੇਂ ਤੋਂ ਉਕਤ ਇਲਾਕੇ ਵਿਚ ਰੇਕੀ ਕਰ ਰਹੀ ਸੀ।

ਜਾਣਕਾਰੀ ਅਨੁਸਾਰ ਉਕਤ ਸਾਰੇ ਨਸ਼ੇ ਜਲ ਮਾਰਗਾਂ ਰਾਹੀਂ ਪੰਜਾਬ ਪਹੁੰਚਾਏ ਗਏ ਹਨ। ਇਸ ਖੇਪ ਦੇ ਨਾਲ ਟਾਇਰਾਂ ਦੀਆਂ ਵੱਡੀਆਂ ਰਬੜ ਦੀਆਂ ਟਿਊਬਾਂ ਵੀ ਬਰਾਮਦ ਕੀਤੀਆਂ ਗਈਆਂ ਹਨ, ਜੋ ਦਰਸਾਉਂਦੀਆਂ ਹਨ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਜਲ ਮਾਰਗਾਂ ਰਾਹੀਂ ਕੀਤੀ ਜਾਂਦੀ ਹੈ।

# ਕਿਸਾਨਾਂ ਕਾਰਣ ਇਕ ਪਾਸੇ ਦਾ ਕਰਤਾਰਪੁਰ ਕੋਰੀਡੋਰ ਦੇ ਰਾਹ ਹੋਇਆ ਬੰਦ, ਸ਼ਰਧਾਲੂ ਹੋ ਰਹੇ ਪਰੇਸ਼ਾਨ

## ✪ ਸੜਕਾਂ ਉਪਰ ਕਿਸਾਨਾਂ ਨੇ ਖਿਲਾਰਿਆ ਝੋਨਾ



ਡੇਰਾ ਬਾਬਾ ਨਾਨਕ-ਮੰਡੀਆਂ ਵਿਚ ਝੋਨੇ ਦੀ ਹੋ ਰਹੀ ਬੇਕਦਰੀ ਕਾਰਨ ਜਿੱਥੇ ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ, ਉੱਥੇ ਕਿਸਾਨਾਂ ਵੱਲੋਂ ਡੇਰਾ ਬਾਬਾ ਨਾਨਕ ਕਰਤਾਰਪੁਰ ਕੋਰੀਡੋਰ ਦੇ ਇਕ ਪਾਸੇ ਵੱਡੇ ਪੱਧਰ 'ਤੇ ਝੋਨਾ ਸਕਾਉਣ ਲਈ ਖਿਲਾਰਿਆ ਗਿਆ ਹੈ। ਇਸ ਕਾਰਨ ਇਕ ਪਾਸੇ ਦਾ ਕੋਰੀਡੋਰ ਰਸਤਾ ਬੰਦ ਹੋ ਗਿਆ ਹੈ ਜਿਸ ਕਾਰਨ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਅਤੇ ਸਰਹੱਦ 'ਤੇ ਬਣੇ ਦਰਸ਼ਨ ਸਥੱਲ ਤੋਂ ਪਰਤਣ ਵਾਲੇ ਸ਼ਰਧਾਲੂਆਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਦਰਸ਼ਨ ਸਥੱਲ ਤੋਂ ਪਰਤੇ ਸ਼ਰਧਾਲੂ ਸਤਵੰਤ ਸਿੰਘ, ਬਲਵੰਤ ਸਿੰਘ, ਹਰਦੇਵ ਸਿੰਘ, ਅਮਨਦੀਪ ਸਿੰਘ ਆਦਿ ਨੇ ਦੱਸਿਆ ਕਿ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਨੈਸ਼ਨਲ ਹਾਈਵੇ 354 ਸਥਿਤ ਪਿੰਡ ਮਾਨ ਤੋਂ ਲੈ ਕੇ ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸਰਹੱਦ ਤੱਕ ਕਰੀਬ 3.6 ਕਿਲੋਮੀਟਰ ਲੰਬਾ ਚਾਰ ਮਾਰਗ ਕੋਰੀਡੋਰ ਦਾ ਨਿਰਮਾਣ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਨੂੰ ਦਰਸ਼ਨ ਸਥੱਲ ਅਤੇ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਦਰਸ਼ਨ ਕਰਨ ਉਪਰੰਤ ਜਦੋਂ ਵਾਪਸ ਪਰਤੇ ਤਾਂ ਕਰਤਾਰਪੁਰ ਕੋਰੀਡੋਰ ਤੋਂ ਜੋੜੀਆਂ ਖੁਰਦ ਨਜ਼ਦੀਕ ਕੋਰੀਡੋਰ ਦੀ ਇਕ ਪਾਸੇ ਕਿਸਾਨਾਂ ਵੱਲੋਂ ਵੱਡੇ ਪੱਧਰ 'ਤੇ ਝੋਨੇ ਦੀ ਜਿਨਸ ਨੂੰ ਕੋਰੀਡੋਰ 'ਤੇ ਖਿਲਾਰ ਕੇ ਸੁਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਟਰਮੀਨਲ ਵਾਲੇ ਪਾਸੇ ਤੋਂ ਕਰਤਾਰਪੁਰ ਕੋਰੀਡੋਰ ਦੇ ਰਬਾਬ ਚੌਕ ਵਾਲੇ ਪਾਸੇ ਦਾ ਇਕ ਰਸਤਾ ਬੰਦ ਕੀਤਾ ਹੋਇਆ ਹੈ।

ਸ਼ਾਮ ਵੇਲੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕਰਕੇ ਪਰਤੇ ਸ਼ਰਧਾਲੂ ਜੋ ਦੂਰ-ਦੁਰਾਡੇ ਤੋਂ ਆਏ ਹੋਏ ਹਨ, ਨੂੰ ਮਾਰਗ ਬੰਦ ਹੋਣ ਕਾਰਨ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਇਸ ਮਾਰਗ 'ਤੇ ਜਿੱਥੇ ਵੱਡੇ ਪੱਧਰ 'ਤੇ ਝੋਨੇ ਨੂੰ ਖਿਲਾਰਿਆ ਹੋਇਆ ਹੈ, ਉੱਥੇ ਮਾਰਗ 'ਤੇ ਰੱਸੀ ਨਾਲ ਕੋਰੀਡੋਰ ਦੇ ਇੱਕ ਪਾਸੇ ਨੂੰ ਬੰਦ ਰੱਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਤੇਜ਼ ਰਫਤਾਰ ਵਾਹਨ ਰਾਹ 'ਚ ਖਿਲਾਰੇ ਝੋਨੇ ਕਾਰਨ ਹਾਦਸਾਗ੍ਰਸਤ ਹੋ ਸਕਦੇ ਹਨ। ਉਨ੍ਹਾਂ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਡੀਸੀ ਗੁਰਦਾਸਪੁਰ ਅਤੇ ਐੱਸਐੱਸਪੀ ਬਟਾਲਾ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਕੋਰੀਡੋਰ 'ਤੇ ਖਿਲਾਰੇ ਝੋਨੇ ਨੂੰ ਸਾਫ ਕਰਵਾ ਕੇ ਇਸ ਮਾਰਗ ਨੂੰ ਚਾਲੂ ਕਰਵਾਇਆ ਜਾਵੇ। ਇਸ ਸਬੰਧੀ ਡੀਸੀ ਉਮਰ ਸ਼ੰਕਰ ਗੁਪਤਾ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਕਿਹਾ ਕਿ ਇਸ ਸਬੰਧੀ ਤੁਰੰਤ ਕਾਰਵਾਈ ਕੀਤੀ ਜਾਵੇਗੀ।

## ਚਾਲਕਾਂ ਨੂੰ ਧੱਕਾ ਦੇ ਕੇ ਈ-ਰਿਕਸ਼ਾ ਲੁੱਟਣ ਵਾਲੇ ਦੋ ਲੁਟੇਰੇ ਗ੍ਰਿਫ਼ਤਾਰ

### ✪ ਧਾਰਮਿਕ ਅਸਥਾਨ ਲਈ ਕਿਰਾਏ 'ਤੇ ਲੈ ਕੇ ਜਾਂਦੇ ਸਨ ਆਟੋ

ਲੁਧਿਆਣਾ-ਲੁਧਿਆਣਾ ਦੇ ਥਾਣਾ ਡੇਹਲੋਂ ਦੀ ਪੁਲਿਸ ਨੇ ਦੋ ਅਜਿਹੇ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿਰਾਏ 'ਤੇ ਆਟੋ ਲੈ ਕੇ ਸੁੰਨਸਾਨ ਥਾਂ 'ਤੇ ਜਾਂਦੇ ਅਤੇ ਡਰਾਈਵਰ ਧੱਕਾ ਦੇ ਕੇ ਆਟੋ ਲੁੱਟ ਕੇ ਫਰਾਰ ਹੋ ਜਾਂਦੇ। ਜਾਂਚ ਅਧਿਕਾਰੀ ਸੁਖਪਾਲ ਸਿੰਘ ਦੇ ਮੁਤਾਬਕ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਮੁਹੱਲਾ ਲੇਬਰ ਕਲੋਨੀ ਅਰਬਨ ਫੇਸ 1ਦੇ ਵਾਸੀ ਸ਼ਮਸ਼ੇਰ ਸਿੰਘ ਅਤੇ ਸੀਐਮਸੀ ਕਲੋਨੀ ਨੇੜੇ ਹੁੰਦਲ ਚੌਂਕ ਤਾਜਪੁਰ ਰੋਡ ਦੇ ਰਹਿਣ ਵਾਲੇ ਸੁਨੀਲ ਕੁਮਾਰ ਵਜੋਂ ਹੋਈ ਹੈ। ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਦੋ ਈ-ਰਿਕਸ਼ਾ ਬਰਾਮਦ ਕੀਤੇ ਹਨ। ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਜਦ ਮੁਲਜਮਾਂ ਕੋਲੋਂ ਮੁੱਢਲੀ ਪੁੱਛਗਿਛ ਕੀਤੀ ਤਾਂ ਸਾਹਮਣੇ ਆਇਆ ਕਿ ਉਹ ਵਾਰਦਾਤ ਨੂੰ ਅੰਜਾਮ ਦੇਣ ਲਈ ਇੱਕ ਈ-ਰਿਕਸ਼ਾ ਦੀ ਤਲਾਸ਼ ਕਰਦੇ ਅਤੇ ਚਾਲਕ ਨੂੰ ਇਹ ਕਹਿੰਦੇ ਕਿ ਉਨ੍ਹਾਂ ਨੇ ਰਾੜਾ ਸਾਹਿਬ ਮੱਥਾ ਟੇਕਣ ਜਾਣਾ ਹੈ ਲ ਚੰਗੇ ਕਿਰਾਏ ਦੇ ਲਾਲਚ ਵਿੱਚ ਆ ਕੇ ਆਟੋ ਚਾਲਕ ਉਹਨਾਂ ਨਾਲ ਚੱਲ ਪੈਂਦਾਲ ਮੁਲਜਮ ਰਾੜਾ ਸਾਹਿਬ ਲਿਜਾਣ ਦੀ ਬਜਾਏ ਉਸਨੂੰ ਸੁਨਸਾਨ ਥਾਂ ਤੇ ਲਿਜਾ ਕੇ ਆਟੋ ਤੋਂ ਹੇਠਾਂ ਧੱਕਾ ਦੇ ਦਿੰਦੇ ਸਨ। ਜਾਂਚ ਦੇ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਮੁਲਜਮ ਸੁਨੀਲ ਦੇ ਖਿਲਾਫ ਪਹਿਲੋਂ ਤੋਂ ਹੀ ਐਨਡੀਪੀਐਸ ਐਕਟ ਦਾ ਇੱਕ ਮੁਕਦਮਾ ਦਰਜ ਹੈ।

### -ਮਾਮਲਾ ਬਾਬਾ ਸਿਦੀਕੀ ਕਤਲ ਕੇਸ ਦਾ-

## ਲੋੜੀਂਦਾ ਦੋਸ਼ੀ ਲੁਧਿਆਣਾ ਵਿਚੋਂ ਗ੍ਰਿਫਤਾਰ, ਬਿਸ਼ਨੋਈ ਨਾਲ ਹੈ ਸਬੰਧ



ਲੁਧਿਆਣਾ-ਬਾਬਾ ਸਦੀਕੀ ਕਤਲ ਕੇਸ ਵਿਚ ਲੋੜੀਂਦੇ ਲਾਰੈਂਸ ਬਿਸ਼ਨੋਈ ਦੇ ਇੱਕ ਸਾਥੀ ਨੂੰ ਮੁੰਬਈ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਲੁਧਿਆਣਾ ਦੇ ਜਮਾਲਪੁਰ ਤੋਂ ਗ੍ਰਿਫਤਾਰ ਕੀਤਾ ਹੈ। ਮੁੰਬਈ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਲੁਧਿਆਣਾ ਕ੍ਰਾਈਮ ਬਰਾਂਚ ਨਾਲ ਸੰਪਰਕ ਕਰ ਕੇ ਇਲਾਕੇ ਵਿਚ ਰੇਡ ਕੀਤੀ ਅਤੇ ਮੁਲਜ਼ਮ ਨੂੰ ਹਿਰਾਸਤ ਵਿਚ ਲਿਆ। ਮਸਜਿਦ ਵਾਲੀ ਗਲੀ ਕਾਮਰਜ ਨਗਰ ਮੁੰਬਈ ਦਾ ਰਹਿਣ ਵਾਲਾ ਮੁਲਜ਼ਮ ਸੁਜੀਤ ਕੁਮਾਰ ਲੁਧਿਆਣਾ ਦੇ ਰਾਮ ਨਗਰ ਮੁੰਡੀਆਂ ਕਲਾਂ ਜਮਾਲਪੁਰ ਇਲਾਕੇ ਵਿਚ ਆਪਣੇ ਸਹੁਰਿਆਂ ਦੇ ਘਰ ਲੁੱਕ ਕੇ ਰਹਿ ਰਿਹਾ ਸੀ।

ਏਡੀਸੀਪੀ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਲੁੱਕ ਕੇ ਰਹਿ ਰਹੇ ਮੁਲਜ਼ਮ ਸੁਜੀਤ ਕੁਮਾਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਲ ਏਡੀਸੀਪੀ ਦੇ ਮੁਤਾਬਕ ਕਥਿਤ ਮੁਲਜਮ ਨੂੰ ਐਨਸੀਪੀ ਨੇਤਾ ਬਾਬਾ ਸਿਦੀਕੀ ਦੀ ਹੱਤਿਆ ਦੀ ਸਾਜ਼ਿਸ਼ ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਉਸਨੇ ਕੁਝ ਦਿਨ ਪਹਿਲੋਂ ਇੱਕ ਖਾਤੇ ਵਿੱਚ ਰਕਮ ਟਰਾਂਸਫਰ ਕੀਤੀ ਸੀ ਲ ਗ੍ਰਿਫਤਾਰੀ ਤੋਂ ਬਾਅਦ ਮੁਲਜ਼ਮ ਨੂੰ ਜਮਾਲਪੁਰ ਥਾਣੇ ਰੱਖਿਆ ਗਿਆ ਜਿੱਥੋਂ ਮੁੰਬਈ ਦੀ ਟੀਮ ਮੁਲਜਮ ਨੂੰ ਫਲਾਈਟ ਵਿਚ ਮੁੰਬਈ ਲੈ ਕੇ ਜਾਵੇਗੀ।

## ਸਵਖਤੇ ਵਲਟੋਹਾ ਪਹੁੰਚੇ ਅਕਾਲ ਤਖ਼ਤ ਸਾਹਿਬ

### ✪ ਗਿਆਨੀ ਹਰਪ੍ਰੀਤ ਸਿੰਘ ਦੇ ਦੋਸ਼ਾਂ ਨੂੰ ਦੱਸਿਆ ਝੂਠਾ

ਅੰਮ੍ਰਿਤਸਰ-ਪਿਛਲੇ ਦਿਨਾਂ ਤੋਂ ਵਿਰਸਾ ਸਿੰਘ ਵਲਟੋਹਾ ਖੂਬ ਚਰਚਾ ਵਿਚ ਹਨ। ਦੱਸ ਦਈਏ ਕਿ ਸਵੇਰੇ-ਸਵੇਰੇ ਵਿਰਸਾ ਸਿੰਘ ਵਲਟੋਹਾ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚੇ ਹਨ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਸਾਹਮਣੇ ਖੜ੍ਹੇ ਹੋ ਕੇ ਅਰਦਾਸ ਕੀਤੀ ਹੈ। ਇਸਦੇ ਨਾਲ ਵਲਟੋਹਾ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਇਲਜ਼ਾਮਾਂ ਨੂੰ ਝੂਠ ਦੱਸਿਆ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਬਹੁਤ ਵੱਡੀ ਪੀੜਾ ਵਿਚੋਂ ਲੰਘ ਰਿਹਾ ਹਾਂ। ਵਲਟੋਹਾ ਨੇ ਕਿਹਾ ਕਿ ਮੈਂ ਗੁਰੂ ਦੀ ਕਚਿਹਰੀ ਵਿਚ ਆਇਆ ਹਾਂ ਅਤੇ ਮੈਨੂੰ ਯਕੀਨ ਹੈ ਕਿ ਗੁਰੂ ਇਨਸਾਫ਼ ਕਰਨਗੇ। ਉਨ੍ਹਾਂ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਮੇਰੇ 'ਤੇ ਝੂਠੇ ਇਲਜ਼ਾਮ ਲਗਾਏ'। 'ਮੈਂ ਗੁਰੂ ਚਰਨਾ ਵਿਚ ਆਪਣਾ ਦਰਦ ਰੱਖ ਰਿਹਾ ਹਾਂ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਵਲਟੋਹਾ ਨੇ ਕਿਹਾ ਕਿ ਇਨਸਾਫ ਲਈ ਅਰਦਾਸ...

ਅੱਜ ਸ਼੍ਰੀ ਗੁਰੂ ਹਰਿਗੋਬਿੰਦ ਸੱਚੇ ਪਾਤਿਸ਼ਾਹ ਦੀ ਕਚਹਿਰੀ ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਥੱਲੇ ਹਾਜ਼ਰ ਹੋ ਕੇ 16 ਅਕਤੂਬਰ ਨੂੰ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਵੱਲੋਂ ਜੋ ਮੇਰੇ ਉੱਤੇ ਝੂਠੇ ਦੋਸ਼ ਲਾਏ ਗਏ ਸਨ ਕਿ,

1) ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਨੂੰ ਧਮਕੀ ਦਿੱਤੀ ਹੈ।

2) ਕਿ ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਦੀਆਂ ਧੀਆਂ ਨੂੰ ਲੈਕੇ ਭੈੜੇ ਦੋਸ਼ ਲਾਏ ਸਨ।




3) ਕਿ ਮੈਂ ਗਿਆਨੀ ਹਰਪ੍ਰੀਤ ਸਿੰਘ ਜੀ ਦੀ ਜਾਤ ਪਰਖੀ ਹੈ। ਸੰਬੰਧੀ ਸਤਿਗੁਰਾਂ ਤੋਂ ਇਨਸਾਫ ਦੀ ਮੰਗ ਕੀਤੀ।

ਗਿਆਨੀ ਹਰਪ੍ਰੀਤ ਸਿੰਘ ਵੱਲੋਂ ਲਾਏ ਏਨਾਂ ਦੋਸ਼ਾਂ ਨੇ ਮੈਨੂੰ ਮਾਨਸਿਕ ਤੌਰ 'ਤੇ ਬਹੁਤ ਪੀੜਾ ਦਿੱਤੀ ਹੈ। ਮੈਂ ਜਿੰਦਗੀ ਵਿਚ ਬੜੇ ਜਫਰ ਜਾਲੇ ਹਨ ਅਤੇ ਜਬਰ ਝੱਲੇ ਹਨ। ਪਰ ਏਨਾਂ ਜਬਰਾਂ ਨੂੰ ਮੈਂ ਹਮੇਸ਼ਾਂ ਚੜਦੀ ਕਲਾ ਨਾਲ ਬਰਦਾਸ਼ਤ ਕੀਤਾ ਹੈ। ਅੱਜ ਮੈਂ ਆਪਣੇ ਇਸ ਸਾਰੇ ਦਰਦ ਨੂੰ ਗੁਰੂ ਪੰਥ ਨਾਲ ਸਾਂਝਾ ਕਰਦਿਆਂ ਸ਼੍ਰੀ ਗੁਰੂ ਹਰਗੋਬਿੰਦ ਜੀ ਦੀ ਕਚਹਿਰੀ ਵਿੱਚ ਰੱਖਿਆ ਹੈ। ਛੇਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀਉ ਦਾਸ ਨਾਲ ਨਿਸਚੈ ਹੀ ਇਨਸਾਫ ਕਰਨਗੇ। ਮੈਂ ਤੇਰਾ ਇੱਕ ਨਿਮਾਣਾ ਸਿੱਖ ਹਾਂ। ਮੈਂ ਸੱਚਾ ਹਾਂ। ਹਾਂ, ਜੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਕੋਲ ਮੇਰੇ ਉੱਤੇ ਲਾਏ ਦੋਸ਼ਾਂ ਸੰਬੰਧੀ ਕਿਸੇ ਵੀ ਤਰਾਂ ਦਾ ਉਨ੍ਹਾਂ ਕੋਲ ਕੋਈ ਸਬੂਤ ਹੈ ਤਾਂ ਉਹ ਕਿਰਪਾ ਕਰਕੇ ਗੁਰੂ ਪੰਥ ਦੀ ਕਚਹਿਰੀ ਵਿੱਚ ਰੱਖਣ।

# ਸੀਰਾ ਸੁਪਰਸਟੋਰ ਦੇ ਮਾਲਕਾਂ ਵੱਲੋਂ

## ਸਮੂਹ ਜਗਤ ਨੂੰ ਬੰਦੀਛੋੜ ਦਿਵਸ ਅਤੇ ਦੀਵਾਲੀ ਦੀ ਲੱਖ ਲੱਖ ਵਧਾਈ



## WE WISH YOU A HAPPY DIWALI

## ਸੀਰਾ ਸੁਪਰ ਸਟੋਰ ਸਾਊਥਾਲ ਵੱਲੋਂ ਲਾਈ ਗਈ ਭਾਰੀ ਸੇਲ ਦਾ ਲਾਭ ਉਠਾਓ




ਸਾਊਥਾਲ ਦੀ ਕਿੰਗ ਸਟ੍ਰੀਟ ਤੇ ਸਾਡੇ ਸਟੋਰ ਵਿੱਚੋਂ ਟਰਾਲੀਆਂ ਭਰ ਕੇ ਤਾਜ਼ਾ ਅਤੇ ਵਧੀਆ ਸਮਾਨ ਲੈ ਜਾਓ















## ਸਾਊਥਾਲ ਦੀ ਕਿੰਗ ਸਟ੍ਰੀਟ ਤੇ ਸੀਰਾ ਸੁਪਰ ਸਟੋਰ ਵੱਲੋਂ ਗਰੌਸਰੀ ਅਤੇ ਘਰਾਂ ਵਿੱਚ ਵਰਤੋਂ ਦੇ ਸਮਾਨ ’ਤੇ ਭਾਰੀ ਛੂਟ

# SIRA SUPERSTORE

13-15 KING STREET, SOUTHALL, UB2 4DG. Tel : 020 8843 9094

# ਹਾਈਕੋਰਟ ਨੇ ਮਾਲਵਿੰਦਰ ਸਿੰਘ ਮਾਲੀ ਨੂੰ ਦਿੱਤੀ ਜਮਾਨਤ



## ✪ ਵਿਧਾਇਕ ਪ੍ਰਗਟ ਸਿੰਘ ਦੀ ਅਗਵਾਈ ਵਿਚ ਬੁਧੀਜੀਵੀਆਂ ਵਲੋਂ ਵਿਖਾਵਾ



ਚੰਡੀਗੜ੍ਹ-ਮਾਲਵਿੰਦਰ ਸਿੰਘ ਮਾਲੀ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਵੱਡੀ ਰਾਹਤ ਮਿਲੀ ਹੈ, ਹਾਈਕੋਰਟ ਨੇ ਮਾਲੀ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਮਾਲੀ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਆਪਣੇ ਖ਼ਿਲਾਫ਼ ਦਰਜ ਕੇਸ ਅਤੇ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੱਤੀ ਹੈ।

ਦੂਜੇ ਬੰਨੇ ਪੂਰੇ ਪੰਜਾਬ ਸਮੇਤ ਚੰਡੀਗੜ੍ਹ ਦੇ ਸੈਕਟਰ 17 ਵਿੱਚ ਮਾਲਵਿੰਦਰ ਸਿੰਘ ਮਾਲੀ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਬੁੱਧੀਜੀਵੀਆਂ ਤੇ ਪੱਤਰਕਾਰਾਂ ਨੇ ਰੋਸ਼ ਵਿਖਾਵਾ ਕੀਤਾ। ਜ਼ਮਾਨਤ ਬਾਰੇ ਜਾਣਕਾਰੀ ਦਿੰਦਿਆਂ ਐਡਵੋਕੇਟ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਟੈਕਨੀਕਲ ਤੌਰ 'ਤੇ ਮਾਲਵਿੰਦਰ ਸਿੰਘ ਮਾਲੀ ਨੂੰ ਜੇਲ੍ਹ ਵਿੱਚ ਰੱਖਣਾ ਗਲਤ ਹੈ ਜਿਸ ਕਾਰਨ ਉਹਨਾਂ ਨੂੰ ਹੁਣ ਜਮਾਨਤ ਮਿਲ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਮੁਲਕ ਵਿੱਚ ਸਾਰਿਆਂ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ। ਸਿਮਰਨਜੀਤ ਸਿੰਘ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਸਰਕਾਰ ਦੇ ਖ਼ਿਲਾਫ਼ ਆਵਾਜ਼ ਚੁੱਕਦਾ ਹੈ ਤਾਂ ਸਰਕਾਰ ਉਸਨੂੰ ਜੇਲ੍ਹ ਵਿਚ ਬੰਦ ਕਰ ਦਿੰਦੀ ਹੈ ਜੋ ਕਿ ਗਲਤ ਹੈ।

ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਨੇ ਮਲਵਿੰਦਰ ਸਿੰਘ ਮਾਲੀ ਨੂੰ ਗ੍ਰਿਫ਼ਤਾਰ ਕਰਕੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਦੇ ਚਾਰੇ ਥੰਮ ਹੁਣ ਢਹਿ ਢੇਰੀ ਹੁੰਦੇ ਹੋਏ ਨਜ਼ਰ ਆ ਰਹੇ ਹਨ। ਪ੍ਰਗਟ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਇਸ ਖ਼ਿਲਾਫ਼ ਮਿਲ ਕੇ ਇਕਜੁਟ ਹੋਣ ਦੀ ਲੋੜ ਹੈ ਤਾਂ ਜੋ ਲੋਕਤੰਤਰ ਨੂੰ ਬਚਾਇਆ ਜਾ ਸਕੇ।

ਚੰਡੀਗੜ੍ਹ ਸੈਕਟਰ 17 ਵਿੱਚ ਕੀਤੇ ਰੋਸ ਵਿਖਾਵੇ ਵਿੱਚ ਐਮਐਲਏ ਪ੍ਰਗਟ ਸਿੰਘ , ਕਾਂਗਰਸੀ ਆਗੂ ਬਰਿੰਦਰ ਸਿੰਘ ਢਿੱਲੋਂ, ਡਾਕਟਰ ਪਿਆਰਾ ਲਾਲ ਗਰਗ, ਡਾਕਟਰ ਖੁਸ਼ਹਾਲ ਸਿੰਘ ਆਦਿ ਨੇ ਸੰਬੋਧਨ ਕੀਤਾ।

16 ਸਤੰਬਰ ਨੂੰ ਮੁਹਾਲੀ ਵਿੱਚ ਮਾਲੀ ਉਪਰ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ ਕੀਤਾ ਗਿਆ ਸੀ ਅਤੇ ਉਸ ਨੂੰ ਭਾਰਤੀ ਦੰਡਾਵਲੀ ਦੀ ਧਾਰਾ 196 ਅਤੇ 299 ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ, ਉਦੋਂ ਤੋਂ ਉਹ ਹਿਰਾਸਤ ਵਿੱਚ ਹੈ। ਮਾਲੀ ਦਾ ਕਹਿਣਾ ਹੈ ਕਿ ਜਿਸ ਵਿਅਕਤੀ ਦੀ ਸ਼ਿਕਾਇਤ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ, ਉਹ ਸਰਕਾਰ ਦਾ ਕਰੀਬੀ ਹੈ, ਇਸ ਲਈ ਸਿਆਸੀ ਰੰਜਿਸ਼ ਕਾਰਨ ਇਹ ਸਾਰਾ ਮਾਮਲਾ ਦਰਜ ਕੀਤਾ ਗਿਆ ਹੈ। ਅੱਜ ਹਾਈ ਕੋਰਟ ਨੇ ਮਾਲੀ ਨੂੰ ਅੰਤਰਿਮ ਰਾਹਤ ਦਿੰਦਿਆਂ ਉਸ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ।

# ਸਾਬਕਾ ਪੁਲਿਸ ਅਫਸਰ ਸੈਣੀ ਮਾਮਲੇ ਵਿਚ ਹਾਈਕੋਰਟ ਦਾ ਪੰਜਾਬ ਸਰਕਾਰ ਨੂੰ ਨੋਟਿਸ !

## ✪ ਸੈਣੀ ਡਰਿਆ ਕਿ ਪੁਲਿਸ ਮੈਨੂੰ ਗ੍ਰਿਫਤਾਰ ਕਰਨਾ ਚਾਹੁੰਦੀ ਏ

ਚੰਡੀਗੜ੍ਹ-30 ਸਾਲ ਪੁਰਾਣੇ ਕੇਸ ਵਿਚ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਇਸ ਮਾਮਲੇ ਵਿਚ ਸੈਣੀ ਨੇ ਦਲੀਲ ਦਿੰਦਿਆਂ ਕਿਹਾ ਕਿ ਉਸ ਨੂੰ ਸਿਆਸੀ ਕਾਰਨਾਂ ਕਰਕੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਪੁਲਿਸ ਉਸ ਨੂੰ ਹਰ ਕੀਮਤ ਤੇ ਗ੍ਰਿਫਤਾਰ ਕਰਨਾ ਚਾਹੁੰਦੀ ਹੈ। ਸਿਰਫ ਤੇ ਸਿਰਫ ਉਨ੍ਹਾਂ ਨੂੰ ਸਿਆਸਤ ਨੂੰ ਲੈ ਕੇ ਤੰਗ ਕੀਤਾ ਜਾ ਰਿਹਾ ਹੈ। ਇਸੇ ਲਈ 1991 ਦੇ ਕੇਸ ਵਿੱਚ ਤੀਹ ਸਾਲ ਦੀ ਦੇਰੀ ਤੋਂ ਬਾਅਦ 2020 ਵਿੱਚ ਕੇਸ ਦਰਜ ਕੀਤਾ ਗਿਆ ਸੀ। ਉਸ ਨੇ ਐਫਆਈਆਰ ਦਰਜ ਕਰਨ ਦੀ ਮੰਗ ਕੀਤੀ ਹੈ। ਅਦਾਲਤ ਨੇ ਹੁਣ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਮਾਮਲੇ ਦੀ ਅਗਲੀ ਸੁਣਵਾਈ 25 ਨਵੰਬਰ ਲਈ ਤੈਅ ਕੀਤੀ ਗਈ ਹੈ।

### ਕੀ ਹੈ ਪੂਰਾ ਮਾਮਲਾ ?

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਵਲੋਂ ਕੀਤੀ ਗਈ ਸ਼ਿਕਾਇਤ ਅਨੁਸਾਰ, ਉਨ੍ਹਾਂ ਨੂੰ 11 ਦਸੰਬਰ 1991 ਨੂੰ ਤੜਕੇ 4 ਵਜੇ ਦੇ ਕਰੀਬ ਉਨ੍ਹਾਂ ਦੇ ਮੋਹਾਲੀ ਸਥਿਤ ਆਵਾਸ ਤੋਂ ਪੁਲਿਸ ਨੇ ਹਿਰਾਸਤ ਵਿਚ ਲਿਆ ਗਿਆ ਸੀ। ਉਸ ਵੇਲੇ ਕੁਝ ਹੋਰ ਲੋਕਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਸੀ।

ਸ਼ਿਕਾਇਤ ਮੁਤਾਬਕ ਇਲਜ਼ਾਮ ਹੈ ਕਿ ਚੰਡੀਗੜ੍ਹ ਪੁਲਿਸ ਨੇ ਦੋ ਦਿਨ ਟਾਰਚਰ ਕਰਨ ਤੋਂ ਬਾਅਦ 13 ਦਸੰਬਰ ਨੂੰ ਐੱਫ਼ਆਈਆਰ ਦਰਜ ਕਰ ਲਈ ਸੀ, ਜਿਸ ਵਿੱਚ ਉਸ ਵੇਲੇ ਦੇ ਚੰਡੀਗੜ੍ਹ ਦੇ ਐੱਸਐੱਸਪੀ ਸੁਮੇਧ ਸਿੰਘ ਸੈਣੀ 'ਤੇ ਹੋਏ ਹਮਲੇ ਵਿਚ ਉਸ ਦਾ ਹੱਥ ਦੱਸਿਆ ਗਿਆ ਸੀ।

ਚੰਡੀਗੜ੍ਹ ਪੁਲਿਸ ਦੀ ਹਿਰਾਸਤ ਵਿਚ ਕੁਲ 7 ਦਿਨਾਂ ਤੱਕ ਟਾਰਚਰ ਕਰਨ ਤੋਂ ਬਾਅਦ ਬਲਵੰਤ ਨੂੰ ਕਾਦੀਆਂ (ਗੁਰਦਾਸਪੁਰ) ਥਾਣੇ ਲੈ ਜਾਇਆ ਗਿਆ ਅਤੇ ਉੱਥੇ ਉਸ ਨੂੰ ਫਰਾਰ ਘੋਸ਼ਿਤ ਕਰਕੇ ਉਸ ਖਿਲਾਫ਼ ਇੱਕ ਹੋਰ ਐਫ਼ਆਈਆਰ ਦਰਜ ਕੀਤੀ ਗਈ ਸੀ।

ਦਸੰਬਰ 1991 ਵਿਚ ਬਲਵੰਤ ਦੇ ਪਿਤਾ ਅਤੇ ਆਈਏਐੱਸ ਅਫ਼ਸਰ ਦਰਸ਼ਨ ਸਿੰਘ ਮੁਲਤਾਨੀ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਦਿਆਂ ਉਨ੍ਹਾਂ ਦੇ ਬੇਟੇ ਬਲਵੰਤ ਨੂੰ ਅਦਾਲਤ ਵਿਚ ਪੁਲਿਸ ਵਲੋਂ ਪੇਸ਼ ਕਰਾਉਣ ਲਈ ਕਿਹਾ। ਪਰ ਅਦਾਲਤ ਨੇ ਇਸ ਦਾਅਵੇ ਦੇ ਆਧਾਰ 'ਤੇ ਪਟੀਸ਼ਨ ਖਾਰਿਜ ਕਰ ਦਿੱਤੀ ਕਿ ਬਲਵੰਤ ਪੁਲਿਸ ਹਿਰਾਸਤ ਤੋਂ ਭੱਜ ਗਿਆ ਸੀ ਅਤੇ ਉਸ ਦੇ ਠਿਕਾਨੇ ਬਾਰੇ ਹੁਣ ਕਿਸੇ ਨੂੰ ਨਹੀਂ ਪਤਾ।

ਪਰਿਵਾਰ ਦਾ ਕਹਿਣਾ ਸੀ ਕਿ ਬਲਵੰਤ ਦੀ ਪੁਲਿਸ ਤਸ਼ੱਦਦ ਦੌਰਾਨ ਮੌਤ ਹੋਈ ਹੈ।



ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਸਾਲ 2007 ਵਿਚ ਇਹ ਕੇਸ ਸੀਬੀਆਈ ਨੂੰ ਸੌਂਪ ਦਿਤਾ ਗਿਆ।

2008 ਵਿਚ ਸੀਬੀਆਈ ਨੇ ਸੁਪਰੀਮ ਕੋਰਟ 'ਚ ਆਪਣਾ ਹਲਫ਼ਨਾਮਾ ਸੌਂਪਿਆ। ਸੁਪਰੀਮ ਕੋਰਟ ਵਿਚ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਸੈਨੀ ਦੇ ਹੱਕ ਵਿਚ ਆਪਣਾ ਪੱਖ ਰਖਦਿਆਂ ਕਿਹਾ ਕਿ ਸੈਨੀ ਵਰਗੇ ਇਮਾਨਦਾਰ ਪੁਲਿਸ ਅਧਿਕਾਰੀ ਨੇ ਪੰਜਾਬ ਤੋਂ ਖਾੜਕੂਵਾਦ ਖ਼ਤਮ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ।

ਦਸੰਬਰ 2011 ਵਿਚ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਦੀ ਅਪੀਲ ਨੂੰ ਮੰਜ਼ੂਰੀ ਦਿਤੀ ਅਤੇ ਹਾਈਕੋਰਟ ਦੇ ਆਦੇਸ਼ਾਂ ਨੂੰ ਗ਼ਲਤ ਘੋਸ਼ਿਤ ਕੀਤਾ।

ਬਲਵੰਤ ਸਿੰਘ ਮੁਲਤਾਨੀ ਦੇ ਭਰਾ ਪਲਵਿੰਦਰ ਸਿੰਘ ਮੁਲਤਾਨੀ ਦੀ ਸ਼ਿਕਾਇਤ 'ਤੇ 7 ਮਈ 2020 ਨੂੰ ਮੁੜ ਤੋਂ ਸੁਮੇਧ ਸਿੰਘ ਸੈਣੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ।

ਪਲਵਿੰਦਰ ਮੁਲਤਾਨੀ ਵਲੋਂ ਕੇਸ ਲੜ ਰਹੇ ਵਕੀਲ ਪ੍ਰਦੀਪ ਵਿਰਕ ਨੇ ਦੱਸਿਆ ਕਿ ਸੈਣੀ ਅਤੇ 7 ਹੋਰਾਂ ਖ਼ਿਲਾਫ਼ ਧਾਰਾ 364, 201, 344, 330 ਅਤੇ 120ਬੀ ਦੇ ਨਾਲ ਅਦਾਲਤ ਦੇ ਹੁਕਮਾਂ ਤੋਂ ਬਾਅਦ ਧਾਰਾ 302 (ਕਤਲ ਦੀ ਧਾਰਾ) ਵੀ ਜੋੜ ਲਈ ਗਈ ਸੀ।

### ਕੌਣ ਸੀ ਬਲਵੰਤ ਸਿੰਘ ਮੁਲਤਾਨੀ ?

ਬਲਵੰਤ ਸਿੰਘ ਮੁਲਤਾਨੀ ਤਤਕਾਲੀ ਆਈਏਐੱਸ ਅਧਿਕਾਰੀ ਦਰਸ਼ਨ ਸਿੰਘ ਮੁਲਤਾਨੀ ਦੇ ਪੁੱਤਰ ਸਨ।

ਬਲਵੰਤ ਸਿੰਘ ਚੰਡੀਗੜ੍ਹ ਇੰਡਸਟ੍ਰਿਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕੌਰਪੋਰੇਸ਼ਨ (ਸਿਟਕੋ) ਵਿੱਚ ਕੰਮ ਕਰਦੇ ਸਨ।

ਬਲਵੰਤ ਸਿੰਘ ਨੇ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕੀਤੀ ਹੋਈ ਸੀ ਅਤੇ ਉਹ ਮਈ, 1989 ਤੋਂ ਚੰਡੀਗੜ੍ਹ ਵਿੱਚ ਹੀ ਸਿਟਕੋ ਵਿੱਚ ਜੂਨੀਅਰ ਇੰਜੀਨੀਅਰ ਵਜੋਂ ਕੰਮ ਕਰ ਰਹੇ ਸਨ।

31 ਦਸੰਬਰ, 1991 ਤੱਕ ਉਨ੍ਹਾਂ ਨੂੰ ਐਸ. ਡੀ. ਓ ਵਜੋਂ ਤਰੱਕੀ ਦਿੱਤੀ ਜਾਣੀ ਸੀ। ਉਨ੍ਹਾਂ ਦਾ ਅਜੇ ਵਿਆਹ ਨਹੀਂ ਹੋਇਆ ਸੀ ਅਤੇ ਹਾਦਸੇ ਵੇਲੇ ਉਹ 28 ਸਾਲਾਂ ਦੇ ਸਨ।

ਕਰਾਈਮ ਨਿਊਜ਼

## ਸਮਗਲਰਾਂ ਦਾ ਪੁਲਿਸ ਨਾਲ ਹੋਇਆ ਮੁਕਾਬਲਾ, ਦੋ ਗ੍ਰਿਫਤਾਰ, ਹਥਿਆਰ ਫੜੇ

ਅੰਮ੍ਰਿਤਸਰ-ਅੰਮ੍ਰਿਤਸਰ ਵਿਚ ਬੀਤੇ ਦਿਨੀਂ ਹਥਿਆਰ ਤਸਕਰਾਂ ਨਾਲ ਪੁਲਿਸ ਦਾ ਐਨਕਾਊਂਟਰ ਹੋ ਗਿਆ। ਦੋਵਾਂ ਪਾਸੋਂ ਗੋਲੀਆਂ ਚੱਲੀਆਂ ਜਿਸ ਮਗਰੋਂ ਦੋ ਤਸਕਰ ਗ੍ਰਿਫਤਾਰ ਕਰ ਲਏ ਗਏ ਜਿਹਨਾਂ ਕੋਲੋਂ ਹਥਿਆਰ ਵੀ ਬਰਾਮਦ ਕੀਤੇ ਗਏ ਹਨ ਜ਼ਵਾਬੀ ਕਾਰਵਾਈ ਵਿਚ ਇਕ ਗੈਂਗਸਟਰ ਜ਼ਖ਼ਮੀ ਹੋ ਗਿਆ। ਏ.ਸੀ.ਪੀ ਸੁਰਿੰਦਰਬੀਰ ਸਿੰਘ ਨੇ ਦੱਸਿਆ ਕਿ ਰਾਤ ਸਮੇਂ ਪੁਲਿਸ ਦੀਆਂ ਗੱਡੀਆਂ ਨੂੰ ਦੇਖ ਕੇ ਤਸਕਰਾਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਗੋਲੀਆਂ ਪੁਲਿਸ ਦੀਆਂ ਗੱਡੀਆਂ ਨੂੰ ਲੱਗੀਆਂ। ਜਿਸ ਤੋਂ ਬਾਅਦ ਪੁਲਿਸ ਨੇ ਚਾਰਜ ਸੰਭਾਲ ਲਿਆ ਅਤੇ ਜਵਾਬੀ ਕਾਰਵਾਈ ਕੀਤੀ।

ਇਸ ਦੌਰਾਨ ਇੱਕ ਤਸਕਰ ਦੇ ਪੱਟ ਵਿੱਚ ਗੋਲੀ ਲੱਗੀ। ਜਦਕਿ ਦੂਜਾ ਭੱਜਦੇ ਹੋਏ ਫੜਿਆ ਗਿਆ। ਫੜੇ ਗਏ ਦੋਵੇਂ ਤਸਕਰ ਤਰਨਤਾਰਨ ਦੇ ਰਹਿਣ ਵਾਲੇ ਹਨ। ਇੱਕ ਝਬਾਲ ਦਾ ਅਤੇ ਦੂਜਾ ਤਰਨਤਾਰਨ ਸ਼ਹਿਰ ਦਾ ਰਹਿਣ ਵਾਲਾ ਹੈ। ਤਸਕਰੀ ਦੇ ਨਾਲ-ਨਾਲ ਦੋਵੇਂ ਸ਼ਾਰਪ ਸ਼ੂਟਰ ਵੀ ਹਨ। ਜੋ ਸੁਪਾਰੀ ਲੈ ਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਫਿਲਹਾਲ ਦੋਵੇਂ ਜ਼ਖ਼ਮੀਆਂ ਨੂੰ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

# ਜਲੰਧਰ ਦੇ ਜਸਪਾਲ ਕਤਲ ਕਾਂਡ ਦਾ ਮੁੱਖ ਦੋਸ਼ੀ ਚੰਡੀਗੜ੍ਹ ਤੋਂ ਗ੍ਰਿਫਤਾਰ

## ✪ ਹੁਣ ਤੱਕ ਕੁੱਲ ਪੰਜ ਨਾਜਾਇਜ਼ ਹਥਿਆਰ ਬਰਾਮਦ ਕੀਤੇ ਗਏ

ਜਲੰਧਰ-ਕਰੀਬ ਇੱਕ ਮਹੀਨਾ ਪਹਿਲਾਂ ਜਲੰਧਰ ਦੇ ਭੋਗਪੁਰ ਨੇੜੇ ਗੋਲੀ ਮਾਰ ਕੇ ਮਾਰੇ ਗਏ ਜਸਪਾਲ ਸਿੰਘ ਉਰਫ਼ ਸ਼ਾਲੂ ਦੇ ਕਤਲ ਦੇ ਮਾਮਲੇ ਵਿੱਚ ਪੁਲਿਸ ਨੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਵਿੱਚ ਮੁੱਖ ਮੁਲਜ਼ਮ ਨੂੰ ਪੁਲਿਸ ਨੇ ਚੰਡੀਗੜ੍ਹ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮਾਂ ਕੋਲੋਂ ਹੁਣ ਤੱਕ ਕੁੱਲ ਪੰਜ ਨਾਜਾਇਜ਼ ਹਥਿਆਰ ਬਰਾਮਦ ਕੀਤੇ ਗਏ ਹਨ। ਪੁਲਿਸ ਮੁਲਜ਼ਮਾਂ ਨੂੰ ਜਲਦੀ ਹੀ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ ਰਿਮਾਂਡ 'ਤੇ ਲੈ ਲਵੇਗੀ। ਡੀਜੀਪੀ ਗੌਰਵ ਯਾਦਵ ਨੇ ਕਿਹਾ- ਜਲੰਧਰ ਦੇਹਾਤ ਪੁਲਿਸ ਨੇ ਭੋਗਪੁਰ ਦੇ ਜਸਪਾਲ ਕਤਲ ਕਾਂਡ ਨੂੰ ਸੁਲਝਾ ਲਿਆ ਹੈ। ਮੁੱਖ ਦੋਸ਼ੀ ਨੂੰ ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੰਜ ਹਥਿਆਰ ਬਰਾਮਦ ਹੋਏ ਹਨ। ਮੁੱਖ ਸਪਲਾਇਰ ਨੂੰ ਵੀ ਬਿਹਾਰ ਦੇ ਮੁਜ਼ੱਫਰਪੁਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਡੀਜੀਪੀ ਨੇ ਕਿਹਾ- ਮੁਲਜ਼ਮ ਬਿਹਾਰ ਤੋਂ ਸਾਰੇ ਹਥਿਆਰ ਲਿਆਏ ਸਨ।

### ਜਸਪਾਲ ਦੇ ਸਿਰ ਵਿੱਚ ਗੋਲੀ ਲੱਗੀ ਸੀ

ਜਸਪਾਲ ਦਾ ਕਤਲ ਚਾਰ ਵਿਅਕਤੀਆਂ ਨੇ ਕੀਤਾ ਸੀ। ਜਸਪਾਲ ਮੂਲ ਰੂਪ ਵਿੱਚ ਭੋਗਪੁਰ ਦਾ ਰਹਿਣ ਵਾਲਾ ਸੀ। ਉਕਤ ਨੌਜਵਾਨ ਨੂੰ ਭੋਗਪੁਰ ਸਥਿਤ ਮੋਗਾ ਰੇਲਵੇ ਫਾਟਕ ਨੇੜੇ ਗੋਲੀ



ਮਾਰ ਦਿੱਤੀ ਗਈ। ਪੁਲੀਸ ਨੇ ਕਤਲ ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਸਪਾਲ ਦੇ ਬਾਈਕ ਨੂੰ ਪਹਿਲਾਂ ਟੱਕਰ ਮਾਰ ਕੇ ਹੇਠਾਂ ਸੁੱਟਿਆ ਗਿਆ ਅਤੇ ਫਿਰ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ ਗਈ।

### ਮਾਮਲੇ ਵਿਚ 6 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਸੀ

ਜਾਣਕਾਰੀ ਅਨੁਸਾਰ ਪੁਲਿਸ ਨੇ ਜਾਂਚ ਤੋਂ ਬਾਅਦ ਇਸ ਮਾਮਲੇ ਵਿੱਚ ਕੁੱਲ 6 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਸੀ। ਇਨ੍ਹਾਂ ਵਿੱਚੋਂ ਗੁਰਜੀਤ ਸਿੰਘ ਵਾਸੀ ਪਿੰਡ ਵਿੰਪਾਲਕੇ, ਰਵੀ ਅਤੇ ਗੁਰਪ੍ਰੀਤ ਸਿੰਘ ਦੋਵੇਂ ਵਾਸੀ ਗਹਿਲਾੜਾ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮ੍ਰਿਤਕ ਦੇ ਵੱਡੇ ਭਰਾ ਨੇ ਦੋਸ਼ ਲਾਇਆ ਸੀ ਕਿ ਦੋ ਦਿਨ ਪਹਿਲਾਂ ਉਸ ਨੇ ਉਸ ਦੀ ਕੁੱਟਮਾਰ ਕੀਤੀ ਸੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ।

## 504 ਗ੍ਰਾਮ ਹੈਰੋਇਨ ਸਮੇਤ ਔਰਤ ਤਸਕਰ ਗ੍ਰਿਫ਼ਤਾਰ ਕਾਬੂ

### ✪ ਪਤੀ ਨਸ਼ਾ ਤਸਕਰੀ ਦੇ ਕੇਸ ਵਿਚ ਪਹਿਲਾਂ ਹੀ ਜੇਲ੍ਹ 'ਚ ਬੰਦ

ਜਲੰਧਰ-ਸਪੈਸ਼ਲ ਟਾਸਕ ਫੋਰਸ ਜਲੰਧਰ ਰੇਂਜ ਦੀ ਟੀਮ ਨੇ ਨਾਕਾਬੰਦੀ ਦੌਰਾਨ ਇਕ ਮਹਿਲਾ ਨਸ਼ਾ ਤਸਕਰ ਕਮਲੇਸ਼ ਕੌਰ ਪਿੰਡ ਲੱਖਣਪਾਲ ਥਾਣਾ ਜਮਸ਼ੇਰ ਜਲੰਧਰ ਨੂੰ ਕਾਬੂ ਕਰ ਕੇ ਉਸ ਕੋਲੋਂ 504 ਗ੍ਰਾਮ ਹੈਰੋਇਨ ਬਰਾਮਦ ਕਰ ਕੇ ਗ੍ਰਿਫ਼ਤਾਰ ਕਰ ਲਿਆ ਹੈ। ਮੁਢਲੀ ਤਫ਼ਤੀਸ਼ ਦੌਰਾਨ ਪਤਾ ਲਗਾ ਹੈ ਕਮਲੇਸ਼ ਰਾਣੀ ਖਿਲਾਫ ਇਸ ਤੋਂ ਪਹਿਲਾਂ ਵੀ ਨਸ਼ਾ ਤਸਕਰੀ ਤੇ ਕਤਲ ਦਾ ਮਾਮਲਾ ਦਰਜ ਹੈ। ਇਸ ਤੋਂ ਇਲਾਵਾ ਉਸ ਦਾ ਪਤੀ ਸੁਰਜੀਤ ਸਿੰਘ ਵੀ ਨਸ਼ਾ ਤਸਕਰੀ ਮਾਮਲੇ ਵਿਚ ਜੇਲ੍ਹ ਵਿਚ ਬੰਦ ਹੈ।

# ਚਾਚੀ ਨੇ 1 ਲੱਖ ਵਿਚ ਵੇਚੀ ਨਾਬਾਲਿਗ ਭਤੀਜੀ !

## ✪ ਲੜਕੀ ਦੀ ਚਾਚੀ ਤੇ ਚਚੇਰੀ ਭੈਣ ਸਮੇਤ ਤਿੰਨ ਔਰਤਾਂ ਗ੍ਰਿ਼ਫਤਾਰ

ਅੰਮ੍ਰਿਤਸਰ-ਅੰਮ੍ਰਿਤਸਰ 'ਚ ਪੁਲਿਸ ਨੇ ਨਾਬਾਲਗ ਲੜਕੀਆਂ ਨੂੰ ਵੇਚਣ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਲੜਕੀ ਦੀ ਚਾਚੀ ਅਤੇ ਚਚੇਰੀ ਭੈਣ ਸਮੇਤ ਤਿੰਨ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਨ੍ਹਾਂ ਨੇ ਆਪਣੀ ਹੀ ਭਤੀਜੀ ਅਤੇ ਭੈਣ ਨੂੰ ਇੱਕ ਲੱਖ ਰੁਪਏ ਵਿੱਚ ਵੇਚ ਦਿੱਤਾ। ਫਿਲਹਾਲ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਅਨੁਸਾਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਦੀਆਂ ਹਦਾਇਤਾਂ ਅਨੁਸਾਰ ਥਾਣਾ ਸਿਟੀ ਦੇ ਡੀ.ਸੀ.ਪੀ ਵਿਸ਼ਾਲਜੀਤ ਸਿੰਘ ਦੀ ਅਗਵਾਈ 'ਚ ਇੰਸਪੈਕਟਰ ਮਨਜੀਤ ਕੌਰ ਦੀ ਪੁਲਿਸ ਪਾਰਟੀ ਨੇ 15 ਸਾਲਾ ਨਾਬਾਲਗ ਲੜਕੀ ਨੂੰ ਅਗਵਾਹ ਕਰਕੇ ਵੇਚਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ 3 ਔਰਤਾਂ ਨੂੰ ਗ੍ਰਿਫ਼ਤਾਰ ਕਰਨ 'ਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਫੜੀਆਂ ਗਈਆਂ ਤਿੰਨ ਔਰਤਾਂ ਦੀ ਪਛਾਣ ਕਿਰਨ ਦੇਵੀ ਪਤਨੀ ਰਵਿੰਦਰ ਕੁਮਾਰਫਾਜ਼ਿਲਕਾ, ਰਾਜ ਕੌਰ ਪਤਨੀ ਗੋਰਾ ਵਾਸੀ ਅੰਮ੍ਰਿਤਸਰ ਅਤੇ ਨਵਜੋਤ ਕੌਰ ਪਤਨੀ ਗੋਰਾ ਵਾਸੀ ਗਲੀ ਅੰਮ੍ਰਿਤਸਰ ਵਜੋਂ ਹੋਈ ਹੈ। ਇਸ ਮਾਮਲੇ ਵਿੱਚ ਇਨ੍ਹਾਂ ਔਰਤਾਂ ਦੇ ਦੋ ਹੋਰ ਸਾਥੀਆਂ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ ਜਿਸ ਦੀ ਭਾਲ ਜਾਰੀ ਹੈ।

### ਜੁਲਾਈ ਵਿੱਚ ਲਾਪਤਾ ਹੋਈ ਸੀ ਲੜਕੀ



ਇਹ ਮਾਮਲਾ ਅੰਮ੍ਰਿਤਸਰ ਦੇ ਰਹਿਣ ਵਾਲੇ ਇੱਕ ਵਿਅਕਤੀ ਵੱਲੋਂ ਦਰਜ ਕਰਵਾਇਆ ਗਿਆ ਸੀ, ਪੀੜਤ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸਦੀ ਪਤਨੀ ਦੀ 10 ਸਾਲ ਪਹਿਲਾਂ ਮੌਤ ਹੋ ਗਈ ਸੀ। ਉਸ ਦੀ 15 ਸਾਲਾ ਨਾਬਾਲਗ ਧੀ ਦੀ ਕੋਈ ਪੜ੍ਹਾਈ ਨਹੀਂ ਸੀ ਅਤੇ ਉਹ ਘਰ ਦਾ ਕੰਮ ਕਰਦੀ ਸੀ।

13 ਜੁਲਾਈ ਨੂੰ ਉਸ ਦੀ ਲੜਕੀ ਆਪਣੀ ਦਾਦੀ ਨੂੰ ਪੁੱਛੇ ਬਿਨਾਂ ਘਰੋਂ ਚਲੀ ਗਈ। ਜਿਸ ਦੀ ਪਰਿਵਾਰਕ ਮੈਂਬਰਾਂ ਵੱਲੋਂ ਭਾਲ ਜਾਰੀ ਹੈ। ਪਰ ਉਸ ਦਾ ਪਤਾ ਨਹੀਂ ਲੱਗਾ। ਪਿਤਾ ਅਨੁਸਾਰ ਉਸ ਨੂੰ ਸ਼ੱਕ ਸੀ ਕਿ ਉਸ ਦੀ ਲੜਕੀ ਨੂੰ ਕੋਈ ਅਣਪਛਾਤਾ ਵਿਅਕਤੀ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਲੈ ਗਿਆ ਹੈ, ਜਿਸ 'ਤੇ ਮਾਮਲਾ ਦਰਜ ਕਰ ਲਿਆ ਗਿਆ ਸੀ। ਪੁਲਿਸ ਪਾਰਟੀ ਨੇ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕਰਨ ਤੋਂ ਬਾਅਦ ਨਾਬਾਲਗ ਲੜਕੀ ਨੂੰ ਬਰਾਮਦ ਕਰ ਲਿਆ। ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

### ਫਾਜ਼ਿਲਕਾ ਦੀ ਔਰਤ ਨੇ 1 ਲੱਖ ਰੁਪਏ 'ਚ ਖਰੀਦੀ ਲੜਕੀ

ਪੁਲਿਸ ਨੇ ਦੱਸਿਆ ਕਿ ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਫੜੀ ਗਈ ਔਰਤ ਕਿਰਨ ਦੇਵੀ ਵਾਸੀ ਫ਼ਾਜ਼ਿਲਕਾ ਨੇ ਨਾਬਾਲਗ ਲੜਕੀ ਨੂੰ ਰਾਜ ਕੌਰ ਅਤੇ ਨਵਜੋਤ ਕੌਰ ਦੋਵੇਂ ਵਾਸੀ ਛੋਟਾ ਹਰੀਪੁਰਾ ਜ਼ਿਲ੍ਹਾ ਅੰਮ੍ਰਿਤਸਰ ਤੋਂ 1 ਲੱਖ ਰੁਪਏ ਵਿੱਚ ਖਰੀਦਿਆ ਸੀ। ਰਾਜ ਕੌਰ ਅਤੇ ਨਵਜੋਤ ਕੌਰ ਨਾਬਾਲਗ ਲੜਕੀ ਦੀ ਚਾਚੀ ਅਤੇ ਭੈਣ ਲੱਗਦੀਆਂ ਹਨ।

## ਡਰਗ ਤਸਕਰੀ ਕਾਰਣ ਸਾਬਕਾ ਵਿਧਾਇਕ ਸਤਿਕਾਰ ਕੌਰ ਨੂੰ 6 ਸਾਲ ਲਈ ਭਾਜਪਾ ਨੇ ਪਾਰਟੀ ਵਿਚੋਂ ਕਢਿਆ




ਚੰਡੀਗੜ੍ਹ-ਡਰੱਗ ਤਸਕਰੀ ਕਾਰਣ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੇ ਨਿਰਦੇਸ਼ਾਂ 'ਤੇ ਸਤਿਕਾਰ ਕੌਰ ਨੂੰ 6 ਸਾਲ ਲਈ ਪਾਰਟੀ ਵਿੱਚੋਂ ਕੱਢਿਆ ਗਿਆ ਹੈ। ਦਰਅਸਲ ਬੀਤੇ ਦਿਨ ਸਤਿਕਾਰ ਕੌਰ ਗਹਿਰੀ ਨੂੰ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਕੋਲੋਂ ਚਿੱਟਾ, ਡਰੱਗ ਮਨੀ ਅਤੇ 4 ਗੱਡੀਆਂ ਵੀ ਪੁਲਿਸ ਨੇ ਫੜੀਆਂ ਸਨ। ਸਤਿਕਾਰ ਕੌਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੌਰਾਨ ਫਿਰੋਜ਼ਪੁਰ ਦੇਹਾਤੀ ਤੋਂ ਵਿਧਾਇਕ ਸਨ। 2022 ਵਿਚ ਉਨ੍ਹਾਂ ਨੇ ਕਾਂਗਰਸ ਛਡਕੇ ਭਾਜਪਾ ਦਾ ਦਾਮਨ ਫੜ ਲਿਆ ਸੀ। ਪਿਛਲੇ ਸਾਲ ਆਮਦਨ ਤੋਂ ਜ਼ਿਆਦਾ ਜਾਇਦਾਦ ਦੇ ਮਾਮਲੇ 'ਚ ਵਿਜੀਲੈਂਸ ਨੇ ਸਤਿਕਾਰ ਕੌਰ ਤੇ ਉਨ੍ਹਾਂ ਦੇ ਪਤੀ ਜਸਮਲ ਸਿੰਘ ਲਾਡੀ ਨੂੰ ਗ੍ਰਿਫ਼ਤਾਰ ਕੀਤਾ ਸੀ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਨਾ ਲੜਨ ਦਾ ਫੈਸਲਾ ਆਤਮਘਾਤੀ

**○ ਚੀਮਾ ਨੇ ਬੋਲਿਆ ਝੂਠ ਕਿ ਜਥੇਦਾਰ ਨੇ ਅਕਾਲੀ ਦਲ ਉਪਰ ਚੋਣ ਲੜਨ ਉਪਰ ਪਾਬੰਦੀ ਲਗਾਈ ○ ਜਥੇਦਾਰ ਨੇ ਕਿਹਾ ਕਿ ਅਕਾਲੀ ਦਲ ਉਪਰ ਚੋਣ ਲੜਨ ਉਪਰ ਪਾਬੰਦੀ ਨਹੀਂ ○ ਬਾਦਲ ਦਲ ਦੀ ਨੀਤੀ ਕਾਰਣ ਅਕਾਲੀ ਵਰਕਰਾਂ ਵਿਚ ਭਾਰੀ ਨਮੋਸ਼ੀ ○ ਕਿਵੇਂ ਹੋ ਸਕਦੀ ਹੈ ਸ਼ਕਤੀਸ਼ਾਲੀ ਅਕਾਲੀ ਦਲ ਦੀ ਸਿਰਜਣਾ ?**







## ਪੰਥਕ ਹਲਚਲ

ਸਿਆਸੀ ਤੌਰ 'ਤੇ ਹਾਸ਼ੀਏ 'ਤੇ ਚੱਲ ਰਹੇ ਸ਼੍ਰੋਮਣੀ ਅਕਾਲੀ ਦਲ ਨੇ 13 ਨਵੰਬਰ ਨੂੰ ਹੋਣ ਵਾਲੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਨਾ ਲੜ੍ਹਨ ਦਾ ਫੈਸਲਾ ਕੀਤਾ ਹੈ। ਅਕਾਲੀ ਦਲ ਦਾ ਇਹ ਫੈਸਲਾ ਆਤਮਘਾਤੀ ਸਮਝਿਆ ਜਾ ਰਿਹਾ ਹੈ। ਸਾਬਕਾ ਸਿੱਖਿਆ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਬਾਦਲ ਦਲ ਨੂੰ ਨਮੋਸ਼ੀ ਤੋਂ ਬਚਾਉਂਦਿਆਂ ਇਹ ਕੋਰਾ ਝੂਠ ਬੋਲਿਆ ਸੀ ਕਿ ਅਕਾਲ ਤਖਤ ਦਾ ਤਨਖਾਹੀਆ ਕਰਾਰ ਦੇਣ ਦਾ ਫੈਸਲਾ ਇਕੱਲੇ ਸੁਖਬੀਰ ਸਿੰਘ ਬਾਦਲ ਲਈ ਨਹੀਂ ਆਇਆ ਹੈ ਉਹ ਸਾਰੇ ਅਕਾਲੀ ਦਲ ਲਈ ਆਇਆ ਹੈ, ਇਸ ਕਰਕੇ ਅਸੀਂ ਮੀਟਿੰਗ ਵਿਚ ਜ਼ਿਮਨੀ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ।

ਦੂਜੇ ਪਾਸੇ ਅਕਾਲੀ ਦਲ ਦੇ ਇਸ ਫੈਸਲੇ ਤੋਂ ਤੁਰੰਤ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਡਾਕਟਰ ਚੀਮਾ ਦੇ ਬਿਆਨ ਨੂੰ ਰਦ ਕਰਦਿਆਂ ਕਿਹਾ ਹੈ ਕਿ ਜ਼ਿਮਨੀ ਚੋਣਾਂ ਅਕਾਲੀ ਦਲ ਲੜ ਸਕਦਾ ਹੈ ਅਤੇ ਕਿਸੇ ਵੀ ਪ੍ਰਕਾਰ ਦੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ 'ਤੇ ਪਾਬੰਦੀ ਨਹੀਂ ਲਗਾਈ ਹੈ ਪਰ ਸੁਖਬੀਰ ਸਿੰਘ ਬਾਦਲ ਨੂੰ ਇਸ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦਾ ਮਾਮਲਾ ਅਜੇ ਵੀ ਅਕਾਲ ਤਖਤ ਸਾਹਿਬ 'ਤੇ ਵਿਚਾਰ ਅਧੀਨ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਚੋਣ ਮੈਦਾਨ ਵਿਚ ਹਟ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਪਾਰਟੀ ਲੀਡਰਸ਼ਿਪ ਨੇ ਇਹ ਮੰਨ ਲਿਆ ਹੈ ਕਿ ਸਿਖ ਪੰਥ ਵਲੋਂ ਅਕਾਲੀ ਦਲ ਬਾਦਲ ਵਿਰੁਧ ਬੇਅਦਬੀਆਂ ਤੇ ਸੌਦਾ ਸਾਧ ਨੂੰ ਲੈਕੇ ਖਾਸਾ ਵਿਰੋਧ ਹੈ, ਜਿਸਦਾ ਸਾਹਮਣਾ ਕਰਨ ਲਈ ਬਾਦਲ ਅਕਾਲੀ ਦਲ ਦੀ ਲੀਡਰਸ਼ਿਪ ਤਿਆਰ ਨਹੀਂ ਹੈ। ਹਾਲਾਂਕਿ ਪਾਰਟੀ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਨੇ ਪਾਰਟੀ ਨੂੰ ਚੋਣ ਲੜਨ ਦੀ ਸਲਾਹ ਦਿੱਤੀ ਸੀ ਪਰ ਪਾਰਟੀ ਨੇ ਉਨ੍ਹਾਂ ਦੇ ਉਲਟ ਜਾ ਕੇ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ। ਇਸ ਤੋਂ ਬਾਅਦ ਹੁਣ ਅਕਾਲ ਤਖਤ ਸਾਹਿਬ ਤੋਂ ਅਸ਼ਲੀਲ ਵੀਡੀਓ ਕਾਂਡ ਲਈ ਮਾਫ ਕੀਤੇ ਸੁੱਚਾ ਸਿੰਘ ਲੰਗਾਹ ਨੇ ਛੁਰਲੀ ਬਾਦਲ ਪਰਿਵਾਰ ਦੇ ਹੱਕ ਵਿਚ ਛਡ ਦਿਤੀ ਕਿ ਇਸ ਫੈਸਲੇ ਵਿਚ ਅਕਾਲ ਤਖਤ ਸਾਹਿਬ ਤੋਂ ਦੇਰੀ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਹੱਤਿਆ ਹੈ।

ਇਤਿਹਾਸਕਾਰ ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ ਨੇ ਅਕਾਲੀ ਦਲ ਦੇ ਫੈਸਲੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਅਕਾਲੀ ਦਲ ਨੂੰ ਚੋਣ ਲੜਨੀ ਚਾਹੀਦੀ ਸੀ। ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਜੰਗ ਦੇ ਮੈਦਾਨ ਵਿਚ ਜੂਝਣਾ ਸਿਖਾਇਆ ਹੈ, ਭੱਜਣਾ ਨਹੀਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੀ ਅੰਤ ਤੱਕ ਮੈਦਾਨ ਵਿਚ ਲੜੇ ਹਨ। ਇਸ ਲਈ ਅਕਾਲੀ ਦਲ ਨੂੰ ਮੈਦਾਨ ਤੋਂ ਭੱਜਣਾ ਨਹੀਂ ਚਾਹੀਦਾ ਸੀ। ਇਸ ਨਾਲ ਅਕਾਲੀ ਕਾਡਰ ਨਿਰਾਸ਼ ਹੋਵੇਗਾ ਅਤੇ ਕਾਡਰ ਨੂੰ ਵਾਪਸ ਮੋੜਨਾ ਬਹੁਤ ਔਖਾ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿੱਤ ਹਾਰ ਦਾ ਕੋਈ ਬਹੁਤਾ ਫ਼ਰਕ ਨਹੀ ਪੈਂਦਾ। ਪਹਿਲਾਂ ਵੀ ਅਕਾਲੀ ਦਲ ਕਈ ਚੋਣਾਂ ਹਾਰ ਚੁੱਕਾ ਹੈ, ਪਰ ਮੈਦਾਨ ਵਿਚੋਂ ਪਿੱਛੇ ਹਟਣ ਨਾਲ ਮਨੋਬਲ ਡਿੱਗਦਾ ਹੈ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦਾ ਕਹਿਣਾ ਹੈ ਕਿ ਅਕਾਲੀ ਦਲ ਨੇ ਚੋਣ ਲੜ੍ਹਨ ਤੋਂ ਪਹਿਲਾਂ ਹੀ ਹਾਰ ਕਬੂਲ ਲਈ ਹੈ। ਇਹ ਅਕਾਲੀ ਦਲ ਦਾ ਆਤਮਘਾਤੀ ਫੈਸਲਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਹੈ ਕਿ ਕਾਂਗਰਸ ਨੂੰ ਛੱਡ ਕੇ ਅਕਾਲੀ ਦਲ ਸਭ ਤੋਂ ਪੁਰਾਣੀ ਪਾਰਟੀ ਹੈ ਅਤੇ ਜੇਕਰ ਪਾਰਟੀ ਦੇ ਅੱਜ ਇਹ ਹਾਲਾਤ ਬਣ ਜਾਣ ਕਿ ਪਾਰਟੀ ਚੋਣ ਮੈਦਾਨ ਵਿਚੋਂ ਭੱਜ ਜਾਵੇ ਤਾਂ ਇਹ ਸਾਡੇ ਲਈ ਬਹੁਤ ਹੀ ਨਮੋਸ਼ੀ ਵਾਲਾ ਅਤੇ ਮੰਦਭਾਗਾ ਸਮਾਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਜਲੰਧਰ ਜ਼ਿਮਨੀ ਚੋਣ ਦੌਰਾਨ ਵੀ ਇਹੀ ਕੁੱਝ ਕੀਤਾ ਸੀ ਅਤੇ ਅਸੀਂ ਇਕੱਲੇ ਮੈਦਾਨ ਵਿਚ ਖੜ੍ਹੇ ਰਹੇ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀਆਂ ਐੱਮ. ਪੀ. ਚੋਣਾਂ ਵੇਲੇ ਜ਼ਮਾਨਤਾਂ ਜ਼ਬਤ ਹੋਈਆਂ ਹਨ, ਉਦੋਂ ਵੀ ਤਾਂ ਚੋਣ ਲੜੀ ਸੀ ਅਤੇ ਉਦੋਂ ਚੋਣਾਂ ਦਾ ਬਾਈਕਾਟ ਕਿਉਂ ਨਹੀਂ ਕੀਤਾ।ਬੀਬੀ ਜਗੀਰ ਕੌਰ ਨੇ ਸੁਖਬੀਰ ਬਾਦਲ ਨੂੰ ਸਲਾਹ ਦਿੰਦਿਆਂ ਕਿਹਾ ਕਿ ਪਾਰਟੀ ਨੂੰ ਜੇਕਰ ਬਚਾਉਣਾ ਹੈ ਤਾਂ ਸਭ ਨੂੰ ਫਰੀ ਹੈਂਡ ਕੰਮ ਕਰਨ ਦਿਓ।

ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਅਕਾਲੀ ਲੀਡਰਸ਼ਿਪ ਨੇ ਇਹ ਫੈਸਲਾ 2027 ਦੀਆਂ ਚੋਣਾਂ ਨੂੰ ਧਿਆਨ ਵਿਚ ਰੱਖਕੇ ਲਿਆ ਹੈ ਕਿ ਜੇਕਰ ਪਾਰਟੀ ਹਾਰ ਜਾਂਦੀ ਹੈ ਤਾਂ ਇਸਦਾ ਅਸਰ ਬੁਰਾ ਪੈਣਾ ਸੀ। ਅਕਾਲੀ ਦਲ ਦਾ ਇਕ ਸੰਸਦ ਮੈਂਬਰ ਤੇ ਤਿੰਨ ਵਿਧਾਇਕ ਹਨ, ਜਿਨ੍ਹਾਂ ਵਿਚ ਇਕ ਆਪ ਵਿਚ ਸ਼ਾਮਲ ਹੋ ਗਿਆ ਹੈ ਤੇ ਮਨਪ੍ਰੀਤ ਸਿੰਘ ਇਯਾਲੀ ਨਰਾਜ਼ ਚੱਲ ਰਿਹਾ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਗਿੱਦੜਬਾਹਾ ਸੀਟ ਤੋਂ ਪੰਜ ਵਾਰ ਚੋਣ ਜਿੱਤ ਚੁੱਕੇ ਹਨ। ਇਸੇ ਤਰ੍ਹਾਂ 1995 ਵਿਚ ਗਿੱਦੜਬਾਹਾ ਦੀ ਜ਼ਿਮਨੀ ਚੋਣ ਜਿੱਤਕੇ ਅਕਾਲੀ ਦਲ ਨੇ ਜੇਤੂ ਰੱਥ ਅੱਗੇ ਤੋਰਿਆ ਸੀ, ਪਰ ਹੁਣ ਜ਼ਿਮਨੀ ਚੋਣ ਤੋਂ ਪਾਰਟੀ ਪਿੱਛੇ ਹਟ ਗਈ ਹੈ। ਅਕਾਲੀ ਦਲ ਦੇ ਇਸ ਫੈਸਲੇ ਨੇ ਲੀਡਰਸ਼ਿਪ ਤੇ ਪਾਰਟੀ ਦੇ ਭਵਿੱਖ 'ਤੇ ਸਵਾਲ ਖੜ੍ਹਾ ਕਰ ਦਿੱਤਾ ਹੈ। ਪਾਰਟੀ ਵਰਕਰਾਂ ਤੇ ਲੀਡਰਾਂ ਵਿਚ ਨਿਰਾਸ਼ਾ ਦੇਖਣ ਨੂੰ ਮਿਲ ਰਹੀ ਹੈ। ਇਹ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਅਕਾਲੀ ਦਲ ਨੇ ਚੋਣ ਜੰਗ ਵਿਚ ਕੁਦਣ ਤੋਂ ਪਹਿਲਾਂ ਹਾਰ ਕਬੂਲ ਲਈ ਹੋਵੇ।

### ਕੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਹੋ ਸਕੇਗੀ

ਬਾਦਲ ਅਕਾਲੀ ਦਲ ਦੇ ਮਹਾਂਰਥੀ ਇਹ ਬਿਆਨਬਾਜੀ ਕਰ ਰਹੇ ਹਨ ਕਿ ਅਕਾਲ ਤਖਤ ਨੂੰ ਅਕਾਲੀ ਦਲ ਵਿਚ ਦਖਲ ਅੰਦਾਜ਼ੀ ਨਹੀਂ ਦੇਣੀ ਚਾਹੀਦੀ ਨਹੀਂ ਤਾਂ ਚੋਣ ਕਮਿਸ਼ਨ ਅਕਾਲੀ ਦਲ ਦੀ ਰਜਿਸਟਰੇਸ਼ਨ ਕੈਂਸਲ ਕਰ ਸਕਦਾ ਹੈ। ਇਹ ਇਕ ਝੂਠ ਦਾ ਨੈਰਟਿਵ ਹੈ ਤੇ ਜੇ ਇਹ ਸੱਚ ਹੈ ਤਾਂ ਅਕਾਲੀ ਦਲ ਸ਼੍ਰੋਮਣੀ ਕਮੇਟੀ ਵਿਚ ਦਖਲਅੰਦਾਜ਼ੀ ਕਿਵੇਂ ਕਰ ਰਿਹਾ ? ਕਿਵੇਂ ਕਰ ਸਕਦਾ ਹੈ ? ਦੂਸਰਾ ਸੰਘ ਪਰਿਵਾਰ ਵੀ ਭਾਜਪਾ ਨੂੰ ਸਲਾਹ ਦਿੰਦਾ ਹੈ। ਕੀ ਭਾਜਪਾ ਨੇ ਹਿੰਦੂ ਧਰਮ ਛਡ ਦਿਤਾ ਹੈ ਜਾਂ ਆਪਣੀ ਧਾਰਮਿਕ ਜਮਾਤ ਸੰਘ ਪਰਿਵਾਰ ? ਕੀ ਚੋਣ ਕਮਿਸ਼ਨ ਨੇ ਭਾਜਪਾ ਉਪਰ ਇਤਰਾਜ਼ ਕੀਤਾ ਹੈ ?

ਸਿਖ ਚਿੰਤਕਾਂ ਦਾ ਮੰਨਣਾ ਹੈ ਕਿ ਅਕਾਲ ਤਖਤ ਸਾਹਿਬ ਵੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਪੰਥਕ ਤਾਲਮੇਲ ਕਮੇਟੀ ਬਣਾ ਸਕਦਾ ਹੈ। ਭਾਵੇਂ ਸਿਧਾ ਦਖਲ ਨਾ ਦੇਵੇ। ਪਰ ਦਿਸ਼ਾ ਨਿਰਦੇਸ਼ ਦੇ ਸਕਦਾ ਹੈ।

ਸਰਦਾਰ ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਇਹ ਫੈਸਲਾ ਲੈ ਕੇ ਸਦੀਵੀ ਹਾਰ ਮੰਨ ਲਈ ਹੈ। ਇਹ ਅਕਾਲੀ ਦਲ ਦੇ ਖਾਤਮੇ ਦੀ ਨਿਸ਼ਾਨੀ ਹੈ।

ਉਨ੍ਹਾਂ ਕਿਹਾ ਕਿ ਚਾਹੀਦਾ ਇਹ ਸੀ ਕਿ ਬਾਦਲ ਦਲ ਦੇ ਸਾਰੇ ਲੀਡਰ ਕਾਮਰੇਡ, ਲਿਬਰਲਾਂ ਸਲਾਹਕਾਰਾਂ ਦੇ ਘੇਰੇ ਵਿਚੋਂ ਨਿਕਲਕੇ ਅਕਾਲ ਤਖਤ ਨੂੰ ਅਸਤੀਫੇ ਸੌਂਪ ਦੇਣ ਕਿ ਸਾਨੂੰ ਪੰਥ ਦੀ ਸੋਚ ਅਨੁਸਾਰ ਦਿਸ਼ਾ ਨਿਰਦੇਸ਼ ਦੇਵੋ, ਖਾਲਸਾ ਪੰਥ ਸਾਡੇ ਗੁਨਾਹ ਮਾਫ ਕਰੇ ਤੇ ਸ਼੍ਰੋਮਣੀ ਅਕਾਲੀ ਦਲ ਮਜਬੂਤ ਕਿਵੇਂ ਹੋਵੇ ਇਸ ਬਾਰੇ ਨੁਮਾਇੰਦਾ ਇਕੱਠ ਸਦਿਆ ਜਾਵੇ ਤਾਂ ਜੋ ਸਮੂਚੀਆਂ ਪੰਥਕ ਧਿਰਾਂ ਅਕਾਲੀ ਦਲ ਦੀ ਪੁਨਰ ਉਸਾਰੀ ਵਿਚ ਯੋਗਦਾਨ ਪਾਉਣ ਨਵੀਂ ਭਰਤੀ ਹੋਵੇ। ਨਵੀਂ ਲੀਡਰਸ਼ਿਪ ਦੀ ਚੋਣ ਹੋਵੇ। ਉਨ੍ਹਾਂ ਕਿਹਾ ਕਿ ਸਿਖ ਪੰਥ ਦੇ ਮਨੋਂ ਲਥੀ ਅਕਾਲੀ ਲੀਡਰਸ਼ਿਪ ਕਦੇ ਸਿਖ ਪੰਥ ਦੀ ਅਗਵਾਈ ਨਹੀਂ ਕਰ ਸਕੀ। ਕੀ ਕਦੇ ਸੰਤ ਫਤਹਿ ਸਿੰਘ, ਬਰਨਾਲੇ ਦੀ ਹੋਂਦ ਜਿਉਂਦੀ ਹੋਈ? ਕੀ ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਜਿਉਂਦਾ ਕਰ ਸਕੇ ? ਠੀਕ ਹੈ ਉਹ ਆਪਣਾ ਧੜਾ ਚਲਾ ਰਹੇ ਹਨ। ਸਿਖ ਪੰਥ ਦਾ ਇਤਿਹਾਸ ਰਿਹਾ ਜੋ ਲੀਡਰ ਲੀਹੋਂ ਲਹਿ ਗਿਆ ਮੁੜਕੇ ਉਹ ਖਾਲਸਾ ਪੰਥ ਦਾ ਸਿਰਮੌਰ ਲੀਡਰ ਨਹੀਂ ਬਣ ਸਕਿਆ।

## ਯੂਬਾ ਸਿਟੀ ਦੇ ਨਗਰ ਕੀਰਤਨ ਦੌਰਾਨ ਹਿੰਸਾ ਦਾ ਖਤਰਾ

ਯੂਬਾ ਸਿਟੀ : ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸਜਾਏ ਜਾਣ ਵਾਲੇ ਸਾਲਾਨਾ ਨਗਰ ਕੀਰਤਨ ਦੌਰਾਨ ਹਿੰਸਾ ਦੇ ਖਤਰੇ ਨੂੰ ਵੇਖਦਿਆਂ ਐਫ਼.ਬੀ.ਆਈ. ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਫਿਲਹਾਲ ਖਤਰੇ ਬਾਰੇ ਤਸਦੀਕ ਨਹੀਂ ਕੀਤੀ ਜਾ ਸਕੀ ਪਰ ਹਾਲਾਤ ਦੀ ਨਜ਼ਾਕਤ ਨੂੰ ਵੇਖਦਿਆਂ ਲਾਅ ਐਨਫੋਰਸਮੈਂਟ ਏਜੰਸੀਆਂ ਨਾਲ ਭਾਈਵਾਲੀ ਤਹਿਤ ਚੌਕਸੀ ਵਰਤੀ ਜਾ ਰਹੀ ਹੈ ਅਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਵੱਲੋਂ ਭਾਈਚਾਰੇ ਨੂੰ ਸੁਚੇਤ ਰਹਿਣ ਦਾ ਸੱਦਾ ਦਿਤਾ ਗਿਆ ਹੈ ਅਤੇ ਕਿਸੇ ਵੀ ਕਿਸਮ ਦੀ ਸ਼ੱਕੀ ਸਰਗਰਮੀ ਮਹਿਸੂਸ ਹੋਣ ਫ਼ਰਸਤੁੋਤੇ ਪੁਲਿਸ ਨਾਲ ਸੰਪਰਕ ਕਰਨ ਦੀ ਹਦਾਇਤ ਦਿਤੀ ਗਈ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਝੋਨੇ ਦਾ ਸੰਕਟ ਕਿਸਾਨਾਂ ਦੀ ਆਰਥਿਕਤਾ ਨੂੰ ਬਰਬਾਦ ਕਰੇਗਾ

## ਕੇਂਦਰ ਸਰਕਾਰ ਕਿਸਾਨਾਂ ਨੂੰ ਉਜਾੜੇ ਦੇ ਰਾਹੇ ਪਾਉਣ ਲੱਗੀ ✪ ਕਿਸਾਨਾਂ ਤੋਂ ਝੋਨੇ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ-ਪ੍ਰਹਿਲਾਦ ਜੋਸ਼ੀ



ਝੋਨਾ ਪੰਜਾਬ 'ਚ ਖ਼ਰੀਫ ਦੇ ਮੌਸਮ ਦੀ ਮੁੱਖ ਫ਼ਸਲ ਹੈ, ਜੋ ਤਕਰੀਬਨ 31 ਲੱਖ ਹੈਕਟੇਅਰ ਰਕਬੇ 'ਤੇ ਬੀਜੀ ਜਾਂਦੀ ਹੈ। ਭਰਪੂਰ ਫ਼ਸਲ ਹੋਣ ਦੇ ਬਾਵਜੂਦ ਕਿਸਾਨ ਮਾਯੂਸ ਹਨ। ਮੰਡੀਆਂ 'ਚ ਝੋਨੇ ਦੇ ਅੰਬਾਰ ਲੱਗੇ ਪਏ ਹਨ ਪਰ ਚੁਕਾਈ ਨਹੀਂ ਹੋ ਰਹੀ। ਕਿਸਾਨਾਂ ਨੂੰ ਆਪਣੀ ਫ਼ਸਲ ਦੀ ਰਾਖੀ ਲਈ ਰਾਤਾਂ ਮੰਡੀਆਂ 'ਚ ਕੱਟਣੀਆਂ ਪੈ ਰਹੀਆਂ ਹਨ। ਗੰਭੀਰ ਸੰਕਟ ਹੈ। ਮਿੱਲਾਂ ਵਾਲੇ ਝੋਨੇ ਨੂੰ ਸਟੋਰ ਕਰਨ ਲਈ ਤਿਆਰ ਨਹੀਂ, ਭਾਵੇਂ ਹਾਲ ਵਿਚ ਸਮਝੌਤਾ ਕੀਤਾ ਗਿਆ ਹੈ ਕਿ ਉਹ ਫ਼ਸਲ ਮਿੱਲਾਂ ਵਿਚ ਰਖਵਾ ਲੈਣ। ਕਈ ਮੰਡੀਆਂ 'ਚ ਬਾਰਦਾਨੇ ਦੀ ਵੀ ਘਾਟ ਹੈ। ਚੌਲ ਮਿੱਲਾਂ ਵਾਲੇ ਇਸ ਦੀ ਛੜਾਈ ਕਰਨ ਨੂੰ ਤਿਆਰ ਨਹੀਂ, ਕਿਉਂਕਿ ਬਹੁਤੀ ਫ਼ਸਲ ਪੀ.ਆਰ.-126 ਕਿਸਮ ਅਤੇ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ 'ਤੇ ਆਧਾਰਿਤ ਹੈ, ਜਿਸ 'ਚੋਂ ਉਨ੍ਹਾਂ ਨੂੰ ਚੌਲਾਂ ਦੀ ਵਸੂਲੀ 62-63 ਪ੍ਰਤੀਸ਼ਤ ਹੁੰਦੀ ਹੈ, ਜਦੋਂ ਕਿ ਫੂਡ ਕਾਰਪੋਰੇਸ਼ਨ ਆਫ਼ ਇੰਡੀਆ (ਐੱਫ਼. ਸੀ. ਆਈ.) ਤੇ ਸਰਕਾਰ ਉਨ੍ਹਾਂ ਤੋਂ 67 ਪ੍ਰਤੀਸ਼ਤ ਚੌਲ ਲੈਂਦੇ ਹਨ। ਇਸ ਤਰ੍ਹਾਂ ਮਿੱਲਾਂ ਵਾਲਿਆਂ ਨੂੰ ਘਾਟਾ ਪੈਂਦਾ ਹੈ।

ਇਸ ਸਾਲ ਬਹੁਤੇ ਰਕਬੇ 'ਤੇ ਪੀ.ਆਰ.-126 ਕਿਸਮ ਹੀ ਬੀਜੀ ਹੋਈ ਹੈ, ਜੋ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਵਲੋਂ ਵਿਕਸਿਤ ਕੀਤੀ ਗਈ ਹੈ। ਇਹ ਥੋੜ੍ਹੇ ਸਮੇਂ 'ਚ ਪੱਕਣ ਵਾਲੀ ਕਿਸਮ ਹੈ, ਜੋ ਪਾਣੀ ਦੀ ਬੱਚਤ ਕਰਦੀ ਹੈ ਅਤੇ ਅੱਗਾਂ ਲਗਾਉਣ ਦੀ ਸਮੱਸਿਆ ਤੋਂ ਨਿਜਾਤ ਦਿਵਾਉਂਦੀ ਹੈ। ਇਹ ਕਿਸਮ ਪੀ.ਏ.ਯੂ. ਤੇ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸਿਫ਼ਾਰਸ਼ ਕਰਕੇ ਅਤੇ ਜ਼ੋਰ ਪਾ ਕੇ ਬਹੁਤੇ ਰਕਬੇ 'ਤੇ ਬਿਜਵਾਈ। ਸਰਕਾਰੀ ਹਲਕਿਆਂ ਦਾ ਕਹਿਣਾ ਹੈ ਕਿ ਪੀ. ਆਰ.-126 ਕਿਸਮ 'ਚ ਹਾਈਬ੍ਰਿਡ ਕਿਸਮਾਂ ਦੀ ਮਿਲਾਵਟ ਹੈ। ਪੰਜਾਬ ਵਿਚ ਹਾਈਬ੍ਰਿਡ ਕਿਸਮਾਂ ਦੇ ਬੀਜ ਵੇਚ ਕੇ ਨਿੱਜੀ ਕੰਪਨੀਆਂ ਕਰੋੜਾਂ ਰੁਪਏ ਕਮਾ ਕੇ ਰਾਜ 'ਚੋਂ ਚਲੀਆਂ ਗਈਆਂ। ਕਿਸੇ ਸਰਕਾਰੀ ਏਜੰਸੀ ਵਲੋਂ ਹਾਈਬ੍ਰਿਡ ਕਿਸਮਾਂ ਵਿਕਣ 'ਤੇ ਰੋਕ ਨਹੀਂ ਲਗਾਈ ਗਈ। ਮਿੱਲਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਪੀ.ਆਰ.-126 ਕਿਸਮ ਦੀ ਪਰਖ ਚੌਲਾਂ ਦੀ ਵਸੂਲੀ ਪੱਖੋਂ ਉਪਰਲੇ ਪੱਧਰ 'ਤੇ ਕਰਵਾਈ ਜਾਵੇ। ਇਹ ਵੀ ਮੰਗ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਚੌਲਾਂ ਦੀ 67 ਪ੍ਰਤੀਸ਼ਤ ਵਸੂਲੀ ਦੀ ਸ਼ਰਤ ਨੂੰ ਮੁੜ ਤੋਂ ਵਿਚਾਰੇ, ਕਿਉਂਕਿ ਪੂਸਾ-44 ਜਿਹੀਆਂ ਤੇ ਹੋਰ ਰਵਾਇਤੀ ਕਿਸਮਾਂ ਜਿਨ੍ਹਾਂ ਤੋਂ ਪੂਰੇ 67 ਪ੍ਰਤੀਸ਼ਤ ਚੌਲ ਨਿਕਲਦੇ ਹਨ, ਕਾਸ਼ਤ ਵਿਚੋਂ ਤੇਜ਼ੀ ਨਾਲ ਬਾਹਰ ਹੋ ਰਹੀਆਂ ਹਨ।

ਕੁਝ ਅਨਸਰਾਂ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ 'ਆਪ' ਦੀ ਸਰਕਾਰ ਪਾਰਲੀਮੈਂਟ ਦੀਆਂ ਚੋਣਾਂ ਵਿਚ ਹਾਰ ਦੀ ਵਜ੍ਹਾ ਨਾਲ ਅਤੇ ਕੇਂਦਰ ਸਰਕਾਰ ਕਿਸਾਨਾਂ ਵਲੋਂ ਜੋ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਲਈ ਅੰਦੋਲਨ ਕੀਤੇ ਗਏ ਸਨ, ਉਨ੍ਹਾਂ ਦਾ ਬਦਲਾ ਲੈਣ ਲਈ ਕਿਸਾਨਾਂ ਦੀ ਮੁੱਖ ਫ਼ਸਲ ਤੋਂ ਹੋਣ ਵਾਲੀ ਵੱਟਤ ਨੂੰ ਢਿੱਲਾ ਪਾ ਕੇ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀਆਂ ਹਨ। ਭਾਵੇਂ ਹਾਲ ਵਿਚ ਹੀ ਹੁਣ ਥੋੜ੍ਹੀ-ਥੋੜ੍ਹੀ ਮੰਡੀਆਂ ਤੋਂ ਫ਼ਸਲ ਦੀ ਚੁਕਾਈ ਸ਼ੁਰੂ ਹੋਈ ਹੈ ਪਰ ਜੋ ਪਿਛਲੇ 29 ਦਿਨਾਂ ਤੋਂ ਮੰਡੀਆਂ 'ਚ ਸਰਕਾਰੀ ਖ਼ਰੀਦ ਨਹੀਂ ਹੋਈ, ਉਸ ਦੀ ਕਮੀ ਨੂੰ ਪੂਰਾ ਕਰਨ ਲਈ ਇਹ ਬਹੁਤ ਹੀ ਥੋੜ੍ਹੀ ਹੈ। ਇਹੋ ਨਹੀਂ ਕਿਸਾਨ ਕਣਕ ਦੀ ਫ਼ਸਲ ਵਿਚ ਵੀ ਨੁਕਸਾਨ ਉਠਾਉਣ ਦੇ ਕੰਢੇ 'ਤੇ ਹਨ। ਝੋਨੇ ਦੀ ਕਟਾਈ ਪਿਛਲੇ ਸਾਲਾਂ ਦੇ ਮੁਕਾਬਲੇ ਅਜੇ ਬਹੁਤ ਥੋੜ੍ਹੇ ਰਕਬੇ 'ਤੇ ਹੋਈ ਹੈ। ਕਿਸਾਨ ਇੰਤਜ਼ਾਰ ਕਰ ਰਹੇ ਹਨ ਕਿ ਸਰਕਾਰੀ ਖ਼ਰੀਦ ਦੀ ਸਥਿਤੀ ਵਿਚ ਸੁਧਾਰ ਆਵੇ ਤਾਂ ਹੀ ਉਹ ਫ਼ਸਲ ਦੀ ਕਟਾਈ ਕਰਵਾ ਕੇ ਮੰਡੀਆਂ 'ਚ ਲਿਆਉਣ। ਕਣਕ ਦੀਆਂ ਅਗੇਤੀ ਕਿਸਮਾਂ ਜੋ ਅਕਤੂਬਰ 'ਚ ਬੀਜਣ ਲਈ ਸਿਫ਼ਾਰਸ਼ ਕੀਤੀ ਗਈਆਂ ਹਨ, ਦੀ ਬਿਜਾਈ ਅਜੇ ਸ਼ੁਰੂ ਵੀ ਨਹੀਂ ਹੋਈ। ਭਾਵੇਂ ਨਵੰਬਰ ਦਾ ਪਹਿਲਾ ਪੰਦ੍ਰਵਾੜਾ (15 ਨਵੰਬਰ ਤੱਕ) ਕਣਕ ਦੀ ਬਿਜਾਈ ਲਈ ਆਦਰਸ਼ਕ ਸਮਾਂ ਹੁੰਦਾ ਹੈ, ਪ੍ਰੰਤੂ ਇਸ ਸਮੇਂ ਦੌਰਾਨ ਵੀ ਬਹੁਤੇ ਥਾਵਾਂ 'ਤੇ ਬਿਜਾਈ ਕੀਤੇ ਜਾਣ ਦੀ ਸੰਭਾਵਨਾ ਨਹੀਂ। ਇਸ ਵਿਚ ਦੇਰੀ ਹੋਣ ਦਾ ਅੰਦੇਸ਼ਾ ਹੈ, ਜਿਸ ਵਜੋਂ ਪੀ.ਏ.ਯੂ. ਅਨੁਸਾਰ ਪ੍ਰਤੀ ਹੈਕਟੇਅਰ ਝਾੜ ਘਟੇਗਾ, ਜੋ ਕਿਸਾਨਾਂ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰੇਗਾ। ਫਿਰ ਡੀ.ਏ.ਪੀ. ਜੋ ਕਣਕ ਦੀ ਬਿਜਾਈ ਲਈ ਜ਼ਰੂਰੀ ਖਾਦ ਹੈ, ਉਹ ਵੀ ਕਿਸਾਨਾਂ ਨੂੰ ਉਪਲਬਧ ਨਹੀਂ ਹੋ ਰਹੀ। ਅਜੇ ਤੱਕ ਮਸਾਂ 3.30 ਲੱਖ ਟਨ ਡੀ.ਏ.ਪੀ. ਖਾਦ ਰਾਜ 'ਚ ਪਹੁੰਚੀ ਹੈ, ਜਦੋਂ ਕਿ ਮੰਗ 5.50 ਲੱਖ ਟਨ ਦੀ ਹੈ। ਹਰਿਆਣਾ ਦੀਆਂ ਚੋਣਾਂ ਤੋਂ ਪਹਿਲਾਂ ਉਸ ਰਾਜ 'ਵਿਚ ਡੀ.ਏ.ਪੀ. ਖੁੱਲ੍ਹੀ ਆ ਰਿਹਾ ਸੀ, ਜਿਸ 'ਚੋਂ ਕੁਝ ਖਾਦ ਪੰਜਾਬ 'ਚ ਵੀ ਆ ਜਾਂਦਾ ਸੀ, ਜਿਸ ਨੂੰ ਵੱਡੇ-ਵੱਡੇ ਜ਼ਿੰਮੀਦਾਰਾਂ ਨੇ ਕਣਕ ਦੀ ਬਿਜਾਈ ਲਈ ਸਟੋਰ ਕਰ ਲਿਆ। ਹੁਣ ਇਹ ਸਥਿਤੀ ਨਹੀਂ ਰਹੀ। ਕਿਸਾਨ ਡੀ.ਏ.ਪੀ. ਹਾਸਿਲ ਕਰਨ ਲਈ ਦਰ-ਦਰ ਭਟਕ ਰਹੇ ਹਨ। ਕਣਕ ਦੀ ਬਿਜਾਈ 'ਚ ਸ਼ੁਰੂ 'ਚ ਹੀ ਡੀ. ਏ. ਪੀ. ਖਾਦ ਪਾਉਣਾ ਪੈਂਦਾ ਹੈ।

ਭਾਵੇਂ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਘੱਟ ਲੱਗੀ ਹੈ, ਪਰ ਜਿਉਂ-ਜਿਉਂ ਕਣਕ ਦੀ ਬਿਜਾਈ ਕਿਸਾਨਾਂ ਦਾ ਝੋਨਾ ਨਾ ਵਿਕਣ ਕਾਰਨ ਅਤੇ ਡੀ.ਏ.ਪੀ. ਦੀ ਕਮੀ ਹੋਣ ਕਾਰਨ ਪਛੜੇਗੀ, ਅੱਗਾਂ ਲਗਾਉਣ ਦਾ ਰੁਝਾਨ ਕਿਸਾਨਾਂ ਵਿ'ਚ ਵਧਦਾ ਜਾਵੇਗਾ। ਕਿਸਾਨਾਂ ਵਲੋਂ ਜੋ ਮਾਰਗ ਬੰਦ ਕੀਤੇ ਜਾ ਰਹੇ ਹਨ, ਉਸ ਨਾਲ ਵੀ ਆਮ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਹੋ ਰਹੀ ਹੈ। ਆਮ ਲੋਕਾਂ ਦੀ ਕਿਸਾਨਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਲਈ ਮੁੱਖ ਮੰਤਰੀ, ਮੰਤਰੀਆਂ ਅਤੇ ਵਿਧਾਇਕਾਂ ਦੀਆਂ ਰਿਹਾਇਸ਼ਾਂ ਜਾਂ ਦਫ਼ਤਰਾਂ ਅੱਗੇ ਧਰਨੇ ਲਗਾਉਣ। ਮਾਰਗਾਂ ਤੇ ਆਮ ਥਾਵਾਂ 'ਤੇ ਧਰਨੇ ਲਗਾ ਕੇ ਤਾਂ ਆਮ ਲੋਕਾਂ ਨੂੰ ਪ੍ਰੇਸ਼ਾਨ ਨਾ ਕਰਨ।

ਪੰਜਾਬ 'ਚ ਝੋਨੇ ਦੀ ਖ਼ਰੀਦ ਨੂੰ ਲੈ ਕੇ ਦੇਰੀ ਕਾਰਨ ਕਿਸਾਨਾਂ 'ਚ ਵਧ ਰਹੀ ਬੇਚੈਨੀ ਦਰਮਿਆਨ ਕੇਂਦਰ ਨੇ ਕਿਸਾਨਾਂ ਨੂੰ ਭਰੋਸਾ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਫ਼ਸਲ ਦਾ ਦਾਣਾ-ਦਾਣਾ ਖ਼ਰੀਦਿਆ ਜਾਵੇਗਾ ਅਤੇ ਉਨ੍ਹਾਂ ਨੂੰ ਸਮੇਂ ਸਿਰ ਅਦਾਇਗੀ ਵੀ ਕੀਤੀ ਜਾਵੇਗੀ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਸਾਨਾਂ ਨੂੰ ਇਹ ਵੀ ਕਿਹਾ ਕਿ ਭੰਡਾਰਨ ਦੀ ਘਾਟ ਸੰਬੰਧੀ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ 'ਤੇ ਉਹ ਧਿਆਨ ਨਾ ਦੇਣ । ਕੇਂਦਰੀ ਖੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਮੁੜ ਦੁਹਰਾਉਂਦਿਆਂ ਕਿਹਾ ਕਿ ਸਾਉਣੀ ਦੇ ਮਾਰਕੀਟਿੰਗ ਸੀਜ਼ਨ 2024-25 ਲਈ ਪੰਜਾਬ ਲਈ ਮਿੱਥਿਆ ਗਿਆ 185 ਲੱਖ ਮੀਟ੍ਰਿਕ ਟਨ ਦਾ ਟੀਚਾ ਪੂਰਾ ਕੀਤਾ ਜਾਵੇਗਾ ਅਤੇ ਇਕ ਵੀ ਦਾਣਾ ਅਜਾਈਂ ਨਹੀਂ ਜਾਵੇਗਾ। ਪ੍ਰਹਿਲਾਦ ਜੋਸ਼ੀ ਨੇ ਇਹ ਵੀ ਐਲਾਨ ਕੀਤਾ ਕਿ ਚੌਲ ਮਿੱਲ ਮਾਲਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਛੇਤੀ ਹੀ ਇਕ ਆਨਲਾਈਨ ਪੋਰਟਲ ਤਿਆਰ ਕੀਤਾ ਜਾਵੇਗਾ, ਤਾਂ ਜੋ ਸਾਰੀਆਂ ਸੰਬੰਧਿਤ ਧਿਰਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਜਲਦੀ ਨਿਪਟਾਰਾ ਹੋ ਸਕੇ।

# ਕਮਲਾ ਹੈਰਿਸ ਤੇ ਟਰੰਪ ਵਿਚਾਲੇ ਸਖਤ ਮੁਕਾਬਲਾ

## ਸਰਵੇਖਣ ਤੋਂ ਅਮਰੀਕੀ ਚੋਣਾਂ ਦੀ ਸਥਿਤੀ ਸਪੱਸ਼ਟ ਨਹੀਂ ✪ ਮਾਹਿਰਾਂ ਨੇ ਕਿਹਾ-ਇਹ 24 ਸਾਲਾਂ ਵਿਚ ਸਭ ਤੋਂ ਸਖਤ ਮੁਕਾਬਲਾ

ਅਮਰੀਕਾ ਵਿੱਚ ਨਵੰਬਰ ਦੌਰਾਨ ਰਾਸ਼ਟਰਪਤੀ ਚੋਣ ਲਈ ਵੋਟਿੰਗ ਹੋਣੀ ਹੈ। ਅਜਿਹੇ ਵਿਚ ਅਮਰੀਕਾ ਇਸ ਸਮੇਂ ਪੂਰੇ ਚੋਣ ਮੋਡ ਵਿਚ ਹੈ। ਚੋਣਾਂ ਤੋਂ ਠੀਕ ਪਹਿਲਾਂ ਸਰਵੇਖਣ ਵੀ ਲਗਾਤਾਰ ਜਾਰੀ ਕੀਤੇ ਜਾ ਰਹੇ ਹਨ ਪਰ ਇਹ ਸਾਰੇ ਸਰਵੇਖਣ ਕਿਸੇ ਦੀ ਵੀ ਲੀਡ ਦਿਖਾਉਣ ਵਿੱਚ ਸਪੱਸ਼ਟ ਤੌਰ 'ਤੇ ਨਾਕਾਮ ਸਾਬਤ ਹੋ ਰਹੇ ਹਨ। ਹੁਣ ਤੱਕ ਦੇ ਸਰਵੇਖਣਾਂ ਵਿੱਚ ਕੁਝ ਨੇ ਕਮਲਾ ਹੈਰਿਸ ਨੂੰ ਅਤੇ ਕੁਝ ਨੇ ਟਰੰਪ ਨੂੰ ਅੱਗੇ ਦਿਖਾਇਆ ਹੈ। ਹਾਲਾਂਕਿ ਇਹ ਹਾਰ ਜਿਤ ਦਾ ਫਰਕ ਜ਼ਿਆਦਾ ਨਹੀਂ ਦਿਖਾਇਆ ਜਾ ਰਿਹਾ। ਅਜਿਹੇ ਵਿਚ ਚੋਣ ਮਾਹਿਰ ਇਸ ਚੋਣ ਨੂੰ ਲੈ ਕੇ ਕਿਸੇ ਸਿੱਟੇ 'ਤੇ ਨਹੀਂ ਪੁੱਜ ਰਹੇ ਹਨ। ਪਿਛਲੇ ਹਫਤੇ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਨਵੇਂ ਰਾਸ਼ਟਰੀ ਸਰਵੇਖਣ ਵਿਚ ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਕਰੀਬੀ ਮੁਕਾਬਲਾ ਦਿਖਾਇਆ ਗਿਆ ਹੈ। ਨਿਊਯਾਰਕ ਟਾਈਮਜ਼ ਅਤੇ ਸਿਏਨਾ ਕਾਲਜ ਦੇ ਪੋਲ ਹੈਰਿਸ ਅਤੇ ਟਰੰਪ ਦੋਵਾਂ ਨੂੰ 48 ਪ੍ਰਤੀਸ਼ਤ ਦਿਖਾਉਂਦੇ ਹਨ। ਸੀਐਨਐਨ ਦੇ ਸਰਵੇਖਣ ਵਿੱਚ ਵੀ ਦੋਵੇਂ 47 ਫੀਸਦੀ 'ਤੇ ਹਨ। ਵਾਲ ਸਟਰੀਟ ਜਰਨਲ ਦੇ ਸਰਵੇਖਣ ਵਿਚ ਟਰੰਪ 47 ਫੀਸਦੀ ਜਦਕਿ ਹੈਰਿਸ 45 ਫੀਸਦੀ 'ਤੇ ਹਨ। ਇਹ ਸਪੱਸ਼ਟ ਹੈ ਕਿ ਮੁਕਾਬਲਾ ਬਹੁਤ ਨੇੜੇ ਦਾ



ਬਣਿਆ ਹੋਇਆ ਹੈ।

ਸਿਡਨੀ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਡੇਵਿਡ ਸਮਿਥ ਦਾ ਕਹਿਣਾ ਹੈ ਕਿ ਇਹ ਪਿਛਲੇ 24 ਸਾਲਾਂ ਵਿੱਚ ਭਾਵ 2000 ਤੋਂ ਬਾਅਦ ਲੜੀਆਂ ਜਾਣ ਵਾਲੀਆਂ ਸਭ ਤੋਂ ਨਜ਼ਦੀਕੀ ਚੋਣਾਂ ਹਨ। ਸਮਿਥ ਦਾ ਕਹਿਣਾ ਹੈ ਕਿ ਅਸੀਂ ਜ਼ਿਆਦਾਤਰ ਰਾਜਾਂ ਵਿੱਚ ਜੋ ਚੋਣਾਂ ਦੇਖੀਆਂ ਹਨ, ਉਹ ਇੰਨੀਆਂ ਨੇੜੇ ਹਨ ਕਿ ਭਵਿੱਖਬਾਣੀ ਕਰਨਾ ਮੁਸ਼ਕਲ ਹੋ ਗਿਆ ਹੈ। ਇਹ ਉਸ ਮੁਕਾਮ 'ਤੇ ਪਹੁੰਚ ਰਿਹਾ ਹੈ ਜਿੱਥੇ ਮੈਂ ਜਦੋਂ ਵੀ ਕੋਈ ਨਵਾਂ ਸਰਵੇਖਣ ਦੇਖਦਾ ਹਾਂ ਤਾਂ ਉਹ ਸਰਵੇਖਣ ਇਹ ਨਹੀਂ ਦੱਸਦਾ ਕਿ ਚੋਣ ਕੌਣ ਜਿੱਤੇਗਾ ?

ਵਾਸ਼ਿੰਗਟਨ ਪੋਸਟ ਨੇ ਕਿਹਾ ਕਿ ਹੈਰਿਸ ਦੀ ਚੋਣ ਤਿੰਨ ਗ੍ਰੇਟ ਲੇਕਸ ਰਾਜਾਂ - ਮਿਸ਼ੀਗਨ, ਪੈਨਸਿਲਵੇਨੀਆ ਅਤੇ ਵਿਸਕਾਨਸਿਨ ਵਿੱਚ ਉਸਦੇ ਮਜ਼ਬੂਤ ਪ੍ਰਦਰਸ਼ਨ ਨੂੰ ਦੁਹਰਾਉਣ 'ਤੇ ਨਿਰਭਰ ਕਰਦੀ ਹੈ। ਜੇਕਰ ਹੈਰਿਸ ਇਨ੍ਹਾਂ ਤਿੰਨ ਰਾਜਾਂ ਨੂੰ ਸੁਰੱਖਿਅਤ ਕਰ ਲਵੇ ਤਾਂ ਉਹ ਜਿੱਤ ਦੇ ਨੇੜੇ ਹੋਵੇਗੀ। ਇਸ ਦੇ ਨਾਲ ਹੀ, ਟਰੰਪ ਦੀਆਂ ਉਮੀਦਾਂ ਡੈਮੋਕਰੇਟਿਕ ਦੇ ਮਜ਼ਬੂਤ ਖੇਤਰਾਂ ਉਪਰ ਟਿਕੀਆਂ ਹੋਈਆਂ ਹਨ।

ਅਮਰੀਕੀ ਚੋਣਾਂ 'ਤੇ ਨਿਰੀਖਕ ਕਹਿ ਰਹੇ ਹਨ ਕਿ ਇਹ ਚੋਣ ਅਮਰੀਕੀਆਂ ਨੂੰ ਹੋਰ ਧਰੁਵੀਕਰਨ ਅਤੇ ਵੰਡੀਆਂ ਵਲ ਲੈ ਜਾਵੇਗੀ। ਸਿੱਖਿਆ ਅਤੇ ਕਾਲਜ ਦੀ ਰਾਜਨੀਤੀ ਦੀ ਸਥਿਤੀ ਚੋਣ ਨਤੀਜਿਆਂ ਵਿੱਚ ਅਹਿਮ ਭੂਮਿਕਾ ਨਿਭਾਏਗੀ। ਰਿਪਬਲਿਕਨ ਪਾਰਟੀ ਆਪਣੇ ਗੋਰੇ, ਮਜ਼ਦੂਰ ਵਰਗ ਦੇ ਵੋਟਰਾਂ ਨੂੰ ਕਾਇਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਖਾਸ ਤੌਰ 'ਤੇ ਲੈਟਿਨੋ ਅਤੇ ਕਾਲੇ ਲੋਕਾਂ ਨੂੰ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ।

ਕਮਲਾ ਹੈਰਿਸ ਦੀ ਚੋਣ ਵਿੱਚ ਉਨ੍ਹਾਂ ਦੀ ਚਿੰਤਾ ਵੋਟਰਾਂ ਦੀ ਬੇਰੁਖ਼ੀ ਨੂੰ ਲੈ ਕੇ ਹੈ। ਖਾਸ ਤੌਰ 'ਤੇ ਨੌਜਵਾਨ ਅਫਰੀਕੀ ਅਮਰੀਕੀਆਂ ਵਿੱਚ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਵਲ ਕਮਲਾ ਨੂੰ ਮਿਹਨਤ ਕਰਨ ਦੀ ਲੋੜ ਪਵੇਗੀ। ਹਾਲਾਂਕਿ, ਕਮਲਾ ਨੂੰ ਉਨ੍ਹਾਂ ਔਰਤਾਂ ਦਾ ਸਮਰਥਨ ਵੀ ਮਿਲ ਰਿਹਾ ਹੈ ਜੋ ਡੈਮੋਕਰੇਟਸ ਦਾ ਵੱਧ ਤੋਂ ਵੱਧ ਸਮਰਥਨ ਕਰ ਰਹੀਆਂ ਹਨ।

# ਭਗਵਿਆਂ ਦੇ ਡੀ ਐੱਨ ਏ 'ਚ ਹਿੰਸਾ ਤੇ ਨਫਰਤੀ ਸੋਚ

## ✪ ਯੂਪੀ ਦੇ ਮੁੱਖ ਮੰਤਰੀ ਯੋਗੀ ਨੇ ਦਿੱਤਾ ਨਾਰਾ 'ਬਟੇਂਗੇ ਤੋ ਕਟੇਂਗੇ', ਸੰਘ ਵਲੋਂ ਸਮਰਥਨ
## ✪ ਕੇਂਦਰੀ ਮੰਤਰੀ ਗਿਰੀਰਾਜ ਦੀ ਬਿਹਾਰ ਵਿਚ 'ਹਿੰਦੂ ਸਵਾਭਿਮਾਨ' ਯਾਤਰਾ ਦਾ ਹਿੰਸਕ ਨੈਰਟਿਵ ਜਾਰੀ



ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਨੇ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ 'ਬਟੇਂਗੇ ਤੋ ਕਟੇਂਗੇ' ਦੇ ਨਾਅਰੇ ਦੀ ਤਾਈਦ ਕਰਕੇ ਸਾਬਤ ਕਰ ਦਿੱਤਾ ਹੈ ਕਿ ਆਪਣੀ ਸਥਾਪਨਾ ਦੇ ਸੌ ਸਾਲ ਬਾਅਦ ਵੀ ਬਿਲਕੁਲ ਨਹੀਂ ਬਦਲਿਆ ਹੈ। ਉਸ ਦਾ ਡੀ ਐੱਨ ਏ ਹਿੰਸਾ ਤੇ ਨਫਰਤ ਵਾਲਾ ਹੀ ਹੈ ਤੇ ਉਹ ਉਸੇ ਭਾਸ਼ਾ ਵਿਚ ਸੋਚਦਾ ਹੈ। ਹਾਲਾਂਕਿ, ਬਾਅਦ ਵਿਚ ਉਹ ਉਸ ਨੂੰ ਸੱਭਿਆ, ਮਰਿਆਦਾ, ਸ਼ਾਂਤੀ ਤੇ ਸਦਭਾਵਨਾ ਦਾ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕਰਦਾ ਹੈ। ਯੋਗੀ ਨੇ ਪਹਿਲਾਂ ਉਪਰੋਕਤ ਨਾਅਰਾ ਬੰਗਲਾਦੇਸ਼ ਦੇ ਸੰਦਰਭ ਵਿਚ ਦਿੱਤਾ ਸੀ। ਉੱਥੇ ਸ਼ੇਖ ਹਸੀਨਾ ਦੇ ਸੱਤਾ ਤੋਂ ਬੇਦਖਲ ਹੋਣ ਤੋਂ ਬਾਅਦ ਹਿੰਦੂ ਧਾਰਮਿਕ ਸਥਾਨਾਂ 'ਤੇ ਹਮਲੇ ਹੋਏ ਸਨ ਤੇ ਕਈ ਹਿੰਦੂ ਬਸਤੀਆਂ 'ਚ ਭੰਨਤੋੜ ਹੋਈ ਸੀ। ਯੋਗੀ ਆਦਿਤਿਆਨਾਥ ਦਾ ਪੂਰਾ ਨਾਅਰਾ ਹੈ ਬਟੇਂਗੇ ਤੋ ਕਟੇਂਗੇ, ਏਕ ਰਹੇਂਗੇ ਤੋ ਨੇਕ ਰਹੇਂਗੇ, ਸੁਰੱਖਸ਼ਿਤ ਰਹੇਂਗੇ। ਮਹਾਰਾਸ਼ਟਰ, ਜਿੱਥੇ ਅਗਲੇ ਮਹੀਨੇ ਅਸੰਬਲੀ ਚੋਣਾਂ ਹਨ, ਵਿਚ ਅੱਜਕੱਲ੍ਹ ਇਸ ਨਾਅਰੇ ਵਾਲੇ ਪੋਸਟਰਾਂ ਦੀ ਭਰਮਾਰ ਹੈ।

ਦਿਲਚਸਪ ਗੱਲ ਇਹ ਵੀ ਹੈ ਕਿ 'ਬਟੇਂਗੇ ਤੋ ਕਟੇਂਗੇ' ਨੂੰ ਮੋਟੇ ਅੱਖਰਾਂ ਵਿਚ ਲਿਖਿਆ ਗਿਆ ਹੈ, ਜਦਕਿ ਨਾਅਰੇ ਦੇ ਅਗਲੇ ਸ਼ਬਦ ਪੜ੍ਹਨ ਲਈ ਖੁਰਦਬੀਨ ਦੀ ਮਦਦ ਲੈਣੀ ਪੈਂਦੀ ਹੈ। ਸੰਘ ਦੇ ਅਹੁਦੇਦਾਰ ਆਮ ਤੌਰ 'ਤੇ ਸ਼ਾਲੀਨ ਭਾਸ਼ਾ ਵਰਤਣ ਦਾ ਦਾਅਵਾ ਕਰਦੇ ਹਨ ਪਰ ਇਸ ਦੇ ਜਨਰਲ ਸਕੱਤਰ ਦੱਤਾਤ੍ਰੇਯ ਹੋਸਬੋਲੇ ਨੇ ਜਿਸ ਤਰ੍ਹਾਂ ਇਸ ਨਾਅਰੇ ਦੀ ਤਾਈਦ ਕੀਤੀ ਹੈ, ਉਹ ਸੰਘ ਦੇ ਇਰਾਦੇ ਸਪੱਸ਼ਟ ਕਰ ਦਿੰਦੀ ਹੈ।

ਮਥੁਰਾ ਵਿਚ ਸੰਘ ਦੇ ਦੋ ਦਿਨਾ ਸੰਮੇਲਨ ਵਿਚ ਹੋਸਬੋਲੇ ਨੇ ਕਿਹਾ ਕਿ ਹਿੰਦੂ ਸਮਾਜ ਵਿਚ ਏਕਤਾ ਨਹੀਂ ਰਹੇਗੀ ਤਾਂ ਅੱਜਕੱਲ੍ਹ ਦੀ ਭਾਸ਼ਾ ਵਿਚ ਬਟੇਂਗੇ ਤੋ ਕਟੇਂਗੇ ਹੋ ਸਕਦਾ ਹੈ। ਉਨ੍ਹਾ ਦਾ ਇਹ ਵੀ ਕਹਿਣਾ ਸੀ ਕਿ ਹਿੰਦੂ ਸਮਾਜ ਵਿਚ ਜਾਤੀ ਦੇ ਆਧਾਰ 'ਤੇ ਵੰਡ ਪਾਉਣ ਦਾ ਯਤਨ ਇੱਕ ਸਾਜ਼ਿਸ਼ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਮਹਾਰਾਸ਼ਟਰ ਦੇ ਠਾਣੇ ਵਿੱਚ ਇਕ ਰੈਲੀ 'ਚ ਕਿਹਾ ਸੀ ਕਿ ਅਗਰ ਹਮ ਬਟੇਂਗੇ ਤੋ ਬਾਂਟਨੇ ਵਾਲੇ ਮਹਿਫਿਲ ਸਜਾਏਂਗੇ। ਅਗਲੇ ਦਿਨ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੂ ਏਕਤਾ ਹੋਣੀ ਚਾਹੀਦੀ ਹੈ। ਇਲਾਕਾਈ, ਭਾਸ਼ਾਈ ਤੇ ਜਾਤ ਦੇ ਆਧਾਰ 'ਤੇ ਵੰਡ ਖਤਮ ਹੋਣੀ ਚਾਹੀਦੀ ਹੈ। ਭਾਰਤ ਇੱਕ ਹਿੰਦੂ ਰਾਸ਼ਟਰ ਹੈ।

ਦਰਅਸਲ ਸੰਘ ਤੇ ਭਾਜਪਾ ਦੇ ਆਗੂ ਬਟੇਂਗੇ ਤੋ ਕਟੇਂਗੇ ਦਾ ਨਾਅਰਾ ਜਾਤੀ ਜਨਗਣਨਾ ਦੀ ਮੰਗ ਨਾਲ ਇੰਡੀਆ ਗੱਠਜੋੜ ਤੇ ਅਖਿਲੇਸ਼ ਯਾਦਵ ਦੇ ਪੀ ਡੀ ਏ (ਪੱਛੜੇ, ਦਲਿਤ ਤੇ ਘੱਟਗਿਣਤੀ) ਨੇ ਲੋਕ ਸਭਾ ਚੋਣਾਂ ਵਿਚ ਯੂ ਪੀ ਵਿਚ ਭਾਜਪਾ ਨੂੰ ਜਿਹੜੀ ਮਾਰ ਮਾਰੀ ਹੈ, ਉਸ ਵਿਚੋਂ ਬਾਹਰ ਨਿਕਲਣ ਲਈ ਮਾਰ ਰਹੇ ਹਨ। ਉਹ ਫਿਰਕੂ ਧਰੁਵੀਕਰਨ ਕਰਕੇ ਹਿੰਦੂਆਂ ਨੂੰ ਮੁਸਲਮਾਨਾਂ ਤੋਂ ਡਰਾ ਰਹੇ ਹਨ।

ਕੇਂਦਰੀ ਮੰਤਰੀ ਗਿਰੀਰਾਜ ਸਿੰਘ ਇਸ ਸਮੇਂ ਬਿਹਾਰ ਵਿਚ 'ਹਿੰਦੂ ਸਵਾਭਿਮਾਨ' ਯਾਤਰਾ ਕਰ ਰਹੇ ਹਨ। ਆਪਣੀ ਇਸ ਯਾਤਰਾ ਦੌਰਾਨ ਉਹ ਸ਼ਰੇਆਮ ਭੜਕਾਊ ਭਾਸ਼ਨ ਦੇ ਰਹੇ ਹਨ। ਯਾਤਰਾ ਸ਼ੁਰੂ ਕਰਦੇ ਹੋਏ ਉਨ੍ਹਾਂ ਨੇ ਇਸ ਗੱਲ 'ਤੇ ਅਫ਼ਸੋਸ ਜਤਾਇਆ ਕਿ ਉਨ੍ਹਾਂ ਨੂੰ ਹੁਣ ਤੱਕ ਜਾਤੀ ਸਮੀਕਰਨ ਦੇਖ ਕੇ ਚੋਣਾਂ ਲੜਨ ਲਈ ਹੀ ਕਿਹਾ ਜਾਂਦਾ ਸੀ, ਜਦੋਂ ਕਿ ਉਹ ਹਿੰਦੂ ਹੋ ਕੇ ਚੋਣਾਂ ਲੜਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਸਨ ਕਿ ਉਹ ਕਿਸ਼ਨਗੰਜ ਤੋਂ ਚੋਣ ਲੜਨ, ਭਾਵੇਂ ਹੀ ਉਹ ਹਾਰ ਜਾਣ।

ਜ਼ਿਕਰਯੋਗ ਹੈ ਕਿ ਕਿਸ਼ਨਗੰਜ ਵਿਚ 80 ਫ਼ੀਸਦੀ ਤੋਂ ਜ਼ਿਆਦਾ ਮੁਸਲਿਮ ਆਬਾਦੀ ਹੈ। ਹੁਣ ਸਵਾਲ ਹੈ ਕਿ ਉਨ੍ਹਾਂ ਨੂੰ ਹਿੰਦੂ ਬਣ ਕੇ ਚੋਣ ਲੜਨ ਤੋਂ ਕਿਸ ਨੇ ਰੋਕਿਆ? ਉਹ 3 ਵਾਰ ਤੋਂ ਆਪਣੀ ਜਾਤੀ ਦੀ ਬਹੁਗਿਣਤੀ ਆਬਾਦੀ ਵਾਲੀ ਬੇਗੂਸਰਾਏ ਸੀਟ ਤੋਂ ਲੜ ਰਹੇ ਹਨ। ਫਿਲਹਾਲ ਉਹ ਜੋ ਕੁਝ ਬੋਲ ਰਹੇ ਹਨ, ਉਸ 'ਤੇ ਭਾਜਪਾ ਦਾ ਸਿਖਰਲੀ ਲੀਡਰਸ਼ਿਪ ਚੁੱਪ ਹੈ, ਭਾਵ ਗਿਰੀਰਾਜ ਸਿੰਘ ਦੀ ਯਾਤਰਾ ਨੂੰ ਉਸ ਦਾ ਮੌਨ ਸਮਰਥਨ ਹੈ। ਇਹ ਪਹਿਲਾ ਮੌਕਾ ਹੈ, ਜਦੋਂ ਕੇਂਦਰੀ ਮੰਤਰੀ ਵਜੋਂ ਸੰਵਿਧਾਨਕ ਅਹੁਦੇ 'ਤੇ ਰਹਿੰਦਿਆਂ ਕੋਈ ਵਿਅਕਤੀ ਇਸ ਤਰ੍ਹਾਂ ਦੀਆਂ ਫ਼ਿਰਕੂ ਫੁੱਟ ਪਾਊ ਗੱਲਾਂ ਕਰ ਰਹੇ ਹਨ। ਗਿਰੀਰਾਜ ਸਿੰਘ ਯਾਤਰਾ ਨੂੰ ਲੈ ਕੇ ਰਾਜ ਵਿਚ ਵਿਵਾਦ ਹੋ ਰਿਹਾ ਹੈ। ਸੂਬੇ ਦੀ ਮੁੱਖ ਵਿਰੋਧੀ ਪਾਰਟੀ ਰਾਸ਼ਟਰੀ ਜਨਤਾ ਦਲ ਨੇ ਇਸ ਯਾਤਰਾ ਖ਼ਿਲਾਫ਼ ਮੋਰਚਾ ਖੋਲ੍ਹਿਆ ਹੈ। ਪੂਰਨੀਆ ਦੇ ਆਜ਼ਾਦ ਸੰਸਦ ਮੈਂਬਰ ਪੱਪੂ ਯਾਦਵ ਨੇ ਗਿਰੀਰਾਜ ਸਿੰਘ ਨੂੰ ਚੁਣੌਤੀ ਦਿੰਦਿਆਂ ਕਿਹਾ ਹੈ ਕਿ 'ਯਾਤਰਾ ਮੇਰੀ ਲਾਸ਼ ਤੋਂ ਹੋ ਕੇ ਲੰਘੇਗੀ।' ਸਾਰਿਆਂ ਨੂੰ ਪਤਾ ਹੈ ਕਿ ਮੁਸਲਿਮ ਬਹੁਗਿਣਤੀ ਆਬਾਦੀ ਵਾਲੇ ਸੀਮਾਂਚਲ 'ਚ ਯਾਤਰਾ ਦਾ ਮਕਸਦ ਪੂਰੇ ਸੂਬੇ ਵਿਚ ਫ਼ਿਰਕੂ ਵੰਡ ਦਾ ਮਾਹੌਲ ਬਣਾਉਣਾ ਹੈ

ਸੰਘ ਪਰਵਾਰ ਜਿਨ੍ਹਾਂ ਸੰਤਾਂ, ਮਹਾਤਮਾਵਾਂ ਤੇ ਯੋਗੀਆਂ ਨੂੰ ਅੱਗੇ ਕਰ ਰਿਹਾ ਹੈ, ਉਨ੍ਹਾਂ ਦੀ ਭਾਸ਼ਾ ਤੇ ਸਾਡੇ ਭਗਤੀਕਾਲੀਨ ਸੰਤਾਂ ਦੀ ਭਾਸ਼ਾ ਵਿਚ ਕਿੰਨਾ ਫਰਕ ਹੈ। ਨਿਸਚਿਤ ਤੌਰ 'ਤੇ ਕਿਸੇ ਸਮਾਜ ਦੇ ਹਿੰਸਕ ਤੇ ਭ੍ਰਿਸ਼ਟ ਹੋਣ ਤੋਂ ਪਹਿਲਾਂ ਉਸ ਦੀ ਭਾਸ਼ਾ ਭ੍ਰਿਸ਼ਟ ਤੇ ਹਿੰਸਕ ਹੁੰਦੀ ਹੈ।

ਹੁਣ ਦੇਖਣਾ ਹੈ ਕਿ ਭਾਰਤ ਵਾਸੀ ਆਪਣੀ ਗਿਆਨ-ਵਿਗਿਆਨ ਤੇ ਧਰਮ ਸੰਸਕ੍ਰਿਤੀ ਦੀ ਲੰਬੀ ਵਿਰਾਸਤ ਦੇ ਮੱਦੇਨਜ਼ਰ 'ਬਟੇਂਗੇ ਤੋ ਕਟੇਂਗੇ' ਦੀ ਭਾਸ਼ਾ ਕਿਸ ਹੱਦ ਤੱਕ ਸਵੀਕਾਰ ਕਰਦੇ ਹਨ ਅਤੇ ਕਿਸ ਹੱਦ ਤੱਕ ਖਾਰਜ ਕਰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਬੁੱਧੀਜੀਵੀਆਂ ਦੀ ਫੌਜ ਇਹ ਸਾਬਤ ਕਰਨ ਵਿਚ ਲੱਗੀ ਹੋਈ ਹੈ ਕਿ ਸੰਘ ਕਾਫੀ ਬਦਲ ਗਿਆ ਹੈ, ਪਰ ਉਹ ਜੋ ਕਰ-ਕਰਵਾ ਰਿਹਾ ਹੈ, ਉਸ ਤੋਂ ਤਾਂ ਨਹੀਂ ਲਗਦਾ ਕਿ ਉਹ ਬਦਲਿਆ ਹੈ। ਜਰਮਨ ਦੇ ਹਿਟਲਰ ਦਾ ਨਾਜ਼ੀਵਾਦੀ ਸਿਲੇਬਸ ਇੰਡੀਆ ਵਿਚ ਲਾਗੂ ਕੀਤਾ ਜਾ ਰਿਹਾ ਹੈ।





# ਕਿਸਮਤ ਦੇ ਸਿਤਾਰੇ

## ਵੀਰਵਾਰ 31 ਅਕਤੂਬਰ ਬੁੱਧਵਾਰ 06 ਨਵੰਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਵਪਾਰ ਵਿੱਚ ਵਾਧੇ ਲਈ ਦੋਸਤਾਂ ਅਤੇ ਸਬੰਧੀਆਂ ਦਾ ਪੂਰਾ ਸਹਿਯੋਗ ਮਿਲੇਗਾ। ਮਾਣ-ਇੱਜ਼ਤ ਵਿੱਚ ਵਾਧਾ ਹਵੇਗਾ। ਧਰਮ-ਕਰਮ ਵਿੱਚ ਦਿਲਚਸਪੀ ਵਧੇਗੀ। ਸਿਹਤ ਕੁਝ ਢਿੱਲੀ ਰਹਿ ਸਕਦੀ ਹੈ। ਸਰਕਾਰੀ ਕੰਮਾਂ ਵਿੱਚ ਪ੍ਰੇਸ਼ਾਨੀ ਦੇ ਸੰਕੇਤ ਹਨ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਪਰਿਵਾਰਕ ਅਸ਼ਾਂਤੀ ਵਧੇਗੀ। ਭਾਈ-ਬੰਧੂਆਂ ਨਾਲ ਫਜ਼ੂਲ ਤਕਰਾਰ, ਧਨ ਖਰਚ, ਸਰੀਰਕ ਕਸ਼ਟ ਅਤੇ ਪਰਿਵਾਰਕ ਉਲਝਣਾਂ ਵੱਧਣਗੀਆਂ। ਗ੍ਰਹਿਸਥ ਜੀਵਨ ਵਿੱਚ ਮਨ-ਮੁਟਾਵ ਹੋ ਸਕਦੇ। ਕਿਸੇ ਖਾਸ ਆਦਮੀ ਵੱਲੋਂ ਧੋਖਾ ਮਿਲਣ ਦੀ ਸੰਭਾਵਨਾ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਇਸ ਹਫਤੇ ਆਮਦਨ ਤੇ ਖਰਚ ਮੱਧਮ ਰਹੇਗਾ। ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਫਜ਼ੂਲ ਦੀ ਫਿਕਰਾਂ ਕਰਕੇ ਦਿਮਾਗੀ ਤਣਾਉ ਰਹੇਗਾ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋਵੇਗਾ, ਕਿਸੇ 'ਤੇ ਵੀ ਜ਼ਿਆਦਾ ਭਰੋਸਾ ਨਾ ਕਰੋ, ਨਹੀਂ ਤਾਂ ਧੋਖਾ ਮਿਲ ਸਕਦਾ ਹੈ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਧਰਮ-ਕਰਮ ਵਿੱਚ ਦਿਲਚਸਪੀ ਬਣੇਗੀ। ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਨੂੰ ਕਾਰਜ ਰੂਪ ਦੇਣ ਵਿੱਚ ਅਫਸਰਾਂ ਨਾਲ ਬੜੇ ਸਲੀਕੇ ਨਾਲ ਵਿਹਾਰ ਕਰਨ ਦੀ ਜ਼ਰੂਰਤ ਹੈ। ਕਾਰਜ ਖੇਤਰ 'ਚ ਪ੍ਰੇਸ਼ਾਨੀ ਤੇ ਪਰਿਵਾਰ 'ਚ ਮੱਤਭੇਦ ਵੀ ਹੋਣਗੇ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਕਾਰੋਬਾਰੀ ਖੇਤਰ ਵਿੱਚ ਅਸਥਿਰਤਾ ਦੇ ਹਾਲਾਤ ਰਹਿਣਗੇ। ਬਣਦੇ ਕੰਮਾਂ ਵਿੱਚ ਰੁਕਾਵਟਾਂ, ਆਮਦਨ ਘੱਟ ਤੇ ਖਰਚ ਜ਼ਿਆਦਾ ਹੋਣਗੇ। ਕੰਮ-ਕਾਜ ਵਿੱਚ ਦੌੜ-ਭੱਜ ਜ਼ਿਆਦਾ ਰਹੇਗੀ। ਸਮਾਜਿਕ ਤੇ ਧਾਰਮਿਕ ਕੰਮਾਂ ਵਿੱਚ ਦਿਲਚਸਪੀ ਵਧੇਗੀ। ਸਾਰਾ ਹਫਤਾ ਆਪਣੇ ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਸਵੇਰ ਜਾਂ ਸ਼ਾਮ ਦਿਨ ਵਿੱਚ ਇਕ ਵਾਰ ਜਰੂਰ ਲੈ ਕੇ ਜਾਵੋ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਵਪਾਰਕ ਖੇਤਰ ਵਿੱਚ ਸੰਘਰਸ਼ਭਰੇ ਹਾਲਾਤਾਂ ਦਾ ਸਾਹਮਣਾ ਰਹੇਗਾ। ਧਨ ਦਾ ਖਰਚ ਵੀ ਵਧੇਰੇ ਹੋਵੇਗਾ। ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ, ਪਰ ਮਨ ਅਸ਼ਾਂਤ, ਅਸੰਤੁਸ਼ਟ ਅਤੇ ਸੰਤਾਨ ਸਬੰਧੀ ਚਿੰਤਾ ਬਣੀ ਰਹੇਗੀ। ਆਪਣੇ ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਇਹ ਹਫਤਾ ਖਾਸ ਘਟਨਾਵਾਂ ਵਾਲਾ ਹੋਵੇਗਾ। ਆਮਦਨ ਘੱਟ ਅਤੇ ਫਜ਼ੂਲ ਖਰਚੇ ਹੋਣਗੇ। ਮਨੋਰੰਜਨ ਆਦਿ ਦੇ ਕੰਮਾਂ ਵਿੱਚ ਰੁਝਾਨ ਵਧੇਗਾ। ਧਨ ਦਾ ਲੈਣ-ਦੇਣ ਕਰਦੇ ਹੋਏ ਧੋਖਾ ਮਿਲਣ ਦੇ ਸੰਕੇਤ ਹਨ। ਘਰੇਲੂ ਉਲਝਣਾਂ ਵੀ ਵੱਧਣਗੀਆਂ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਮੁਸ਼ਕਿਲ ਭਰੇ ਘਰੇਲੂ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਖਰਚ ਜ਼ਿਆਦਾ ਹੋਣ ਨਾਲ ਮਨ ਅਸ਼ਾਂਤ ਰਹੇਗਾ। ਸਿਹਤ ਢਿੱਲੀ, ਗੁੱਸਾ ਜ਼ਿਆਦਾ ਅਤੇ ਉਤੇਜਨਾ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਨਸ਼ਿਆਂ ਤੋਂ ਆਪਣੇ ਆਪ ਨੂੰ ਹਮੇਸ਼ਾ ਦੂਰ ਰੱਖੋ ਅਤੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮ ਹੋਣਗੇ। ਕਾਰੋਬਾਰ ਵਿੱਚ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਧਰਮ-ਕਰਮ ਵਿੱਚ ਦਿਲਚਸਪੀ ਅਤੇ ਮਿੱਤਰਾਂ ਨਾਲ ਮੇਲ-ਮਿਲਾਪ ਹੋਵੇਗਾ। ਪਿਤਾ-ਪੁੱਤਰ ਵਿੱਚ ਮੱਤਭੇਦ ਕਾਰਨ ਚਿੰਤਾ ਵਧੇਗੀ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਧਾਰਮਿਕ ਜਾਂ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਦਿਉ,

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਵਪਾਰਕ ਖੇਤਰਾਂ ਅਤੇ ਨੌਕਰੀ ਵਿੱਚ ਕਈ ਉਤਾਰ-ਚੜ੍ਹਾਵ ਤੇ ਬਦਲਾਵ ਵਾਲੇ ਹਾਲਾਤ ਬਣਨਗੇ। ਸੰਘਰਸ਼ ਦੇ ਬਾਵਜੂਦ ਆਮਦਨ ਦੇ ਸਾਧਨ ਬਣਦੇ ਰਹਿਣਗੇ। ਨਜ਼ਦੀਕੀ ਬੰਧੂਆਂ ਨਾਲ ਤਣਾਅ, ਪਰਿ-ਵਾਰ ਵਿੱਚ ਕੁਝ ਆਰਥਿਕ ਸਮੱਸਿਆਵਾਂ ਅਤੇ ਕਰਜ਼ਾ ਲੈਣ ਤੱਕ ਦੀ ਨੌਬਤ ਆ ਸਕਦੀ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਇਸ ਹਫਤੇ ਸਰਕਾਰੀ ਖੇਤਰਾਂ ਵਿੱਚ ਪ੍ਰੇਸ਼ਾਨੀ ਤੇ ਸਰੀਰਕ ਕਸ਼ਟ ਦੇ ਯੋਗ ਹਨ। ਵਪਾਰ ਸਬੰਧੀ ਫਜ਼ੂਲ ਦੀ ਭੱਜ-ਦੌੜ ਲੱਗੀ ਰਹੇਗੀ। ਆਮਦਨ ਘੱਟ ਅਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਪਰਿਵਾਰ ਵਿੱਚ ਮੱਤਭੇਦ ਅਤੇ ਆਪਣੇ ਵੀ ਬੇਗਾਨੇ ਬਣ ਕੇ ਰਹਿਣਗੇ। ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਸੰਤਾਨ ਸਬੰਧੀ ਚਿੰਤਾ, ਆਰਾਮ ਘੱਟ ਅਤੇ ਸੰਘਰਸ਼ ਜ਼ਿਆਦਾ ਰਹੇਗਾ। ਫਜ਼ੂਲ ਦੀ ਭੱਜ-ਦੌੜ ਅਤੇ ਪੁਸ਼ਤੈਨੀ ਜਾਇਦਾਦ ਸਬੰਧੀ ਉਲਝਣਾਂ ਪੈਦਾ ਹੋਣਗੀਆਂ, ਪਰ ਆਖਿਰ ਵਿੱਚ ਧਨ ਲਾਭ ਅਤੇ ਆਮਦਨ ਦੇ ਸਾਧਨ ਬਣਦੇ ਰਹਿਣਗੇ। ਅੱਧਾ ਦਿਨ ਬਿਨਾਂ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ਼ ਪ੍ਰਮਾਤਮਾ ਨੂੰ ਯਾਦ ਕਰੋ, ਕਾਰਜ ਸਿੱਧ ਹੋਣਗੇ।

## ਹਾਸੇ ਦੀ ਪਟਾਰੀ

**ਪਤਨੀ** (ਪਤੀ ਨੂੰ), ਤੁਹਾਨੂੰ ਜ਼ਰਾ ਵੀ ਤਮੀਜ਼ ਨਹੀਂ ਕਿ ਮੈਂ ਕਿੰਨੀ ਦੇਰ ਤੋਂ ਬਕੀ ਜਾ ਰਹੀ ਹਾਂ ਅਤੇ ਤੁਸੀਂ ਉਬਾਸੀਆਂ ਮਾਰੀ ਜਾ ਰਹੇ ਹੋ।

ਪਤੀ (ਗੁੱਸੇ ਵਿੱਚ), ਮੈਂ ਉਬਾਸੀਆਂ ਨਹੀਂ ਮਾਰ ਰਿਹਾ, ਬੋਲਣ ਦੀ ਕੋਸ਼ਿਸ਼ ਕਰ ਰਿਹਾ ਹਾਂ।

*---*---*

**ਪਤੀ** ਵਾਲ ਕੱਟਵਾ ਕੇ ਘਰ ਮੁੜਿਆ ਅਤੇ ਪਤਨੀ ਨੂੰ ਬੋਲਿਆ, ਦੇਖ ਮੈਂ ਤੇਰੇ ਨਾਲੋਂ ਦੱਸ ਸਾਲ ਛੋਟਾ ਲੱਗਦਾ ਹਾਂ ਜਾਂ ਨਹੀਂ?

ਹਾਜ਼ਰ ਜਵਾਬ ਪਤਨੀ ਬੋਲੀ, ਮੁੰਡਨ ਕਰਵਾ ਲੈਂਦੇ ਤਾਂ ਅਜਿਹਾ ਲੱਗਦਾ ਹੁਣੇ-ਹੁਣੇ ਪੈਦਾ ਹੋਏ ਹੋ।

*---*---*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

| | |
|---|---|
| 6 MONTHS ---- £95 | ☐ |
| 1 YEAR ---- £180 | ☐ |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................

ADDRESS....................................................................

..................................................POST CODE..............................


TEL............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਸਮੂਹ ਜਗਤ ਨੂੰ ਦੀਵਾਲੀ ਦੇ ਸ਼ੁਭ ਦਿਹਾੜੇ ਦੀ ਲੱਖ ਲੱਖ ਵਧਾਈ



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
TEL: 020 8570 8351
*Email: Kingswaylondon@icloud.com, www.kingswaybanqueting.com*

**ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ**
**ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ, ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ-ਪਾਤਰ**

# ਭਾਰਤੀ ਨਿਆਂ ਪ੍ਰਣਾਲੀ ਦੇ ਕਾਲੇ ਕਾਨੂੰਨ

ਕੁਲਵੰਤ ਸਿੰਘ 'ਢੇਸੀ'



ਅਜਕਲ ਇੱਕ 'ਬਲੈਕ ਜਸਟਿਸ' ਨਾਮ ਦੀ ਵੈਬ ਸੀਰੀਜ਼ ਬਾਰੇ ਪੜ੍ਹਨ ਸੁਣਨ ਨੂੰ ਆਇਆ ਹੈ ਜਿਸ ਨੂੰ ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਕਿ ਭਾਰਤ ਦੀਆਂ ਨਿਆਂ ਪ੍ਰਣਾਲੀ ਕਿਸ ਹੱਦ ਤਕ ਸੁਸਤ ਹੈ ਅਤੇ ਭਾਰਤ ਦਾ ਨਿਆਂ ਪ੍ਰਬੰਧ, ਚੋਰਾਂ, ਡਾਕੂਆਂ, ਸਮਗਲਰਾਂ, ਬਲਾਤਕਾਰਾਂ ਅਤੇ ਵੱਖ ਵੱਖ ਕਿਸਮ ਦੇ ਮਾਫੀਆਂ ਦੇ ਹੱਕ ਵਿਚ ਕਿਸ ਹੱਦ ਤਕ ਭੁਗਤਦਾ ਹੈ। ਜਿਵੇਂ ਕਿ ਕਿਹਾ ਜਾਂਦਾ ਹੈ ਕਿ 'ਜਸਟਿਸ ਡਿਲੇਅਡ ਇਜ਼ ਜਸਟਿਸ ਡਿਨਾਇਡ' ਭਾਵ ਕਿ ਮੁਕੱਦਮਿਆਂ ਨੂੰ ਲਟਕਾਏ ਜਾਣ ਦਾ ਮਤਲਬ ਇਨਸਾਫ ਨੂੰ ਇਸ ਹੱਦ ਤਕ ਲਟਕਾ ਦਿੱਤਾ ਜਾਣਾ ਹੁੰਦਾ ਹੈ ਜਿਥੇ ਜਾ ਕੇ ਇਨਸਾਫ ਮਿਲਣ ਦੀ ਉਮੀਦ ਮੁੱਕ ਜਾਂਦੀ ਹੈ। ਇਸ ਤਰਾਂ ਦੇ ਜੰਗਲ ਦੇ ਕਾਨੂੰਨ ਦਾ ਸਭ ਤੋਂ ਵੱਧ ਸ਼ਿਕਾਰ ਦੇਸ਼ ਦੀਆਂ ਘੱਟਗਿਣਤੀਆਂ ਜਾਂ ਗਰੀਬ ਲੋਕ ਹੁੰਦੇ ਹਨ। ਇਸ ਫਿਲਮ ਸਬੰਧੀ ਕੀਤੇ ਜਾ ਰਹੇ ਤਪਸਰੇ ਦਾ ਸੰਖੇਪ ਸਾਰ ਅੰਸ਼ ਅਸੀਂ ਹਿੰਦੀ ਤੋਂ ਪੰਜਾਬੀ ਅਨੁਵਾਦ ਕਰਕੇ ਦੇ ਰਹੇ ਹਾਂ ਤਾਂ ਕਿ ਇਸ ਗੱਲ ਦਾ ਪਤਾ ਸਭ ਨੂੰ ਲੱਗ ਸਕੇ ਕਿ ਭਾਰਤ ਵਿਚ ਨਿਆਂ ਪ੍ਰਣਾਲੀ ਕਿਸ ਹੱਦ ਤਕ ਨਕਾਰਾ ਹੋ ਚੁੱਕੀ ਹੈ।

ਫਿਲਮ ਦੇ ਸ਼ੁਰੁਆਤ ਵਿਚ ਤਿੰਨ ਵਾਰ ਭਾਰਤ ਦੇ ਕੌਮੀ ਨਾਅਰੇ ਸਬੰਧੀ ਤਿੰਨ ਵਾਰ ਇਹ ਕਹਿ ਕੇ ਵਿਅੰਗ ਕੀਤਾ ਜਾਂਦਾ ਹੈ ਕਿ 'ਕਹਾਂ ਕਾ ਸਤਯ ਮੇ ਵਜਾਇਤੇ? ਭਾਵ ਕਿ ਸੱਚ ਦੀ ਜਿੱਤ ਕਿੱਥੇ ਹੈ ਉਥੇ? ਸਤਯਮੇ ਵਜਾਇਤੇ ਦਾ ਨਾਅਰਾ ਸਨਾਤਨ ਹਿੰਦੂ ਧਰਮ ਦੇ ਮੁੰਦਕਾ ਉਪਨਿਸ਼ਦ ਵਿਚੋਂ ਲਿਆ ਗਿਆ ਸੀ ਜਿਸ ਦਾ ਭਾਵ ਹੈ ਕਿ ਜਿੱਤ ਕੇਵਲ ਸੱਚਾਈ ਦੀ ਹੀ ਹੁੰਦੀ ਹੈ। ਉਪਨਿਸ਼ਦ ਦਾ ਇਹ ਸਲੋਕ ਸੰਨ ੧੯੫੦ ਨੂੰ ਭਰਤ ਦੇ ਗਣਤੰਤਰਤਾ ਦਿਵਸ ਵੇਲੇ ਕੌਮੀ ਪ੍ਰਤੀਕ ਵਜੋਂ ਚੁਣਿਆ ਗਿਆ ਸੀ ਅਤੇ ਹੁਣ ਇਹ ਸ਼ਲੋਕ ਅਸ਼ੋਕ ਦੇ ਤਿੰਨ ਸ਼ੇਰਾ ਹੇਠ ਦੇਵਨਾਗਰੀ ਲਿੱਪੀ ਵਿਚ ਦੇਸ਼ ਦੀ ਕਰੰਸੀ ਅਤੇ ਕਾਨੂੰਨੀ ਦਸਤਾਵੇਜ਼ਾਂ ਦੇ ਛਾਪਿਆ ਜਾਂਦਾ ਹੈ। 'ਬਲੈਕ ਜਸਟਿਸ' ਫਿਲਮ ਵਿਚ ਇਸ ਕੌਮੀ ਪ੍ਰਤੀਕ 'ਤੇ ਵਿਅੰਗ ਕਰਕੇ ਇਹ ਸਵਾਲ ਕੀਤਾ ਗਿਆ ਹੈ ਕਿ ਭਾਰਤ ਵਿਚ ਸੱਚਾਈ ਦੀ ਜਿੱਤ ਕਿੱਥੇ ਹੈ? ਇਸ ਫਿਲਮ ਬਾਰੇ ਇੱਕ ਕੁਮੈਂਟਰੀ ਪੜ੍ਹਨ ਸੁਣਨ ਵਿਚ ਆਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਹਾਈਕੋਰਟ ਦੇ ਜੱਜ ਜ਼ਰੂਰ ਇਸ ਫਿਲਮ ਨੂੰ ਦੇਖਣ ਤਾਂ ਕਿ ਉਹਨਾ ਨੂੰ ਪਤਾ ਲੱਗ ਸਕੇ ਕਿ ਦੇਸ਼ ਦੇ ਕਾਨੂੰਨ ਦੀ ਕੀ ਹਾਲਤ ਹੈ।

ਕਿਹਾ ਜਾਂਦਾ ਹੈ ਕਿ ਦੇਸ਼ ਦੀਆਂ ਜ਼ਿਲਾ ਕੋਰਟਾਂ ਦੇ ਨਾਲ ਨਾਲ ਹਾਈਕੋਰਟਾਂ ਅਤੇ ਸੁਪਰੀਮ ਕੋਰਟਾਂ ਵਿਚ ਪੰਜ ਕਰੋੜ ਕੇਸ ਲੱਟਕ ਰਹੇ ਹਨ। ਜੇ ਇੱਕ ਪਰਿਵਾਰ ਦੇ ਔਸਤਨ ੬ ਮੈਂਬਰ ਮੰਨੀਏ ਤਾਂ ਕਹਿਣਾ ਪੈਂਦਾ ਹੈ ਕਿ ਦੇਸ਼ ਵਿਚ ਤੀਹ ਕਰੋੜ ਲੋਕੀ ਇਨਸਾਫ ਦੀ ਉਡੀਕ ਵਿਚ ਬੈਠੇ ਹਨ। ਤੀਹ ਕਰੋੜ ਦਾ ਮਤਲਬ ਇੱਕ ਅਮਰੀਕਾ ਜਾਂ ੧੫ ਅਸਟਰੇਲੀਆ ਜਾਂ ੭ ਕਨੇਡਾ ਅਤੇ ਡੇਢ ਬਰਾਜ਼ਿਲ ਹੈ। ਭਾਰਤ ਵਿਚ ਏਨੇ ਲੋਕ ਇਨਸਾਫ ਦੀ ਉਡੀਕ ਵਿਚ ਬੈਠੇ ਹਨ। ਹੇਠਲੀਆਂ ਅਦਾਲਤਾਂ ਜਿਵੇਂ ਕਿ ਤਹਿਸੀਲਦਾਰ, ਐਸ ਡੀ ਐਮ, ਏ ਡੀ ਐਮ, ਡੀ ਐਮ ਜਾਂ ਚੱਕ ਬੰਦੀ ਅਧਿਕਾਰੀ ਜਿਸ ਨੂੰ ਸੀ ਈ ਓ ਕਹਿੰਦੇ ਹਨ ਇਹਨਾ ਅਦਾਲਤਾਂ ਵਿਚ ਵੀ ਪੰਜ ਕਰੋੜ ਮੁਕੱਦਮੇ ਲਟਕੇ ਹੋਏ ਹਨ। ਐਸੇ ਮੁਕੱਦਮਿਆਂ ਦੀ ਦੁਰਦਸ਼ਾ ਨੂੰ ਮਿਸਾਲਾਂ ਦੇ ਕੇ ਦਰਸਾਇਆ ਗਿਆ ਹੈ ਕਿ ਭਾਰਤ ਦੇ ਜੌਹਨਪੁਰ ਵਿਚ ੧੯੮੫ ਵਿਚ ਇੱਕ ਦੱਸ ਵਿੱਘੇ ਜ਼ਮੀਨ ਦਾ ਮੁਕੱਦਮਾ ਸ਼ੁਰੂ ਹੋਇਆ ਅਤੇ ੩੭ ਸਾਲ ਬੀਤ ਜਾਣ ਬਾਅਦ ਵੀ ਇਹ ਮੁਕੱਦਮਾ ਹਾਲੇ ਹੇਠਲੀ ਅਦਾਲਤ ਵਿਚ ਭਾਵ ਕਿ ਚੱਕਬੰਦੀ ਸਾਹਮਣੇ ਪਿਆ ਹੈ। ਇਹ ਮੁਕੱਦਮਾ ਦੀ ਵਸੀਅਤ ਦੇ ਫੈਸਲੇ ਸਬੰਧੀ ਹੈ ਜਿਸ ਵਿਚ ਦੋ ਵਿਅਕਤੀ ਆਪੋ ਆਪਣਾ ਹੱਕ ਜਿਤਾ ਰਹੇ ਸਨ। ਜੇ ਅੱਜ ਇਸ ਨੂੰ ਸਭ ਤੋਂ ਹੇਠਲੀ ਅਦਾਲਤ ਵਿਚ ਨਜਿੱਠ ਵੀ ਲਿਆ ਜਾਂਦਾ ਹੈ ਤਾਂ ਇਸ ਨੂੰ ਚਣੌਤੀ ਦੇਣ ਲਈ ਤਿੰਨ ਹੇਠਲੀਆਂ ਅਤੇ ਤਿੰਨ ਉਪਰਲੀਆਂ ਅਦਾਲਤਾਂ ਖੜ੍ਹੀਆਂ ਹਨ ਜਿਹਨਾ ਵਿਚ ੩੭ ਸਾਲ ਹੋਰ ਵੀ ਲੱਗ ਸਕਦੇ ਹਨ। ਇਸ ਕੇਸ ਵਿਚ ਦਰਖਾਸਤ ਦੇਣ ਵਾਲਿਆਂ ਦੀ ਦੂਜੀ ਪੀੜ੍ਹੀ ਚੱਲ ਰਹੀ ਹੈ ਅਤੇ ਇਹ ਮੁਕੱਦਮਾ ਤੀਸਰੀ ਪੀੜ੍ਹੀ ਤੇ ਜਾ ਕੇ ਵੀ ਸ਼ਾਇਦ ਹੀ ਸਿਰੇ ਲੱਗੇ। ਪੰਚਕੂਲਾ ਦੀ ਅਦਾਲਤ ਵਿਚ ਇੱਕ ਐਸੇ ਪਰਿਵਾਰ ਦਾ ਮੁਕੱਦਮਾ ਹੈ ਜਿਹਨਾ ਦੇ ਬਜ਼ੁਰਗ ਨੇ ਪਾਕਿਸਤਾਨ ਨਾਲ ਜੰਗ ਵਿਚ ਬੀਰਤਾ ਪ੍ਰਾਪਤ ਕੀਤਾ ਸੀ। ਸੰਨ ੨੦੦੦ ਤੋਂ ਇਹ ਮੁਕੱਦਮਾ ਚੱਲ ਰਿਹਾ ਹੈ ਅਤੇ ਵੀਹ ਸਾਲ ਬੀਤ ਜਾਣ 'ਤੇ ਵੀ ਕਾਬਜ ਧਿਰ ਆਪਣਾ ਕਬਜਾ ਨਹੀਂ ਛੱਡ ਰਹੀ । ਅੱਜ ਜੇਕਰ ਫੈਸਲਾ ਪਰਿਵਾਰ ਦੇ ਹੱਕ ਵਿਚ ਹੋ ਵੀ ਜਾਂਦਾ ਹੈ ਤਾਂ ਵਿਰੋਧੀ ਧਿਰ ਚੰਡੀਗੜ੍ਹ ਦੀ ਹਾਈਕੋਰਟ ਅਤੇ ਫਿਰ ਸੁਪਰੀਮ ਕੋਰਟ ਵਿਚ ਵੀ ਜਾ ਸਕਦੀ ਹੈ।



ਭਾਰਤੀ ਨਿਆਂ ਪ੍ਰਣਾਲੀ ਅੰਗ੍ਰੇਜ਼ਾਂ ਦੀ ਬਣਾਈ ਹੋਈ ਹੈ ਜੋ ਕਿ ਦੇਸ਼ਵਾਸੀਆਂ ਨੂੰ ਇਨਸਾਫ ਦੇਣ ਲਈ ਨਹੀਂ ਸਗੋਂ ਲੁੱਟਣ ਲਈ ਬਣਾਈ ਗਈ ਸੀ। ਅਜੇ ਵੀ ਭਾਰਤੀ ਉਹਨਾ ਦੀ ਨਕਲ ਕਰੀ ਜਾ ਰਹੇ ਹਨ ਜਿਵੇਂ ਕਿ ਜੇ ਅੰਗ੍ਰੇਜ਼ ਕਾਲੇ ਕੱਪੜੇ ਪਉਂਦੇ ਸਨ ਹੁਣ ਭਾਰਤੀ ਵੀ ਕਾਲੇ ਕੱਪੜੇ ਪਉਂਦੇ ਨੇ, ਅੰਗ੍ਰੇਜ਼ ਜੂਨ ਮਹੀਨੇ ਦੀ ਗਰਮੀ ਕਰਕੇ ਇੱਕ ਮਹੀਨੇ ਦੀ ਛੁੱਟੀ ਕਰਦੇ ਸਨ ਅਜੇ ਵੀ ਭਾਰਤੀ ਅਦਾਲਤਾਂ ਮਈ ਜੂਨ ਵਿਚ ਬੰਦ ਰਹਿੰਦੀਆਂ ਹਨ, ਅੰਗ੍ਰੇਜ਼ ਦਸੰਬਰ ਮਹੀਨੇ ਕ੍ਰਿਸਮਿਸ ਕਰਕੇ ਮਹੀਨਾ ਛੁੱਟੀ ਕਰਦੇ ਹਨ ਅੱਜ ਵੀ ਭਾਰਤੀ ਹਾਈਕੋਰਟ ਅਤੇ ਸੁਪਰੀਮ ਕੋਰਟ ਕ੍ਰਿਸਮਿਸ ਦੇ ਦਿਨੀਂ ਪੰਦਰਾਂ ਵੀਹ ਦਿਨ ਬੰਦ ਰਹਿੰਦੀਆਂ ਹਨ। ਸੰਨ ੨੦੨੪ ਨੂੰ ਵੀ ਭਾਰਤੀ ਨਿਆਂ ਪ੍ਰਣਾਲੀ ੧੮੬੦ ਦੀ ਇੰਡੀਅਨ ਪੀਨਲ ਕੋਡ ਅਤੇ ੧੮੬੧ ਦਾ ਪੁਲਿਸ ਐਕਟ ਲੈ ਕੇ ਘੁੰਮ ਰਹੀ ਹੈ ਤਾਂ ਇਨਸਾਫ ਕਿੱਥੋਂ ਮਿਲਣਾ ਹੈ। ਭਾਰਤੀ ਨਿਆਂ ਪ੍ਰਣਾਲੀ ਦਾ ਕਦੀ ਵੀ ਅਗਾਂਹ ਵਧੂ ਨਿਆਂ ਪ੍ਰਣਾਲੀ ਨਾਲ ਤੁਲਨਾਤਮਿਕ ਅਧਿਐਨ ਨਹੀਂ ਕੀਤਾ ਗਿਆ। ਇੱਕਏਅਰ ਪੋਰਟ 'ਤੇ ੨੫,੦੦੦ ਕਰੋੜ ਦੀ ਲਾਗਤ ਅਉਂਦੀ ਹੈ ਅਤੇ ਜੇ ਕਿਤੇ ਭਾਰਤੀ ਸਰਕਾਰ ਨੇ ਆਪਣੀ ਨਿਆਂ ਪ੍ਰਣਾਲੀ ਦੇ ਵਿਕਾਸ ਲਈ ਏਨੀ ਲਾਗਤ ਖਰਚ ਕੀਤੀ ਹੁੰਦੀ ਤਾਂ ਦੇਸ਼ ਦੀ ਹਾਲਤ ਕੁਝ ਹੋਰ ਹੁੰਦੀ।

ਭਾਰਤੀ ਨਿਆਂ ਪ੍ਰਣਾਲੀ ਵਿਚ ਜਵਾਬਦੇਹੀ ਨਾਮ ਦੀ ਕੋਈ ਵੀ ਚੀਜ਼ ਨਹੀ ਹੈ। ਕਿਸੇ ਨੂੰ ਨਿਆਂ ਮਿਲੇ ਜਾਂ ਨਾ ਮਿਲੇ ਸਰਕਾਰ ਨੂੰ ਇਸ ਨਾਲ ਕੋਈ ਸਰੋਕਾਰ ਹੀ ਨਹੀਂ ਹੈ। ਲੱਖਾਂ ਬੇਕਸੂਰੇ ਜਿਹਲਾਂ ਵਿਚ ਸੜ ਰਹੇ ਹਨ ਅਤੇ ਲੱਖਾਂ ਚੋਰ ਬਦਮਾਸ਼ ਅਤੇ ਕਾਤਲ ਅਪ੍ਰਾਧ ਅਪ੍ਰਾਧ ਕਰਕੇ ਬਾਹਰ ਅਜ ਘੁੰਮ ਰਹੇ ਹਨ। ਅੱਜ ਭਾਰਤ ਨੇ ਬੜਾ ਕੁਝ ਵਰਲਡ ਕਲਾਸ ਬਣਾ ਲਿਆ ਹੈ, ਦੇਸ਼ ਦੇ ਜੱਜ ਆਪਣਾ ਡੇਟਾ ਸੁਰੱਖਿਅਤ ਰੱਖਣ ਲਈ ਅਮਰੀਕਾ ਦੇ ਫੋਨ ਵਰਤ ਰਹੇ ਹਨ ਪਰ ਭਾਰਤ ਸੁਰੱਖਿਅਤ ਹੋ ਜਾਵੇ ਇਸ ਵਲ ਕਿਸੇ ਦਾ ਧਿਆਨ ਨਹੀਂ ਹੈ। ਅਨੇਕਾਂ ਹੋਰ ਪੱਖਾਂ ਵਿਚ ਜਿਥੇ ਜਪਾਨ ਅਤੇ ਅਮਰੀਕਾ ਦੀਆਂ ਰੀਸਾਂ ਹੁੰਦੀਆਂ ਹਨ ਉਥੇ ਨਿਆਂ ਪ੍ਰਣਾਲੀ ਨੂੰ ਵੀ ਉਹਨਾ ਦੇ ਮੇਚ ਦੀ ਕਰਨ ਬਾਰੇ ਕਿਓ ਨਹੀਂ ਸੋਚਿਆ ਜਾਂਦਾ। ਸਿੰਘਾਪੁਰ ਵਿਚ ਇੱਕ ਵਿਅਕਤੀ ਕੋਲੋਂ ੯੦੦ ਗਰਾਮ ਗਾਂਜਾ ਫੜੀਆ ਗਿਆ ਤਾਂ ਉਸ ਨੂੰ ਫਾਂਸੀ ਹੋ ਗਈ ਤੇ ਹੁਣ ਉਥੇ ਅਜੇਹਾ ਜ਼ੁਰਮ ਕਿਵੇਂ ਹੋ ਸਕਦਾ ਹੈ? ਭਾਰਤ ਵਿਚ ਜੋ ਡਰੱਗ ਸਮਗਲਿੰਗ, ਮਾਫੀਆ ਰਾਜ ਅਤੇ ਹਿਊਮਨ ਟਰੈਫਕਿੰਗ ਹੈ ਇਸ ਸਭ ਲਈ ਦੇਸ਼ ਦੀ ਨਿਆਂ ਪ੍ਰਣਾਲੀ ਜ਼ਿੰਮੇਵਾਰ ਹੈ।

ਹਰ ਮੁਕੱਦਮੇ ਵਿਚ ਇੱਕ ਪੀੜਤ ਧਿਰ ਹੁੰਦੀ ਹੈ ਅਤੇ ਦੂਜਾ ਅਪਰਾਧ ਕਰਨ ਵਾਲਾ। ਪੀੜਤ ਵਿਅਕਤੀ ਚਾਹੇਗਾ ਕਿ ਇਨਸਾਫ ਦਾ ਫੈਸਲਾ ਜਿੰਨੀ ਛੇਤੀ ਹੋ ਜਾਵੇ ਚੰਗਾ ਹੈ ਪਰ ਅਪਰਾਧੀ ਚਾਹੇਗਾ ਕਿ ਮੁਕੱਦਮਾ ਜਿੰਨਾ ਵੀ ਲਟਕ ਜਾਵੇ ਚੰਗਾ ਹੈ। ਭਾਰਤ ਦਾ ਨਿਆਇਕ ਪ੍ਰਬੰਧ ਅਪਰਾਧੀ ਨਾਲ ਖੜ੍ਹਾ ਹੈ। ਬਲਾਤਕਾਰੀ ਜੇ ਚਹੁੰਦਾ ਹੈ ਕਿ ਉਸ ਦਾ ਮੁਕੱਦਮਾ ੩੦ ਸਾਲ ਚੱਲੇ ਤਾਂ ਮੁਕੱਦਮਾ ੩੦ ਸਾਲ ਚਲਦਾ ਹੈ। ਕਿਸੇ ਕਿਰਤੀ ਦੀ ਜ਼ਮੀਨ 'ਤੇ ਕਬਜਾ ਕਰਨ ਵਾਲਾ ਕੋਈ ਭੂ-ਮਾਫੀਆ ਚਹੁੰਦਾ ਹੈ ਕਿ ਉਸ ਦਾ ਮੁਕੱਦਮਾ ੫੦ ਸਾਲ ਚੱਲੇ ਤਾਂ ਮੁਕੱਦਮਾ ੫੦ ਸਾਲ ਚੱਲਦਾ ਹੈ। ਇਸ ਦਾ ਭਾਵ ਹੈ ਕਿ ਵਰਤਮਾਨ ਨਿਆਂ ਪ੍ਰਣਾਲੀ ਬਲਾਤਕਾਰੀ, ਭੂ-ਮਾਫੀਆ, ਸਮਗਲਰਾਂ ਅਤੇ ਚੋਰਾਂ ਤੇ ਡਾਕੂਆਂ ਦੇ ਹੱਕ ਵਿਚ ਹੈ। ਕਿਸੇ ਵਿਅਕਤੀ ਨੇ ਮਿਲਾਵਟ ਖੋਰੀ ਕਰਕੇ ਪਤਾ ਨਹੀਂ ਕਿੰਨਾ ਚਿਰ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤਾ ਹੁੰਦਾ ਹੈ ਪਰ ਉਸ ਦੇ ਮੁਕੱਦਮੇ ਨੂੰ ਜੇਕਰ ੫੦ ਸਾਲ ਤਕ ਲਟਕਾਇਆ ਜਾਂਦਾ ਹੈ ਤਾਂ ਪਤਾ ਨਹੀਂ ਕਿ ਉਹਨਾ ੫੦ ਸਾਲਾਂ ਵਿਚ ਉਸ ਨੇ ਕਿੰਨੀਆਂ ਹੋਰ ਜ਼ਿੰਦਗੀਆਂ ਨਾਲ ਖੇਡਿਆ ਹੁੰਦਾ ਹੈ।

ਨਿਆਂ ਪ੍ਰਬੰਧ ਤਾਂ ਅਸਲ ਵਿਚ ਦਵਾ ਵਾਂਗ ਕੰਮ ਕਰਦਾ ਹੈ। ਜੇਕਰ ਦਵਾਈ ਵੇਲੇ ਨਾਲ ਦੇ ਦਿੱਤੀ ਜਾਂਦੀ ਹੈ ਤਾਂ ਰੋਗੀ ਨੂੰ ਛੇਤੀ ਅਰਾਮ ਆ ਜਾਂਦਾ ਹੈ। ਜੇਕਰ ਕਿਸੇ ਪਿੰਡ ਸ਼ਹਿਰ ਵਿਚ ਕਿਸੇ ਵਿਅਕਤੀ ਨੇ ਅਪਰਾਧ ਕਰ ਦਿੱਤਾ ਹੋਵੇ ਤਾਂ ਜੇਕਰ ਉਸ ਨੂੰ ਛੇਤੀ ਸਜ਼ਾ ਹੋ ਜਾਵੇ ਤਾਂ ਅਪਰਾਧ ਰੁਕ ਜਾਵੇਗਾ ਪਰ ਜੇਕਰ ਉਸ ਦਾ ਫੈਸਲਾ ਲਟਕਦਾ ਚਲਾ ਜਾਵੇ ਤਾਂ ਅਪਰਾਧੀ ਡਰਨੋਂ ਹਟ ਜਾਂਦੇ ਹਨ ਅਤੇ ਅਪਰਾਧ ਵਧਦਾ ਚਲਾ ਜਾਂਦਾ ਹੈ। ਜਿਵੇਂ ਕਿ ਜੇਕਰ ਬੁਖਾਰ ਦਾ ਇਲਾਜ ਤਤਕਾਲ ਹੋ ਜਾਵੇ ਤਾਂ ਠੀਕ ਨਹੀਂ ਤਾਂ ਉਸ ਦਾ ਲੰਬੇ ਸਮੇ ਤਕ ਲਟਕ ਜਾਣ ਨਾਲ ਟਾਈਫਾਇਡ ਜਾਂ ਨਮੋਨੀਆ ਬਣ ਜਾਂਦਾ ਹੈ, ਇਸੇ ਤਰਾਂ ਨਿਆ ਪ੍ਰਣਾਲੀ ਵਿਚ ਵੀ ਹੁੰਦ ਹੈ। ਅਪਰਾਧ ਕੋਈ ਵੀ ਹੋਵੇ ਜਿਵੇਂ ਕਿ ਨਸ਼ਾ ਤਸਕਰੀ ਜਾਂ ਸੋਨਾ ਤਸਕਰੀ ਜਾਂ ਮਾਨਵ ਤਸਕਰੀ ਹੈ ਜਾਂ ਨਕਸਲਵਾਦ, ਮਾਓਵਾਦ ਜਾਂ ਕੱਟੜਵਾਦ, ਉਸ ਦਾ ਵੱਡਾ ਕਾਰਨ ਇਹ ਹੈ ਕਿ ਸਾਡੀ ਨਿਆਂ ਪ੍ਰਣਾਲੀ ਉਸ ਨੂੰ ਕਾਬੂ ਕਰਨ ਵਿਚ ਨਾਕਾਮਯਾਬ ਹੈ। ਇਸ ਲਈ ਭਾਰਤ ਵਿਚ ਅਰਾਜਕਤਾ ਹੈ ਵਰਨਾ ਐਸੀ ਕੋਈ ਬਿਮਾਰੀ ਨਹੀਂ ਜਿਸ ਦੀ ਕੋਈ ਦਵਾਈ ਨਹੀਂ, ਐਸੀ ਕੋਈ ਸਮੱਸਿਆ ਵੀ ਨਹੀਂ ਜਿਸ ਦਾ ਕੋਈ ਸਮਾਧਾਨ ਨਹੀਂ ਹੈ। ਅਸੀਂ ਹਰ ਰੋਜ਼ ਬਾਹਰਲੀਆ ਚੀਜ਼ਾਂ ਬਿਹਤਰ ਜਾਣ ਕੇ ਖ਼੍ਰੀਦਦੇ ਹਾਂ ਪਰ ਉਹਨਾ ਦੇਸ਼ਾਂ ਦੇ ਨਿਆਇਕ ਪ੍ਰਬੰਧ ਦੀ ਅਸੀਂ ਕਿਓਂ ਨਹੀਂ ਰੀਸ ਕਰਦੇ।

**ਬਾਕੀ ਹਿਸਾ ਸਫਾ 32 ਤੇ ਪੜ੍ਹੋ**

31 ਸਫ਼ੇ ਦੀ ਬਾਕੀ

ਜੇਕਰ ਭਾਰਤ ਵਿਚ ਨਾਰਕੋ ਪੋਲੀਗਰਾਫ ਤੰਤਰ ( ਝੂਠ ਫੜਨ ਵਾਲਾ ਲਾਈ ਡਿਟੈਕਟਰ ਆਦਿ) ਨੂੰ ਵਰਤੋਂ ਵਿਚ ਲਿਆਇਆ ਜਾਵੇ ਤਾਂ ਹਜ਼ਾਰਾਂ ਜਾਅਲੀ ਕੇਸ ਅੱਜ ਹੀ ਖਤਮ ਹੋ ਜਾਣ। ਅੱਜਕਲ ਲੋਕੀ ਨਿਆਂ ਪ੍ਰਣਾਲੀ ਦੀ ਢਿੱਲਮਸ ਦੇ ਨਾਲ ਨਾਲ ਫਰਜ਼ੀ ਕੇਸਾਂ, ਫਰਜ਼ ਗਵਾਹੀਆਂ ਅਤੇ ਫਰਜੀ ਐਫ ਆਈ ਆਰ ਵਗੈਰਾ ਤੋਂ ਪ੍ਰੇਸ਼ਾਨ ਹਨ। ਜੋ ਅਸਲ ਵਿਚ ਦੋਸ਼ੀ ਹਨ ਉਹਨਾ ਨੂੰ ਸਜ਼ਾ ਨਹੀਂ ਹੋ ਰਹੀ ਅਤੇ ਜੋ ਨਿਰਦੋਸ਼ ਹਨ ਉਹਨਾ ਨੂੰ ਫਸਾਇਆ ਜਾ ਰਿਹਾ ਹੈ। ਅੱਜਕਲ ਜੇਕਰ ਕਿਸੇ ਪਿੰਡ ਵਿਚ ਕੋਈ ਧੱਕੜ ਬੰਦਾ ਕਿਸੇ ਦੀ ਜ਼ਮੀਨ ਤੇ ਕਬਜ਼ਾ ਕਰ ਲਏ ਤਾ ਪਿੰਡ ਵਿਚ ਕਿਸੇ ਦੀ ਹਿੰਮਤ ਨਹੀਂ ਪੈਂਦੀ ਕਿ ਉਸ ਦੇ ਖਿਲਾਫ ਗਵਾਹੀ ਦੇ ਦੇਵੇ। ਇਹਨਾ ਦਿਵਾਨੀ ਮੁਕੱਦਮਿਆਂ ਵਿਚ ਤੀਹ ਤੀਹ ਸਾਲ ਲੱਗ ਜਾਂਦੇ ਹਨ। ਹੁਣ ਫਰਜ਼ ਕਰੋ ਕਿਸੇ ਜ਼ਮੀਨ 'ਤੇ ਕੀਤੇ ਨਜਾਇਜ਼ ਕਬਜੇ ਦੇ ਕੇਸ ਵਿਚ ਕਿਸੇ ਨੂੰ ਤੀਹ ਸਾਲਾ ਮਗਰੋਂ ਉਸ ਦੀ ਜ਼ਮੀਨ ਮਿਲ ਵੀ ਜਾਵੇ ਤਾਂ ਉਸ ਨਾਲ ਨਿਆਂ ਤਾਂ ਫਿਰ ਵੀ ਨਾ ਹੋਇਆ। ਤੀਹ ਸਾਲ ਵਿਚ ਉਸ ਦਾ ਕਿੰਨਾ ਪੈਸਾ ਬਰਬਾਦ ਹੋ ਗਿਆ, ਕਿੰਨਾ ਸਮਾਂ ਬਰਬਾਦ ਹੋ ਗਿਆ ਅਤੇ ਏਨਾ ਲੰਬਾ ਸਮਾਂ ਉਹ ਜਿਸ ਮਾਨਸਿਕ ਪੀੜਾ ਵਿਚੋਂ ਗੁਜ਼ਰਿਆ ਕੀ ਕੋਈ ਇਨਸਾਫ ਹੋ ਸਕਦਾ ਹੈ। ਇਹਨਾ ਫੈਸਲਿਆਂ ਵਿਚ ਰਿੜਕ ਹੁੰਦੇ ਗਰੀਬ ਲੋਕ ਐਸੇ ਵੀ ਹੁੰਦੇ ਹਨ ਜਿਹਨਾ ਕੋਲ ਤਾਂ ਬੱਸ ਜੋਗਾ ਕਿਰਾਇਆ ਵੀ ਨਹੀਂ ਹੁੰਦਾ ਸਗੋ ਸਾਈਕਲ 'ਤੇ ਮੁਕੱਦਮੇ ਦੀ ਤਾਰੀਖ ਭੁਗਤਣ ਅਉਂਦੇ ਹਨ ਅਤੇ ਰੋਟੀ ਵੀ ਘਰੋਂ ਲੈ ਕੇ ਅਉਂਦੇ ਹਨ। ਪਰ ਵਕੀਲਾਂ ਨੂੰ ਬੜੀ ਮਜ਼ਬੂਰੀ ਦੀ ਹਾਲਤ ਵਿਚ ਫੀਸਾਂ ਦੇਣੀਆਂ ਪੈਂਦੀਆਂ ਹਨ। ਭਾਰਤੀ ਅਦਾਲਤਾਂ ਅਤੇ ਕਚਹਿਰੀਆਂ ਤਾਂ ਦਲਾਲੀ ਦਾ ਅਤੇ ਭਰਿਸ਼ਟਾਚਾਰ ਦਾ ਅੱਡਾ ਬਣ ਚੁੱਕੀਆਂ ਹਨ। ਸੱਚ ਤਾਂ ਇਹ ਹੈ ਕਿ ਅਦਾਲਤਾਂ ਵਿਚ ਨਿਆਂ ਹੁੰਦਾ ਨਹੀਂ ਸਗੋਂ ਨਿਆਂ ਵਿਕਦਾ ਹੈ। ਜਿਹਨਾ ਕੋਲ ਪੈਸਾ ਹੈ ਉਹਨਾ ਨੇ ਕਿੰਨੀ ਵੱਡੀ ਚੋਰੀ, ਸਮਗਲਿੰਗ ਜਾਂ ਕਿੰਨੇ ਵੀ ਸੰਗੀਨ ਬਲਾਤਕਾਰ ਕੀਤੇ ਹੋਣ ਉਹਨਾ ਦੀਆਂ ਜ਼ਮਾਨਤਾਂ ਹੋ ਜਾਂਦੀਆਂ ਹਨ ਅਤੇ ਗਰੀਬ ਮਾਰੇ ਜਾਂਦੇ ਹਨ। ਕਈ ਵੇਰਾਂ ਇੰਝ ਵੀ ਹੁੰਦਾ ਹੈ ਕਿ ਅਸਲ ਦੋਸ਼ੀ ਤਾਂ ਲੱਖਾਂ ਦੀ ਰਿਸ਼ਵਿਤ ਦੇ ਕੇ ਬਚ ਜਾਂਦੇ ਹਨ ਅਤੇ ਖਾਨਾ ਪੂਰਤੀ ਕਰਨ ਲਈ ਉਹਨਾ ਦੀ ਥਾਂ 'ਤੇ ਨਿਰਦੋਸ਼ਾਂ ਨੂੰ ਬੰਨ੍ਹ ਲਿਆ ਜਾਂਦਾ ਹੈ। ਐਸੇ ਨਿਰਦੋਸ਼ ਵਿਅਕਤੀ ਵੀਹ ਵੀਹ ਸਾਲਾਂ ਲਈ ਜਿਹਲਾਂ ਵਿਚ ਸੜਦੇ ਰਹਿੰਦੇ ਹਨ, ਉਹਨਾ ਦੇ ਘਰ ਘਾਟ ਵਿਕ ਜਾਂਦੇ ਹਨ ਅਤੇ ਉਹਨਾ ਦੀ ਕਮੀ ਵਿਚ ਪਰਿਵਾਰ ਤਹਿਸ ਨਹਿਸ ਹੋ ਜਾਂਦੇ ਹਨ। ਹੁਵ ਵੀਹ ਸਾਲ ਮਗਰੋਂ ਐਸਾ ਕੋਈ ਵਿਅਕਤੀ ਬਰੀ ਹੋ ਵੀ ਜਾਵੇ ਤਾਂ ਉਸ ਦਾ ਨਿੱਜੀ ਤੌਰ 'ਤੇ ਅਤੇ ਪਰਿਵਾਰਕ ਤੌਰ 'ਤੇ ਜੋ ਘਾਣ ਹੋਇਆ ਉਸ ਦਾ ਕੌਣ ਜ਼ਿੰਮੇਵਾਰ ਹੈ ? ਜ਼ਾਹਰ ਹੈ ਕਿ ਇਸ ਦੇ ਜ਼ਿੰਮੇਵਾਰ ਸੰਵਿਧਾਨ ਦੀ ਕਸਮ ਖਾਣ ਵਾਲੇ ਜੱਜ, ਰਾਜਸੀ ਲੋਕ ਅਤੇ ਪੁਲਸ ਜ਼ਿੰਮੇਵਾਰ ਹੁੰਦੀ ਹੈ। ਪੁਲਿਸ, ਪ੍ਰਸ਼ਾਸਨ ਅਤੇ ਸਿਆਸੀ ਅਫਸਰਾਂ ਨੂੰ ਕੋਠੀਆਂ, ਕਾਰਾਂ,ਬੰਗਲੇ, ਤਨਖਾਹਾਂ, ਭੱਤੇ ਅਤੇ ਨੌਕਰ ਚਾਕਰਾਂ ਨਾਲ ਲੈਣ ਵੀ ਆਈ ਪੀ ਸਹੂਲਤਾਂ ਇਸ ਲਈ ਮਿਲਦੀਆਂ ਹਨ ਕਿ ਉਹ ਲੋਕਾਂ ਨਾਲ ਇਨਸਾਫ ਕਰ ਸਕਣ। ਪਰ ਇਨਸਾਫ ਨਾਮ ਦੀ ਤਾਂ ਉਥੇ ਕੋਈ ਚੀਜ਼ ਹੀ ਨਹੀਂ ਹੈ।

ਸਬੰਧਤ ਸੀਰੀਜ਼ ਵਿਚ ਪਤਾ ਨਹੀਂ ਇਹ ਗੱਲ ਵੀ ਦਿਖਾਈ ਗਈ ਹੋਏ ਕਿ ਭਾਰਤ ਵਿਚ ਕਿਸ ਤਰਾਂ ਨਾਲ ਘੱਟ ਗਿਣਤੀਆਂ ਕਾਨੂੰਨੀ ਪੱਖਪਾਤ ਦਾ ਸ਼ਿਕਾਰ ਹੁੰਦੀਆਂ ਹਨ। ਅੱਜ ਦੀ ਤਾਰੀਖ ਵਿਚ ਕਿਸੇ ਵੀ ਵਿਅਕਤੀ 'ਤੇ ਐਨ. ਐਸ. ਏ (ਨੈਸ਼ਨਲ ਸਕਿਓਰਿਟੀ ਐਕਟ) ਲਾ ਕੇ ਉਸ ਨੂੰ ਵਰ੍ਹਿਆਂ ਬੱਧੀ ਜਿਹਲਾਂ ਵਿਚ ਤਾੜਿਆ ਜਾ ਸਕਦਾ ਹੈ। ਪੰਜਾਬ ਦੇ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਦੀ ਚੋਣ ੧ ਲੱਖ ੯੭ ਹਜ਼ਾਰ ੧੨੦ ਵੋਟਾਂ ਦੇ ਫਰਕ ਨਾਲ ਜਿੱਤਣ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਬਿਨਾ ਕਿਸੇ ਵੀ ਸੰਗੀਨ ਜ਼ੁਰਮ ਦੇ ਡਿਬਰੂਗੜ੍ਹ ਜਿਹਲ ਵਿਚ ਬੰਦ ਕੀਤਾ ਹੋਇਆ ਹੈ। ਭਾਈ ਅੰਮ੍ਰਿਤਪਾਲ ਸਿੰਘ ਦੀ ਜਿੱਤ ਨੂੰ ਪੰਥਕ ਜਿੱਤ ਕਰਾਰ ਦਿੱਤਾ ਗਿਆ ਸੀ ਪਰ ਭਾਰਤ ਦੇ ਨਿਆਂ ਪ੍ਰਬੰਧ ਵਿਚ ਹਰ ਪੰਥਕ ਵਿਅਕਤੀ ਨੂੰ ਗੁਨਾਹਗਾਰ ਮੰਨਿਆਂ ਜਾਂਦਾ ਹੈ। ਜਿਹਨਾ ਨੌਜਵਾਨਾਂ ਦੇ ਘਰੋਂ ਖਾਲਿਸਤਾਨ ਨਾਲ ਸਬੰਧਤ ਕੋਈ ਸਾਹਿਤ ਮਿਲ ਜਾਂਦਾ ਹੈ ਓਹਨਾ ਨੂੰ ਵੀ ਜਿਹਲਾਂ ਵਿਚ ਤਾੜਿਆ ਗਿਆ ਹੈ ਅਤੇ ਦੂਸਰੇ ਪਾਸੇ ਸੰਨ ਚੁਰਾਸੀ ਨੂੰ ਭਾਰਤ ਵਿਚ ਹਜ਼ਾਰਾਂ ਸਿੱਖਾਂ ਨੂੰ ਚਿੱਟੇ ਦਿਨ ਸਾੜਨ ਵਾਲੇ ਭਾਰਤੀ ਸਿਆਸਤਦਾਨ ਅੱਜ ਵੀ ਸ਼ਰੇਆਮ ਸੜਕਾਂ 'ਤੇ ਘੁੰਮ ਰਹੇ ਹਨ ਅਤੇ ਹੁਣ ਚਾਲੀ ਸਾਲ ਤੋਂ ਵੱਧ ਦਾ ਸਮਾਂ ਗੁਜ਼ਰਨ 'ਤੇ ਵੀ ਅਨੇਕਾਂ ਕੇਸ ਸਦਾਲਤਾਂ ਵਿਚ ਰਿੜਕ ਹੋ ਰਹੇ ਹਨ ਜਿਹਨਾ ਤੋਂ ਇਨਸਾਫ ਦੀ ਉਮੀਦ ਖਤਮ ਹੋ ਚੁੱਕੀ ਹੈ। ਦੂਜੇ ਪਾਸੇ ਅਨੇਕਾਂ ਬੰਦੀ ਸਿੱਖ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਜਿਹਲਾਂ ਵਿਚ ਤਾੜੇ ਹੋਏ ਹਨ। ਦਿਨੋ ਦਿਨ ਸਿੱਖਾਂ ਦੇ ਮਨਾ ਵਿਚ ਇਹ ਗੱਲ ਘਰ ਗਈ ਹੈ ਕਿ ਦੇਸ ਵਿਚ ਉਹ ਭਾਰਤ ਵਿਚ ਦੋ ਨੰਬਰ ਦੇ ਸ਼ਹਿਰੀ ਹਨ ਅਤੇ ਨਿਆਂ ਦੇ ਦਰਵਾਜ਼ੇ ਉਹਨਾ ਲਈ ਬੰਦ ਹਨ। ਦੂਸਰੇ ਪਾਸੇ ਆਰ ਐਸ ਐਸ ਦੇ ਆਗੂ ਇਹ ਪ੍ਰਚਾਰ ਸ਼ਰੇਆਮ ਕਰਦੇ ਹਨ ਕਿ ਹਿੰਦੂ ਭਾਰਤ ਵਿਚ ਪੁਲਸ, ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ ਵਿਚ ਸਾਰੇ ਅਫਸਰ ਹਿੰਦੂ ਹੀ ਹੋਇਆ ਕਰਨਗੇ।

ਪੰਜਾਬ ਵਿਚ ਨੌਜਵਾਨੀ ਦਾ ਜ਼ੋਰਾਂ ਸ਼ੋਰਾਂ ਨਾਲ ਹੋ ਰਿਹਾ ਪ੍ਰਵਾਸ ਤਾਂ ਇਸ ਸਮੱਸਿਆ ਵਿਚ ਹੋਰ ਵੀ ਵਾਧਾ ਕਰ ਰਿਹਾ ਹੈ। ਅੱਜ ਦੀ ਨੌਜਵਾਨੀ ਭਾਰਤ ਵਿਚ ਆਪਣਾ ਭਵਿੱਖ ਨਹੀਂ ਦੇਖਦੀ ਸਗੋਂ ਹਰ ਸੰਭਵ ਤਰੀਕੇ ਨਾਲ ਦੇਸ਼ ਛੱਡਣ ਲਈ ਤਤਪਰ ਹੈ। ਪੁਲਸ, ਪ੍ਰਸ਼ਾਸਨ, ਵਿੱਦਿਆ, ਨਿਆਪ੍ਰਣਾਲੀ ਅਤੇ ਹੋਰ ਅਨੇਕਾਂ ਮਹਿਕਮਿਆਂ ਵਿਚ ਅਫਸਰਾਂ ਦੀਆਂ ਅਸਾਮੀਆਂ 'ਤੇ ਬਾਹਰੋਂ ਆ ਕੇ ਲੋਕ ਤਾਇਨਾਤ ਹੋ ਰਹੇ ਹਨ ਜੋ ਕਿ ਪੰਥ ਦੀਆਂ ਮੁਸ਼ਕਲਾਂ ਨੂੰ ਹੋਰ ਗੰਭੀਰ ਕਰ ਦੇਣਗੇ।

ਸਾਡੇ ਲੋਕਾਂ ਨੂੰ ਚਾਹੀਦਾ ਹੈ ਕਿ 'ਬਲੈਕ ਜਸਟਿਸ' ਨਾਮ ਦੀ ਸੀਰੀਜ਼ ਨੂੰ ਵੱਧ ਤੋਂ ਵੱਧ ਦੇਖਣ ਅਤੇ ਵੱਧ ਤੋਂ ਵੱਧ ਲੋਕਾਂ ਖਾਸ ਕਰਕੇ ਪੁਲਸ, ਪ੍ਰਸ਼ਾਸਨ ਅਤੇ ਨਿਆਂ ਪ੍ਰਣਾਲੀ ਨਾਲ ਸਬੰਧਤ ਲੋਕਾਂ ਨੂੰ ਵੀ ਇਹ ਸੀਰੀਜ਼ ਦੇਖਣ ਲਈ ਸਲਾਹ ਦੇਣ, ਕਿਉਂਕਿ ਸਬੰਧਤ ਅੰਨ੍ਹੇ ਕਾਨੂੰਨਾਂ ਦਾ ਸਭ ਤੋਂ ਵੱਧ ਸ਼ਿਕਾਰ ਸਿੱਖਾਂ ਨੇ ਅਤੇ ਭਾਰਤ ਦੀਆਂ ਹੋਰ ਘੱਟ ਗਿਣਤੀਆਂ ਨੇ ਹੋਣਾ ਹੈ।

## -ਅਮਰੀਕਾ ਵਿਚ ਚੋਣ ਅਧਿਕਾਰੀਆਂ ਨੂੰ ਡਰਾਉਣ ਧਮਕਾਉਣ ਦਾ ਮਾਮਲਾ-

# ਜੋ ਵੀ ਕੋਈ ਚੋਣ ਅਧਿਕਾਰੀਆਂ ਦੇ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕਰੇਗਾ, ਨੂੰ ਸਿੱਟੇ ਭੁੱਗਤਣੇ ਪੈਣਗੇ-ਅਮਰੀਕੀ ਨਿਆਂ ਵਿਭਾਗ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਸ ਵਾਰ ਬਹੁਤ ਹੀ ਸੰਵੇਦਨਸ਼ੀਲ ਰਾਜਸੀ ਵਾਤਾਵਰਣ ਦਰਮਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ ਹੋ ਰਹੀਆਂ ਹਨ। ਚੋਣ ਅਧਿਕਾਰੀਆਂ ਤੇ ਹੋਰ ਸਰਕਾਰੀ ਅਫਸਰਾਂ ਨੂੰ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਦੀਆਂ ਰਿਪੋਰਟਾਂ ਹਨ। ਸਮੁੱਚੀ ਸਥਿੱਤੀ 'ਤੇ ਸੁਰੱਖਿਆ ਏਜੰਸੀਆਂ ਨਜ਼ਰ ਰੱਖ ਰਹੀਆਂ ਹਨ ਤੇ ਸ਼ੱਕੀ ਵਿਅਕਤੀਆਂ ਵਿਰੁੱਧ ਹਰ ਸੰਭਵ ਕਾਰਵਾਈ ਕੀਤੀ ਜਾ ਰਹੀ ਹੈ। ਚੋਣਾਂ ਦੇ ਮੱਦੇਨਜ਼ਰ ਅਮਰੀਕੀ ਨਿਆਂ ਵਿਭਾਗ ਦੀ ਚਿਤਾਵਨੀ/ਪਹੁੰਚ ਬਿਲਕੁਲ ਸਪੱਸ਼ਟ ਹੈ। ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਜੋ ਵੀ ਕੋਈ ਚੋਣ ਅਮਲ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰੇਗਾ, ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਇਸ ਹਫਤੇ 4 ਮਾਮਲਿਆਂ ਵਿਚ ਕਾਰਵਾਈ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਜੋ ਵੀ ਕੋਈ ਚੋਣ ਵਰਕਰ, ਚੋਣ ਅਧਿਕਾਰੀ ਜਾਂ ਚੋਣ ਨਾਲ ਜੁੜੇ ਸਵੈ ਸੇਵਿਕਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਧਮਕਾਵੇਗਾ, ਨੂੰ ਹਰ ਹਾਲਤ ਵਿਚ ਸਿੱਟੇ ਭੁਗਤਣੇ ਪੈਣਗੇ। ਉਨਾਂ ਕਿਹਾ ਹੈ ਕਿ ਸਾਡੇ ਲਈ ਇਹ ਅਹਿਮ ਹੈ ਕਿ ਲੋਕਤੰਤਰ ਕੰਮ ਕਰੇ ਤੇ ਜੋ ਲੋਕ ਲੋਕਤੰਤਰ ਲਈ ਕੰਮ ਕਰ ਰਹੇ ਹਨ ਉਹ ਆਪਣਾ ਕੰਮ ਬਿਨਾਂ ਕਿਸੇ ਡਰ ਤੇ ਸਹਿਮ ਦੇ ਕਰਨ।

ਸ਼ੱਕੀ ਅਪਰਾਧੀਆਂ ਵਿਰੁੱਧ ਕੀਤੀ ਕਾਰਵਾਈ ਤਹਿਤ ਇਸ ਹਫਤੇ ਫਿਲਾਡੈਲਫੀਆ ਦੇ ਇਕ ਸ਼ੱਕੀ ਵਿਅਕਤੀ ਵਿਰੁੱਧ ਇਕ ਸਟੇਟ ਪਾਰਟੀ ਅਧਿਕਾਰੀ ਨੂੰ ਚੋਣ ਦਰਸ਼ਕ ਭਰਤੀ ਕਰਨ ਕਾਰਨ ਮੌਤ ਦੇ ਘਾਟ ਉਤਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਦਾਇਰ ਕੀਤੇ ਗਏ ਹਨ। ਇਸੇ ਤਰਾਂ ਅਲਾਬਾਮਾ ਦੇ ਇਕ ਵਿਅਕਤੀ ਵਿਰੁੱਧ ਐਰੀਜ਼ੋਨਾ ਦੇ ਇਕ ਚੋਣ ਅਧਿਕਾਰੀ ਨੂੰ ਮਾਰ ਦੇਣ ਦੀ ਧਮਕੀ ਦੇਣ ਦੇ ਮਾਮਲੇ ਵਿੱਚ ਦੋਸ਼ ਦਾਇਰ ਕੀਤੇ ਗਏ ਹਨ। ਇਸ ਤੋਂ ਇਲਾਵਾ ਐਰੀਜ਼ੋਨਾ ਦੇ ਇਕ ਵਿਅਕਤੀ ਵਿਰੁੱਧ ਡੈਮੋਕਰੈਟਿਕ ਪਾਰਟੀ ਦੇ ਚੋਣ ਦਫਤਰ 'ਤੇ ਗੋਲੀਬਾਰੀ ਕਰਨ ਤੇ ਕੈਲੀਫੋਰਨੀਆ ਦੇ ਇਕ ਵਿਅਕਤੀ ਵਿਰੁੱਧ ਅਦਾਲਤ ਵਿੱਚ ਧਮਾਕਾ ਕਰਨ ਦੇ ਮਾਮਲੇ ਵਿੱਚ ਦੋਸ਼ ਦਾਇਰ ਕੀਤੇ ਗਏ ਹਨ। ਫੋਨਿਕਸ ਨੀਮ ਸ਼ਹਿਰੀ ਖੇਤਰ ਟੈਂਪੇ ਵਿਚ ਪੁਲਿਸ ਨੇ ਜੈਫਰੀ ਮਾਈਕਲ ਕੈਲੀ (60) ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਡੈਮੋਕਰੈਟਿਕ ਪਾਰਟੀ ਦੇ ਚੋਣ ਦਫਤਰ 'ਤੇ



ਗੋਲੀਬਾਰੀ ਕਰਨ ਦੇ ਮਾਮਲੇ ਵਿਚ ਅੱਤਵਾਦੀ ਕਾਰਵਾਈ ਕਰਨ ਦੇ ਦੋਸ਼ ਸਮੇਤ 10 ਦੋਸ਼ ਦਾਇਰ ਕੀਤੇ ਗਏ ਹਨ। ਐਫ ਬੀ ਆਈ ਏਜੰਟਾਂ ਨੇ ਉਸ ਦੇ ਘਰ ਵਿਚੋਂ ਮਸ਼ੀਨ ਗੰਨਾਂ ਸਮੇਤ 120 ਹੱਥਿਆਰ ਬਰਾਮਦ ਕੀਤੇ ਹਨ। ਕੈਲੀ ਦੇ ਵਕੀਲ ਨੇ ਇਸ ਬਰਾਮਦਗੀ ਉਪਰ ਕੋਈ ਪ੍ਰਤੀਕਰਮ ਦੇਣ ਤੋਂ ਨਾਂਹ ਕਰ ਦਿੱਤੀ ਹੈ। ਦੂਸਰੇ ਮਾਮਲੇ ਵਿਚ ਕੈਲੀਫੋਰਨੀਆ ਦੇ ਨਾਥਨੀਲ ਜੇਮਜ ਮੈਕਗੁਰੇ (20) ਜੋ ਸਾਂਤਾ ਮਾਰੀਆ ਦਾ ਵਸਨੀਕ ਹੈ, ਵਿਰੁੱਧ ਸਾਂਤਾ ਬਰਬਰਾ ਅਦਾਲਤ ਵਿਚ ਧਮਾਕਾ ਕਰਨ ਜਿਸ ਵਿਚ 5 ਵਿਅਕਤੀ ਜ਼ਖਮੀ ਹੋ ਗਏ ਸਨ, ਵਿਰੁੱਧ ਅਪਰਾਧਕ ਦੋਸ਼ ਦਾਇਰ ਕੀਤੇ ਗਏ ਹਨ। ਅਦਾਲਤੀ ਦਸਤਾਵੇਜ ਅਨੁਸਾਰ ਉਸ ਨੂੰ ਇਕ ਸ਼ਾਟਗੰਨ, ਇਕ ਰਾਈਫਲ ਤੇ ਗੋਲੀ ਸਿੱਕੇ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਉਸ ਨੇ ਅਮਰੀਕੀਆਂ ਨੂੰ ਬਗਾਵਤ ਕਰਨ ਦਾ ਸੱਦਾ ਦਿੱਤਾ ਸੀ। ਕੋਲੋਰਾਡੋ ਵਿਚ ਟੀਕ ਬਰਾਕਬੈਂਕ (45) ਵਾਸੀ ਕੋਰਟਜ਼ ਨੇ ਚੋਣ ਅਧਿਕਾਰੀਆਂ ਨੂੰ ਧਮਕੀਆਂ ਦੇਣ ਦੇ ਦੋਸ਼ ਸਵਿਕਾਰ ਕਰ ਲਏ ਹਨ। ਇਸੇ ਤਰਾਂ ਅਲਾਬਾਮਾ ਵਿਚ ਬਰੀਅਨ ਜੈਰੀ ਓਗਸਟਡ (60) ਵਾਸੀ ਗੁਲਮੈਨ ਨੂੰ ਮੈਰੀਕੋਪਾ ਕਾਊਂਟੀ ਐਰੀਜ਼ੋਨਾ ਵਿਚ ਚੋਣ ਵਰਕਰਾਂ ਨੂੰ ਡਰਾਉਣ ਧਮਕਾਉਣ ਦੇ ਸੁਨੇਹੇ ਭੇਜਣ ਦੇ ਦੋਸ਼ਾਂ ਤਹਿਤ 30 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਫਲੋਰਿਡਾ ਵਿਚ ਰਿਚਰਡ ਗਲੈਨ ਕਾਂਤਵਿਲ (61) ਟੈਂਪਾ ਵਾਸੀ ਨੂੰ ਇਕ ਚੋਣ ਅਧਿਕਾਰੀ ਨੂੰ ਕਥਿੱਤ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ ਵਿਚ ਅੰਤਰ ਰਾਜ ਧਮਕੀ ਦੇਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਪੈਨਸਿਲਵਾਨੀਆ ਵਿਚ ਜੌਹਨ ਪੋਲਾਰਡ (62) ਵਾਸੀ ਫਿਲਾਡੈਲਫੀਆ ਵਿਰੁੱਧ ਇਕ ਰਾਜਸੀ ਪਾਰਟੀ ਦੇ ਪ੍ਰਤੀਨਿੱਧ ਜਿਸ ਨੇ ਚੋਣ ਦਰਸ਼ਕਾਂ ਦੀ ਭਰਤੀ ਕੀਤੀ ਸੀ, ਨੂੰ ਕਥਿੱਤ ਤੌਰ 'ਤੇ ਮਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਦਾਇਰ ਕੀਤੇ ਗਏ ਹਨ।

**ਦੀਵਾਲੀ 'ਤੇ ਵਿਸ਼ੇਸ਼**

**ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ**

# ਧਾਰਮਿਕ ਤਿਉਹਾਰਾਂ ਦਾ ਅਸਲ ਮਕਸਦ



ਕੋਈ ਵੀ ਧਰਮ ਪੂਜਾ ਦਾ ਵਿਸ਼ਾ ਨਹੀਂ। ਹਰ ਧਰਮ ਸਿਰਫ ਤੇ ਸਿਰਫ ਵਿਚਾਰਨ ਦਾ ਵਿਸ਼ਾ ਹੁੰਦਾ ਹੈ, ਮਾਨਵਤਾ ਦੇ ਭਲੇ ਦਾ ਵਿਸ਼ਾ ਹੁੰਦਾ ਹੈ ਤੇ ਸਫਲ ਜ਼ਿੰਦਗੀ ਜੀਊਣ ਦਾ ਮੰਤਵ ਸਿੱਖਣ ਦਾ ਵਿਸ਼ਾ ਹੁੰਦਾ ਹੈ। ਜਦੋਂ ਕੋਈ ਵੀ ਧਰਮ ਪੂਜਾ ਦਾ ਵਿਸ਼ਾ ਬਣ ਜਾਵੇ ਤਾਂ ਉਸ ਦਾ ਅਸਲ ਮੰਤਵ ਖਤਮ ਹੋ ਜਾਂਦਾ ਹੈ, ਫੋਕਟ ਦੇ ਕਰਮ ਕਾਂਡ ਸ਼ੁਰੂ ਹੋ ਜਾਂਦੇ ਹਨ ਜਿਹਨਾ ਨਾਲ ਧਰਮ ਦੀ ਅਸਲ ਭਾਵਨਾ ਤੇ ਉਦੇਸ਼ ਦਾ ਘਾਤ ਸ਼ੁਰੂ ਹੋ ਜਾਂਦਾ।

ਧਾਰਮਿਕ ਸਥਾਨ ਧਰਮ ਦਾ ਅਸਲ ਉਦੇਸ਼ ਪ੍ਰਚਾਰਨ ਤੇ ਪ੍ਰਸਾਰਨ ਦੇ ਸਕੂਲ ਬਣਨ ਦੀ ਬਜਾਏ ਪੂਜਾ ਦੇ ਅੱਡੇ ਬਣਕੇ ਰਹਿ ਜਾਂਦੇ ਹਨ ਤੇ ਵਪਾਰਕ ਅਦਾਰਿਆਂ ਵਿਚ ਬਦਲ ਜਾਂਦੇ ਹਨ। ਬਹੁਤੇ ਧਰਮਾਂ ਦਾ ਅੱਜਕਲ ਏਹੀ ਹਾਲ ਹੈ।

ਸਿੱਖ ਧਰਮ ਵਿੱਚ ਵਾਤਾਵਰਨ ਦੀ ਸਾਂਭ ਸੰਭਾਲ਼ ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਗੁਰੂ ਸਾਹਿਬਾਨਾਂ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਸਤਿਕਾਰ ਦੇਣ ਦੀ ਗੱਲ ਕੀਤੀ ਹੈ, ਇਹਨਾਂ ਦੀ ਸਾਂਭ ਸੰਭਾਲ਼ ਕਰਨ ਦਾ ਸੁਨੇਹਾ ਦਿੱਤਾ ਗਿਆ ਹੈ।

ਇਸੇ ਤਰਾਂ ਭਗਵਾਨ ਰਾਮ ਚੰਦਰ ਦੁਆਰਾ ਲੰਕਾ ਫ਼ਤਿਹ ਕਰਕੇ ਆਯੁਧਿਆ ਵਾਪਸ ਪਰਤਣ ਦੀ ਖ਼ੁਸ਼ੀ ਚ ਕੀਤੀ ਗਈ ਦੀਪ ਮਾਲਾ ਅਗਿਆਨਤਾ ਤੋਂ ਗਿਆਨ ਵੱਲ ਪਰਤਣ ਅਤੇ ਨੇਕੀ ਦੁਆਰਾ ਬਦੀ 'ਤੇ ਜਿੱਤ ਦੇ ਸੰਕਲਪ ਪੇਸ਼ ਕਰਦੀ ਹੈ।

ਪਰ ਇਹਨਾਂ ਨੂੰ ਕਦੋ, ਕਿਵੇਂ ਤੇ ਕਿਓਂ ਪਟਾਕੇਬਾਜੀ ਤੇ ਹੋਰ ਬਹੁਤ ਸਾਰੀਆਂ ਦਕਿਆਨੂਸ ਰੀਤਾਂ ਰਿਵਾਇਤਾ ਨਾਲ ਜੋੜਕੇ ਵਪਾਰੀਕਰਨ ਕਰ ਦਿੱਤਾ ਗਿਆ ਦਾ ਕਦੇ ਸਾਨੂੰ ਪਤਾ ਹੀ ਨਹੀਂ ਲੱਗਾ।

ਇਸ ਤਿਓਂਹਾਰ ਦੇ ਅਸਲ ਮੰਤਵ ਤੋਂ ਪਰੇ ਜਾ ਕੇ ਬਹੁਤ ਹੀ ਡੂੰਘੀ ਸਾਜਿਸ਼ ਤਹਿਤ ਇਸਨੂੰ ਸਿਰਫ ਚਮਕ ਦਮਕ, ਖਾਣੇ ਪੀਣੇ ਤੇ ਮੇਲਿਆਂ ਮੁਸਾਵਿਆਂ ਵਿੱਚ ਬਦਲ ਦਿੱਤਾ ਗਿਆ।

ਉਂਜ ਵੀ ਅੱਜਕਲ ਬਹੁਤੇ ਧਾਰਮਿਕ ਦਿਨ ਤਿਓਂਹਾਰ ਅਸਲ ਮਕਸਦ ਤੋਂ ਪਰੇ ਜਾ ਕੇ ਹੀ ਮਨਾਏ ਜਾ ਰਹੇ ਹਨ ਜੋ ਨਾ ਹੀ ਆਪਣੇ ਮਕਸਦ ਨਾਲ ਮੇਚ ਖਾਂਦੇ ਹਨ ਤੇ ਨਾ ਹੀ ਲੋਕਾਂ ਨੂੰ ਉਹਨਾਂ ਦੀ ਅੰਤਰੀਵ ਭਾਵਨਾ ਨਾਲ ਜੋੜਦੇ ਹਨ। ਬੱਸ ਚਾਰ ਦਿਨ ਦਾ ਸ਼ੋਰ ਸ਼ਰਾਬਾ ਤੇ ਗੱਲ ਖਤਮ।

ਇਸ ਤਰਾਂ ਦੇ ਵਰਤਾਰੇ ਚ ਜੇਕਰ ਅਸੀਂ ਆਪਣੀਆ ਅਗਲੀਆਂ ਪੀੜੀਆਂ ਨੂੰ ਜੜ੍ਹਾਂ ਨਾਲ਼ੋਂ ਟੁੱਟਣ ਦਾ ਦੋਸ਼ ਦੇਂਦੇ ਹਾਂ ਤਾਂ ਇਹ ਸਰਾਸਰ ਗਲਤ ਹੈ ਕਿਉਂਕਿ ਦਰਅਸਲ ਅਸੀਂ ਅਜਿਹਾ ਕਰਕੇ ਆਪਣੇ ਦੋਸ਼ਾਂ 'ਤੇ ਹੀ ਪਰਦਾਪੋਸ਼ੀ ਕਰਦੇ ਹਾਂ, ਅਸੀਂ ਆਪਣੇ ਆਪ ਨਾਲ ਝੂਠ ਬੋਲਦੇ ਹਾਂ, ਜੋ ਆਪਣੇ ਆਪ ਨੂੰ ਧੋਖਾ ਦੇਣ ਤੋਂ ਵੱਧ ਹੋਰ ਕੁੱਝ ਵੀ ਨਹੀਂ ਕਿਉਂਕਿ ਜਿੰਨਾ ਚਿਰ ਲੋਕਾਂ ਨੂੰ ਕਿਸੇ ਤਿਓਂਹਾਰ ਦੀ ਅਸਲ ਭਾਵਨਾ ਨਾਲ ਨਹੀਂ ਜੋੜਿਆ ਜਾਂਦਾ ਉਨਾਂ ਚਿਰ ਨਾ ਹੀ ਉਹ ਲੋਕ ਤੇ ਨਾ ਹੀ ਉਹਨਾ ਦੀਆ ਅਗਲੇਰੀਆਂ ਨਸਲਾਂ ਮਾਨਸਿਕ ਤੌਰ ਤੇ ਉਸ ਨਾਲ ਜੁੜ ਸਕਣਗੀਆਂ।

ਸਿੱਖ ਧਰਮ ਵਿੱਚ ਦਿਵਾਲੀ ਦੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆਂ ਜਾਂਦਾ ਹੈ। ਇਸ ਦਿਨ ਛੇਵੇਂ ਗੁਰੂ ਸਾਹਿਬ ਨੇ ਬਾਈਧਾਰ ਦੇ ਬਵੰਜਾ ਰਾਜਿਆ ਨੂੰ ਰਿਹਾ ਕਰਵਾਇਆ ਸੀ, ਪਰ ਇਸ ਨੂੰ ਮਿਠਿਆਈਆ ਤੇ ਪਟਾਕਿਆਂ ਨਾਲ ਕਿਵੇਂ ਜੋੜਿਆ ਗਿਆ , ਇਹ ਗੱਲ ਸਮਝ ਤੋਂ ਪਰੇ ਹੈ ਜਦ ਕਿ ਚਾਹੀਦਾ ਇਹ ਹੈ ਇਸ ਦਿਨ 'ਤੇ ਸਿੱਖ ਧਰਮ ਦੀਆਂ ਸਿੱਖਿਆਵਾ ਨਾਲ ਸੰਬੰਧਿਤ ਵਰਕਸ਼ਾਪਾਂ ਲਗਾਈਆਂ ਜਾਣ, ਲੋਕਾਂ ਨੂੰ ਮਾਨਵਤਾ ਦੇ ਭਲੇ ਦੀ ਮਹੱਤਤਾ ਦੱਸੀ ਜਾਵੇ, ਜੀਵਨ ਦੇ ਅਸਲ ਮਕਸਦ ਬਾਰੇ ਚਾਨਣਾ ਪਾਇਆ ਜਾਵੇ, ਪਦਾਰਥਵਾਦੀ ਯੁਗ ਚ ਪਦਾਰਥ ਪ੍ਰਤੀ ਵਧ ਰਹੀ ਖਿੱਚ ਕਾਰਨ ਸਮਾਜ ਵਿੱਚ ਵਰਤ ਰਹੇ ਅਨਰਥ ਨੂੰ ਰੋਕਣ ਲਈ ਪ੍ਰੇਰਿਤ ਕੀਤਾ ਜਾਵੇ, ਕੁਦਰਤ ਦੀ ਸੰਭਾਲ਼ ਬਾਰੇ ਦੱਸਿਆ ਜਾਵੇ, ਸਰੀਰਕ ਤੇ ਮਾਨਸਿਕ ਤੰਦਰੁਸਤੀ ਬਾਰੇ ਜਾਗਰੂਕ ਕੀਤਾ ਜਾਵੇ ਤੇ ਰਿਸ਼ਤਿਆਂ ਦੇ ਮਹੱਤਵ ਆਦਿ ਦਾ ਖੁਲਾਸਾ ਕੀਤਾ ਜਾਵੇ ਤਾਂ ਜੋ ਅਜਿਹਾ ਕਰਨ ਨਾਲ ਲੋਕ ਕਿਤੇ ਹੋਰ ਨਰਕ ਸਵਰਗ ਨਾ ਲੱਭਣ। ਪਰ ਹੋ ਸਭ ਕੁਜ ਉਕਤ ਤੋਂ ਉਲਟ ਰਿਹਾ ਹੈ। ਅੱਜ ਵੀ ਲੋਕ ਮੱਥੇ ਰਗੜਕੇ, ਪੂਜਾ ਕਰਕੇ ਖੁਸ਼ੀਆ ਭਾਲ ਰਹੇ ਹਨ, ਸਵਰਗ ਦੀ ਆਸ ਕਰ ਰਹੇ ਹਨ।


ਬੇਸ਼ਕ ਸਿੱਖ ਧਰਮ ਵਿੱਚ ਇਹਨਾ ਦੀ ਕੋਈ ਅਹਿਮੀਅਤ ਨਹੀਂ ਪਰ ਵਿਚਾਰ ਦੀ ਬਜਾਏ ਪੂਜਾ ਦਾ ਰੁਝਾਨ ਸਿੱਖ ਧਰਮ ਵਿਚ ਵੀ ਦਿਨੋ ਦਿਨ ਅਮਰਵੇਲ ਵਾਂਗ ਵਧ ਫੁੱਲ ਰਿਹਾ ਹੈ। ਗੁਰਬਾਣੀ ਨੂੰ ਸਮਝਣ ਦੀ ਬਜਾਏ ਮੱਥਾ ਟੇਕਣ ਤੇ ਕਰਮਕਾਂਡ ਕਰਨ ਦੀ ਰੁਚੀ ਪਰਬਲ ਹੋ ਰਹੀ ਹੈ।

ਦੀਵਾਲੀ ਦੇ ਸ਼ੁਭ ਮੌਕੇ 'ਤੇ ਆਪ ਸਭ ਨੂੰ ਵਧਾਈ ਪੇਸ਼ ਕਰਨ ਦੇ ਨਾਲ ਨਾਲ ਹੀ ਆਪ ਦੇ ਸੁਨਹਿਰੇ ਭਵਿੱਖ ਦੀ ਹਾਰਦਿਕ ਕਾਮਨਾ ਕਰਦਾ ਹੋਇਆ ਆਪ ਨੂੰ ਸੁਚੇਤ ਕਰਨ ਦਾ ਫਰਜ ਅਦਾ ਕਰਨ ਵਜੋਂ ਇਹ ਵੀ ਦੁਆ ਕਰਦਾ ਹਾ ਕਿ ਸਾਨੂੰ ਸਭਨਾਂ ਨੂੰ ਧਰਮ ਦੀ ਅਸਲ ਭਾਵਨਾ ਨੂੰ ਸਮਝਣ ਦਾ ਬਲ ਮਿਲੇ ਤਾਂ ਕਿ ਕੁਦਰਤ, ਸਮਾਜ ਤੇ ਜਿੰਦਗੀ ਦੀ ਮਹੱਤਤਾ ਸਮਝ ਪੈਣ ਦੇ ਨਾਲ ਨਾਲ ਹੀ ਫੋਕਟ ਦੇ ਕਰਮ ਕਾਂਡਾਂ ਤੋਂ ਮੁਕਤੀ ਅਤੇ ਜਿੰਦਗੀ ਦੇ ਅਸਲ ਮਾਅਨਿਆਂ ਨੂੰ ਸਮਝ ਸਕਣ ਦੀ ਸੋਝੀ ਪਰਾਪਤ ਹੋਵੇ। ਇਸ ਦੇ ਨਾਲ ਹੀ ਦੀਵਾਲੀ ਦੀਆ ਮੁਬਾਰਕਾਂ ਤੇ ਮੰਗਲ ਕਾਮਨਾਵਾਂ।

**ਨਿਰਮਲ ਸਿੰਘ ਕੰਧਾਲਵੀ**

# ਮਹਾਂ-ਦਾਨੀ





ਮੈਂ ਆਪਣੇ ਦੋਸਤ ਨਾਲ਼ ਉਸ ਦੇ ਜਾਣੂੰ, ਇਕ ਬਹੁਤ ਹੀ ਅਮੀਰ ਪਰਵਾਰ ਦੇ ਘਰੇ ਬੈਠਾ ਸਾਂ, ਜਿਨ੍ਹਾਂ ਦਾ ਕਾਫ਼ੀ ਵੱਡਾ ਕਾਰੋਬਾਰ ਹੈ। ਅਜੇ ਥੋੜ੍ਹਾ ਚਿਰ ਹੀ ਬੈਠਿਆਂ ਨੂੰ ਹੋਇਆ ਸੀ ਕਿ ਦਰਵਾਜ਼ੇ 'ਤੇ ਘੰਟੀ ਖੜਕੀ। ਘਰ ਦੇ ਮਾਲਕ ਨੇ ਉਨ੍ਹਾਂ ਦੀ ਪੁੱਛ-ਗਿੱਛ ਕੀਤੀ ਅਤੇ ਸੀ. ਸੀ. ਟੀ. ਵੀ. ਤੋਂ ਚੰਗੀ ਤਰ੍ਹਾਂ ਉਨ੍ਹਾਂ ਦੀਆਂ ਸ਼ਕਲਾਂ ਦੇਖਣ ਤੋਂ ਬਾਅਦ ਇਲੈਕਟਰਾਨਿਕ ਦਰਵਾਜ਼ਾ ਖੋਲ੍ਹਿਆ ਤਾਂ ਦੋ ਸੱਜਣ ਅੰਦਰ ਆਏ। ਜਾਣ ਪਛਾਣ ਤੋਂ ਪਤਾ ਚਲਿਆ ਕਿ ਆਉਣ ਵਾਲੇ ਦੋਵੇਂ ਸੱਜਣ ਇਕ ਚੈਰਿਟੀ ਸੰਸਥਾ ਨਾਲ ਸਬੰਧਤ ਸਨ ਜਿਹੜੀ ਇਥੇ ਅਤੇ ਪੰਜਾਬ ਵਿਚ ਅਨੇਕਾਂ ਹੀ ਲੋੜਵੰਦ ਪਰਵਾਰਾਂ ਦੀ ਸਹਾਇਤਾ ਕਰਦੀ ਹੈ ਤੇ ਉਹ ਇਸੇ ਸਬੰਧ ਵਿਚ ਮਾਇਆ ਇਕੱਤਰ ਕਰ ਰਹੇ ਸਨ।

ਉਨ੍ਹਾਂ ਨੇ ਅੰਗਰੇਜ਼ੀ ਤੇ ਪੰਜਾਬੀ 'ਚ ਲਿਖੇ ਹੋਏ ਪੈਂਫਲਿਟ ਦਿਤੇ ਜਿਨ੍ਹਾਂ 'ਚ ਕੀਤੇ ਗਏ ਕੰਮਾਂ ਦੇ ਅਤੇ ਚਲ ਰਹੇ ਪਰਾਜੈਕਟਾਂ ਬਾਰੇ ਵੇਰਵੇ ਦਿਤੇ ਹੋਏ ਸਨ। ਉਨ੍ਹਾਂ ਨੇ ਬੜੀ ਨਿਮਰਤਾ ਨਾਲ ਘਰ ਦੇ ਮਾਲਕ ਮੀਆਂ ਬੀਵੀ ਨੂੰ ਵਧ ਚੜ੍ਹ ਕੇ ਮਾਇਆ ਦਾ ਯੋਗਦਾਨ ਪਾਉਣ ਲਈ ਬੇਨਤੀ ਕੀਤੀ।

ਘਰ ਦਾ ਮਾਲਕ, ਜੋ ਕਿ ਵੱਡੀ ਸਾਰੀ ਟੀ. ਵੀ. ਸਕਰੀਨ'ਤੇ ਕਰਿਕਟ ਦਾ ਮੈਚ ਵੇਖਣ 'ਚ ਮਸਰੂਫ਼ ਸੀ, ਖੰਘੂਰਾ ਮਾਰ ਕੇ ਕਹਿਣ ਲੱਗਾ, "ਅਸੀਂ ਤਾਂ ਜੀ ਚੈਰਿਟੀ ਦੇ ਕੰਮਾਂ 'ਚ ਪਹਿਲਾਂ ਹੀ ਬਹੁਤ ਹਿੱਸਾ ਪਾ ਰਹੇ ਹਾਂ," ਕਹਿ ਕੇ ਉਸ ਨੇ ਆਪਣੀ ਪਤਨੀ ਵਲ ਵੇਖਿਆ ਜਿਵੇਂ ਆਪਣੀ ਗੱਲ 'ਤੇ ਮੋਹਰ ਲੁਆਉਣੀ ਚਾਹੁੰਦਾ ਹੋਵੇ। ਮੇਰੇ ਦੋਸਤ ਨੇ ਪੁੱਛ ਹੀ ਲਿਆ ਕਿ ਉਹ ਕਿਹੜੀ ਚੈਰਿਟੀ ਦੀ ਸਹਾਇਤਾ ਕਰਦੇ ਹਨ।

ਘਰ ਦੀ ਮਾਲਕਣ ਬੋਲੀ, "ਭਾਜੀ, ਸਾਡੇ ਘਰ ਦੇ ਨਾਲ਼ ਹੀ ਯੂਨੀਵਰਸਿਟੀ ਦੀ ਗਰਾਊਂਡ ਲਗਦੀ ਹੈ, ਮੈਂ ਤੇ ਤੇਰੇ ਭਾਜੀ, ਅਸੀਂ ਦੋਵੇਂ ਜਣੇ ਸਵੇਰੇ ਸ਼ਾਮ ਉਥੇ ਸੈਰ ਕਰਨ ਜਾਂਦੇ ਹਾਂ। ਯੂਨੀਵਰਸਿਟੀ 'ਚ ਪੜ੍ਹਦੇ ਬੱਚੇ ਵੀ ਉਥੇ ਘੁੰਮਣ ਫਿਰਨ ਆਉਂਦੇ ਹਨ, ਤੁਹਾਨੂੰ ਤਾਂ ਪਤਾ ਈ ਐ ਕਿ ਅੱਜ ਕਲ ਦੇ ਬੱਚੇ ਥੋੜ੍ਹੀ ਬਹੁਤੀ ਡਿਗੀ ਹੋਈ ਚੇਂਜ ਦੀ ਤਾਂ ਪ੍ਰਵਾਹ ਹੀ ਨਹੀਂ ਕਰਦੇ। ਅਸੀਂ ਉਹ ਚੇਂਜ ਇਕੱਠੀ ਕਰਦੇ ਰਹੀਦਾ ਤੇ ਮਨੀ-ਬਾਕਸ 'ਚ ਪਾਈ ਜਾਈਦੀ ਐ। ਸਾਲ ਬਾਅਦ ਤਕਰੀਬਨ ਪੱਚੀ ਤੀਹ ਪੌਂਡ ਇਕੱਠੇ ਹੋ ਜਾਂਦੇ ਐ ਤੇ ਇਹ ਸਾਰੇ ਪੈਸੇ ਅਸੀਂ ਦੋ ਤਿੰਨ ਚੈਰਿਟੀਆਂ ਨੂੰ ਬਰਾਬਰ ਬਰਾਬਰ ਵੰਡ ਦਿੰਨੇ ਆਂ। ਵੀਰ ਜੀ, ਸਹੁੰ ਬਾਬੇ ਦੀ ਸਾਨੂੰ, ਜੇ ਅਸੀਂ ਇਨ੍ਹਾਂ ਪੈਸਿਆਂ 'ਚੋਂ ਕਦੀ ਇਕ ਪੈਨੀ ਵੀ ਰੱਖੀ ਹੋਵੇ," ਇੰਨਾ ਕਹਿ ਕੇ ਉਸ ਨੇ ਬੜੇ ਜੇਤੂ ਅੰਦਾਜ਼ ਨਾਲ਼ ਆਪਣੇ ਪਤੀ ਵਲ ਦੇਖਿਆ।

ਸਮਾਜ ਸੇਵੀ ਸੱਜਣਾਂ ਨੇ ਇਕ ਦੂਜੇ ਨੂੰ ਇਸ਼ਾਰਾ ਕੀਤਾ ਤੇ ਸਾਰਿਆਂ ਨੂੰ ਸਤਿ ਸ੍ਰੀ ਬੁਲਾ ਕੇ ਜਾਣ ਦੀ ਆਗਿਆ ਲਈ।

**ਜ਼ਰੂਰੀ ਸੂਚਨਾ**

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)


ਫੋਨ : 07853 317 891

Email: jaggikussa@yahoo.de



# ਇੱਕ ਮੇਰੀ ਅੱਖ ਕਾਸ਼ਣੀ...

**ਜਦ ਪਾਇਲ ਕਾਲਜ ਵਿੱਚ ਵੜਦੀ ਤਾਂ 'ਮਨਚੱਲੇ' ਕਈ ਮੁੰਡਿਆਂ ਦੀ ਹੱਕ 'ਤੇ ਸੱਪ ਲਿਟਦਾ। ਜਦ ਪਾਇਲ ਮੋਰ ਵਾਂਗ ਪੈਹਲਾਂ ਪਾਉਂਦੀ ਅਤੇ ਸੱਪ ਵਾਂਗ ਮੇਲ੍ਹਦੀ ਕਾਲਜ ਆਉਂਦੀ ਤਾਂ ਗੀਟਣ ਦੀ ਹਿੱਕ 'ਤੇ ਸੈਂਕੜੇ ਨੂੰਹੇਂ ਡੰਗ ਮਾਰਦੇ। ਉਹ ਤਪਦੀ ਛਾਤੀ 'ਤੇ ਹੱਥ ਫੇਰਦਾ ਖਿਝਦਾ, "ਕਰ ਦੇ ਰੱਬਾ ਹੁਕਮ, ਚੱਕਲਾਂ ਤੇਰਾ ਪ੍ਰਸ਼ਾਦ ਸਮਝ ਕੇ...!" ਗੀਟਣ ਨੇ ਕਾਲਜ ਦੇ ਗੇਟ ਅੰਦਰ ਵੜਦੀ ਪਾਇਲ ਨੂੰ ਰੜਕਾ ਕੇ ਕਿਹਾ। ਪਾਇਲ ਨੇ ਬੁੱਲ੍ਹ ਟੇਰ ਕੇ "ਬੇਵਕੂਫ਼" ਕਿਹਾ ਅਤੇ ਅੱਗੇ ਲੰਘ ਗਈ। ਉਸ ਦੀ ਭਰਵੀਂ ਛਾਤੀ ਨੇ ਗਿੱਧਾ ਪਾਇਆ ਸੀ ਅਤੇ ਗੀਟਣ ਦੀ ਹਿੱਕ 'ਤੇ ਜਿਵੇਂ ਕਾਲ਼ੇ ਨਾਗ ਨੇ ਫ਼ਿਰ ਡੰਗ ਮਾਰਿਆ ਸੀ, "ਪਤਾ ਨੀ ਅਸੀਂ ਕੀ ਪਾਪ ਕੀਤੇ ਐ, ਕੋਈ ਨਾ ਰੱਬਾ, ਜੇ ਤੂੰ ਤੜਫਾਉਣਾ ਮਿਥਿਐ ਤਾਂ ਸਾਡਾ ਸਬਰ ਵੀ ਬਹੁਤ ਲੰਮਾਂ ਐ...!"**




## ਕਿਸ਼ਤ ਦੂਜੀ

### ਕਾਂਡ ਦੋ

ਵੈਸੇ ਉਸ ਦੇ ਘਰ ਵੀ ਟੀ. ਵੀ. ਸੀ, ਜਿਸ 'ਤੇ ਉਹ ਪ੍ਰੀਵਾਰ ਵਿੱਚ ਬੈਠ ਕੇ ਚਿੱਤਰਹਾਰ ਅਤੇ ਫ਼ਿਲਮਾਂ ਦੇਖਦੀ। ਪਰ ਸਿਨੇਮਾਂ ਵਿੱਚ ਫ਼ਿਲਮ ਦੇਖਣ ਦਾ ਇੱਕ ਆਪਣਾ ਹੀ ਮਜ਼ਾ ਸੀ। ਹਿੰਦੀ ਅਤੇ ਪੰਜਾਬੀ ਫ਼ਿਲਮਾਂ ਦੇਖ-ਦੇਖ ਕੇ ਉਸ ਦਾ ਦਿਲ ਵੀ 'ਐਕਟਰਸ' ਬਣਨ ਨੂੰ ਕਰਦਾ। ਉਹ ਸੁਪਨੇ ਬੁਣਦੀ ਅਤੇ ਆਪਣੇ ਆਪ ਨੂੰ ਕਿਸੇ ਹੀਰੋ ਦੀਆਂ ਬਾਂਹਾਂ ਵਿੱਚ ਮਹਿਸੂਸ ਕਰਦੀ। ਰਾਤ ਨੂੰ ਵੀ ਉਸ ਨੂੰ ਫ਼ਿਲਮਾਂ ਦੇ ਹੀ ਸੁਪਨੇ ਆਉਂਦੇ ਅਤੇ ਕਦੇ ਉਹ ਪਹਾੜੀ ਇਲਾਕੇ ਵਿੱਚ ਸੂਟਿੰਗ ਕਰਦੀ ਹੁੰਦੀ ਅਤੇ ਕਦੇ ਕਿਸੇ ਸਮੁੰਦਰ ਦੇ ਕਿਨਾਰੇ ਕਿਸੇ ਗੀਤ ਦੀ ਲੈਅ ਉਪਰ ਨੱਚ ਰਹੀ ਹੁੰਦੀ। ਪਰ ਜਦ ਉਸ ਦੀ ਅੱਖ ਖੁੱਲ੍ਹਦੀ ਤਾਂ ਉਸ ਉਦਾਸ ਹੋ ਕੇ ਲੰਬਾ ਹਾਉਕਾ ਜਿਹਾ ਲੈਂਦੀ ਅਤੇ ਤਿਆਰ ਹੋ ਕੇ ਕਾਲਜ ਪਹੁੰਚ ਜਾਂਦੀ।

ਸਮਾਂ ਲੰਘਦਾ ਗਿਆ।

ਪਾਇਲ ਨੇ ਬੀ.ਏ. ਕਰ ਲਈ।

ਮਾਂ ਬਾਪ ਸੀਤਲ ਅਤੇ ਪਾਇਲ ਤੋਂ ਅਤੀਅੰਤ ਖੁਸ਼ ਅਤੇ ਸੌਖੇ ਸਨ।

ਉਹਨਾਂ ਦੀਆਂ ਦੋਨੋਂ ਧੀਆਂ ਪਾਇਲ ਅਤੇ ਸ਼ੀਤਲ ਲਾਇਕ ਅਤੇ ਆਗਿਆਕਾਰ ਸਨ।

ਜਦ ਪਾਇਲ ਕਾਲਜ ਵਿੱਚ ਵੜਦੀ ਤਾਂ 'ਮਨਚੱਲੇ' ਕਈ ਮੁੰਡਿਆਂ ਦੀ ਹੱਕ 'ਤੇ ਸੱਪ ਲਿਟਦਾ। ਜਦ ਪਾਇਲ ਮੋਰ ਵਾਂਗ ਪੈਹਲਾਂ ਪਾਉਂਦੀ ਅਤੇ ਸੱਪ ਵਾਂਗ ਮੇਲ੍ਹਦੀ ਕਾਲਜ ਆਉਂਦੀ ਤਾਂ ਗੀਟਣ ਦੀ ਹਿੱਕ 'ਤੇ ਸੈਂਕੜੇ ਨੂੰਹੇਂ ਡੰਗ ਮਾਰਦੇ। ਉਹ ਤਪਦੀ ਛਾਤੀ 'ਤੇ ਹੱਥ ਫ਼ੇਰਦਾ ਖਿਝਦਾ, "ਕਰ ਦੇ ਰੱਬਾ ਹੁਕਮ, ਚੱਕਲਾਂ ਤੇਰਾ ਪ੍ਰਸ਼ਾਦ ਸਮਝ ਕੇ...!" ਗੀਟਣ ਨੇ ਕਾਲਜ ਦੇ ਗੇਟ ਅੰਦਰ ਵੜਦੀ ਪਾਇਲ ਨੂੰ ਰੜਕਾ ਕੇ ਕਿਹਾ। ਪਾਇਲ ਨੇ ਬੁੱਲ੍ਹ ਟੇਰ ਕੇ "ਬੇਵਕੂਫ਼" ਕਿਹਾ ਅਤੇ ਅੱਗੇ ਲੰਘ ਗਈ। ਉਸ ਦੀ ਭਰਵੀਂ ਛਾਤੀ ਨੇ ਗਿੱਧਾ ਪਾਇਆ ਸੀ ਅਤੇ ਗੀਟਣ ਦੀ ਹਿੱਕ 'ਤੇ ਜਿਵੇਂ ਕਾਲ਼ੇ ਨਾਗ ਨੇ ਫ਼ਿਰ ਡੰਗ ਮਾਰਿਆ ਸੀ, "ਪਤਾ ਨੀ ਅਸੀਂ ਕੀ ਪਾਪ ਕੀਤੇ ਐ, ਕੋਈ ਨਾ ਰੱਬਾ, ਜੇ ਤੂੰ ਤੜਫ਼ਾਉਣਾ ਮਿਥਿਐ ਤਾਂ ਸਾਡਾ ਸਬਰ ਵੀ ਬਹੁਤ ਲੰਮਾਂ ਐ...।"

ਪਾਇਲ ਮਿਰਗ ਵਾਂਗ ਚੁੰਗੀਆਂ ਭਰਦੀ ਜਾ ਰਹੀ ਸੀ।

ਜਿਵੇਂ ਗੀਟਣ ਦੀ ਰੂਹ, ਉਸ ਦੀ ਜ਼ਿੰਦਗੀ ਤੁਰੀ ਜਾ ਰਹੀ ਸੀ। ਜਿਵੇਂ ਸੰਦਲੀ ਸਮਾਂ ਉਸ ਦੇ ਹੱਥਾਂ 'ਚੋਂ ਕਿਰਦਾ ਜਾ ਰਿਹਾ ਸੀ।

-"ਕੰਡਾ ਕੰਡੇ ਨਾਲ਼ ਈ ਨਿਕਲ਼ਦਾ ਹੁੰਦੈ ਗੀਟਣ ਸਿਆਂ, ਖੁਰਪੇ ਨਾਲ਼ ਕਦੇ ਕੰਡੇ ਨੀ ਨਿਕਲ਼ੇ..!" ਬਾਨੋਂ ਮਾਸੀ ਗੀਟਣ ਦੇ ਪਿੱਛੇ ਖੜ੍ਹੀ ਸੀ। ਬਾਨੋਂ ਮਾਸੀ ਕਾਲਜ ਦੀ ਵਾਰਡਨ ਸੀ। ਉਸ ਦੀ ਜੁਆਨੀ ਬੜੀ 'ਰੰਗੀਲੀ' ਰਹੀ ਸੀ। ਜੁਆਨੀ ਦੀਆਂ ਘਤਿੱਤਾਂ ਅਤੇ ਵੱਖੋ ਵੱਖਰੇ ਹੰਢਾਏ ਸਰੀਰਾਂ ਕਾਰਨ ਉਸ ਦਾ ਮੂੰਹ ਚੱਲੇ ਕਾਰਤੂਸ ਵਰਗਾ ਲੱਗਦਾ ਸੀ। ਜੁਆਨੀ ਢਲ਼ ਕੇ ਚਾਹੇ ਹੁਣ ਉਹ ਬੁੜ੍ਹਾਪੇ ਦੇ ਪਾਲ਼ੇ ਵਿੱਚ ਖੜ੍ਹੀ ਸੀ, ਪਰ ਬਾਂਦਰ ਦੀਆਂ ਟਪੂਸੀਆਂ ਦੀ ਆਦਤ ਵਾਂਗ ਉਸ ਦੀਆਂ ਕਰਤੂਤਾਂ ਓਹੀ ਰਹੀਆਂ ਸਨ। ਸੁਣਨ ਵਿੱਚ ਤਾਂ ਇਹ ਵੀ ਆਉਂਦਾ ਸੀ ਕਿ ਉਸ ਦੇ ਦੋਨੋਂ ਧੀ ਪੁੱਤ 'ਨਾਜਾਇਜ਼' ਔਲਾਦਾਂ ਸਨ। ਪਰ ਅਸਲ ਅਸਲੀਅਤ ਕੀ ਸੀ...? ਰੱਬ ਜਾਣਦਾ ਸੀ!

-"ਫ਼ੇਰ ਤੂੰ ਈ ਕੱਢ ਕੋਈ ਖੜੱਪਾ ਸੱਪ ਮਾਸੀ, ਜਿੱਥੇ ਭਗਵਾਨ ਰਾਮ ਦੀ ਸੈਨਾਂ ਫ਼ੇਲ੍ਹ ਹੋ ਜਾਂਦੀ ਐ, ਓਥੇ ਹਨੂੰਮਾਨ ਜੀ ਵਰਗੇ ਬਲੀ ਬਾਬੇ ਲੰਕਾ ਫ਼ੂਕਦੇ ਐ...!" ਗੀਟਣ ਨੇ ਬਾਨੋਂ ਮਾਸੀ ਦੇ ਇੱਕ ਤਰ੍ਹਾਂ ਨਾਲ਼ ਪੈਰ ਫ਼ੜ ਲਏ।

-"ਕੰਮ ਦੇ ਵੀ ਪੈਸੇ ਲੱਗਦੇ ਐ, ਮੈਂ ਤੈਨੂੰ ਨਿਸ਼ਕਾਮ ਸੇਵਕ ਲੱਗਦੀ ਐਂ...?"

-"ਪੈਸੇ ਦੀ ਗੱਲ ਛੱਡ ਮਾਸੀ, ਹੁਕਮ ਕਰ, ਜਾਨ ਹੂਲ ਦਿਆਂ ਤੇਰੀ ਖਾਤਰ...। ਪਰ ਇੱਕ ਵਾਰ ਆਹ ਅੜਬ ਕੁਕੜੀ ਆਪਣੇ ਖੁੱਡੇ ਵਾੜ ਦੇ ਘੇਰ ਕੇ, ਮੂੰਹੋਂ ਮੰਗਿਆ ਮੁੱਲ ਮਿਲੂ...!" ਗੀਟਣ ਨੇ ਹਿੱਕ ਠੋਕ ਦਿੱਤੀ।

-"ਸਕੀਮ ਦੱਸ ਸਕਦੀ ਆਂ, ਮੈਨੂੰ ਪਤੈਂ, ਅੱਗੇ ਤੂੰ ਪ੍ਰਬੰਧ ਆਪ ਈ ਕਰ ਲੈਨੈਂ...!" ਬਾਨੋਂ ਮਾਸੀ ਨੇ ਗੀਟਣ ਦੇ ਕੰਨ ਕੋਲ਼ ਹੋ ਕੇ ਦੱਬਵੀਂ ਅਵਾਜ਼ ਵਿੱਚ ਕਿਹਾ।

-"ਤੇਰੇ ਮੂੰਹ ਘਿਉ ਸ਼ੱਕਰ ਮਾਸੀ ਡਾਰਲਿੰਗ, ਤੂੰ ਮੂੰਹੋਂ ਤਾਂ ਕੱਢ...!"

-"ਇਹ ਐਕਟਰਨੀ ਬਣਨ ਵਾਸਤੇ ਤਰਲੋਮੱਛੀ ਹੁੰਦੀ ਐ, ਸਿੱਟ ਜਾਲ਼, ਤੇ ਕਰ ਲੈ ਕਾਬੂ...! ਮੈਨੂੰ ਪਤੈ ਜਾਲ਼ ਤੇਰੇ ਕੋਲ਼ੇ ਬਥੇਰ੍ਹੇ ਐ...। ਜਾਲ਼ਾਂ ਦਾ ਕੋਈ ਘਾਟਾ ਨੀ ਤੇਰੇ ਕੋਲ਼, ਬੱਸ ਬੁਰਕੀ ਮਾਸੀ ਵੱਲ ਨੂੰ ਵੀ ਸਿੱਟੀ ਰੱਖੀਂ, ਕਿਤੇ 'ਕੱਲਾ ਈ ਨਾ ਬੁਰਕ ਮਾਰਨ ਲੱਗ ਪਈਂ...! ਵੰਡ ਕੇ ਖਾਣਾ ਈ ਪੁੰਨ ਹੁੰਦੈ, ਔਂਡ ਖਾ, ਹੱਡ ਖਾ..!" ਮਾਸੀ ਨੇ 'ਰਹੱਸਮਈ' ਨਜ਼ਰਾਂ ਨਾਲ਼ ਗੀਟਣ ਵੱਲ ਤੱਕਿਆ। ਗੀਟਣ ਨੇ ਨੋਟਾਂ ਦੀ ਗੁੱਟੀ ਕੱਢ ਕੇ ਬਾਨੋਂ ਮਾਸੀ ਨੂੰ ਫ਼ੜਾ ਦਿੱਤੀ। ਨੋਟਾਂ ਦੀ ਗੁੱਟੀ ਨੂੰ ਮਾਸੀ ਨੇ ਭੁੱਖਿਆਂ ਵਾਂਗ ਬੁੱਚ੍ਹਿਆ, ਗੁੱਟੀ 'ਤੇ ਸੱਪ ਵਰਗੀ ਜੀਭ ਫੇਰੀ ਅਤੇ ਸੁੰਘ ਕੇ 'ਬਰਾਅ' ਅੰਦਰ ਪਾ ਲਈ।

-"ਇਹ ਤਾਂ ਅਜੇ ਪਹਿਲੀ ਦੱਖ਼ਸ਼ਣਾਂ ਮਾਸੀ ਡਾਰਲਿੰਗ, ਬੁਰਕ ਮਾਰਨ ਤੋਂ ਬਾਅਦ ਦੰਦ ਘਸਾਈ ਵੀ ਦਿਊਂਗਾ...।" ਗੀਟਣ ਬੋਲਿਆ।

-"ਦਫ਼ਾ ਹੋਣਾਂ ਬੋਕ...।" ਉਹ ਜਾਂਦੇ ਗੀਟਣ ਦੀ ਪਿੱਠ ਦੇਖ ਰਹੀ ਸੀ।

ਗੀਟਣ ਕਿਸੇ ਗ਼ੈਬੀ ਖ਼ੁਸ਼ੀ ਵਿੱਚ ਊਠ ਵਾਂਗ ਲੰਮੀਆਂ ਪੁਲਾਂਘਾਂ ਭਰਦਾ ਜਾ ਰਿਹਾ ਸੀ।

ਕਾਲਜ ਵਿੱਚ ਇੱਕ 'ਅਜੀਬ' ਅਤੇ ਖ਼ੁਸ਼ੀ ਭਰੀ ਗੱਲ ਜੰਗਲ ਦੀ ਅੱਗ ਵਾਂਗ ਫੈਲੀ ਹੋਈ ਸੀ। ਮਾਸੀ ਬਾਨੋਂ ਦੀ ਭਾਣਜੀ ਬੰਬੇ ਤੋਂ ਉਸ ਕੋਲ਼ ਕੁਝ ਦਿਨ ਰਹਿਣ ਆਈ ਸੀ, ਜਿਸ ਨੇ ਗੋਆ ਤੋਂ ਐਕਟਿੰਗ ਦੀ ਟਰੇਨਿੰਗ ਲਈ ਸੀ ਅਤੇ ਹੁਣ ਉਹ ਇੱਕ ਹਿੰਦੀ ਫਿਲਮ ਅਤੇ ਇੱਕ ਸੀਰੀਅਲ 'ਚ ਕੰਮ ਕਰ ਰਹੀ ਸੀ।

ਬਾਨੋਂ ਦੀ 'ਭਾਣਜੀ' ਸ਼ਕਲੋਂ ਸੂਰਤੋਂ ਤਾਂ ਐਕਟਰਿਸ ਲੱਗਦੀ ਨਹੀਂ ਸੀ, ਪਰ ਪਹਿਨਿਆਂ ਲਿਬਾਸ ਦੱਸਦਾ ਸੀ ਕਿ ਉਹ ਵਾਕਿਆ ਹੀ ਗੋਆ ਵਿੱਚ ਰਹਿ ਕੇ ਆਈ ਹੋਵੇਗੀ। ਪਾਇਲ ਉਸ ਨੂੰ ਮਿਲਣ ਲਈ 'ਕਾਹਲ਼ੀ' ਸੀ। ਪਾਇਲ ਨੂੰ ਇਹ ਮਹਿਸੂਸ ਹੋਇਆ ਸੀ ਕਿ ਰੱਬ ਨੇ ਉਸ ਦੀਆਂ ਆਸਾਂ ਦੇ ਦਰਵਾਜੇ ਖੋਲ੍ਹ ਦਿੱਤੇ ਸਨ। ਬਾਨੋਂ ਮਾਸੀ ਦੀ ਭਾਣਜੀ ਸਿਲਕੀ ਦਾ ਇਸ ਕਾਲਜ ਵਿੱਚ ਆਉਣਾ ਪਾਇਲ ਲਈ "ਸ਼ੁਭ" ਸੀ। ਉਹ ਕਾਹਲ਼ੇ ਕਦਮਾਂ ਨਾਲ਼ ਵਾਰਡਨ ਦੇ ਦਫ਼ਤਰ ਵੱਲ ਤੁਰ ਪਈ।

-"ਗੁੱਡ ਮੌਰਨਿੰਗ ਵਾਰਡਨ ਮੈਡਮ...!" ਪਾਇਲ ਦੇ ਮੂੰਹੋਂ ਫ਼ੁੱਲ ਕਿਰੇ ਸਨ, ਜਾਂ ਕੋਈ ਮਧੁਰ ਬਾਂਸੁਰੀ ਵੱਜੀ ਸੀ।

-"ਆ ਪਾਇਲ ਬੇਟੇ, ਬੈਠ...!" ਬਾਨੋਂ ਮਾਸੀ ਦੇ ਅੰਦਰ ਖ਼ੁਸ਼ੀ ਦੀ ਕੁਤਕੁਤੀ ਹੋਈ। ਦਿਮਾਗ ਵਿੱਚ ਖ਼ੁਸ਼ੀ ਦੀਆਂ ਘੰਟੀਆਂ ਵੱਜੀਆਂ।

ਪਾਇਲ ਵਾਰਡਨ ਦੇ ਸਾਹਮਣੇ ਵਾਲ਼ੀ ਕੁਰਸੀ ਉਪਰ ਬੈਠ ਗਈ।

-"ਕੀ ਹਾਲ ਨੇ ਪਾਇਲ ਬੇਟਾ...?"

-"ਬਿਲਕੁਲ ਠੀਕ ਹਾਂ ਮੈਡਮ...!" ਪਾਇਲ ਅਸਲ ਗੱਲ ਕਰਨੋਂ ਜਕ ਰਹੀ ਸੀ।

-"ਕੋਈ ਕੰਮ ਆਈ ਸੀ...?" ਮੈਡਮ ਨੇ ਹੀ ਗੱਲ ਤੋਰੀ। ਉਸ ਨੂੰ ਪਤਾ ਸੀ ਕਿ ਬਿੱਲੀ ਦੇ ਭਾਗਾਂ ਨੂੰ ਛਿੱਕਾ ਟੁੱਟਣ ਵਾਲ਼ਾ ਸੀ, ਜਿਸ ਵਿੱਚੋਂ ਗੱਫੇ ਉਸ ਦੀ ਬੁੱਕਲ ਵਿੱਚ ਵੀ ਡਿੱਗਣ ਵਾਲ਼ੇ ਸਨ।

-"ਵਾਰਡਨ ਮੈਡਮ...!"

-"ਬੋਲੋ ਬੇਟਾ, ਸ਼ਰਮਾਉਂਦੇ ਕਿਉਂ ਹੋ..? ਖੁੱਲ੍ਹ ਕੇ ਗੱਲ ਕਰੋ, ਕੋਈ ਤਕਲੀਫ਼ ਤਾਂ ਨੀ...?" ਬਾਨੋਂ ਮਾਸੀ ਮੋਮੋਠਗਣੀਆਂ 'ਤੇ ਆ ਗਈ।

-"ਨਹੀਂ ਮੈਡਮ ਜੀ, ਤਕਲੀਫ਼ ਤਾਂ ਕੋਈ ਨਹੀਂ, ਮੈਂ ਸੁਣਿਐਂ ਤੁਹਾਡੀ ਭਾਣਜੀ ਆਈ ਐ, ਗੋਆ ਤੋਂ...?"

-"ਓਹ ਅੱਛਾ, ਆਪਣੀ ਸਿਲਕੀ...? ਹਾਂ ਬੇਟਾ, ਉਹ ਗੋਆ ਤੋਂ ਐਕਟਿੰਗ ਦੀ ਟਰੇਨਿੰਗ ਲੈ ਕੇ ਆਈ ਐ, ਤੇ ਹੁਣ ਇੱਕ ਦੋ ਫ਼ਿਲਮਾਂ 'ਚ ਵੀ ਕੰਮ ਕਰ ਰਹੀ ਐ...! ਬੜੀ ਐਕਟਿਵ ਕੁੜੀ ਐ ਆਪਣੀ ਸਿਲਕੀ...!"

-"ਮੈਮ ਇੱਫ਼ ਯੂ ਡੋਂਟ ਮਾਈਂਡ, ਮੈਂ ਸਿਲਕੀ ਜੀ ਨੂੰ ਮਿਲਣਾ ਚਾਹੁੰਦੀ ਆਂ...!"

-"ਮਿਲਾ ਦਿਊਂਗੀ ਬੇਟਾ..। ਤੁਸੀਂ ਤਾਂ ਸਾਡੇ ਕਾਲਜ ਦਾ ਮਾਣ ਹੋ..! ਆਈ ਐਮ ਵੈਰੀ ਪਰਾਊਡ ਔਫ਼ ਯੂ..! ਤੁਸੀਂ ਇੰਜ ਕਰਨਾ, ਸ਼ਾਮ ਨੂੰ ਆ ਜਾਣਾ, ਸਿਲਕੀ ਨੂੰ ਮਿਲ਼ ਲੈਣਾ, ਘਰ ਦੀ ਤਾਂ ਗੱਲ ਐ...। ਪਤਾ ਕੀ, ਉਹ ਰਾਤ ਨੂੰ ਫ਼ਿਲਮੀਂ ਪਾਰਟੀਆਂ ਵਿੱਚ ਜਾਂਦੀ ਐ, ਤੇ ਰਾਤ ਨੂੰ ਲੇਟ ਆਉਂਦੀ ਐ, ਇਸ ਲਈ ਲੇਟ ਹੀ ਉਠਦੀ ਐ, ਤੁਹਾਨੂੰ ਪਤਾ ਈ ਐ ਫ਼ਿਲਮੀਂ ਲੋਕਾਂ ਦਾ ਪਾਇਲ...। ਇਹਨਾਂ ਦੀ ਦੁਨੀਆਂ ਹੀ ਬਹੁਤ ਗਲੈਮਰ ਭਰੀ ਤੇ ਰੰਗੀਨ ਮਿਜ਼ਾਜ਼ ਹੁੰਦੀ ਐ..। ਹੋਵੇ ਵੀ ਕਿਉਂ ਨਾ ਭਾਈ...? ਇਹਨਾਂ ਦੀ ਕਿਸਮਤ ਵਿੱਚ ਹੀ ਐਸ਼ਾਂ ਲਿਖੀਆਂ ਨੇ ਰੱਬ ਨੇ..! ਮੈਂ ਤਾਂ ਸਿਲਕੀ ਨੂੰ ਆਖਦੀ ਹੁੰਦੀ ਆਂ, ਕਿ ਗੋਲਡਨ ਕਲਮ ਨਾਲ਼ ਕਿਸਮਤ ਲਿਖੀ ਐ ਰੱਬ ਨੇ ਤੇਰੀ...!"

-"ਠੀਕ ਐ ਮੈਮ, ਮੈਂ ਸ਼ਾਮ ਨੂੰ ਮਿਲ਼ਦੀ ਆਂ ਆ ਕੇ...!"

-"ਓ ਕੇ ਪਾਇਲ ਬੇਟਾ...!" ਉਸ ਨੇ ਜਾਂਦੀ ਪਾਇਲ ਵੱਲ ਇੰਜ ਦੇਖਿਆ ਜਿਵੇਂ ਕਸਾਈ ਬੱਕਰੇ ਵੱਲ ਦੇਖਦੈ। .... ਇਹਨੂੰ ਕਹਿੰਦੇ ਐ ਕਿਸਮਤ..। ਮਤਲਬ ਮੇਰੀ ਕਿਸਮਤ...। ਦੇਖ ਮੁਰਗੀ ਹਲਾਲ ਹੋਣ ਵਾਸਤੇ ਕਿਵੇਂ ਗੇੜੇ ਕੱਢਦੀ ਫ਼ਿਰਦੀ ਐ...। ...ਇਹਨੂੰ ਇਹ ਨਹੀਂ ਪਤਾ ਕਿ ਬਾਹਲ਼ੇ ਪੱਤਣਾਂ ਦਾ ਤਾਰੂ ਸਿੱਧਾ ਮਗਰਮੱਛ ਦੇ ਮੂੰਹ ਜਾ ਡਿੱਗਦੈ...। ... ਕੋਈ ਨਾ, ਆ ਜਾ, ਬਣਾਊਨੀ ਆਂ ਤੈਨੂੰ ਹੇਮਾਂ ਮਾਲਿਨੀ...!


ਪਾਇਲ ਨੂੰ ਟੇਕ ਨਹੀਂ ਆ ਰਹੀ ਸੀ।

ਉਹ ਵਾਰ-ਵਾਰ ਸਿਰ ਖੜ੍ਹੇ ਸੂਰਜ ਨੂੰ ਦੇਖ ਰਹੀ ਸੀ। ਜਿਹੜਾ ਛੁਪਣ ਦਾ ਨਾਂ ਹੀ ਨਹੀਂ ਲੈ ਰਿਹਾ ਸੀ। ਜੇ ਸੂਰਜ ਦੀਵਾ ਹੁੰਦਾ ਤਾਂ ਪਾਇਲ ਫੂਕ ਮਾਰ ਕੇ ਬੁਝਾ ਦਿੰਦੀ। ਅਖੀਰ ਜਦ ਸੂਰਜ ਨੇ ਹਿੰਡ ਛੱਡ ਕੇ ਦਰੱਖ਼ਤਾਂ ਦੇ ਝੁੰਡ ਵਿੱਚ ਨੂੰ ਹੋਇਆ ਤਾਂ ਪਾਇਲ ਵਾਰਡਨ ਮੈਡਮ ਦੀ ਰਹਾਇਸ਼ ਨੂੰ ਤੁਰ ਪਈ। ਉਸ ਦੇ ਦਿਲ ਦਿਮਾਗ ਵਿੱਚ ਆਸਾਂ ਦੇ ਦੀਵੇ ਜਗ ਰਹੇ ਸਨ। ਜ਼ਿਹਨ ਵਿੱਚ ਖ਼ੁਸ਼ੀ ਦੀਆਂ ਘੰਟੀਆਂ ਖੜਕ ਰਹੀਆਂ ਸਨ। ਉਹ ਜਿਵੇਂ ਧਰਤੀ 'ਤੇ ਤੁਰ ਨਹੀਂ ਰਹੀ ਸੀ, ਇੱਕ ਤਰ੍ਹਾਂ ਨਾਲ਼ ਸੁਪਨਿਆਂ ਦੇ ਸੰਸਾਰ ਵਿੱਚ ਉੱਡ ਰਹੀ ਸੀ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਦੀਵਾਲੀ ਅੰਬਰਸਰ ਦੀ



ਡਾ. ਰੂਪ ਸਿੰਘ



ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਵਰੋਸਾਏ ਪਾਵਨ ਪਵਿੱਤਰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ, ਪਹਿਚਾਣ ਤੇ ਇਤਿਹਾਸਕ ਗੌਰਵ ਹੈ। ਅੰਮ੍ਰਿਤਸਰ ਏਸ਼ੀਆ ਮਹਾਂਦੀਪ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਹੈ, ਜਿਸ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀ ਹੋਵੇਗੀ। ਅੰਮ੍ਰਿਤਸਰ ਸਿੱਖ-ਧਰਮ ਦਾ ਕੇਂਦਰੀ ਸਥਾਨ, ਸਿੱਖ-ਵਿਸ਼ਵਾਸਾਂ ਦਾ ਧੁਰਾ, ਗੁਰਸਿੱਖਾਂ ਲਈ ਪ੍ਰੇਰਨਾ-ਸ੍ਰੋਤ ਤੇ ਸ਼ਕਤੀ ਦਾ ਪ੍ਰਮੁੱਖ ਸੋਮਾ ਹੈ, ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ-ਜਾਗਦੀ ਮਿਸਾਲ ਹੈ।

ਅੰਮ੍ਰਿਤਸਰ ਕੇਵਲ ਸਿੱਖਾਂ ਲਈ ਹੀ ਨਹੀਂ, ਸਗੋਂ ਵਿਸ਼ਵ ਦੇ ਲੋਕਾਂ ਲਈ ਵਿਸ਼ਵ-ਧਰਮ ਮੰਦਰ, ਸ੍ਰੀ ਹਰਿਮੰਦਰ ਸਾਹਿਬ ਕਰਕੇ ਖਿੱਚ ਦਾ ਕੇਂਦਰ ਹੈ। ਸੰਸਾਰ ਦੇ ਕਿਸੇ ਵੀ ਕੋਨੇ ਵਿੱਚੋਂ ਕੋਈ ਵੀ ਕਿਸੇ ਸਮੇਂ ਬਿਨਾਂ ਕਿਸੇ ਰੋਕ-ਟੋਕ ਦੇ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਕਰ ਸਕਦਾ ਹੈ। ਜਾਤੀ, ਨਸਲ ਜਾਂ ਖੇਤਰੀ ਭਿੰਨ-ਭੇਦ ਇਥੇ ਨਹੀਂ ਪੁੱਛਿਆ ਜਾਂਦਾ। ਇਹੀ ਕਾਰਨ ਹੈ ਕਿ ਹਰ ਫਿਰਕੇ ਹਰ ਧਰਮ ਨਾਲ ਸੰਬੰਧਤ ਲੋਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ। ਸ੍ਰੀ ਅੰਮ੍ਰਿਤਸਰ ਜੀ ਦੀ ਸਿਰਜਨਾ ਦੇ ਸਮੇਂ ਤੋਂ ਹੀ ਹਰ ਕਿੱਤੇ ਦੇ ਲੋਕਾਂ ਨੂੰ ਇਥੇ ਵਸਾਇਆ ਗਿਆ ਸੀ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਾਵਨ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਵਾਈ ਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਸੰਪੂਰਨ ਤੇ ਪੱਕਿਆਂ ਕਰ, ਵਿਚਕਾਰ "ਹਰਿਮੰਦਰ" ਦਾ ਨਿਰਮਾਣ ਕਰਵਾਇਆ। ਅੰਮ੍ਰਿਤ-ਸਰੋਵਰ ਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਤੇ ਇਮਾਰਤ-ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਤਾਂ ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫੁਰਮਾਨ ਕਰਦੇ ਹਨ :

ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1362)

1604 ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ-ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ ਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਖੜ੍ਹਾ ਕਰ ਦਿੱਤਾ। ਧਰਮ ਪ੍ਰਚਾਰ-ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਗਏ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਖੇਤਰ ਬਹੁਤ ਵਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ-ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ ਮੁਸਲਮਾਨ ਗੁਰੂ-ਘਰ ਵੱਲ ਪ੍ਰੇਰਿਤ ਹੋਏ। ਹਰਿਮੰਦਰ ਸਾਹਿਬ -

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1299)

ਦਾ ਉਪਦੇਸ਼ ਆਪਣੀ ਸਿਰਜਣਾ ਤੋਂ ਮਾਨਵਤਾ ਨੂੰ ਦਿੰਦਾ ਆ ਰਿਹਾ ਹੈ। ਇਸੇ ਲਈ ਮੌਲਾਨਾ ਜਫਰ ਅਲੀ ਨੇ ਕਿਹਾ ਸੀ:,

ਹਰਿਮੰਦਰ ਕੀ ਬੁਨਿਆਦ ਕੀ
ਈਂਟ ਦੇ ਰਹੀ ਹੈ ਗਵਾਹੀ,
ਕਿ ਕਭੀ ਅਹਿਲੇ ਮਜ਼ਹਬ
ਮੇਂ ਦੋਸਤੀ ਮੁਸਕਰਾਈ ਥੀ।

ਸਿੱਖਾਂ ਲਈ ਅੰਮ੍ਰਿਤਸਰ ਦੀ ਇਤਿਹਾਸਕ ਮਹੱਤਤਾ ਤੇ ਮਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲੱਗ ਸਕਦਾ ਹੈ ਕਿ ਵਿਸ਼ਵ ਦੇ ਕੋਨੇ-ਕੋਨੇ ਵਿਚ ਬੈਠੇ ਗੁਰਸਿੱਖ ਰੋਜ਼ਾਨਾ ਅਰਦਾਸ ਦੇ ਇਹ ਸ਼ਬਦ ਦਿਲ ਦੀ ਗਹਿਰਾਈਆਂ ਵਿੱਚੋਂ ਉਚਾਰਦੇ ਹਨ:

ਦਾਨਾ ਸਿਰ ਦਾਨ ਨਾਮ ਦਾਨ,
ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ।

ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨੇ ਹਰ ਸਿੱਖ ਲੋਚਦਾ ਹੈ। ਸਦੀਆਂ ਬੀਤ ਗਈਆਂ, ਸਦੀਆਂ ਬੀਤ ਜਾਣਗੀਆਂ, ਪਰ ਅੰਮ੍ਰਿਤਸਰ ਸਿੱਖ-ਸਿਧਾਂਤਾਂ, ਸਿੱਖ-ਮਰਯਾਦਾ ਤੇ ਸਿੱਖ-ਸ਼ਕਤੀ ਦੇ ਪ੍ਰੇਰਨਾ-ਸ੍ਰੋਤ ਵਜੋਂ ਜਾਣਿਆ-ਪਹਿਚਾਣਿਆ, ਸਤਿਕਾਰਿਆ ਜਾਵੇਗਾ। ਹਰਿਮੰਦਰ ਸਾਹਿਬ ਕਿਸੇ ਵਿਅਕਤੀ-ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ ਪ੍ਰਗਟਾਉਂਦਾ, ਇਹ ਤਾਂ ਰਬੀ ਏਕਤਾ, ਮਨੁੱਖੀ ਬਰਾਬਰਤਾ, ਸਰਵ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇ ਰਿਹਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਦਿਨ-ਰਾਤ ਕੇਵਲ ਵਾਹਿਗੁਰੂ ਦੀ ਕੀਰਤੀ ਹੀ ਗਾਈ ਜਾਂਦੀ ਹੈ ਤੇ ਉਹ ਵੀ ਕੇਵਲ ਗੁਰਬਾਣੀ ਦੇ ਰੂਪ ਵਿਚ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਸਤਿਗੁਰਾਂ ਦੇ ਪ੍ਰਕਾਸ਼-ਗੁਰਪੁਰਬ, ਗੁਰ-ਗੱਦੀ ਦਿਵਸ, ਜੋਤੀ ਜੋਤ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼-ਦਿਵਸ ਤੇ ਗੁਰ-ਗੱਦੀ ਦਿਵਸ ਮਨਾਏ ਜਾਂਦੇ ਹਨ। ਪਰ ਇਨ੍ਹਾਂ ਪਾਵਨ ਇਤਿਹਾਸਕ ਗੁਰਪੁਰਬਾਂ ਨੂੰ ਮਨਾਉਣ ਦਾ ਢੰਗ ਵੀ ਅਲੌਕਿਕ ਹੈ। ਸੰਬੰਧਤ ਗੁਰਪੁਰਬ ਸਬੰਧੀ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਤੇ ਅਰਦਾਸ ਵਿਚ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਗੁਰਪੁਰਬਾਂ ਸਬੰਧੀ ਧਾਰਮਿਕ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦਵਾਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕੀਤੇ ਜਾਂਦੇ ਹਨ, ਜਿਥੇ ਵਿਦਵਾਨ ਬੁਲਾਰੇ, ਇਤਿਹਾਸਕਾਰ, ਵਿਆਖਿਆਕਾਰ, ਰਾਗੀ, ਢਾਡੀ, ਕਵੀਸ਼ਰ ਗੁਰਪੁਰਬਾਂ ਦੀ ਇਤਿਹਾਸਕ ਮਹੱਤਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਉਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਖਾਲਸੇ ਦਾ ਸਾਜਨਾ ਦਿਵਸ 'ਵਿਸਾਖੀ' ਅਤੇ 'ਦੀਵਾਲੀ' ਦਾ ਦਿਨ 'ਬੰਦੀ-ਛੋੜ ਦਿਵਸ' ਦੇ ਰੂਪ ਵਿਚ ਪੰਥਕ ਤੌਰ 'ਤੇ ਮਨਾਇਆ ਜਾਂਦਾ ਹੈ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿਚ ਦੀਵਾਲੀ ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦੀਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀ-ਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ, ਇਸ ਤਰ੍ਹਾਂ ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ-ਛੋੜ ਦਿਵਸ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ-ਉਕਤੀ ਪ੍ਰਚੱਲਤ ਹੋ ਗਈ:

ਦਾਲ ਰੋਟੀ ਘਰ ਦੀ,
ਦੀਵਾਲੀ ਅੰਮ੍ਰਿਤਸਰ ਦੀ।

ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ-ਪੰਥ ਦੇ ਵਿਰੁੱਧ ਰਹੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਕਿਸੇ ਤਰ੍ਹਾਂ ਦੀ ਸੁਖਾਵੀਂ ਨਹੀਂ ਸੀ ਲੱਗਦੀ। ਇਹੀ ਕਾਰਨ ਸੀ ਕਿ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ਬਾਦਸ਼ਾਹ ਜਹਾਂਗੀਰ ਨੂੰ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੁਲੋਂ ਹੀ ਦਬ ਜਾਏਗੀ ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ "ਦਲਿ ਭੰਜਨ ਗੁਰੁ ਸੂਰਮਾ" ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ, ਚੰਗੇ ਘੋੜੇ ਤੇ ਸ਼ਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦ੍ਰਮਾ ਜਬਰ-ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਪਾਸ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ ਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਹੈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਹੈਰਾਨ-ਪ੍ਰੇਸ਼ਾਨ ਹੋਇਆ। ਉਹ ਤਾਂ ਪਹਿਲਾਂ ਹੀ ਨਾਨਕ ਨਿਰਮਲ ਪੰਥ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ, ਜਿਹੜਾ ਕਿ ਉਸ ਲਈ ਇਕ ਵੰਗਾਰ ਬਣ ਕੇ ਪ੍ਰਗਟ ਹੋ ਰਿਹਾ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਹੱਕ-ਸੱਚ ਦੀ ਆਵਾਜ਼ ਤੋਂ ਵਿਸ਼ੇਸ਼ ਖ਼ਤਰਾ ਮਹਿਸੂਸ ਕਰਦਿਆਂ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਲਿਆ, ਜਿੱਥੇ ਕਿ ਪਹਿਲਾਂ ਹੀ ਹਿੰਦੂ ਰਾਜੇ ਬੰਦੀ (ਕੈਦੀ) ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਵਿਚ ਇਹ ਤੌਖਲਾ ਤੇ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਸੰਗਤਾਂ ਮਸ਼ਾਲਾਂ ਜਗਾ ਕੇ, ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਕਦੇ-ਕਦੇ ਗਵਾਲੀਅਰ ਪਹੁੰਚ ਸੰਗਤਾਂ ਕਿਲ੍ਹੇ ਦੀ ਪ੍ਰਕਰਮਾ ਕਰ ਆਪਣੇ ਪਿਆਰੇ ਗੁਰੂ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਂਈ ਮੀਆਂ ਮੀਰ ਵਰਗੇ ਇਨਸਾਫ-ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਜੀ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਹਿੰਦੂ ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ-ਛੋੜ' ਕਿਹਾ ਜਾਣ ਲੱਗਾ।

ਰਿਹਾਈ ਉਪਰੰਤ ਜਦੋਂ ਗੁਰੂ ਜੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੇ ਘਿਉ ਦੇ ਦੀਵੇ ਜਗਾ, ਆਓ-ਭਗਤ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦੀਵਾਲੀ ਸੀ ਭਾਵੇਂ ਕਿ ਸਿੱਖਾਂ ਦਾ ਦੀਵਾਲੀ ਦੇ ਪ੍ਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ-ਛੋੜ' ਦਿਵਸ ਦੇ ਰੂਪ ਵਿਚ ਮਨਾਉਣ ਲੱਗ ਪਏ।

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਧਰਮ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ,ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਰਹਿ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈ ਰਹੇ ਸਨ, ਉਸ ਸਮੇਂ ਵੀ ਸਮੇਂ ਦੇ ਹਾਕਮਾਂ ਵੱਲੋਂ ਸਿੰਘਾਂ ਦੇ ਸ੍ਰੀ ਅੰਮ੍ਰਿਤਸਰ ਦਾਖਲੇ 'ਤੇ ਸਖਤ ਪਾਬੰਦੀ ਲਾਈ ਹੋਈ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਸਨ। ਅਜਿਹੇ ਬਿਖੜੇ ਵੇਲੇ ਵੀ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖ ਜਾਨ 'ਤੇ ਖੇਡ ਕੇ ਗੁਰੂ-ਘਰ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ "ਜੋਤਿ" ਜਗਾਉਣ ਦੀ ਖਾਤਰ 'ਸ਼ਹੀਦੀ' ਤਕ ਵੀ ਪਾ ਜਾਂਦੇ। ਮੱਸੇ ਤੋਂ ਲੈ ਕੇ ਮੀਰ ਮੰਨੂ, ਅਦੀਨਾ ਬੇਗ, ਅਬਦਾਲੀ ਤੇ ਸਮੇਂ ਦੀਆਂ ਸਰਕਾਰਾਂ ਨੇ ਆਦਿ ਕਈਆਂ ਨੇ ਸਿੱਖਾਂ ਨੂੰ ਆਪਣੇ ਸੋਮੇ ਨਾਲੋਂ ਤੋੜਨ ਲਈ ਹਰ ਹੀਲਾ ਕੀਤਾ।

ਬਾਕੀ ਹਿਸਾ ਸਫਾ 36 ਤੇ ਪੜ੍ਹੋ

35 ਸਫ਼ੇ ਦੀ ਬਾਕੀ

ਜ਼ਕਰੀਆ ਖਾਂ ਨੇ ਨਾਦਰ ਸ਼ਾਹ ਨੂੰ ਦੱਸਿਆ ਕਿ ਸਿੱਖਾਂ ਦੀ ਸ਼ਕਤੀ ਦਾ ਸੋਮਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ ਤਾਂ ਨਾਦਰ ਸ਼ਾਹ ਨੇ ਉਸ ਨੂੰ ਸਲਾਹ ਦਿੱਤੀ ਕਿ ਇਨ੍ਹਾਂ ਦੇ ਇਸ ਰੂਹਾਨੀ ਸੋਮੇ ਨੂੰ ਹੀ ਮੁਕਾ ਦਿਓ!

ਨਾਦਰ ਸ਼ਾਹ ਤੇ ਜ਼ਕਰੀਆ ਖਾਨ ਦੇ ਇਤਿਹਾਸਕ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਘੋਰ ਯੁੱਧਾਂ, ਭਾਜੜਾਂ ਤੇ ਹਮਲਿਆਂ ਵੇਲੇ ਵੀ ਸਿੱਖ ਵੱਧ ਤੋਂ ਵੱਧ ਗਿਣਤੀ ਵਿਚ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਇਕੱਠੇ ਹੁੰਦੇ। ਇਥੇ ਹੀ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ, ਪ੍ਰਬੰਧਕੀ ਮਸਲੇ ਨਜਿੱਠੇ ਜਾਂਦੇ ਤੇ ਪੰਥਕ ਫੈਸਲੇ ਲਏ ਜਾਂਦੇ। ਦੀਵਾਲੀ ਦਾ ਦਿਨ ਸਾਨੂੰ ਭਾਈ ਮਨੀ ਸਿੰਘ ਦੀ ਮਹਾਨ ਸ਼ਹਾਦਤ ਦੀ ਵੀ ਯਾਦ ਦਿਵਾਉਂਦਾ ਹੈ। ਭਾਈ ਮਨੀ ਸਿੰਘ ਨੇ ਦੀਵਾਲੀ ਦੇ ਮੌਕੇ ਸਿੱਖਾਂ ਦਾ ਇਕੱਠ ਸੱਦਣ ਲਈ ਸਮੇਂ ਦੀ ਸਰਕਾਰ ਦੀ ਰਜ਼ਾਮੰਦੀ ਪ੍ਰਾਪਤ ਕਰ ਲਈ ਪਰ ਜਦ ਉਨ੍ਹਾਂ ਨੂੰ ਇਹ ਪਤਾ ਚੱਲਿਆ ਕਿ ਜ਼ਕਰੀਆ ਖਾਨ ਦੀਵਾਲੀ ਦੇ ਮੌਕੇ 'ਤੇ ਇਕੱਠੇ ਹੋਏ ਸਿੱਖਾਂ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਇਹ ਇਕੱਠ ਮੁਲਤਵੀ ਕਰ ਦਿੱਤਾ, ਇਸ ਕਰਕੇ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦੀਵਾਲੇ ਵਾਲੇ ਦਿਨ ਨਹੀਂ ਹੋਈ ਪਰ ਕਿਉਂਕਿ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿੱਥੇ ਦੀਵਾਲੀ ਦੇ ਸਮੇਂ ਬੰਦੀ-ਛੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਵੀ ਯਾਦ ਕਰ ਆਪਣਾ ਸਤਿਕਾਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਸਮੇਂ ਕੀਤੀ ਗਈ ਦੀਪਮਾਲਾ ਦੀਵਾਲੀ ਦੇ ਦਿਨ ਗੁਰਸਿੱਖਾਂ ਦੀ ਇਕੱਤਰਤਾ ਬੁਲਾਉਣ ਕਰਕੇ ਇਹ ਦਿਨ ਸਿੱਖਾਂ ਲਈ ਇਕ ਯਾਦਗਾਰੀ ਦਿਨ ਬਣ ਗਿਆ ਤੇ ਹਰ ਸਾਲ ਦੀਵਾਲੀ ਦੇ ਸਮੇਂ ਖਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ ਸਰਬੱਤ ਖਾਲਸਾ ਤੇ ਹੋਏ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਮੁਕੰਮਲ ਰੂਪ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਇਕ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ, ਜਿਸ ਦੀ ਖੂਬਸੂਰਤੀ ਨੂੰ ਅੱਖਰਾਂ ਵਿਚ ਬਿਆਨ ਕਰਨਾ ਅਸੰਭਵ ਹੈ, ਇਹ ਤਾਂ ਦੇਖਣ 'ਤੇ ਹੀ ਅਨੁਭਵ ਹੋਵੇਗਾ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿਚ ਤੇਲ ਨਹੀਂ ਬਲ ਰਿਹਾ ਬਲਕਿ ਕੌਮਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਜ਼ੁਲਮ ਤੇ ਪਾਪ ਦੀ ਹਨੇਰੀ ਨੂੰ ਦੂਰ ਕਰਨ ਲਈ ਸੂਰਬੀਰ ਆਪਣੀ ਚਰਬੀ ਦੀਵਿਆਂ ਵਿਚ ਪਾਉਣ ਲਈ ਖੜ੍ਹੇ ਦਿੱਸਣਗੇ। ਦੀਵਿਆਂ ਦੀ ਰੌਸ਼ਨੀ ਵਿਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1412)

ਦੀਵਾਲੀ ਵਾਲੇ ਦਿਨ ਸ਼ਾਮ ਨੂੰ 'ਰਹਰਾਸਿ' ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜ੍ਹੀ ਤੋਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸੁਣਨ ਕਰਨ ਲਈ ਜੁੜ ਬੈਠਦੀਆਂ ਹਨ। 'ਰਹਰਾਸਿ' ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ ਆਤਿਸ਼ਬਾਜ਼ੀ ਚਲਾਉਂਦੇ ਹਨ। ਇਹ ਨਜ਼ਾਰਾ ਦੇਖਿਆ ਹੀ ਬਣਦਾ ਹੈ। ਸਿੱਖ ਸ੍ਰੀ ਅੰਮ੍ਰਿਤਸਰ ਤੋਂ ਜੀਵਨ ਦੀ ਰੌਅ ਪ੍ਰਾਪਤ ਕਰਦਾ ਹੈ। ਅੰਮ੍ਰਿਤਸਰ ਤੋਂ ਜੀਵਨ ਦੀ ਰੋਸ਼ਨੀ ਪ੍ਰਾਪਤ ਕਰ ਆਪਣੇ ਜੀਵਨ 'ਚੋਂ ਹਨੇਰਾ ਦੂਰ ਕਰਦਾ ਹੈ। ਮੱਸਿਆ ਦੀ ਕਾਲੀ ਬੋਲ਼ੀ ਅੰਧੇਰੀ ਰਾਤ ਵਿਚ ਜਗ ਰਹੇ ਦੀਵੇ ਸਾਨੂੰ ਜੀਵਨ ਦਾ ਰਾਹ ਦਰਸਾਉਂਦੇ ਹਨ।

ਮਨੁੱਖ ਹਨ੍ਹੇਰਾ ਨਹੀਂ, ਪ੍ਰਕਾਸ਼ ਲੋਚਦਾ ਹੈ। ਇਤਿਹਾਸਕ ਘਟਨਾਵਾਂ ਨੂੰ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੇ ਹਨ ਕਿ ਜ਼ਿੰਦਗੀ 'ਪੂਰਨਮਾਸ਼ੀ ਦੀ ਰਾਤ' ਬਣ ਜਾਵੇ ਭਾਵ ਜ਼ਿੰਦਗੀ ਜੀਉਣ ਦੀ ਜਾਚ ਸਾਨੂੰ ਆ ਜਾਵੇ। ਇਹ ਸੱਚ ਦਾ ਪ੍ਰਕਾਸ਼ ਤਾਂ ਹੀ ਹੋ ਸਕਦਾ ਹੈ ਜੇ ਸਤਿਗੁਰੂ ਆਪ ਕਿਰਪਾ ਕਰਨ। ਗੁਰਦੇਵ ਹੁਕਮ ਕਰਦੇ ਹਨ:

ਸਗਲੀ ਰੈਣਿ ਗੁਦਰੀ ਅੰਧਿਆਰੀ
ਸੇਵਿ ਸਤਿਗੁਰੁ ਚਾਨਣੁ ਹੋਇ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 78)

ਸਤਿਗੁਰੂ ਦੇ ਹੁਕਮ ਵਿਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੱਛਮੀ-ਪੂਜਾ ਤਾਂ ਅਗਿਆਨਤਾ ਦੇ ਹਨੇਰੇ ਨੂੰ ਹੋਰ ਗੂੜ੍ਹਾ ਕਰਦੀ ਹੈ। ਅਗਿਆਨਤਾ ਵੱਸ ਮਨੁੱਖ ਦੇਵਣਹਾਰ ਦਾਤਾਰ ਨੂੰ ਵਿਸਾਰ ਦਿੰਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਨਾਨਕ ਪਾਤਸ਼ਾਹ ਅਗਵਾਈ ਬਖਸ਼ਦੇ ਹਨ:

ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥2 ॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25)

ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ :

ਦੂਖੁ ਅੰਧੇਰਾ ਘਰ ਤੇ ਮਿਟਿਓ ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25)

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪੱਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

******

# ਭਾਰਤੀ ਸੰਗੀਤ ਦਾ ਪ੍ਰਸਿੱਧ ਤੇ ਪ੍ਰਮੁੱਖ ਸਾਜ਼ 'ਤਬਲਾ'

ਪ੍ਰੋਫੈਸਰ ਜਗਪਿੰਦਰ ਪਾਲ ਸਿੰਘ

• • •



ਆਧੁਨਿਕ ਯੁੱਗ ਵਿਚੋਂਚ ਭਾਰਤੀ ਸ਼ਾਸਤਰੀ ਸੰਗੀਤ ਦਾ ਪ੍ਰਮੁੱਖ ਤੇ ਸਿਰਮੌਰ ਅਵਨਧ ਸਾਜ਼ ਜੇਕਰ ਤਬਲੇ ਨੂੰ ਕਿਹਾ ਜਾਵੇ ਤਾਂ ਗ਼ਲਤ ਨਹੀਂ ਹੋਵੇਗਾ। ਫ਼ਾਰਸੀ ਭਾਸ਼ਾ 'ਚ ਅਵਨਧ ਸਾਜ਼ਾਂ (ਚਮੜੇ ਨਾਲ ਮੜ੍ਹੇ ਤਾਲ ਸਾਜ਼) ਲਈ 'ਤਬਲ' ਸ਼ਬਦ ਵਰਤਿਆ ਜਾਂਦਾ ਹੈ। ਤਬਲ ਦੇ ਅੰਤਰਗਤ ਮ੍ਰਿਦੰਗ, ਪਖਾਵਜ, ਢੋਲਕ, ਗੁਰਜ ਆਦਿ ਸਾਜ਼ ਆ ਜਾਂਦੇ ਹਨ। ਅਰਬ ਦੇਸ਼ਾਂ 'ਚ ਵੀ ਦੁਦੰਭੀ (ਪ੍ਰਾਚੀਨ ਚਮੜੇ ਨਾਲ ਮੜ੍ਹਿਆ ਸਾਜ਼) ਦੇ ਸਮਾਨ ਰੂਪ ਵਾਲੇ ਸਾਜ਼ ਨੂੰ ਤਬਲ ਕਿਹਾ ਜਾਂਦਾ ਹੈ। ਤਬਲਾ ਸਾਜ਼ ਦਾ ਉਲੇਖ ਪ੍ਰਾਚੀਨ ਗ੍ਰੰਥਾਂ 'ਚ ਨਹੀਂ ਮਿਲਦਾ। ਕੁਝ ਵਿਦਵਾਨ ਤਬਲੇ ਦਾ ਜਨਮਦਾਤਾ ਅਲਾਉਦੀਨ ਖਿਲਜੀ ਦੇ ਦਰਬਾਰੀ ਸੰਗੀਤਕਾਰ ਅਮੀਰ ਖੁਸਰੋ ਨੂੰ ਮੰਨਦੇ ਹਨ। ਕੁਝ ਵਿਦਵਾਨ ਤਬਲੇ ਦਾ ਵਿਕਾਸ ਮ੍ਰਿਦੰਗ ਸਾਜ਼ ਦੇ ਆਧਾਰ 'ਤੇ ਹੋਇਆ ਮੰਨਦੇ ਹਨ। ਇਕ ਹੋਰ ਮੱਤ ਅਨੁਸਾਰ ਮ੍ਰਿਦੰਗ ਨੂੰ ਵਿਚਾਰੋਂ ਕੱਟ ਕੇ ਇਸ ਦੇ ਦੋਵਾਂ ਸਿਰਿਆਂ ਨੂੰ ਖੜ੍ਹਾ ਕਰਕੇ ਵਜਾਉਣ ਨਾਲ ਜੋੜੀ ਸਾਜ਼ ਹੋਂਦ 'ਚ ਆਇਆ। ਜੋੜੀ ਸਾਜ਼ ਦੇ ਬਾਏਂ (ਖੱਬੇ ਪਾਸੇ ਵਾਲਾ ਧਾਮਾ) ਉੱਤੇ ਗਿੱਲਾ ਆਟਾ ਲਗਾ ਕੇ ਵਜਾਇਆ ਜਾਂਦਾ ਸੀ, ਬਾਅਦ 'ਚ ਉਸਤਾਦ ਸਿਧਾਰ ਖਾਂ ਨੇ ਸੱਜੇ ਪਾਸੇ ਵਾਲੇ ਚੱਟੂ ਦੀ ਤਰ੍ਹਾਂ ਹੀ ਧਾਮੇ ਉੱਤੇ ਸਿਆਹੀ ਲਗਾ ਦਿੱਤੀ, ਜਿਸ ਨਾਲ ਤਬਲੇ 'ਤੇ ਢੋਲਕ ਦੇ ਸਾਰੇ ਬੋਲ ਨਿਕਲਣ ਲੱਗੇ। ਇਸ ਤਬਦੀਲੀ ਨਾਲ ਇਸ ਸਾਜ਼ ਦੀ ਮਕਬੂਲੀਅਤ ਵਧ ਗਈ। ਅਸਲ ਵਿਚ ਮ੍ਰਿਦੰਗ ਪਖਾਵਜ ਦੀ ਪ੍ਰਕਿਰਤੀ ਗੰਭੀਰ ਹੋਰ ਕਾਰਨ ਇਸ ਦਾ ਪ੍ਰਯੋਗ ਧਰੁਪਦ ਧਮਾਰ ਗੰਭੀਰ ਪ੍ਰਕਿਰਤੀ ਵਾਲੀਆਂ ਗਾਇਨ ਸ਼ੈਲੀਆਂ 'ਚ ਹੁੰਦਾ ਸੀ ਪ੍ਰੰਤੂ ਖਿਆਲ ਗਾਇਨ ਸ਼ੈਲੀ ਦਾ ਪ੍ਰਚਾਰ ਵਧਣ ਨਾਲ ਇਸ ਨਾਲ ਸੰਗਤ ਲਈ ਤਬਲੇ ਦਾ ਪ੍ਰਚਲਣ ਵੱਧ ਗਿਆ। ਸ਼ਾਸਤਰੀ ਸੰਗੀਤ ਤੋਂ ਇਲਾਵਾ ਅਰਧ ਸ਼ਾਸਤਰੀ ਗਾਇਨ ਸ਼ੈਲੀਆਂ ਟੱਪਾ, ਠੁਮਰੀ, ਦਾਦਰਾ ਨਾਲ ਤਬਲੇ ਦੀ ਸੰਗਤ ਕੀਤੀ ਜਾਂਦੀ ਹੈ ਅਤੇ ਗੁਰਬਾਣੀ ਕੀਰਤਨ 'ਚ ਵੀ ਜੋੜੀ ਸਾਜ਼ ਦਾ ਪ੍ਰਚਲਨ ਘਟਣ ਨਾਲ ਕੀਰਤਨ 'ਚ ਜ਼ਿਆਦਾਤਰ ਤਬਲੇ ਦਾ ਹੀ ਪ੍ਰਯੋਗ ਹੋ ਰਿਹਾ ਹੈ। ਫ਼ਿਲਮੀ ਸੰਗੀਤ 'ਚ ਵੀ ਤਬਲਾ ਸਾਜ਼ ਪ੍ਰਮੁੱਖ ਭੂਮਿਕਾ 'ਚ ਹੈ। ਤਬਲੇ ਸਾਜ਼ ਦੀ ਮਕਬੂਲੀਅਤ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਗਾਇਨ ਦੇ ਘਰਾਣਿਆਂ ਦੀ ਤਰ੍ਹਾਂ ਤਬਲੇ ਦੇ ਵੀ ਵੱਖ-ਵੱਖ ਘਰਾਣੇ ਹੋਂਦ 'ਚ ਆਏ, ਜਿਨ੍ਹਾਂ 'ਚ ਪ੍ਰਮੁੱਖ ਤੌਰ 'ਤੇ ਦਿੱਲੀ ਘਰਾਣਾ, ਬਨਾਰਸ ਘਰਾਣਾ, ਪੰਜਾਬ ਘਰਾਣਾ, ਅਜਰਾੜਾ ਘਰਾਣਾ, ਲਖਨਊ ਘਰਾਣਾ, ਫਾਰੁਖਾਬਾਦ ਘਰਾਣਾ ਆਦਿ ਵਿਸ਼ੇਸ਼ ਹਨ। ਤਬਲੇ ਸਾਜ਼ ਦੇ ਦੋ ਹਿੱਸੇ ਹੁੰਦੇ ਹਨ ਦਾਇਆਂ (ਸੱਜਾ) ਅਤੇ ਬਾਇਆਂ (ਖੱਬਾ)। ਦਾਏਂ ਭਾਗ ਨੂੰ ਚੱਟੂ ਕਿਹਾ ਜਾਂਦਾ ਹੈ ਜੋ ਕਿ ਅੰਬ, ਬਿਜੈਸਾਰ ਜਾਂ ਟਾਹਲੀ ਦੀ ਲੱਕੜ ਨੂੰ ਅੰਦਰੋਂ ਖੋਖਲਾ ਕਰਕੇ ਉੱਤੇ ਚਮੜਾ ਮੜ੍ਹ ਕੇ ਤਿਆਰ ਕੀਤਾ ਜਾਂਦਾ ਹੈ। ਬਾਏਂ ਭਾਗ ਨੂੰ ਡੁੱਗੀ ਕਿਹਾ ਜਾਂਦਾ ਹੈ। ਇਹ ਮਿੱਟੀ, ਪਿੱਤਲ, ਸਟੀਲ ਆਦਿ ਤੋਂ ਬਣਦਾ ਹੈ। ਤਬਲੇ ਦੇ ਦੋਵਾਂ ਹਿੱਸਿਆਂ ਉੱਤੇ ਸਿਆਹੀ ਲਗਾਈ ਜਾਂਦੀ ਹੈ। ਚੱਟੂ ਨੂੰ ਸੁਰ ਕਰਨ ਲਈ ਗੱਟੇ ਲਗਾਏ ਜਾਂਦੇ ਹਨ। ਅਕਸਰ ਡੁੱਗੀ 'ਚ ਵੀ ਛੋਟੇ ਆਕਾਰ ਦੇ ਗੱਟੇ ਲਗਾ ਲਏ ਜਾਂਦੇ ਹਨ। ਤਬਲੇ ਨੂੰ ਸੁਰ ਕਰਨ ਲਈ ਪਿੱਤਲ ਜਾਂ ਸਟੀਲ ਦੀ ਹਥੌੜੀ ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤੀ ਸ਼ਾਸਤਰੀ ਸੰਗੀਤ 'ਚ ਤਬਲੇ ਨੂੰ ਵਿਸ਼ਵ ਪੱਧਰ ਉੱਤੇ ਪ੍ਰਸਿੱਧ ਕਰਨ 'ਚ ਉਸਤਾਦ ਜ਼ਾਕਿਰ ਹੁਸੈਨ ਦਾ ਨਾਂਅ ਸਭ ਤੋਂ ਪਹਿਲੀ ਕਤਾਰ ਦੇ ਕਲਾਕਾਰਾਂ 'ਚ ਆਉਂਦਾ ਹੈ। ਪੰਜਾਬ ਵਿਚ ਪੰਡਿਤ ਰਮਾਕਾਂਤ, ਉਸਤਾਦ ਕਾਲੇ ਰਾਮ ਅਤੇ ਉਸਤਾਦ ਕੁਲਵਿੰਦਰ ਸਿੰਘ ਸੈਂਕੜੇ ਵਿਦਿਆਰਥੀਆਂ ਨੂੰ ਤਬਲੇ ਦੀ ਵਿਧੀਬੱਧ ਤਰੀਕੇ ਨਾਲ ਤਾਲੀਮ ਦੇ ਰਹੇ ਹਨ।

-ਮੁਖੀ ਪੋਸਟ ਗ੍ਰੈਜੂਏਟ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗ।
ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ।

# ਗੁਰ ਅੰਗਦੁ ਗੁਰੂ ਅੰਗੁ ਤੇ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ 3049 ਅੰਕ ਦੇਖੋ
**ਕਿਸ਼ਤ-7**



ਜਨਮ ਅਸਥਾਨ ਗੁਰੂ ਅੰਗਦ ਦੇਵ ਸਾਹਿਬ

### ਜਪੁ ਬਧਾ

ਇਤਨੇ ਆਗਿਆਕਾਰ ਹੋ ਕੇ ਸੇਵਾ ਵਿਚ ਜੁੱਟੇ ਕਿ ਦਿਨੋ ਦਿਨ ਗੁਰੂ ਬਾਬਾ ਜੀ ਦੀਆਂ ਬਖ਼ਸ਼ਿਸ਼ਾਂ ਝੋਲੀ ਵਿਚ ਪੈਂਦੀਆਂ ਗਈਆਂ। ਭਾਵੇਂ ਆਪ ਜੀ ਪਹਿਲਾਂ ਹੀ ਦੁਕਾਨ ਦਾ ਹਿਸਾਬ-ਕਿਤਾਬ ਲਿਖਣ-ਪੜ੍ਹਣ ਵਾਲੇ ਅਤੇ ਭਜਨ-ਮੰਡਲੀ ਦੇ ਆਗੂ ਬਣ ਕੇ ਭਜਨ ਗਾਉਣ ਵਾਲੇ ਸਨ ਪਰ, ਬਹੁਤ ਧਿਆਨ ਨਾਲ ਗੁਰਬਾਣੀ ਪੜ੍ਹਣ ਅਤੇ ਸਮਝਣ ਦੀ ਰੁਚੀ ਵੇਖ ਕੇ ਹਜ਼ੂਰ ਨੇ ਇਕ ਦਿਨ ਆਪਣੀ ਸਾਰੀ ਬਾਣੀ ਵਿਚੋਂ ਸ਼ਬਦ ਸਲੋਕ ਚੁਣ ਚੁਣ ਕੇ ਇਕ ਸੰਗ੍ਰਹਿ ਤਿਆਰ ਕਰਨ ਦੀ ਇਨ੍ਹਾਂ ਦੀ ਸੇਵਾ ਲਗਾਈ:

ੳ. 'ਮਮ ਬਾਨੀ' ਗੁਨਖਾਨੀ! 'ਦੇਖਾ (ਅਸੀਂ ਤੈਨੂੰ ਗੁਣਾਂ ਦੀ ਖਾਣ ਵੇਖਿਆ ਹੈ)।
ਲੀਜੈ ਬੀਨੈ ਬੀਨ ਵਿਸ਼ੇਖਾ (ਤੂੰ ਸਾਡੀ ਬਾਣੀ ਵਿਚੋਂ ਖ਼ਾਸ ਖ਼ਾਸ ਚੁਣ ਕੇ)।
ਹਮਹਿਂ ਸੁਨਾਵਤ ਜਾਉ ਉਚਾਰਾ (ਸਾਨੂੰ ਸੁਣਾਉਂਦੇ ਜਾਉ)।
ਬੰਧ ਮ੍ਰਿਜਾਦ ਕਰਹੁ ਉਪਕਾਰਾ'(ਮਰਯਾਦਾ ਬੰਨਣ ਦਾ ਉਪਕਾਰ ਕਰੋ)।੯੩॥

ਹਜ਼ੂਰ ਨੇ ਸੰਗ੍ਰਹਿ ਦਾ ਵਿਸ਼ਾ ਲਿਖ ਦਿਤਾ:
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥

ਸ੍ਰੀ ਲਹਿਣਾ ਜੀ ਨੇ ਵਿਸ਼ੇ ਅਨੁਸਾਰ ਗੁਰੂ-ਬਾਣੀ ਵਿਚੋਂ ਸ਼ਬਦ ਚੁਣ ਕੇ ਇਕ ਨਵਾਂ ਸੰਗ੍ਰਹਿ ਤਿਆਰ ਕਰਨ ਦੀ ਸੇਵਾ ਸ਼ੁਰੂ ਕੀਤੀ ਅਰ ਚੁਣੇ ਸ਼ਬਦ ਗੁਰੂ ਬਾਬਾ ਜੀ ਨੂੰ ਸੁਣਾ ਕੇ ਸਮੇਂ ਸਮੇਂ ਪ੍ਰਵਾਨਗੀ ਲੈਂਦੇ ਰਹੇ। ਜਦੋਂ ੩੮ ਪਉੜੀਆਂ ਦਾ ਸੰਗ੍ਰਹਿ ਤਿਆਰ ਹੋ ਗਿਆ ਤਾਂ ਉਨ੍ਹਾਂ ਹਜ਼ੂਰ ਨੂੰ ਪੁੱਛਿਆ,

'ਇਸ ਸੰਗ੍ਰਹਿ ਦਾ ਨਾਮ ਕੀਹ ਰੱਖਿਆ ਜਾਏ?' ਪਾਤਸ਼ਾਹ ਜੀ ਨੇ ਕਿਹਾ,

'॥ਜਪੁ॥'

ਸੁਨਿ ਸ੍ਰੀ ਅੰਗਦ ਬੰਦਨ ਠਾਨੀ (ਸ੍ਰੀ ਅੰਗਦ ਜੀ ਨੇ ਸਤਿਬਚਨ ਕਿਹਾ)।
ਬੀਨ ਬੀਨ ਨੀਕੇ ਗੁਰਬਾਣੀ (ਗੁਰੂ-ਬਾਣੀ ਵਿਚੋਂ ਚੁਣ ਚੁਣ ਕੇ)।
ਆਨਿ ਸੁਨਾਵਨਿ ਕੀਨ ਸੁਹਾਨੀ (ਆ ਕੇ ਸੋਹਣੇ ਢੰਗ ਨਾਲ ਸੁਣਾਉਂਦੇ)।
ਤਬ 'ਜਪੁ' ਨਾਮ ਧਰਿਓ ਗੁਨਖਾਨੀ (ਤਾਂ ਸਤਿਗੁਰਾਂ ਇਸ ਦਾ ਨਾਂ 'ਜਪੁ' ਰੱਖਿਆ)। ੯੫॥

ਸੋ, 'ਜਪੁ' ਬਾਣੀ ਦਾ ਸੰਗ੍ਰਹਿ ਤਿਆਰ ਹੋਣ 'ਤੇ ਹਜ਼ੂਰ ਪਾਤਸ਼ਾਹ ਜੀ ਨੇ ਸਭਨਾਂ ਸਿੱਖਾਂ ਨੂੰ ਹੁਕਮ ਕੀਤਾ ਕਿ ਹਰ ਸਿੱਖ ਅੰਮ੍ਰਿਤ ਵੇਲੇ ਹਰ ਰੋਜ਼ ਪ੍ਰੇਮ ਨਾਲ ਸਿਮਰਨ ਰੂਪ ਇਸ ਬਾਣੀ ਨੂੰ ਜ਼ਰੂਰ ਪੜ੍ਹੇ ਅਤੇ ਵਿਚਾਰੇ, ਲੋਕ ਪ੍ਰਲੋਕ ਸਫ਼ਲ ਹੋਣਗੇ। ਭਾਈ ਗੁਰਦਾਸ ਜੀ ਦੇ ਕਹਿਣ 'ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ .. ॥੩੮॥੧॥' ਅਨੁਸਾਰ ਇਸ ਬਾਣੀ ਨੂੰ ਧਰਮਸਾਲਾ ਦੇ ਨਿਤਨੇਮ ਵਿਚ ਵੀ ਸ਼ਾਮਲ ਕੀਤਾ। ਸੋਢੀ ਮਿਹਰਵਾਨ ਅਨੁਸਾਰ: ਗੁਰੂ ਬਾਬਾ ਨਾਨਕ ਆਗਿਆ ਪਰਮੇਸੁਰ ਕੀ ਨਾਲਿ ਬੋਲਿਆ ਜਿ: ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ ਏਹੁ ਸਲੋਕੁ ਮੁਢੁ ਜਪੁ ਦਾ, ਗੁਰੂ ਬਾਬੇ ਜੀ ਰਖਿਆ। ਫਿਰਿ ਅੰਗਦ ਸਿਖ ਕਉ ਆਗਿਆ ਕੀਤੀਅਨੁ, ਜਿ ਪੁਰਖਾ ਤੂ ਜਿ ਹੈ, ਸਿ ਹਵੈ ਹਾਂ। ਜਿਥੇ ਜਿਥੇ ਮੇਰੇ ਆਖਣ ਦੀਆਂ ਪਉੜੀਆਂ ਸਲੋਕ ਹੈਨਿ, ਸਿ ਤੂ, ਓਇ ਸਲੋਕ, ਸਬਦ ਲੈ ਕੈ, ਸੋਦਰੁ ਸਭਿ, ਏਸੈ ਜਪੁ ਵਿਚ ਆਣਿ ਆਣਿ ਬਣਾਇ, ਅਤੇ ਮੈਨੂੰ ਸੁਣਾਇਦਾ ਜਾਹਿ।...ਤਾਂ ਗੁਰੂ ਬਾਬੇ ਦੇ ਹਜ਼ੂਰਿ, ਗੁਰੂ ਅੰਗਦ, ਗੁਰੂ ਬਾਬੇ ਦੀ ਬਾਣੀ ਦਾ ਜਪੁ ਜੋੜੁ ਬੰਧਿਆ। ਜਪੁ ਕਾ ਜੋੜੁ॥੩੮॥ ਪਉੜੀਆਂ ਸਾਰੀ ਬਾਣੀ ਵਿਚਹੁ ਮਥਿ ਕਢਿਆ, ਜਿਉ ਦਹੀ ਵਿਚਹੁ ਮਖਣੁ ਮਥਿ ਕਢੀਦਾ ਹੈ।... ਤਬ ਗੁਰੂ ਬਾਬੇ ਜੀ ਕਹਿਆ 'ਪੁਰਖਾ ਅੰਗਦਾ ਜਿ ਮੇਰਾ ਸਿਖੁ, ਪਹਰ ਰਾਤਿ ਰਹਦੀ ਨਾਵਿ ਕੈ, ਜਪੁ ਪੜੈਗਾ, ਸੁ ਮੈਨੂੰ ਆਇ ਮਿਲੈਗਾ'।

ਮਹਾਂਕਵੀ ਜੀ ਅਨੁਸਾਰ:

ਸ੍ਰੀ ਮੁਖ 'ਤੇ ਮਹਿਮਾ ਪੁਨ ਭਾਖੀ (ਸਤਿਗੁਰਾਂ ਫਿਰ ਇਸ ਰਚਨਾ ਦੀ ਮਹੱਤਤਾ ਕਹੀ)।
ਜੇ ਨਰ ਹੁਇ ਸਿੱਖੀ ਅਭਿਲਾਖੀ (ਜੋ ਮਨੁਖ ਸਿੱਖੀ ਧਾਰਨੀ ਚਾਹੁੰਦਾ ਹੈ)।
ਨਿਸ ਮਹਿਂ ਉਠੇ ਸੇ ਕਰਹਿ ਸ਼ਨਾਨਾ (ਪਿਛਲੀ ਰਾਤ ਜਾਗ ਕੇ ਸ਼ਨਾਨ ਕਰੇ)।
-ਜਪੁ- ਪੜ੍ਹ ਹੈ ਇਕ ਚਿਤ ਸਵਧਾਨਾ (ਸੁਚੇਤ ਹੋ ਕੇ 'ਜਪੁ' ਪੜ੍ਹੇ)।੯੬॥
ਅਰਥ ਬਿਚਾਰ ਕਰੇ ਉਰ ਮਾਂਹੀ (ਹਿਰਦੇ ਵਿਚ ਅਰਥਾਂ ਨੂੰ ਵਿਚਾਰੇ)।
ਮੁਕਤਿ ਹੋਇ ਸੋ ਸੰਸੇ ਨਾਂਹੀ (ਜੀਵਨ ਮੁਕਤ ਹੋਵੇਗਾ, ਭਰਮ ਨਹੀਂ)।
ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ (ਜੋ ਪ੍ਰੀਤ ਨਾਲ 'ਜਪੁ' ਸਿਮਰਦਾ ਹੈ)।
ਮਮ ਸਮੀਪ ਪ੍ਰਾਪਤ ਹੁਇ ਤਾਂਹੀ (ਉਹ ਸਾਡੇ ਨੇੜੇ ਹੋ ਜਾਵੇਗਾ)।੯੭॥
ਧਰਹਿ ਕਾਮਨਾ ਪਢਿ ਹੈ ਇਕ ਮਨਿ (ਜੋ ਇੱਛਾ ਰੱਖ ਕੇ ਇਕ ਮਨ ਪਾਠ ਕਰੇਗਾ)।
ਹੋਹਿ ਸਪੂਰਨ ਤਿਹ ਕੀ ਤਤਛਿਨ (ਉਸ ਦੀ ਛੇਤੀ ਪੂਰੀ ਹੋ ਜਾਵੇਗੀ)।
ਜੰਤ੍ਰ ਮੰਤ੍ਰ ਪੁਨਿ ਤੰਤ੍ਰ ਮਹਾਨਾ।(ਜੋ ਸ਼ਕਤੀਸ਼ਾਲੀ ਜਾਦੂ ਟੂਣਾ ਕਹੇ ਜਾਂਦੇ ਹਨ)
ਭੂਤ ਕਿ ਪ੍ਰੇਤ ਦੈਤ ਬਲਵਾਨਾ (ਸਾਰੀਆਂ ਅਸੁਰੀ ਸ਼ਕਤੀਆਂ ਆਦਿ)।੯੮॥
ਤਿਹ ਸਮੀਪ ਨ ਆਵੈ ਕੋਈ (ਉਸ ਦੇ ਕੋਈ ਨੇੜੇ ਨਹੀਂ ਆਵੇਗੀ)।
ਪਠਨ ਪ੍ਰੀਤਿ ਨਿਤ ਨਰ ਜਿਹ ਹੋਈ (ਜੋ ਸਦਾ ਪ੍ਰੇਮ ਨਾਲ ਪੜ੍ਹੇਗਾ)।
ਮਾਨੁਖ ਦੇਹ ਜੀਵ ਜਿਨ ਪਾਈ (ਮਨੁਖ ਦੇਹ ਜਿਸ ਨੂੰ ਮਿਲੀ ਹੈ)।
-ਜਪੁ- ਬਿਹੀਨ ਹੁਇ ਬਾਦਿ ਗਵਾਈ' (-ਜਪੁ- ਬਿਨਾਂ ਬਿਰਥਾ ਗੁਆ ਲੈਂਦਾ ਹੈ)। ੯੯॥੫੩॥ ਨਾਨਕ ਪ੍ਰਕਾਸ਼ ਉਤਰਾਰਧ

### ਗੁਰੂ ਕੀ ਚੌਂਕੀ

ਦੁਪਹਿਰ ਦਾ ਸਮਾਂ ਸੀ।ਧਰਮਸਾਲ ਦੇ ਵਿਹੜੇ ਵਿਚ ਗੁਰੂ-ਬਾਬਾ ਮੰਜੇ 'ਤੇ ਆਰਾਮ ਕਰ ਰਹੇ ਸਨ ਅਰ ਸ੍ਰੀ ਲਹਿਣਾ ਜੀ ਚਟਾਈ ਵਿਛਾ ਕੇ ਕੋਲ ਬੈਠੇ ਹੋਏ ਸਨ। ਉਨ੍ਹਾਂ ਦਾ ਅਚਾਨਕ ਧਿਆਨ ਪਿਆ ਕਿ ਹਜ਼ੂਰ ਦੇ ਕੁਰਤੇ ਨੂੰ ਥਾਂ-ਥਾਂ 'ਤੇ ਖੁੰਘੀਆਂ ਲੱਗ ਗਈਆਂ ਹਨ। ਫਿਰ ਹੋਰ ਧਿਆਨ ਨਾਲ ਵੇਖਦੇ ਹਨ ਕਿ ਹਜ਼ੂਰ ਦੀਆਂ ਪਿੰਜਨੀਆਂ 'ਤੇ ਵੀ ਕੁਝ ਝਰੀਟਾਂ ਦੇ ਨਿਸ਼ਾਨ ਹਨ। ਹੈਰਾਨ ਹੋ ਕੇ ਪੁੱਛਣ ਲਗੇ ਕਿ ਇਹ ਕਿਵੇਂ ਹੋ ਗਿਆ, ਤੁਸੀਂ ਤਾਂ ਝਾੜੀਆਂ ਵਿਚ ਕਿਤੇ ਗਏ ਨਹੀਂ? ਗੁਰਦੇਵ ਕਹਿਣ ਲਗੇ,

'ਪੁਰਖਾ! ਇਸ ਵੇਲੇ ਸਾਡਾ ਇਕ ਅਯਾਲੀ ਪ੍ਰੇਮੀ ਝਾੜੀਆਂ ਵਿਚ ਆਪਣੀਆਂ ਬੱਕਰੀਆਂ-ਭੇਡਾਂ ਚਾਰ ਰਿਹਾ ਹੈ ਅਰ ਨਾਲ ਹੀ ਸੋਹਿਲਾ ਬਾਣੀ ਦਾ ਪਾਠ ਵੀ ਕਰ ਰਿਹਾ ਹੈ।ਉਸ ਨੂੰ ਪਤਾ ਨਹੀਂ ਕਿ ਇਸ ਬਾਣੀ ਦਾ ਪਾਠ ਸਿੱਖ ਨੂੰ ਰਾਤ ਸੌਣ ਲੱਗਿਆਂ ਕਰਨਾ ਹੁੰਦਾ ਹੈ। ਉਹ ਅਚੇਤ ਹੀ ਆਨੰਦ ਮਗਨ ਪਾਠ ਕਰਦਾ ਹੋਇਆ ਬੱਕਰੀਆਂ ਦੇ ਪਿਛੇ-ਪਿਛੇ ਕੰਡਿਆਲੀਆਂ ਝਾੜੀਆਂ ਵਿਚੋਂ ਲੰਘ ਰਿਹਾ ਹੈ ਅਰ ਅਸੀਂ ਉਸ ਦਾ ਧਿਆਨ ਕਰ ਰਹੇ ਹਾਂ'। ਗੁਰਬਾਣੀ ਪੜ੍ਹਣ ਵਾਲਿਆਂ ਦੇ ਰਾਖੇ ਗੁਰੂ-ਬਾਬਾ ਜੀ ਦੀ ਇਹ ਸਾਂਝ ਜਾਣ ਕੇ ਪਾਵਨ ਸ੍ਰੀ ਲਹਿਣਾ ਜੀ ਦੇ ਹੱਥ ਜੁੜ ਗਏ ਅਰ ਨੇਤਰਾਂ ਵਿਚ ਜਲ ਆ ਗਿਆ।ਮਹਾਂਕਵੀ ਜੀ ਅਨੁਸਾਰ:

ਬੂਝਯੋ ਲਹਿਣੈ ਦੋਇ ਕਰ ਬੰਦੇ (ਲਹਿਣਾ ਜੀ ਹੱਥ ਜੋੜ ਕੇ ਪੁੱਛਿਆ)।
'ਕਿਸ ਬਿਧਿ ਕੰਟਕ ਲਗੇ ਮੁਕੰਦੇ (ਹੇ ਮੁਕਤੀ ਦਾਤਾ! ਇਹ ਕੰਡੇ ਕਿਵੇਂ ਲੱਗ ਗਏ)?
ਬਾਹਰ ਕਹੂੰ ਅਸ ਠੌਰਨ ਮਾਹੀਂ (ਬਾਹਰ ਕਿਤੇ ਐਸੈ ਜਗਹ)।
ਗਮਨੇ ਪ੍ਰਭੂ! ਆਪ ਅਬ ਨਾਹੀਂ'(ਆਪ ਹੁਣ ਗਏ ਨਹੀਂ)।੩੫॥
ਅਬ ਲਾਗੀ ਹੈਂ ਪਰੈਂ ਲਖਾਈ (ਪਰ, ਇਹ ਹੁਣੇ ਲਗੀਆਂ ਜਾਪਦੀਆਂ ਹਨ)।
ਇਹ ਕਾਰਨ ਮੁਝ ਦੇਹੁ ਬਤਾਈ' (ਮੈਨੂੰ ਦੱਸੋ ਜੀ! ਇਹ ਕਿਵੇਂ ਹੋਇਆ)।
ਸੁਨਿ ਕੈ ਸ੍ਰੀ ਗੁਰ ਗਿਰਾ ਅਲਾਈ (ਗੁਰੂ ਪਾਤਸ਼ਾਹ ਜੀ ਨੇ ਦੱਸਿਆ)।
'ਏਕ ਅਯਾਲੀ ਅਜਾ ਚਰਾਈ (ਇਕ ਚਰਵਾਹਾ ਬੱਕਰੀਆਂ ਚਰਾਉਂਦਾ)।੩੬॥
ਦੋਹਰਾ॥ ਮਨ ਇਕਾਂਤ ਹੁਇ ਪ੍ਰੀਤਿ ਯੁਤ (ਇਕਾਗਰ ਚਿੱਤ ਪ੍ਰੇਮ ਨਾਲ)
ਪਢਹਿ ਸੋਹਿਲਾ ਸੋਇ (ਸੋਹਿਲਾ ਬਾਣੀ ਪੜ੍ਹ ਰਿਹਾ ਹੈ)।
ਕੰਟਕ ਝਾਰ ਅਪਾਰ ਜਹਿਂ (ਕੰਡਿਆਲੀਆਂ ਝਾੜੀਆਂ ਵਿਚ)
ਫਿਰਤ ਪ੍ਰੇਮ ਮਹਿਂ ਹੋਇ (ਪ੍ਰੇਮ ਨਾਲ ਤੁਰਿਆ ਫਿਰਦਾ ਹੈ)।੩੭॥
ਚੌਪਈ॥ ਹੁਇ ਸਮੀਪ ਬਿਚਰੌਂ ਤਿਹ ਸੰਗਾ (ਉਸ ਦੇ ਨਾਲ ਚੱਲ ਰਹੇ ਹਾਂ)।
ਲਗਨੇ ਦੇਉਂ ਨ ਕੰਟਕ ਅੰਗਾ (ਤਾਂ ਕਿ ਉਸ ਨੂੰ ਕੰਡੇ ਨਾ ਲੱਗਣ)।
ਤਹਾਂ ਝਰੀਟ ਲਗੀ ਇਹ ਜਾਨਹੁ (ਓਥੋਂ ਇਹ ਝਰੀਟਾਂ ਲਗੀਆਂ ਹਨ)।
ਲਹਿਣੇ! ਸਾਚ ਬਚਨ ਮਮ ਮਾਨਹੁ(ਲਹਿਣਿਆ! ਇਹ ਕਾਰਨ ਹੈ)।੩੮॥

ਸੁਣ ਕੇ ਸ੍ਰੀ ਲਹਿਣਾ ਜੀ ਨੇ ਪੁੱਛਿਆ,

'ਉਹ ਕਿਥੇ ਹੈ, ਮੈਂ ਉਸ ਨੂੰ ਵਰਜ ਆਵਾਂ'? ਇਸ਼ਾਰਾ ਕਰਦਿਆਂ ਹਜ਼ੂਰ ਨੇ ਕਿਹਾ,

'ਇਸ ਪਾਸੇ ਐਥੋਂ ਥੋੜੀ ਈ ਦੂਰ ਹੈ, ਐਥੇ ਬੁਲਾ ਲਿਆਉ'। ਭਾਈ ਸਾਹਿਬ ਤੁਰਤ ਗਏ ਅਰ ਅਯਾਲੀ ਲੱਭ ਕੇ ਨਾਲ ਲੈ ਆਏ। ਗੁਰੂ ਬਾਬਾ ਜੀ ਨੇ ਉਸ ਪ੍ਰੇਮੀ ਨੂੰ ਸਮਝਾਇਆ,

'ਭਾਈ! ਸੋਹਿਲਾ ਬਾਣੀ ਦਾ ਪਾਠ ਪਿਆਰ ਨਾਲ ਰਾਤ ਨੂੰ ਸੌਣ ਲਗਿਆਂ ਹੀ ਕਰਿਆ ਕਰੋ, ਕਰਤਾਰ ਰੱਖਿਆ ਕਰੇਗਾ'। ਉਸ ਨੇ ਮਾਫ਼ੀ ਮੰਗਦਿਆਂ ਹਜ਼ੂਰ ਅੱਗੇ ਸਿਰ ਨਿਵਾਇਆ। ਗੁਰਦੇਵ ਜੀ ਨੇ ਇਸ ਸਮੇਂ ਸਭਨਾਂ ਨੂੰ ਫ਼ੁਰਮਾਇਆ:

ਪਢਹਿਂ ਸੋਹਿਲਾ ਸੋਵਨ ਕਾਲਾ (ਜੋ ਸੌਣ ਸਮੇਂ ਸੋਹਿਲੇ ਦਾ ਪਾਠ ਕਰਦੇ ਹਨ)।
ਹਿਰਦੈ ਧਰਿ ਕੈ ਧਿਆਨ ਬਿਸਾਲਾ (ਬਹੁਤ ਧਿਆਨ ਅਤੇ ਪ੍ਰੇਮ ਨਾਲ)।
ਤਿਨ ਕਾ ਹੁਇ ਸਤਿਗੁਰ ਰਖਵਾਰਾ (ਉਨ੍ਹਾਂ ਦਾ ਗੁਰੂ ਰੱਖਅਕ ਹੁੰਦਾ ਹੈ)।
ਬਿਘਨ ਸਰਬ ਦੇ ਦੂਖ ਨਿਵਾਰਾ (ਸਾਰੇ ਬਿਘਨ ਅਤੇ ਦੁੱਖ ਦੂਰ ਕਰਦਾ ਹੈ)।੪੬॥੪੮॥ ਨਾਨਕ ਪ੍ਰਕਾਸ਼ ਉਤਰਾਰਧ

### ਧਰਮਸਾਲ ਦੀ ਝਾਕ

ਸਤਿਗੁਰਾਂ ਦੇ ਅਨੇਕ ਕੌਤਕਾਂ ਵਿਚੋਂ ਇਕ ਇਹ ਕੌਤਕ ਇਸ ਤਰਹ ਦਾ ਹੈ ਜਿਸ ਦੇ ਅਰਥ ਜਗਿਆਸੂ ਆਪਣੀ ਆਪਣੀ ਭਾਵਨਾ ਅਨੁਸਾਰ ਲੈਂਦੇ ਹਨ। ਸਾਖੀਕਾਰਾਂ ਜ਼ਿਕਰ ਕੀਤਾ ਹੈ ਕਿ ਸਮੇਂ ਨਾਲ ਮੀਂਹ ਆਦਿਕ ਹੋਣ ਨਾਲ ਇਸ ਸਾਲ ਕਣਕ ਦੀ ਫ਼ਸਲ ਬਹੁਤ ਅੱਛੀ ਹੋਈ। ਸਤਿਗੁਰਾਂ ਨੇ ਆਪਣੀ ਨਿਗਰਾਨੀ ਹੇਠ ਵਾਢੀ ਕਰਵਾ ਕੇ ਭਰੀਆਂ ਇਕ ਥਾਂ ਇਕੱਠੀਆਂ ਰਖਵਾ ਲਈਆਂ। ਸੇਵਕ ਨੂੰ ਹੁਕਮ ਕੀਤਾ ਕਿ ਅੱਗ ਲਿਆਉ। ਲੰਗਰ ਵਿਚੋਂ ਅੱਗ ਲਿਆਉਣ 'ਤੇ ਹਜ਼ੂਰ ਨੇ ਆਪਣੀ ਹੱਥੀਂ ਭਰੀਆਂ ਨੂੰ ਅੱਗ ਲਾ ਦਿੱਤੀ। ਵੇਖਦਿਆਂ ਵੇਖਦਿਆਂ ਸਾਰੀ ਕਣਕ ਸੜ ਕੇ ਸੁਆਹ ਦਾ ਢੇਰ ਹੋ ਗਈ। ਕੁਝ ਹੋਰ ਜੁੜਿਆ ਪਿਆ ਵਾਧੂ ਸਮਾਨ ਵੀ ਸਾੜ ਦਿੱਤਾ ਗਿਆ।

ਚਲਦਾ.....

# ਆਜ਼ਾਦੀ, ਸੱਚ ਅਤੇ ਨਿਆਂ ਨਾਲ ਖੜ੍ਹਨ ਦਾ ਪ੍ਰਤੀਕ ਹੈ ਬੰਦੀ ਛੋੜ ਦਿਵਸ

**ਜਸਵਿੰਦਰ ਸਿੰਘ "ਰੁਪਾਲ"**
9814715796





ਹਰ ਸਾਲ ਕੱਤਕ ਦੀ ਮੱਸਿਆ ਨੂੰ ਭਾਰਤ ਭਰ ਵਿੱਚ ਦੀਵਾਲੀ ਵਜੋਂ ਅਤੇ ਸਿੱਖ ਹਲਕਿਆਂ ਵਿੱਚ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਣ ਵਾਲੇ ਤਿਉਹਾਰ ਨੂੰ ਹਰ ਭਾਰਤੀ ਖੁਸ਼ੀ, ਪ੍ਰੇਮ ਅਤੇ ਸਾਂਝ ਵਜੋਂ ਮਨਾਉਂਦਾ ਹੈ। ਇਸ ਤਿਉਹਾਰ ਨੂੰ ਹਿੰਦੂ ਅਤੇ ਸਿੱਖ ਰਲ ਮਿਲ ਕੇ ਮਨਾਉਂਦੇ ਹਨ। ਹਿੰਦੂ ਇਸ ਨੂੰ ਰਾਮਚੰਦਰ ਜੀਂ ਦੇ 14 ਸਾਲ ਬਨਵਾਸ ਕੱਟਣ ਤੌਂ ਬਾਅਦ ਅਯੁੱਧਿਆ ਵਾਪਸ ਪਰਤਣ ਦੀ ਖੁਸ਼ੀ ਵਿੱਚ ਮਨਾਉਂਦੇ ਹਨ। ਅੱਜ ਅਸੀਂ ਸਿੱਖ ਦ੍ਰਿਸ਼ਟੀਕੋਣ ਤੋਂ ਇਸ ਦੇ ਮਹੱਤਵ ਅਤੇ ਸਿਧਾਂਤ ਦੀ ਵਿਚਾਰ ਕਰਾਂਗੇ।

ਇਤਿਹਾਸਕ ਪਿਛੋਕੜ:- ਗੁਰੂ ਅਰਜਨ ਦੇਵ ਜੀ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਧੀਨ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ ਤੋਂ ਬਾਅਦ ਛੇਵੇਂ ਗੁਰੂ ,ਗੁਰੂ ਹਰਗੋਬਿੰਦ ਜੀ ਨੇ ਗੁਰੂ ਬਣਦਿਆਂ ਹੀ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸਿੰਘਾਂ ਨੂੰ ਸ਼ਸ਼ਤਰ ਅਤੇ ਘੋੜੇ ਲਿਆਉਣ ਦੇ ਆਦੇਸ਼ ਦਿੱਤੇ। ਖੁਦ ਰਾਜਿਆਂ ਵਾਲੇ ਬਸਤਰ ਅਤੇ ਸ਼ਸ਼ਤਰ ਪਹਿਨੇ, ਸਿੱਖਾਂ ਨੂੰ ਘੋੜ ਸਵਾਰੀ, ਸ਼ਸ਼ਤਰ ਵਿੱਦਿਆ ਅਤੇ ਜੰਗੀ ਹੁਨਰ ਸਿਖਾਉਣੇ ਸ਼ੁਰੂ ਕੀਤੇ। ਬਹੁਤ ਸਾਰੇ ਸਿੱਖ ਉਹਨਾਂ ਨਾਲ ਜੁੜਦੇ ਗਏ ਅਤੇ ਜੰਗਜੂਆਂ ਦੀ ਗਿਣਤੀ ਵਧਣ ਲੱਗੀ। ਗੁਰੂ ਘਰ ਦੇ ਵਿਰੋਧੀਆਂ ਨੇ ਵਧਦੀ ਹੋਈ ਸਿੱਖ ਤਾਕਤ ਅਤੇ ਸਰਗਰਮੀਆਂ ਬਾਰੇ ਜਹਾਂਗੀਰ ਕੋਲ ਸ਼ਿਕਾਇਤਾਂ ਕੀਤੀਆਂ। ਰਾਜੇ ਨੇ ਇਸ ਵਧਦੀ ਤਾਕਤ ਅਤੇ ਗੁਰੂ ਹਰਗੋਬਿੰਦ ਜੀ ਦੀ ਹਰਮਨ ਪਿਆਰਤਾ ਨੂੰ ਮੁਗਲ ਸਲਤਨਤ ਲਈ ਖਤਰਾ ਸਮਝਿਆ ਅਤੇ ਪੰਜਾਬ ਵਿਚ ਬਗਾਵਤ ਫੈਲਾਉਣ ਦੇ ਜੁਰਮ ਹੇਠ ਉਹਨਾਂ ਨੂੰ ਕੈਦ ਕਰ ਕੇ ਗਵਾਲੀਅਰ ਦੇ ਕਿਲੇ ਵਿਚ ਰੱਖਿਆ। ਗੁਰੂ ਸਾਹਿਬ ਨੇ ਇਥੇ ਰੋਜ ਸਤਿਸੰਗ ਤੇ ਕੀਰਤਨ ਦਰਬਾਰ ਲਗਾਉਣਾ ਆਰੰਭ ਕੀਤਾ ਅਤੇ ਹੋਰ ਕੈਦੀ ਰਾਜਿਆਂ ਨੂੰ ਆਪਣੇ ਪਿਆਰ ਵਿਚ ਬੰਨ੍ਹ ਲਿਆ। ਇੱਧਰ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਬਿਹਬਲ ਹੋ ਗਈ ਅਤੇ ਉਹਨਾਂ ਆਪਣੇ ਤਰੀਕਿਆਂ ਨਾਲ ਗੁਰੂ ਸਾਹਿਬ ਦੀ ਕੈਦ ਦਾ ਵਿਰੋਧ ਕਰਨਾ ਸ਼ੁਰੂ ਕੀਤਾ। ਕੁਦਰਤੀ ਇਸੇ ਸਮੇਂ ਜਹਾਂਗੀਰ ਡਾਢਾ ਬੀਮਾਰ ਹੋ ਗਿਆ ਅਤੇ ਕਿਸੇ ਇਲਾਜ ਨਾਲ ਠੀਕ ਨਹੀਂ ਸੀ ਹੋ ਰਿਹਾ ਜਦੋਂ ਉਸਨੂੰ ਕਾਜੀ ਨੇ ਕਿਹਾ ਕਿ ਤੂੰ ਇਕ ਗੁਰੂ ਨੂੰ ਕੈਦ ਕੀਤਾ ਹੈ ਇਸ ਲਈ ਬਿਮਾਰ ਹੋਇਆ ਹੈਂ। ਜਹਾਂਗੀਰ ਨੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ। ਪਰ ਗੁਰੂ ਜੀ ਨੇ ਬੇਦੋਸ਼ ਕੈਦ ਕੀਤੇ ਗਏ 52 ਹਿੰਦੂ ਰਾਜਿਆਂ ਨੂੰ ਵੀ ਨਾਲ ਰਿਹਾਅ ਕੀਤੇ ਜਾਣ ਤੇ ਹੀ ਬਾਹਰ ਆਉਣ ਦੀ ਗੱਲ ਕਹੀ। ਰਾਜੇ ਦੀ ਸ਼ਰਤ ਨੂੰ ਪੂਰਾ ਕਰਦਿਆਂ ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਪਹਿਨਿਆ ਅਤੇ ਇੱਕ ਇੱਕ ਰਾਜੇ ਨੂੰ ਇੱਕ ਇੱਕ ਕਲੀ ਫੜਾ ਕੇ ਸਭ ਨੂੰ ਆਜ਼ਾਦ ਕਰਵਾਇਆ। ਉਸ ਦਿਨ ਤੋਂ ਹੀ ਗੁਰੂ ਹਰਗੋਬਿੰਦ ਜੀ ਨੂੰ "ਬੰਦੀ ਛੋੜ ਦਾਤਾ" ਕਿਹਾ ਜਾਣ ਲੱਗਿਆ। ਇਹ ਘਟਨਾ ਅਗਸਤ 1621 ਈਸਵੀ ਦੀ ਸੀ। ਇਸ ਤੋਂ ਬਾਅਦ ਇਸ ਸਾਲ ਦੀ ਦੀਵਾਲੀ ਵਾਲੇ ਦਿਨ ਸਿੱਖਾਂ ਨੇ ਗੁਰੂ ਜੀ ਦੇ ਰਿਹਾਅ ਹੋਣ ਦੀ ਖੁਸ਼ੀ ਵਿੱਚ ਦੀਵੇ ਜਗਾਏ ਅਤੇ ਖੁਸ਼ੀਆਂ ਮਨਾਈਆਂ। ਅਤੇ ਹਿੰਦੂਆਂ ਨਾਲ ਮਿਲ ਕੇ ਇਸ ਦਿਨ ਆਪਣੀ ਖੁਸ਼ੀ ਵੀ ਸਾਂਝੀ ਕੀਤੀ।

ਇਸ ਦਿਨ ਦਾ ਸੰਬੰਧ ਭਾਈ ਮਨੀ ਸਿੰਘ ਜੀ ਨਾਲ ਵੀ ਜੁੜਦਾ ਹੈ। 18ਵੀ ਸਦੀ ਵਿਚ ਜਦੋ ਸਿੰਘ ਜੰਗਲਾਂ ਵਿੱਚ ਰਹਿੰਦੇ ਸਨ ਤਾਂ ਉਹਨਾਂ ਨੂੰ ਜਥੇਬੰਦ ਕਰਨ ਅਤੇ ਨਵਾਂ ਪ੍ਰੋਗਰਾਮ ਉਲੀਕਣ ਲਈ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਹਰਿਮੰਦਰ ਸਾਹਿਬ ਇੱਕਠੇ ਕਰਨ ਲਈ ਸਰਕਾਰ ਤੋਂ ਇਜਾਜ਼ਤ ਲਈ। ਨਵਾਬ ਜ਼ਕਰੀਆ ਖਾਂ ਨੇ 10000 ਰੁਪਏ ਟੈਕਸ ਦੇਣ ਦੀ ਸ਼ਰਤ ਨਾਲ ਆਗਿਆ ਦੇ ਦਿਤੀ ਅਤੇ ਖੁਦ ਸਿੱਖਾਂ ਨੂੰ ਖਤਮ ਕਰਨ ਦੇ ਇਰਾਦੇ ਨਾਲ ਫੌਜ ਰਾਮ ਤੀਰਥ ਭੇਜ ਦਿੱਤੀ। ਭਾਈ ਮਨੀ ਸਿੰਘ ਜੀ ਚਾਲ ਸਮਝ ਗਏ ਅਤੇ ਉਹਨਾਂ ਨੇ ਤੁਰੰਤ ਸੁਨੇਹੇ ਭੇਜ ਦਿੱਤੇ, ਅਤੇ ਇੱਕਠ ਨਾ ਹੋਣ ਦਿੱਤਾ। ਸਰਕਾਰ ਵੱਲੋਂ ਟੈਕਸ ਮੰਗੇ ਜਾਣ ਤੇ ਭਾਈ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ ਕਿ ਜਦੋ ਇਕੱਠ ਹੋਇਆ ਹੀ ਨਹੀਂ, ਤਾਂ ਟੈਕਸ ਕਿਹਾ ? ਜਿਸ ਤੋਂ ਖਿਝ ਕੇ 1794 ਈਸਵੀ ਨੂੰ ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟ ਕੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਸ ਤਰਾਂ ਇਸ ਦਿਵਸ ਤੌਂ ਗੁਰਮਤਿ ਸਿਧਾਂਤਾਂ ਦੀ ਦ੍ਰਿੜ੍ਹਤਾ ਝਲਕਦੀ ਹੈ। ਪਹਿਲੀ ਗੱਲ ਹਮੇਸ਼ਾ ਹੱਕ ਸੱਚ ਲਈ ਖੜ੍ਹਨਾ ਅਤੇ ਸੱਚ ਲਈ ਅੰਤ ਤੱਕ ਲੜਨਾ। ਤਸੀਹੇ ਅਤੇ ਮੌਤ ਤੱਕ ਕਬੂਲ ਕਰ ਲੈਣੀ, ਪਰ ਆਪਣੀ ਆਜ਼ਾਦੀ ਨਹੀਂ ਛੱਡਣੀ। ਜ਼ੁਲਮ ਅਤੇ ਅਨਿਆਂ ਨਹੀਂ ਸਹਿਣਾ। ਲਿਤਾੜੇ ਅਤੇ ਜ਼ੁਲਮ ਦਾ ਸ਼ਿਕਾਰ ਹੋਏ ਹਰ ਪੀੜਿਤ ਦੀ ਧਿਰ ਬਣਕੇ ਖੜ੍ਹਨਾ ਜਿਵੇਂ ਗੁਰੂ ਹਰਗੋਬਿੰਦ ਜੀ 52 ਬੇਦੋਸ਼ੇ ਅਤੇ ਜ਼ੁਲਮ ਦੇ ਸਤਾਏ ਹੋਏ ਰਾਜਿਆਂ ਲਈ ਖੜ੍ਹੇ ਸਨ।

ਅਜੋਕੀ ਦਸ਼ਾ ਅਤੇ ਦਿਸ਼ਾ:-ਹਰਿਮੰਦਰ ਸਾਹਿਬ ਵਿੱਚ ਸ਼ਰਧਾਲੂਆਂ ਦਾ ਇਕੱਠ, ਲੱਖਾਂ ਹੀ ਦੀਵਿਆਂ ਦੀ ਰੋਸ਼ਨੀ, ਉਤਸ਼ਾਹ ਨਾਲ ਚਲਾਈ ਜਾਂਦੀ। ਆਤਿਸ਼ਬਾਜੀ ਜਿੱਥੇ ਇਸ ਦਿਨ ਪ੍ਰਤੀ ਸਾਡਾ ਸਤਿਕਾਰ ਅਤੇ ਸ਼ਰਧਾ ਪ੍ਰਗਟ ਕਰਦੀ ਹੈ, ਪ੍ਰੇਮ ਅਤੇ ਉਤਸ਼ਾਹ ਦੇਖ ਕੇ ਸਿਰ ਝੁਕਦਾ ਹੈ ਪਰ ਕਿਧਰੇ ਗਿਆਨ ਤੋਂ ਸੱਖਣੇ ਤਾਂ ਨਹੀਂ ਹੋ ਰਹੇ ਕਿਧਰੇ ਅਸੀਂ ਸਿੱਖ ਚਿੰਤਨ ਲਈ ਕੁਝ ਸਵਾਲ ਵੀ ਖੜ੍ਹੇ ਕਰਦੀ ਹੈ। ਕੀ ਸਤਿਕਾਰ ਅਤੇ ਸ਼ਰਧਾ ਪ੍ਰਗਟ ਕਰਨ ਦੇ ਤਰੀਕੇ ਵਿਚੋਂ ਗੁਰਮਤਿ ਕਿਧਰੇ ਅਲੋਪ ਤਾਂ ਨਹੀਂ ਹੋ ਰਹੀ ? ਸ਼ਬਦ "ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ" ਵਾਰ ਵਾਰ ਚੱਲਦਾ ਸੁਣਾਈ ਦਿੰਦਾ ਹੈ। ਪਰ ਇਸ ਦੇ ਅਸਲੀ ਅਰਥ ਬਹੁਤੇ ਨਹੀਂ ਜਾਣਦੇ। ਪੂਰਾ ਸ਼ਬਦ ਇੰਝ ਹੈ-

ਦੀਵਾਲੀ ਦੀ ਰਾਤਿ
ਦੀਵੇ ਬਾਲੀਅਨਿ ॥
ਤਾਰੇ ਜਾਤਿ ਸਨਾਤਿ
ਅੰਬਰਿ ਭਾਲੀਅਨਿ ॥
ਫੁਲਾਂ ਦੀ ਬਾਗਾਤਿ
ਚੁਣਿ ਚੁਣਿ ਚਾਲੀਅਨਿ ॥
ਤੀਰਥ ਜਾਤੀ ਜਾਤਿ
ਨੈਣ ਨਿਹਾਲੀਅਨਿ ॥
ਹਰਿਚੰਦਉਰੀ ਝਾਤਿ
ਵਸਾਇ ਉਚਾਲੀਅਨਿ ॥
ਗੁਰਮੁਖਿ ਸੁਖ ਫ਼ਲ ਦਾਤਿ
ਸਬਦ ਸਮਾਲੀਅਨਿ ॥
(ਭਾਈ ਗੁਰਦਾਸ, ਵਾਰ ੧੯, ਪਉੜੀ੬)

ਸੰਖੇਪ ਅਰਥ:-ਦੀਵਾਲੀ ਦੀ ਰਾਤ ਲੋਕ ਦੀਵੇ ਬਾਲਦੇ ਹਨ (ਪਰ ਸਵੇਰ ਤੱਕ ਇਹ ਦੀਪਮਾਲਾ ਖਤਮ ਹੋ ਜਾਂਦੀ ਹੈ), ਅੰਬਰ ਵਿਚ ਭਾਂਤ ਸੁਭਾਂਤ ਦੇ ਤਾਰੇ ਦਿਸਦੇ ਹਨ (ਪਰ ਸਵੇਰੇ ਕੋਈ ਨਹੀਂ ਲੱਭਦਾ), ਫੁੱਲਾਂ ਦੀਆਂ ਬਗੀਚੀਆਂ ਖਿੜਦੀਆਂ ਨੇ ਪਰ ਝੱਟ ਹੀ, ਉਹਨਾਂ ਚੋ ਚੁਣ ਚੁਣ ਕੇ ਫੁੱਲ ਤੋੜ ਲਏ ਜਾਂਦੇ ਨੇ, ਯਾਤਰੀ ਤੀਰਥਾਂ ਤੇ ਟੋਲਿਆਂ ਵਿੱਚ ਜਾਂਦੇ ਨੇ ਪਰ ਛੇਤੀ ਹੀ ਉਹਨਾਂ ਦਾ ਤੀਰਥਾਂ ਤੇ ਮੁਸ਼ਕ ਨਹੀਂ ਰਹਿੰਦਾ, ਹਰਿ ਚੰਦਉਰੀ ਦੇ ਨਗਰ ਦਿਖਲਾਵੇ ਮਾਤਰ ਦਿਖਾ ਕੇ ਆਪ ਹੀ ਉਜਾੜੀਦੇ ਹਨ। ਇਸ ਪ੍ਰਕਾਰ ਜਗਤ ਥੋੜ੍ਹੇ ਚਿਰ ਦਾ ਅਨੰਦ ਹੈ। ਗੁਰਮੁਖਾਂ ਨੂੰ ਆਤਮਕ ਆਨੰਦ ਰੂਪੀ ਸੁੱਖਾਂ ਦੇ ਫਲ ਦੀ ਦਾਤ ਮਿਲੀ ਹੈ ਕਿਉਂਕਿ ਊਨ੍ਹਾਂ ਨੇ ਸਬਦ ਨੂੰ ਯਾਦ ਕੀਤਾ ਹੈ। ਅਸਲ ਵਿਚ ਇਸਦੀ ਟੇਕ ਬਣਨੀ ਚਾਹੀਦੀ ਸੀ - "ਗੁਰਮੁਖਿ ਸੁਖ ਫਲ ਦਾਤਿ ਸਬਦ ਸਮਾਲੀਅਨਿ"। ਕਿਉਂਕਿ ਵਾਰ ਦੀ ਪਉੜੀ ਦੀ ਆਖਰੀ ਪੰਕਤੀ ਵਿਚ ਗੁਰਮਤਿ ਸਿਧਾਂਤ ਹੁੰਦਾ ਹੈ। ਪਰ ਆਮ ਲੋਕ ਇਸਤੋਂ ਦੀਵੇ ਜਗਾਉਣ ਦੀ ਸੇਧ ਲੈਂਦੇ ਦਿਸਦੇ ਹਨ।

ਆਮ ਲੋਕਾਂ ਦੇ ਪੱਧਰ ਤੇ ਇਸ ਦਿਨ ਨੂੰ ਸਿੱਖਾਂ ਨੂੰ ਮਨਾਉਂਦੇ ਦੇਖਦੇ ਹਾਂ ਤਾਂ ਦੁੱਖ ਹੁੰਦਾ ਹੈ। ਸ਼ਰਾਬਾਂ ਪੀਣੀਆਂ ਅਤਿਸ਼ਬਾਜ਼ੀਆਂ ਤੇ ਫਜ਼ੂਲ ਖਰਚੀ ਕੀਤੀ ਜਾਂਦੀ ਦੇਖ ਕੇ ਲੱਗਦਾ ਹੈ ਕਿ ਉਸ ਸ਼ੋਰ ਸ਼ਰਾਬੇ, ਬਿਜਲੀਆਂ ਦੇ ਚਾਨਣੇ ਅਤੇ ਦਿਖਾਵੇ ਦੀਆਂ ਰਸਮਾਂ ਵਿਚ ਗੁਰਮਤਿ ਦਾ ਸਹਿਜ, ਆਨੰਦ ਅਤੇ ਹੱਕ ਸੱਚ ਲਈ ਲੜਨ ਦਾ ਸਿਧਾਂਤ ਕਿਧਰੇ ਗੁਆਚਦਾ ਜਾ ਰਿਹਾ ਹੈ। ਲੋੜ ਫਜ਼ੂਲ ਖਰਚੀ ਦੀ ਨਹੀਂ ਹੈ। ਕੌਮੀ ਆਜ਼ਾਦੀ ਅਤੇ ਨਿਆਂ ਦੀ ਗੱਲ ਕਿਧਰੇ ਨਹੀਂ ਲੱਭ ਰਹੀ। ਲਿਤਾੜਿਆਂ ਅਤੇ ਜ਼ੁਲਮ ਦੇ ਸਤਾਏ ਲੋਕਾਂ ਲਈ ਢਾਲ ਬਣ ਕੇ ਖੜ੍ਹਨਾ ਹੀ ਇਸ ਦਿਨ ਦਾ ਸੰਦੇਸ਼ ਹੈ। ਰੱਜ ਰੱਜ ਕੇ ਖੁਸ਼ੀਆਂ ਮਨਾਓ, ਦੀਵੇ ਜਗਾਓ, ਪਰ ਗੁਰਮਤਿ ਸਿਧਾਂਤਾਂ ਨੂੰ ਪਲ ਲਈ ਵੀ ਦਿਲ ਚੋਂ ਨਾ ਵਿਸਾਰੋ। ਕੋਈ ਵੀ ਦਿਵਸ ਮਨਾਇਆ ਤਦ ਹੀ ਸਫਲ ਹੈ, ਜੇ ਉਹ ਆਪਣੇ ਸੰਦੇਸ਼ ਨੂੰ ਲੋਕ ਹਿਰਦਿਆਂ ਵਿੱਚ ਲਿਜਾ ਸਕੇ। ਸਿੱਖ ਕੌਮ ਆਪ ਹੀ ਇਸ ਸੰਦੇਸ਼ ਤੋਂ ਦੂਰ ਹੋ ਰਹੀ ਹੈ, ਚਾਹੀਦਾ ਤਾਂ ਇਹ ਸੀ ਕਿ ਹੋਰ ਦੁਨੀਆਂ ਨੂੰ ਵੀ ਇਹ ਸੰਦੇਸ਼ ਪਹੁੰਚਾ ਸਕਦੀ। ਅੰਗਰੇਜ਼ੀ ਅਖਾਣ ਹੈ- **"Form proceeds than feeling ".** ਆਓ, ਨਿਸ਼ਚਾ ਕਰੀਏ ਕਿ ਇਸ ਦਿਨ ਨੂੰ ਪ੍ਰੇਮ ਅਤੇ ਸਾਂਝ ਦੇ ਦੀਵੇ ਜਗਾਈਏ, ਬੇਸਹਾਰਾ ਅਤੇ ਮਜਲੂਮਾਂ ਦੀ ਢਾਲ ਬਣੀਏ, ਖੁਸ਼ੀਆਂ ਦੇ ਪਟਾਕੇ ਹਿਰਦਿਆਂ ਵਿਚ ਚਲਾਈਏ, ਬਾਹਰੀ ਆਤਿਸ਼ਬਾਜੀ ਚਲਾ ਕੇ ਮੰਡੀ ਦੇ ਸ਼ਿਕਾਰ ਨਾ ਹੋਈਏ ਅਤੇ ਆਪਣੇ ਵਾਤਾਵਰਣ ਨੂੰ ਸਾਫ ਸੁਥਰਾ ਹੀ ਰੱਖੀਏ।

* * * * * * * *

# ਦੀਵਾਲੀ ਅਤੇ ਬੰਦੀ ਛੋੜ ਦਿਵਸ!



ਮੇਰੇ ਪਿਆਰੇ ਦੋਸਤੋ, ਆਪ ਜੀ ਅਤੇ ਆਪ ਜੀ ਦੇ ਸਾਰੇ ਪਰਿਵਾਰ ਨੂੰ ਮੇਰੇ ਵਲੋ (ਯਾਨੀਕਿ ਚੰਦਰ ਸ਼ੇਖਰ ਸਿੰਘ ਗੁਰੂ ਵੱਲੋਂ ) ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਬਹੁਤ - ਬੱਹੁਤ ਮੁਬਰਕਾ ਹੋਣ। ਵਾਹਿਗੁਰੂ ਕਰੇ ਆਪ ਜੀ ਦੇ ਜੀਵਨ ਵਿਚ ਇਸ ਤਰਾਂ ਦੇ ਖੁੱਸ਼ੀਆਂ ਭਰੇ ਦਿਨ ਬਾਰ ਬਾਰ ਆਉਦੇ ਰਹਿਣ ਅਤੇ ਆਪ ਜੀ ਐਸੀਆਂ ਖੁਸ਼ੀਆ ਨੂੰ ਹਮੇਸ਼ਾ ਮਾਣਦੇ ਰਹੋ।

ਪਰ ਦੋਸਤੋ, ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਹਰ ਤਿਉਹਾਰ ਸਾਡੇ ਲਈ ਕੋਈ ਨ ਕੋਈ ਸੁਨੇਹਾ ਲੈ ਕੇ ਆਉਂਦਾ ਹੈ। ਇਹ ਗੱਲ ਵੱਖਰੀ ਹੈ ਕਿ ਅਸੀਂ ਉਸ ਤਿਉਹਾਰ ਦੀ ਮਹੱਤਤਾ ਨੂੰ ਸਮਝ ਕੇ ਅਪਣੇ ਜੀਵਨ ਵਿੱਚ ਅਪਨਾਉਂਦੇ ਹਾਂ- ਜਾਂ ਨਹੀਂ ! ਇਸ ਤਰ੍ਹਾ ਹੀ ਦੀਵਾਲੀ ਅਤੇ ਬੰਦੀ ਛੋੜ ਦਿਵਸ ਵੀ ਸਾਨੂੰ ਕਈ ਸੁਨੇਹੇ ਦਿੰਦੇ ਹਨ।

ਦੀਵਾਲੀ ਦਾ ਕੀ ਇਤਿਹਾਸ ਹੈ, ਜਾਂ ਇਸ ਦਾ ਕੀ ਮਿਥਹਾਸ ਹੈ, ਜਾਂ ਫਿਰ ਇਹ ਤਿਉਹਾਰ ਕਾਲਪਨਿਕ ਅਤੇ ਵਿਉਪਾਰਿਕ ਲਾਭ ਲਈ ਸਮਾਜ ਵਿੱਚ ਲਿਆ ਕੇ ਪ੍ਰਚਲਤ ਕੀਤਾ ਗਿਆ ਹੈ। ਨਾ ਤਾਂ ਇਹ ਮੇਰਾ ਅੱਜ ਦਾ ਵਿਸ਼ਾ ਹੈ, ਅਤੇ ਨ ਹੀ ਇਸ ਬਾਰੇ ਮੈ ਕੋਈ ਗੱਲ ਕਰਾਂਗਾ। ਅੱਜ ਆਪ ਸਭ ਨਾਲ ਮੈਂ ਗੱਲ ਕਰਾਂਗਾ ਕਿ ਦੀਵਾਲੀ ਅਤੇ ਬੰਦੀ ਛੋੜ ਦਿਵਸ ਨੂੰ ਮਨਾ ਕੇ, ਹਜ਼ਾਰਾਂ - ਲੱਖਾਂ ਰੁਪਏ ਖਰਾਬ ਕਰਕੇ ਸਾਬੁਤ ਕੀ ਕਰਨਾ ਚਾਹੁੰਦੇ ਹਾਂ ! ਜਾਂ ਫਿਰ ਇਹਨਾਂ ਦੋਹਨਾ ਹੀ ਤਿਉਹਾਰਾ ਤੋ ਸਾਨੂੰ ਸਿਖਣਾ ਕੀ ਚਾਹੀਦਾ ਹੈ, ਸੰਜੀਦਗੀ ਨਾਲ ਸਮਝਣਾ ਪਵੇਗਾ ਕਿ ਇਹ ਤਿਉਹਾਰ ਸਾਨੂੰ ਕਹਿੰਣਾ ਕੀ ਚਾਹੁੰਦੇ - ਸਮਝਾਉਣਾ ਕੀ ਚਾਹੁੰਦੇ ਹਨ:-

"ਦੀਪਾਂ ਵਾਲੀ ਰਾਤ - ਦੀਵਾਲੀ ! ਇਸ ਰਾਤ ਨੂੰ ਅਸੀ ਬਾਹਰ ਦੀਵੇ ਬਾਲ ਕੇ ਆਪਣੇ ਆਪ ਨੂੰ ਝੂਠੀ-ਮੂਠੀ ਖ਼ੁਸ਼ੀ ਦੇਣ ਦਾ ਭੁਲੇਖਾ ਪਾਲ਼ੀ ਬੈਠੇ ਹਾਂ। ਜਦੋ ਕਿ ਇਸ ਦਿਨ ਅਸੀ ਆਪਣੇ ਆਪ ਨਾਲ ਹੀ ਪੂਰੀ ਇਮਾਨਦਾਰੀ ਨਾਲ ਕਈ ਸੱਚੇ -ਸੁੱਚੇ ਵਾਇਦੇ ਕਰਨੇ ਹੁੰਦੇ ਹਨ। ਅਗਰ ਗੁਰਬਾਣੀ ਦੀ ਵਿਚਾਰਧਾਰਾ ਨੂੰ ਸਮਝੀਏ ਤਾਂ ਗੁਰਬਾਣੀ ਫੁਰਮਾਉਦੀ ਹੈ ਕਿ ਦੀਵੇ ਬਾਹਰ ਕੰਧਾ, ਕੋਠਿਆਂ ਦੇ ਬਨੇਰਿਆਂ ਉੱਪਰ ਜਾਂ ਮੜੀਆ - ਮਸ਼ਾਣਾ ਉੱਪਰ ਨਹੀ ਬਲਣੇ, ਸਗੋਂ ਅਪਣੇ ਅੰਦਰ ਗਿਆਨ ਦਾ ਦੀਵਾ ਵਾਲਕੇ ਗਿਆਨਵਾਨ ਬਨਣਾ ਹੈ। ਅਗਰ ਤੁਸੀ ਗਿਆਨਵਾਨ ਜਾ ਅਕਲ-ਲਤੀਫ ਹੋਏ ਤਾਂ ਹੀ ਜ਼ਿੰਦਗੀ ਵਿਚ ਸੋਚ ਸਮਝ ਕੇ ਉਸਾਰੂ, ਅਗਾਂਹਵਧੂ ਅਤੇ ਸਰਬਤ ਦੇ ਭੱਲੇ ਵਾਲੇ ਫੈਸਲੇ ਕਰੋਗੇ। ਇਸ ਲਈ ਜ਼ਰੂਰੀ ਹੈ ਕਿ ਦੀਵਾਲੀ ਅਤੇ ਬੰਦੀ ਛੋੜ ਤਿਉਹਾਰਾ ਤੋ ਪ੍ਰੇਰਨਾ ਲੈ ਕੇ ਅਸੀਂ ਇਸ ਦਿਨ ਆਪਣੇ ਅੰਦਰੋ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਗਿਆਨ ਦਾ ਦੀਵਾ ਵਾਲੀਏ, ਤਾਂ ਜੋ ਅਸੀ ਆਪੇ ਦੀ ਪਛਾਣ ਕਰ ਸਕੀਏ, ਕਾਦਰ - ਕਰੀਮ ਦੇ ਆਸੂਲਾਂ ਨੂੰ ਸਮਝ ਸਕੀਏ ਅਤੇ ਸਮਾਜਿਕ, ਧਾਰਮਿਕ, ਰਾਜਨਿਤਕ ਅਤੇ ਆਰਥਿਕ ਬਰਾਬਰਾ ਦੀ ਵਿਚਾਰਧਾਰਾ ਓਪਰ ਪਹਿਰਾ ਦੇ ਸਕੀਏ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹਨਾ ਤੋ ਸਿਖਣਾ ਕੀ ਚਾਹੀਦਾ ਹੈ:-

1- ਇਕ ਪੁੱਤਰ ਨੂੰ ਮਾਂ-ਬਾਪ ਦਾ ਆਗਿਆਕਾਰੀ ਹੋਣਾ ਚਾਹੀਦਾ ਹੈ - ਜੋ ਅੱਜ ਆਲੋਪ ਹੁੰਦਾ ਜਾ ਰਿਹਾ ਹੈ। ਅੱਜ ਦੀ ਤਾਰੀਕ ਵਿੱਚ ਅਸੀ ਮਾਂ-ਬਾਪ ਕੁਰਬਾਨੀ ਨੂੰ ਭੁੱਲ ਗਏ ਹਾਂ। ਸੇਵਾ ਸੰਭਾਲ ਦੀ ਪ੍ਰੀਭਾਸ਼ਾ ਭੁੱਲ ਕੇ ਮਾਪਿਆਂ ਨੂੰ ਲੈ ਕੇ ਬਿਰਧ ਆਸ਼ਰਮਾਂ ਵਾਲੇ ਪਾਸੇ ਨੂੰ ਤੁਰ ਪਏ ਹਾਂ।

2- ਪਤੀ ਨੂੰ ਪਤਨੀ ਪ੍ਰਤੀ, ਅਤੇ ਪਤਨੀ ਨੂੰ ਪਤੀ ਪ੍ਰਤੀ ਇਮਾਨਦਾਰ ਅਤੇ ਵਫਾਦਾਰ ਹੋਣਾ ਚਾਹੀਦਾ ਹੈ। ਜੋ ਸਾਡੇ ਸਮਾਜ ਵਿੱਚੋਂ ਦਿਨੋ ਦਿਨ ਘਟਦਾ ਜਾ ਰਿਹਾ ਹੈ। ਤਾਹੀ ਤਾਂ ਅੱਜ ਤਲਾਕਾਂ ਦੀ ਗਿਣਤੀ ਵਿੱਚ ਆਏ ਦਿਨ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।

3- ਭਰਾਵਾਂ ਵਿਚ ਆਪਸੀ ਪਿਆਰ ਹੋਣਾ ਅਤੇ ਬਣਿਆ ਰਹਿਣਾ ਚਾਹੀਦਾ ਹੈ, ਪਰ ਅਫਸੋਸ ਅੱਜ ਇਹ ਰਿਸਤਾ ਦੁਸ਼ਮਣੀ ਵਿਚ ਬਦਲ ਕੇ ਖਤਮ ਹੁੰਦਾ ਜਾ ਰਿਹਾ। ਸਿਆਣਿਆ ਦੇ ਕਥਨ ਨੂੰ ਸਮਝਣਾ ਅਤੇ ਹਰ ਪਲ ਯਾਦ ਰੱਖਣਾ ਚਾਹੀਦਾ ਸੀ ਕਿ "ਭਰਾ, ਭਰਾਵਾਂ ਦੀਆਂ ਬਾਹਵਾਂ ਹੁੰਦੀਆਂ ਹਨ। "ਪਰ ਭੁੱਲਾਂ ਬੈਠੇ ਹਾਂ।

4. ਕੋਈ ਵੀ ਵਿਆਕਤੀ, ਪਰਿਵਾਰ ਜਾਂ ਦੇਸ਼ ਉਸ ਸਮੇਂ ਹਾਰਦਾ ਹੈ, ਜਦੋ ਉਸ ਦੇ ਆਪਣੇ ਉਸ ਦਾ ਸਾਥ ਛੱਡ ਕੇ ਬੇਗਾਨਿਆਂ ਨਾਲ ਜਾ ਮਿਲਣ।ਲੰਕਾ ਦੇ ਤਾਕਤਵਰ ਰਾਜੇ ਰਾਵਣ ਨੂੰ ਸ੍ਰੀ ਰਾਮ ਚੰਦਰ ਨੇ ਨਹੀ ਸੀ ਹਰਾਇਆ, ਸਗੋਂ ਰਾਵਣ ਦੇ ਅਪਣੇ ਹੀ ਸਕੇ ਭਰਾ ਨੇ ਹਰਾਇਆ ਸੀ। ਏਸੇ ਕਰਕੇ ਹੀ ਸਿਆਣੇ ਆਖਿਆ ਕਰਦੇ ਸਨ ਕਿ "ਘਰ ਦਾ ਭੇਤੀ ਲੰਕਾ ਢਾਵੇ। "

5. ਆਪ ਸਭ ਨੇ ਕਈ ਬਾਰ ਸੁਣਿਆ ਹੋਵੇਗਾ ਕਿ "ਤੀਜਾ ਰਲਿਆ, ਤਾਂ ਘਰ ਗਲਿਆ "ਇਸ ਲਈ ਪ੍ਰਣ ਕਰੋ ਕਿ ਕਦੇ ਵੀ ਤੀਸਰੇ ਬੰਦੇ ਨੂੰ ਆਪਣੀ ਜਿੰਦਗੀ ਵਿਚ ਦਖੱਲ ਨ ਦੇਣ ਦਿਉ। ਨਹੀ ਤਾਂ ਸ੍ਰੀ ਰਾਮ ਜੀ ਵਾਂਗ ਤੁਹਾਡੀਆ ਖੁਸੀਆਂ ਭਰੀ ਜਿੰਦਗੀ ਵੀ ਖੇਰੂੰ ਖੇਰੂੰ ਹੋ ਕੇ ਜੰਗਲਾਂ ਵਿੱਚ ਬਿਖਰ ਜਾਵੇਗੀ।

6. ਸਾਨੂੰ ਇਹਨਾਂ ਤਿਉਹਾਰਾਂ ਤੋਂ ਅੱਜ ਸਿੱਖਣਾ ਹੋਵੇਗਾ ਕਿ ਕਦੇ ਆਪਣੀ ਜਿੰਦਗੀ ਵਿਚ ਸ਼ੱਕ ਨੂੰ ਪੈਦਾ ਨ ਹੋਣ ਦੇਈਏ, ਨਹੀ ਤਾਂ ਅਗਨੀ ਪ੍ਰਿਖਿਆ ਤੋ ਬਾਦ ਵੀ ਤੁਹਾਡੀ ਆਪਣੀ ਜਿੰਦਗੀ ਵਿਚ ਸ਼ੱਕ ਦੀ ਅੱਗ ਹਮੇਸ਼ਾ ਹੀ ਧੁੱਖਦੀ ਰਹੇਗੀ।

7. ਅੱਜ ਅਸੀਂ ਕਹਿੰਦੇ ਕੁਝ ਹੋਰ ਹਾਂ ਅਤੇ ਕਰਦੇ ਕੁਝ ਹੋਰ ਹਾਂ। ਸਾਡੀ ਕਹਿਣੀ ਅਤੇ ਕਰਨੀ ਇੱਕ ਨਹੀਂ ਰਹੀ। ਇਹ ਤਿਉਹਾਰ ਵੀ ਸਾਨੂੰ ਦੱਸਦੇ ਹਨ ਅਤੇ ਗੁਰਬਾਣੀ ਵਿੱਚ ਗੁਰੂ ਸਾਹਿਬ ਵੀ ਸਮਝਾਉਂਦੇ ਹਨ ਕਿ ਔਰਤ ਦੀ ਇੱਜ਼ਤ ਕਰੋ। ਕਿਉਂਕਿ ਜਿਸ ਸਮਾਜ ਵਿੱਚ ਔਰਤ ਦੀ ਇੱਜ਼ਤ ਨਹੀ ਹੋਵੇ ਉਸ ਸਮਾਜ ਵਿੱਚ ਆਏ ਦਿਨ ਕਿਸੇ ਨਾ ਕਿਸੇ ਸਰੂਪਨਖਾ ਦੀ ਇੱਜ਼ਤ ਲੁੱਟੀ ਹੀ ਜਾਵੇਗੀ। ਅੱਜ ਆਉ ਸਾਰੇ ਪ੍ਰਣ ਕਰੀਏ ਕਿ ਅੱਜ ਤੋਂ ਅਸੀ ਔਰਤ ਦੀ ਇੱਜ਼ਤ ਕਰਨਾ ਸ਼ੁਰੂ ਕਰੀਏ। ਇਸ ਦਾ ਪਹਿਲਾ ਕਦਮ ਹੈ ਆਪਣੀ ਜ਼ਬਾਨ ਤੋਂ ਮਾਵਾ- ਭੈਣਾਂ ਦੀਆਂ ਗਾਲਾਂ ਕੱਢਣੀਆਂ ਬੰਦ ਕਰੀਏ।

8. ਇਹ ਤਿਉਹਾਰ ਸਾਨੂੰ ਸਮਝਾ ਰਹੇ ਹਨ ਕਿ ਅਹੰਕਾਰ ਦਾ ਸਿਰ ਅਕਸਰ ਨੀਵਾਂ ਹੀ ਹੁੰਦਾ ਹੈ। ਇਹ ਭੁਲਨਾ ਨਹੀਂ ਚਾਹੀਦਾ ਕਿ ਮੁਗਲ ਬਾਦਸ਼ਾਹ ਜਾਹਾਗੀਰ ਨੇ ਭਾਵੇਂ ਆਪਣੀ ਤਾਕਤ ਦੇ ਜ਼ੋਰ ਨਾਲ ਛੇਵੀਂ ਪਾਤਸ਼ਾਹੀ ਸ਼੍ਰੀ ਰਹਿਗੋਬਿੰਦ ਸਾਹਿਬ ਜੀ ਨੂੰ ਗੋਵਾਲੀਅਰ ਦੇ ਕਿੱਲੇ ਵਿੱਚ ਕੈਦ ਕੀਤਾ ਹੋਇਆ ਸੀ ਪਰ ਸਤਿਗੁਰਾਂ ਦੀ ਨਿਮਰਤਾ ਅਤੇ ਰੁਹਾਨੀਅਤ ਅੱਗੇ ਆਖਿਰਕਾਰ ਜਿੱਥੇ ਝੁਕਣਾ ਪਿਆ। ਉਥੇ ਹੀ ਸਤਿਗੁਰਾਂ ਨੂੰ ਹੱਥ ਜੋੜ ਕੇ ਕੈਦ ਵਿਚੋ ਰਿਹਾ ਵੀ ਕਰਨਾ ਪਿਆ।

9. "ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰੱਬਤ ਦਾ ਭੱਲਾ "ਦੇ ਸਿਧਾਂਤ ਤੇ ਸਿੱਖੀ ਖੜੀ ਹੈ। ਇਸ ਕਰਕੇ ਗੁਰੂ ਜੀ ਆਪ ਇੱਕਲੇ ਗਵਾਲੀਅਰ ਦੇ ਕਿੱਲੇ 'ਚੋ ਰਿਹਾ ਹੋ ਕੇ ਬਾਹਰ ਨਹੀ ਆਏ, ਸਗੋ ਆਪਣੇ ਨਾਲ ਹੋਰ ਸਾਰੇ 52 ਕੈਦੀ ਹਿੰਦੂ ਰਾਜਿਆ ਨੂੰ ਵੀ ਮੁੱਗਲਾਂ ਦੀ ਕੈਦ 'ਚੋ ਰਿਹਾਅ ਕਰਵਾ ਕੇ ਲਿਆਏ ਸਨ - ਸਾਨੂੰ ਇਹ ਸਿਧਾਂਤ ਦੁਨੀਆ ਦੇ ਕੋਨੇ ਕੋਨੇ ਤੱਕ ਪਹੁੰਚਾਉਣਾ ਪਵੇਗਾ, ਜਿਸ ਦੀ ਅੱਜ ਲੋੜ ਹੈ।ਕਿਉ ਕਿ ਅੱਜ ਹਰ ਪਾਸੇ ਹਰ ਕੋਈ ਆਪੋ-ਧਾਪੀ ਵਿੱਚ ਉਲਝ ਕੇ ਇੱਕਲਤਾ ਦਾ ਸੰਤਾਪ ਭੋਗ ਰਿਹਾ ਹੈ।

ਮੇਰੇ ਦੋਸਤੋ ਵਧਾਈਆਂ ਜਰੂਰ ਦਿਆ ਕਰੋ ਪਰ ਪਹਿਲਾਂ ਹਰ ਇੱਕ ਤਿਉਹਾਰ ਦੀ ਸਚਾਈ ਨੂੰ ਜ਼ਰੂਰ ਸਮਝ ਕੇ ਦੇਖਿਆ ਕਰੋ ਕਿ ਅਸੀ ਕਿੱਥੇ ਖੜੇ ਹਾਂ। ਕੀ ਅੱਜ ਅਸੀਂ ਉਹਨਾਂ ਗਰੀਬ ਪਰਿਵਾਰਾਂ ਨੂੰ ਕੁਝ ਖਾਣ ਨੂੰ ਦਿੱਤਾ ਹੈ, ਜਿਹਨਾਂ ਦੇ ਕੋਲ ਇੱਕ ਡੰਗ ਦੀ ਰੋਟੀ ਵੀ ਨਹੀਂ ਹੈ? ਕੀ ਅੱਜ ਇੱਕ ਦਿਨ ਮਠਿਆਈਆਂ ਉੱਪਰ ਹਜ਼ਾਰਾਂ ਰੁਪਏ ਬਰਬਾਦ ਕਰਕੇ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ ? ਸੋਚਣਾ ਪਵੇਗਾ ਅਤੇ ਅੱਜ ਅਗਰ ਦੁਨਿਆਵੀ ਪਾਖੰਡਵਾਦ ਤੋਂ ਵੇਹਲ ਮਿਲ ਜਾਵੇ ਤਾਂ ਆਪੋ ਆਪਣੇ ਨਾਲ ਬੈਠ ਕੇ ਸੋਚਿਉ ਵੀ ਜ਼ਰੂਰ।



ਧੰਨਵਾਦ

**ਵਲੋਂ:- ਸੀ ਐਸ ਗੁਰੂ ( ਯੂ. ਕੇ.)**
**ਪਬਲਿਕ ਰਿਲੇਸ਼ਨ ਇਗਜੈਕਟਿਵ**
**ਅਕਾਲ ਚੈਨਲ (ਅਕਾਲ ਟੈਲੀਵੀਜ਼ਨ)**

## ਹਾਸੇ ਦੀ ਪਟਾਰੀ

**ਮੁੰਡਾ,** ਮੈਂ ਉਸ ਕੁੜੀ ਨਾਲ ਵਿਆਹ ਕਰਵਾਵਾਂਗਾ, ਜੋ ਮਿਹਨਤੀ ਹੋਵੇ, ਸਾਦਗੀ ਨਾਲ ਰਹਿੰਦੀ ਹੋਵੇ, ਘਰ ਨੂੰ ਸੁਆਰ ਕੇ ਰੱਖਦੀ ਹੋਵੇ ਅਤੇ ਆਗਿਆਕਾਰੀ ਵੀ ਹੋਵੇ।

ਕੁੜੀ, ਫਿਰ ਮੇਰੇ ਘਰ ਆ ਜਾਵੀਂ, ਇਹ ਸਾਰੇ ਗੁਣ ਮੇਰੀ ਨੌਕਰਾਣੀ ਵਿੱਚ ਹਨ।

*---*---*

**ਪਤਨੀ** (ਪਤੀ ਨੂੰ), ਜਦੋਂ ਸਾਡਾ ਵਿਆਹ ਹੋਇਆ ਸੀ ਤਾਂ ਤੁਸੀਂ ਮੈਨੂੰ ਬੜੇ ਪ੍ਰਸ਼ੰਸਾ ਭਰੇ ਨਾਵਾਂ ਨਾਲ ਸੱਦਦੇ ਸੀ, ਜਿਵੇਂ ਮੇਰੀ ਰੱਸ ਮਲਾਈ, ਮੇਰੀ ਬਰਫ਼ੀ, ਮੇਰੀ ਰਬੜੀ, ਪਰ ਹੁਣ ਇਨ੍ਹਾਂ ਨਾਵਾਂ ਨਾਲ ਕਿਉਂ ਨਹੀਂ ਸੱਦਦੇ ?

ਪਤੀ, ਦੁੱਧ ਦੀ ਮਿਠਾਈ ਭਲਾ ਕਿੰਨੇ ਦਿਨ ਤਾਜ਼ੀ ਰਹੇਗੀ ?

*---*---*

**ਮੁੰਡਾ** ਵਿਆਹ ਲਈ ਕੁੜੀ ਦੇਖਣ ਗਿਆ। ਉਸ ਨੇ ਸੋਚਿਆ ਕਿਉਂ ਨਾ ਕੁੜੀ ਨਾਲ ਅੰਗ੍ਰੇਜ਼ੀ ਵਿੱਚ ਗੱਲ ਕਰਾਂ। ਉਸ ਨੇ ਕੁੜੀ ਨੂੰ ਪੁੱਛਿਆ, ਇੰਗਲਿਸ਼ ਚੱਲੇਗੀ ਨਾ ?

ਕੁੜੀ ਨੇ ਸ਼ਰਮਾਉਂਦੇ ਹੋਏ ਕਿਹਾ, ਜੀ, ਨਿੰਬੂ ਵਾਲੇ ਪਿਆਜ਼ ਤੇ ਨਮਕੀਨ ਨਾਲ ਹੋਵੇ ਤਾਂ ਦੇਸੀ ਵੀ ਚੱਲੇਗੀ।

*---*---*

**ਪ੍ਰੇਮੀ** (ਪ੍ਰੇਮਿਕਾ ਨੂੰ), ਡੀਅਰ, ਮੈਂ ਤੇਰੇ ਪਿਤਾ ਜੀ ਨਾਲ ਵਿਆਹ ਦੀ ਗੱਲ ਕਿਸ ਵੇਲੇ ਕਰਾਂ ?

ਪ੍ਰੇਮਿਕਾ, ਜਦੋਂ ਕਦੇ ਮੇਰੇ ਪਿਤਾ ਜੀ ਦੇ ਪੈਰਾਂ ਵਿੱਚ ਜੁੱਤੀ ਨਾ ਹੋਵੇ।

*---*---*

**ਰਵੀ,** ਉਫ! ਇਹ ਪਤਨੀਆਂ ਸਾਨੂੰ ਜਿਊਣ ਨਹੀਂ ਦਿੰਦੀਆਂ।

ਪੱਪੂ, ਉਪਰੋਂ ਵਰਤ 'ਤੇ ਵਰਤ ਰੱਖ ਕੇ ਮਰਨ ਵੀ ਤਾਂ ਨਹੀਂ ਦਿੰਦੀਆਂ।

*---*---*

**ਅਧਿਆਪਕ,** ਦੁਨੀਆਂ ਵਿੱਚ ਸਭ ਤੋਂ ਵੱਡੇ ਨੈੱਟਵਰਕ ਕਿਹੜੇ-ਕਿਹੜੇ ਹਨ ?

ਪ੍ਰਿੰਸ, ਪਹਿਲਾ ਈਮੇਲ ਤੇ ਦੂਜਾ ਫੀਮੇਲ। ਪਲਕ ਝੱਪਕਦਿਆਂ ਹੀ ਇੱਧਰ ਦੀ ਗੱਲ ਉੱਧਰ ਪਹੁੰਚਾ ਦਿੰਦੀਆਂ ਹਨ।

ਅਧਿਆਪਕ ਬੇਹੋਸ਼।

*---*---*

# ਪੰਜਾ ਸਾਹਿਬ ਦਾ ਸ਼ਹੀਦੀ ਸਾਕਾ
## ਜਦੋਂ ਸ਼ਹੀਦਾਂ ਦੇ ਪਵਿੱਤਰ ਖ਼ੂਨ ਨੇ ਰੇਲ ਗੱਡੀ ਰੋਕ ਦਿੱਤੀ

**31 ਅਕਤੂਬਰ ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com


20ਵੀਂ ਸਦੀ ਦੇ ਆਰੰਭ ਵਿੱਚ ਗੁਰ-ਦੁਆਰਾ ਸੁਧਾਰ ਲਹਿਰ ਨੇ ਸਮੁੱਚੀ ਸਿੱਖ ਕੌਮ ਵਿੱਚ ਗੁਰਮਤਿ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਲਈ ਜਿਹੜੀ ਜਾਗ੍ਰਤੀ ਪੈਦਾ ਕੀਤੀ, ਉਸ ਦੀ ਗਵਾਹੀ ਸਿੱਖ ਇਤਿਹਾਸ ਦੇ ਪੰਨੇ ਬਾਖ਼ੂਬੀ ਬਿਆਨ ਕਰਦੇ ਹਨ। ਇਸ ਲਹਿਰ ਦੇ ਦੌਰਾਨ ਜਨਮ ਅਸਥਾਨ ਗੁਰ-ਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਪਾਵਨ ਧਰਤੀ 'ਤੇ ਵਾਪਰਿਆ ਸ਼ਹੀਦੀ ਸਾਕਾ ਲੂਹ ਕੰਡੇ ਖੜ੍ਹੇ ਕਰਨ ਵਾਲੀ ਅਹਿਮ ਘਟਨਾ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸੁਧਾਰ ਲਹਿਰ ਦੀ ਇਕ ਹੋਰ ਅਹਿਮ ਘਟਨਾ ਗੁਰੂ ਕੇ ਬਾਗ਼ ਦਾ ਮੋਰਚਾ ਹੈ। ਇਹ ਮੋਰਚਾ 8 ਅਗਸਤ, 1922 ਈ: ਨੂੰ ਆਰੰਭ ਹੋਇਆ। ਇਸ ਮੋਰਚੇ ਵਿੱਚ ਸ਼ਾਮਿਲ ਹੋਣ ਵਾਲੇ ਮਰਜੀਵੜਿਆਂ ਦੇ ਜਥੇ ਸਮੁੱਚੇ ਪੰਜਾਬ ਵਿੱਚੋਂ ਵਹੀਰਾਂ ਘੱਤ ਕੇ ਆਉਂਦੇ ਸਨ। ਜਦੋਂ ਇਹ ਜਥੇ ਆਪਣੇ ਪਿੰਡਾਂ/ਸ਼ਹਿਰਾਂ ਤੋਂ ਰਵਾਨਾ ਹੁੰਦੇ ਸਨ ਤਾਂ ਆਪਣੇ ਜਾਨਾਂ ਤੋਂ ਪਿਆਰੇ ਗੁਰਧਾਮਾਂ ਲਈ ਆਪਾ ਵਾਰਨ ਲਈ ਪਰਿਵਾਰਾਂ ਤੋਂ ਵਿਛੜਣ ਸਮੇਂ ਅਰਦਾਸ ਕਰਕੇ ਤੁਰਦੇ ਸਨ। ਉਨ੍ਹਾਂ ਦਾ ਅਰਦਾਸ ਕਰਨ ਦਾ ਮਕਸਦ ਇਕੋ ਹੁੰਦਾ ਸੀ, ਗੁਰੂ ਘਰਾਂ ਦੀ ਹੋ ਰਹੀ ਬੇਹੁਰਮੀ ਨੂੰ ਰੋਕਣ ਲਈ ਸ਼ਹੀਦੀ ਪ੍ਰਾਪਤ ਕਰਨਾ ਜਾਂ ਮੋਰਚੇ ਦੀ ਸਮਾਪਤੀ ਤੱਕ ਗੁਰਧਾਮਾਂ ਦੀ ਸੇਵਾ ਲਈ ਕੁਰਬਾਨੀ ਲਈ ਪ੍ਰਣ ਕਰਨਾ। ਗੁਰੂ ਕੇ ਬਾਗ਼ ਦੇ ਮੋਰਚੇ ਵਿੱਚ ਸ਼ਾਮਿਲ ਸਿੰਘਾਂ ਨੂੰ ਗ੍ਰਿਫ-ਤਾਰ ਕਰਕੇ ਪਹਿਲਾਂ ਅੰਮ੍ਰਿਤਸਰ ਸਾਹਿਬ ਦੇ ਕਿਲ੍ਹਾ ਗੋਬਿੰਦਗੜ੍ਹ ਵਿੱਚ ਬੰਦੀ ਬਣਾ ਕੇ ਰੱਖਿਆ ਜਾਂਦਾ ਸੀ।

ਜਦੋਂ ਇਨ੍ਹਾਂ ਕੈਦੀ ਸਿੰਘਾਂ ਦੀ ਗਿਣਤੀ ਇਕ ਰੇਲ ਗੱਡੀ ਵਿੱਚ ਸਵਾਰ ਹੋਣ ਲਈ ਪੂਰੀ ਹੋ ਜਾਂਦੀ ਸੀ, ਤਾਂ ਇਸ ਤੋਂ ਪਿੱਛੋਂ ਇਨ੍ਹਾਂ ਸਾਰੇ ਮਰਜੀਵੜਿਆਂ ਨੂੰ ਦੂਰ ਦੁਰਾਡੇ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਸੀ। 29 ਅਕਤੂਬਰ, 1922 ਨੂੰ ਇਕ ਰੇਲ ਗੱਡੀ ਕੈਦੀ ਸਿੰਘਾਂ ਨਾਲ ਭਰ ਕੇ ਅੰਮ੍ਰਿਤਸਰ ਤੋਂ ਅਟਕ ਜ਼ਿਲ੍ਹੇ (ਹੁਣ ਪਾਕਿਸਤਾਨ) ਵੱਲ ਭੇਜੀ ਗਈ। ਗੁਰਦੁਆਰਾ ਪੰਜਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਨੇ ਅੰਮ੍ਰਿਤਸਰ ਸਾਹਿਬ ਤੋਂ ਅਟਕ ਜਾ ਰਹੀ ਰੇਲ ਗੱਡੀ ਵਿੱਚ ਸਵਾਰ ਕੈਦੀ ਸਿੰਘਾਂ ਨੂੰ ਨੇੜਲੇ ਸਟੇਸ਼ਨ ਹਸਨ ਅਬਦਾਲ ਵਿਖੇ ਰੋਕ ਕੇ ਗੁਰੂ ਕਾ ਲੰਗਰ ਛਕਾਉਣ ਦਾ ਫੈਸਲਾ ਕੀਤਾ। ਅੰਗ੍ਰੇਜ਼ ਹਕੂਮਤ ਮੁਤਾਬਿਕ ਰੇਲਵੇ ਵਿਭਾਗ ਨੂੰ ਇਹ ਹਦਾਇਤ ਕੀਤੀ ਗਈ ਸੀ ਕਿ ਇਸ ਰੇਲ ਗੱਡੀ ਨੂੰ ਇਸ ਸਟੇਸ਼ਨ ਤੋਂ ਬਿਨਾਂ ਰੁਕਣ ਦੇ ਅੱਗੇ ਨਿਕਲ ਜਾਣਾ ਹੈ। ਇਹ ਸਮਾਂ ਸਵੇਰੇ 10 ਵਜੇ ਦਾ ਸੀ। ਸਟੇਸ਼ਨ ਮਾਸਟਰ ਨੇ ਸੰਗਤ ਨੂੰ ਸੂਚਿਤ ਕਰ ਦਿੱਤਾ ਕਿ ਕੈਦੀ ਸਿੰਘਾਂ ਵਾਲੀ ਰੇਲ ਗੱਡੀ ਸਰਕਾਰ ਦੇ ਹੁਕਮ ਮੁਤਾਬਕ ਰੋਕੀ ਨਹੀਂ ਜਾ ਸਕਦੀ। ਲੰਗਰ ਦੀ ਪ੍ਰਥਾ ਨੂੰ ਕਾਇਮ ਰੱਖਣ ਤੇ ਭੁੱਖੇ ਨੂੰ ਪ੍ਰਸ਼ਾਦਾ ਛਕਾਉਣ ਦੇ ਗੁਰਮਤਿ ਸਿਧਾਂਤ 'ਤੇ ਪਹਿਰਾ ਦਿੰਦਿਆਂ, ਉਤਾਵਲੀ ਹੋਈ ਸੰਗਤ ਰੇਲ ਦੀ ਪਟੜੀ ਉੱਪਰ ਬੈਠ ਗਈ। ਇਨ੍ਹਾਂ ਮਰਜੀਵੜੇ ਸ਼ਰਧਾਲੂਆਂ ਵਿੱਚੋਂ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਰੇਲ ਗੱਡੀ ਨੂੰ ਰੋਕਣ ਲਈ ਸ਼ਹੀਦੀ ਜਾਮ ਪੀ ਕੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਲਈ ਕੀਤੀ ਅਰਦਾਸ ਨੂੰ ਪੂਰਾ ਕੀਤਾ।

ਇਨ੍ਹਾਂ ਸ਼ਹੀਦਾਂ ਵਿੱਚੋਂ ਭਾਈ ਪ੍ਰਤਾਪ ਸਿੰਘ ਦਾ ਜਨਮ 26 ਮਾਰਚ, 1899 ਨੂੰ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਅਕਾਲਗੜ੍ਹ (ਲਹਿੰਦਾ ਪੰਜਾਬ) ਦੇ ਸ. ਸਰੂਪ ਸਿੰਘ ਦੇ ਘਰ ਬੀਬੀ ਪ੍ਰੇਮ ਕੌਰ ਦੀ ਕੁੱਖ ਤੋਂ ਹੋਇਆ। ਆਪਣੇ ਕਸਬੇ ਵਿੱਚ ਸਿੱਖਿਆ ਪ੍ਰਾਪਤ ਕਰਨ ਤੋਂ ਪਿੱਛੋਂ ਭਾਈ ਪ੍ਰਤਾਪ ਸਿੰਘ ਸਰਗੋਧਾ ਜ਼ਿਲ੍ਹੇ ਦੀ ਮੰਡੀ ਭਲਵਾਲ ਵਿੱਚ ਅਧਿਆਪਕ ਨਿਯੁਕਤ ਹੋ ਗਏ। ਪਿੱਛੋਂ ਕਰਾਚੀ (ਪਾਕਿ-ਸਤਾਨ) ਦੇ ਕਿਸੇ ਆੜ੍ਹਤੀ ਦੇ ਕੋਲ ਵੀ ਨੌਕਰੀ ਕੀਤੀ। 1918 ਵਿੱਚ ਇਨ੍ਹਾਂ ਦਾ ਅਨੰਦਕਾਰਜ ਬੀਬੀ ਹਰਨਾਮ ਕੌਰ ਨਾਲ ਹੋਇਆ। ਜਦੋਂ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਾਪਰਿਆ ਤਾਂ ਇਸ ਸਾਕੇ ਦਾ ਅਸਰ ਇਨ੍ਹਾਂ ਦੇ ਕੋਮਲ ਮਨ 'ਤੇ ਅਜਿਹਾ ਹੋਇਆ ਕਿ ਨੌਕਰੀ ਨੂੰ ਲੱਤ ਮਾਰ ਕੇ ਪੂਰਾ ਜੀਵਨ ਗੁਰਦੁਆਰਾ ਸੁਧਾਰ ਲਹਿਰ ਲਈ ਗੁਰੂ ਪੰਥ ਦੇ ਲੇਖੇ ਲਾਉਣ ਲਈ ਕੌਮੀ ਹਿੱਤਾਂ ਲਈ ਸਮਰਪਿਤ ਕਰ ਦਿੱਤਾ। ਸੰਗਤ ਦੇ ਹੁਕਮ ਮੁਤਾਬਿਕ ਹਿਸਾਬ ਕਿਤਾਬ ਵਿੱਚ ਤੇਜ਼ ਤਰਾਰ ਬੁੱਧੀ ਕਾਰਨ ਗੁਰਦੁਆਰਾ ਪੰਜਾ ਸਾਹਿਬ ਵਿਖੇ ਖਜ਼ਾਨਚੀ ਦੀ ਸੇਵਾ ਸ਼ੁਰੂ ਕਰ ਦਿੱਤੀ।

ਇਸ ਸਾਕੇ ਦੇ ਦੂਸਰੇ ਸ਼ਹੀਦ ਭਾਈ ਕਰਮ ਸਿੰਘ ਸਨ। ਇਨ੍ਹਾਂ ਦਾ ਜਨਮ 14 ਨਵੰਬਰ, 1885 ਈ: ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਗ੍ਰੰਥੀ/ਪ੍ਰਬੰਧਕ ਭਾਈ ਭਗਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਖੰਡੇ ਬਾਟੇ ਦੀ ਪਾਹੁਲ ਲੈਣ ਤੋਂ ਪਹਿਲਾਂ ਇਨ੍ਹਾਂ ਦਾ ਪਰਿਵਾਰਕ ਨਾਂਅ ਸ. ਸੰਤ ਸਿੰਘ ਸੀ, ਪਰ ਘਰ ਦੇ ਧਾਰਮਿਕ ਪ੍ਰਭਾਵ ਕਾਰਨ ਪਿਤਾ ਜੀ ਤੋਂ ਗੁਰਬਾਣੀ ਦੀ ਸੰਥਿਆ ਅਤੇ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਕੇ ਥੋੜ੍ਹੇ ਸਮੇਂ ਵਿੱਚ ਨਾਮਵਰ ਕੀਰਤਨੀਏ ਬਣ ਗਏ। ਇਥੇ ਹੀ ਕੀਰਤਨ ਦੀ ਸੇਵਾ ਨਿਭਾਉਣ ਲੱਗ ਪਏ। 1922 ਵਿੱਚ ਆਪਣੀ ਧਰਮ ਪਤਨੀ ਸਮੇਤ ਗੁਰਦੁਆਰਾ ਪੰਜਾ ਸਾਹਿਬ ਦੇ ਦਰਸ਼ਨਾਂ ਨੂੰ ਪੁੱਜੇ। ਸੰਗਤ ਦੀ ਬੇਨਤੀ 'ਤੇ ਗੁਰਦੁਆਰਾ ਪੰਜਾ ਸਾਹਿਬ ਵਿੱਚ ਕੀਰਤਨ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਇਥੋਂ ਹੀ ਅੰਮ੍ਰਿਤਪਾਨ ਕਰਨ ਤੋਂ ਪਿੱਛੋਂ ਸੰਤ ਸਿੰਘ ਤੋਂ ਕਰਮ ਸਿੰਘ ਦੇ ਨਾਂਅ ਦੀ ਪ੍ਰਾਪਤੀ ਪੰਜਾਂ ਸਿੰਘਾਂ ਤੋਂ ਪ੍ਰਾਪਤ ਹੋਈ।

ਜਦੋਂ ਇਸ ਸਾਕੇ ਦੀ ਖ਼ੂਨੀ ਘਟਨਾ ਵਾਪਰੀ, ਉਦੋਂ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਰੇਲਵੇ ਲਾਈਨ ਉੱਪਰ ਸੰਗਤ ਸਮੇਤ ਲਾਈਨ ਉੱਪਰ ਚੌਂਕੜੇ ਮਾਰ ਕੇ ਬੈਠੇ ਸਨ, ਬਾਕੀ ਸੰਗਤ ਇਨ੍ਹਾਂ ਦੇ ਪਿੱਛੇ ਰੇਲਵੇ ਲਾਈਨ ਉੱਪਰ ਬੈਠੀ, ਵਾਹਿਗੁਰੂ ਦਾ ਸਿਮਰਨ ਕਰ ਰਹੀ ਸੀ, ਗੱਡੀ ਵਿਸਲਾਂ ਮਾਰਦੀ ਆ ਰਹੀ ਸੀ ਪਰ ਇਹ ਮਰਜੀਵੜੇ ਆਪਣੇ ਅਕੀਦੇ ਅਤੇ ਕੀਤੀ ਅਰਦਾਸ ਤੋਂ



ਜ਼ਰਾ ਜਿੰਨਾ ਵੀ ਨਹੀਂ ਥਿੜਕੇ। ਰੇਲ ਗੱਡੀ ਰੁੱਕ ਤਾਂ ਗਈ ਪਰ ਗਿਆਰਾਂ ਸਿੰਘਾਂ ਨੂੰ ਦਰੜ ਕੇ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਸਨ, ਪਰ ਸੁਆਸ ਚੱਲ ਰਹੇ ਸਨ। ਸਾਰੇ ਜ਼ਖਮੀਆਂ ਨੂੰ ਗੁਰਦੁਆਰਾ ਪੰਜਾ ਸਾਹਿਬ ਇਲਾਜ ਲਈ ਪਹੁੰਚਾਇਆ ਗਿਆ। ਲੰਗਰ ਲੈ ਕੇ ਪੁੱਜੀ ਸੰਗਤ ਨੇ ਕੈਦੀ ਸਿੰਘਾਂ ਦੀ ਗੁਰੂ ਕੇ ਲੰਗਰ ਨਾਲ ਭਰਪੂਰ ਸੇਵਾ ਕੀਤੀ। ਇਸ ਘਟਨਾ ਦੀ ਖ਼ਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਇਹ ਸਾਕਾ 29 ਅਕਤੂਬਰ, 1922 ਨੂੰ ਵਾਪਰਿਆ। ਸਮੁੱਚੇ ਸੰਸਾਰ ਦੀਆਂ ਦੂਸਰੀਆਂ ਕੌਮਾਂ ਵਿੱਚ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸਿੱਖ ਕੌਮ ਦੀ ਆਪਾ ਵਾਰ ਕੇ ਭੁੱਖੇ ਸਿੱਖ ਕੈਦੀਆਂ ਨੂੰ ਲੰਗਰ ਛਕਾਉਣ ਦੀ ਚਰਚਾ ਤਾਂ ਹੋਣੀ ਸੀ, ਉਥੇ ਭਾਰਤੀ ਅੰਗ੍ਰੇਜ਼ ਹਕੂਮਤ ਨੂੰ ਲਾਹਨਤ ਦਾ ਟਿੱਕਾ ਵੀ ਪੱਕੇ ਤੌਰ 'ਤੇ ਮੱਥੇ ਦਾ ਕਲੰਕ ਬਣ ਗਿਆ। ਗੰਭੀਰ ਰੂਪ ਵਿੱਚ ਜ਼ਖਮੀ ਸਾਥੀ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ 31 ਅਕਤੂਬਰ, 1922 ਨੂੰ ਸ਼ਹਾਦਤ ਪ੍ਰਾਪਤ ਕਰ ਗਏ। ਪਹਿਲੀ ਨਵੰਬਰ ਨੂੰ ਦੋਵਾਂ ਸ਼ਹੀਦਾਂ ਦਾ ਸੰਸਕਾਰ ਰਾਵਲਪਿੰਡੀ ਵਿਖੇ ਲਈ ਨਦੀ ਦੇ ਕਿਨਾਰੇ ਕੀਤਾ ਗਿਆ। 1947 ਦੀ ਪੰਜਾਬ ਦੀ ਵੰਡ ਤੋਂ ਪਹਿਲਾਂ ਇਸ ਸ਼ਹੀਦੀ ਸਾਕੇ ਦਾ ਤਿੰਨ ਦਿਨਾਂ ਜੋੜ ਮੇਲਾ ਸ੍ਰੀ ਪੰਜਾ ਸਾਹਿਬ ਵਿਖੇ ਮਨਾਇਆ ਜਾਂਦਾ ਸੀ, ਪਰ ਹੁਣ ਇਨ੍ਹਾਂ ਸ਼ਹੀਦਾਂ ਦੀ ਅਮਰ ਯਾਦ ਹੀ ਬਾਕੀ ਹੈ। ਗੁਰੂ ਕੇ ਲੰਗਰ ਦੀ ਪ੍ਰਥਾ ਦੀ ਕਾਇਮੀ ਲਈ ਤੇ ਗੁਰਮਤਿ ਸਿਧਾਂਤਾਂ ਦੀ ਦ੍ਰਿੜਤਾ ਲਈ ਆਪਾ ਵਾਰਨ ਵਾਲੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

**ਗੁਰੂ ਨਾਨਕ ਗੁਰਦੁਆਰਾ ਸਾਹਿਬ ਇਰਵਿਨ (ਸਕੌਟਲੈਂਡ) ਵਿਖੇ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

**ਮੁੱਖ ਕੰਮ :-** ਸਵੇਰੇ ਸ਼ਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਕੀਰਤਨ ਕਰਨਾ, ਤਬਲਾ ਵਜਾਉਣਾ ਜਾਣਦੇ ਹੋਣ, ਇਥੋਂ ਦੇ ਜੰਮਪਲ ਬੱਚਿਆਂ ਤੇ ਨੌਜਵਾਨਾਂ ਨਾਲ ਵਧੀਆ ਢੰਗ ਨਾਲ ਗੱਲਬਾਤ ਕਰਨ ਦੀ ਮੁਹਾਰਤ ਹੋਵੇ, ਉਹਨਾਂ ਨੂੰ ਸਿੱਖ ਧਰਮ ਬਾਰੇ ਅੰਗਰੇਜ਼ੀ ਤੇ ਪੰਜਾਬੀ ਵਿਚ ਜਾਣਕਾਰੀ ਦੇ ਸਕਦੇ ਹੋਣ। ਗ੍ਰੰਥੀ ਸਿੰਘ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।
**ਸਥਾਨ :-** ਇਰਵਿਨ ਵਿਖੇ।
**ਸਮਾਂ ਤੇ ਕੰਮ:-** 12 ਮਹੀਨੇ ਲਈ ਕੰਮ, ਕੰਮ ਦੇ ਅਨੁਸਾਰ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਚੰਗੀ ਤਨਖਾਹ, ਰਿਹਾਇਸ਼ ਤੇ ਖਾਣਪੀਣ ਦਾ ਪ੍ਰਬੰਧ ਗੁਰੂ ਘਰ ਵੱਲੋਂ ਹੈ ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦੇ ਹੋਣ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗੁਰਬਾਣੀ ਪੜ੍ਹਨ ਤੇ ਸਿਖਾਉਣ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਬਾਰੇ ਵੀ ਸੋਚਿਆ ਜਾ ਸਕਦਾ ਹੈ। ਯੂ ਕੇ ਵਿੱਚ ਕਾਨੂੰਨੀ ਤੌਰ ਤੇ ਕੰਮ ਕਰਨ ਦੀ ਆਗਿਆ ਹੋਣੀ ਜ਼ਰੂਰੀ ਹੈ।
ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਅਰਜ਼ੀਆਂ 22 ਨਵੰਬਰ 2024 ਤੱਕ ਭੇਜਣ ਜਾਂ ਹੋਰ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੇ ਹਨ:

**1 VACANCY OF MINISTER OF RELIGION (TIER-2 GRANTHI) AT GURU NANAK GURDWARA IRVINE, AYRSHIRE**

**Main Duties:** Sri Guru Granth Sahib's Parkash at morning, Nitnem, Sukhmani Sahib Paath, Performing Kirtan (Hymn Singing), in Morning and Evening, also can teach Gurbani, Kirtan in Punjabi langauage to children and youth.
**Location:** Irvine.
**Duration & Remuneration:** 12 Month. Attractive Salary and short hours and Salary will be according to UK employment Law. Job related accomodation and lodging shall be provided.
**Requirements:** Should be able to perform Kirtan and carry out other religious activities as listed in main duties. Must read and speak Punjabi. Must have sufficient experience and knowledge for reading Sri Guru Granth Sahib. Applicant should be baptised in Sikh religion, Clean character certificate required from previous employer.
**Must have Right to work in U.K.**

*For more information please contact:* Ravinder Singh on 07462 303 430
Please send applications before 22nd November 2024 to Address below

**GURU NANAK GURDWARA SAHIB IRVINE,**
*40-42 BANK STREET, IRVINE, AYRSHIRE, SCOTLAND KA12 0LP*

# INCORPORATING CHARITY EDUCATION IN INDIAN SUBCONTINENT SCHOOLS: A NEED FOR HUMANITY


– ਲੇਖਕ –
ਇਕਬਾਲ ਸਿੰਘ ਲਾਲਪੁਰਾ

ਫੋਨ: 91 97800 03333




"As Guru Nanak said, 'Wich Duniya sev kamaiya tan dargah besan paiae' - Serve humanity, and God would recognize your service.

Guru Nanak emphasized three key principles:

1. Monotheism: One God.
2. Practical spirituality: Live life according to scriptures.
3. Selfless service: Serve humanity in every way.

Community kitchens exemplify equality and service. Sikh Gurus established hospitals, wells, and ponds, demonstrating humanity's protection.

Benefits of charity education:

1. Empathy and compassion
2. Social responsibility
3. Character development
4. Interpersonal skills
5. Global citizenship

Challenges:

1. Misuse of funds
2. Limited resources
3. Curriculum prioritization
4. Cultural and social barriers

Sikhism's core values align with charity education:

1. Seva: Selfless service
2. Simran: Reflection and empathy
3. Sangat: Community building

International best practices:

1.Mandatory volunteer hours
2.Service-learning programs
3.Charity clubs
4.Recognition and rewards

Implementation strategies:

1. Integrate charity modules
2. Service-learning programs
3. Student-led initiatives
4. Recognition and rewards
5. Teacher training
6. Community engagement
7. Monitoring and evaluation

Incorporating charity education transforms young minds, fostering empathy, social responsibility, and humanity.

To achieve this:

1.Government-private sector partnership
2. Curriculum revamp
3. Teacher training
4. Community outreach
5. Monitoring and evaluation

Let us instill charity's value in young hearts, shaping a brighter future.

Chairman, National Commission for Minorities, Government of India

# SIKHI CAMP AT GURU NANAK GURDWARA VERY SUCCESSFUL

Sikhi Camp held at the city centre place of worship Guru Nanak Gurdwara, 9 Holy Bones, Leicester LE1 4LJ, which was visited by the late Her Majesty The Queen as part of the monarch's Golden Jubilee celebrations in 2001, on Friday and Saturday 25 and 26 October from 9.00 am to 4.00 pm was very successful, well attended and whole heartedly enjoyed and was full of education.

The parents or relatives of those participating had to complete registration before anyone could take part. The Sikhi Camp took place in the Sikh Museum and Punjabi School of the Gurdwara. Each day more than 100 girls and boys aged over 5 years took part in fun activities, sports, arts and crafts. Guru Ka Langar {vegetarian food} was provided on both days. Number of Sewadars [Volunteers} were happy to give their valuable time for the Sikhi Camp. Goody bags were handed out to everyone taking part.

Jorawer aged 6 years from Kibworth attended his very first Sikhi Camp and said" It was fun and I am going to come to next one with my cousin brother Robinder" . Sukhraj and Jugraj, regular attendees of all Sikhi Camps in Leicester commented "We learnt about Baba Deep Singh Ji and Bhai Mani Singh Ji. We really liked the Camp and had so much fun. Baba Deep Singh Ji wrote a Saroop in Arabic and sent it to Pakistan. Bhai Mani Singh Ji wrote all 5 Saroops and sent them to all 5 takhats".

One of the organisers Balinder Singh Ji commented "We are extremely delighted that so many of the girls and boys took part in this Sikhi Camp and would like to especially thank the President of the Gurdwara Ajmer Singh Basra and all the Management Committee, parents and relatives and each one of the volunteers".

Anyone wishing to help at next Sikhi Camp by volunteering or financially, please contact 07394 848407.

Report by tarlochan singh virk


# ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੌਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:

ਜਾਣਕਾਰੀ ਲਈ ਸੰਪਰਕ: 01332 372 851 M: 07966 388 388


# SAUDI SURGEON REMOVES DRUG-RESISTANT EPILEPTIC FOCUS WITHOUT SURGERY

## MINIMALLY INVASIVE PROCEDURE OFFERS HOPE FOR STRUGGLING PATIENTS



Riyadh-King Faisal Specialist Hospital & Research Centre (KFSHRC) has achieved a ground-breaking medical milestone in the Middle East. The hospital's Neurosciences Center successfully removed a drug-resistant epileptic focus responsible for severe seizures using a minimally invasive thermal radiofrequency ablation technique with electroencephalography (EEG) – eliminating the need for traditional open-brain surgery.

Led by Dr. Ibrahim Althubaiti, a consultant neurosurgeon at KFSHRC, this innovative procedure targets the area of the brain causing seizures, significantly improving patients' quality of life. Recurrent seizures can severely impact daily activities like work, school, and social interaction. Additionally, they increase the risk of physical injuries due to sudden loss of motor control.

The KFSHRC procedure alleviates these burdens. Frequent emergency department visits associated with seizures are not only stressful for patients and families but also increase healthcare costs. This novel approach offers renewed hope for overcoming seizures, regardless of age.

The thermal radiofrequency technique uses a fine needle inserted into the brain to destroy seizure-causing cells. This eliminates the need for open-brain surgery, reducing risks and accelerating the recovery process.

The KFSHRC Neurosciences Center is renowned for its surgical volume and complexity. It holds the record for the world's youngest child to undergo successful separation of the epileptogenic lobe—a 14-day-old infant. The center was also the first to employ thin electrodes for precise identification of epileptic foci. The Center's expertise benefits patients of all ages, locally and internationally.

For the second consecutive year, KFSHRC has been ranked first in the Middle East and Africa and 20th globally in Brand Finance's list of the world's top 250 Academic Medical Centres. It is also recognized as the most valuable healthcare brand in the Kingdom and the Middle East. Additionally, Newsweek magazine included KFSHRC among the world's best hospitals in 2024 and designated it as the World's Best Smart Hospital in 2025. For more information, visit www.kfshrc.edu.sa or contact the media team at mediacoverage@kfshrc.edu.sa

**29 ਅਕਤੂਬਰ ਬਰਸੀ ਤੇ**

# ਪ੍ਰੋ.ਸਾਹਿਬ ਸਿੰਘ ਡੀ. ਲਿਟ



20 ਵੀਂ ਸਦੀ ਦੇ ਗੁਰਬਾਣੀ ਦੀ ਗੁਰਮਤਿ ਤੇ ਵਿਆਕਰਣ ਅਨੁਸਾਰ ਵਿਆਖਿਆ ਦੇ ਧੁਰੰਤਰ ਵਿਦਵਾਨ, ਵਾਰਤਕ ਦੇ ਨਿਪੁੰਨ ਲੇਖਕ, ਗੁਰਮਤਿ ਅਨੁਸਾਰੀ ਸਿੱਖ ਇਤਿਹਾਸ ਲਿਖਣ ਵਾਲੇ ਸੁਘੜ ਦਾਰਸ਼ਨਿਕ, ਗੁਰਮਤਿ ਅਨੁਸਾਰੀ ਜੀਵਨ ਜੀਣ ਵਾਲੇ, ਮਹਾਨ ਗੁਰਸਿੱਖ ਪ੍ਰੋ.ਸਾਹਿਬ ਸਿੰਘ ਜੀ ਹੁਣਾ ਦਾ ਜਨਮ 16 ਫਰਵਰੀ 1882 ਈਸਵੀ ਨੂੰ ਪਿੰਡ ਫੱਤੇਵਾਲੀ, ਜਿਲ੍ਹਾ ਸਿਆਲਕੋਟ ਵਿੱਚ ਭਾਈ ਹੀਰਾ ਨੰਦ ਦੇ ਘਰ, ਮਾਤਾ ਨਿਹਾਲ ਦੇਈ ਦੀ ਕੁਖੋਂ ਹੋਇਆ । ਹਿੰਦੂ ਪਰਿਵਾਰ ਵਿੱਚ ਜਨਮ ਲੈਣ ਕਰਕੇ ਆਪ ਦਾ ਪਹਿਲਾਂ ਨਾਮ ਨੱਥੂ ਰਾਮ ਸੀ। ਮੁੱਢਲੀ ਵਿੱਦਿਆ ਲਈ ਪਹਿਲਾਂ ਪੰਜਾਬੀ ਦੇ ਸ਼ਾਹ ਕਾਰ ਕਵੀ ਮੀਆਂ ਹਾਸ਼ਮ ਸ਼ਾਹ ਦੇ ਪੁਤਰ ਮੀਆਂ ਹਯਾਤ ਕੋਲ ਥਰਪਾਲ ਪੜ੍ਹਨ ਬੈਠਾਇਆ, ਫਿਰ ਕੁਝ ਸਮੇਂ ਬਾਅਦ ਰਈਏ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਲੱਗੇ ਤੇ ਇਥੋਂ 1902 ਵਿੱਚ ਪੰਜਵੀਂ ਜਮਾਤ ਪਾਸ ਕੀਤੀ।ਕਾਜੀ ਜਲਾਲਦੀਨ ਦੀ ਹੱਲਾ ਸ਼ੇਰੀ ਸਦਕਾ, ਭਾਈ ਹੀਰਾ ਨੰਦ ਨੇ ਘਰ ਦੀ ਗਰੀਬੀ ਦੀ ਪਰਵਾਹ ਨ ਕਰਦਿਆਂ ਮਿਡਲ ਦੀ ਪੜ੍ਹਾਈ ਲਈ ਗੋਤਾ ਫਤਹਗੜ੍ਹ ਦੇ ਵਰਨੈਕੁਲਰ ਮਿਡਲ ਸਕੂਲ ਵਿੱਚ ਭਰਤੀ ਕਰਵਾਇਆ।

ਪਿੰਡ ਢੇਹ ਦੇ ਬਹੁਤੇ ਸਿੰਘ ਫੌਜੀ ਸਨ, ਇਹਨਾਂ ਨੂੰ ਵੇਖ ਕੇ ਕਾਕੇ ਨੱਥੂ ਰਾਮ ਦੇ ਮਨ ਵਿੱਚ ਇਹ ਵੀਚਾਰ ਪੱਕਣ ਲੱਗਾ ਕਿ ਹਿੰਦੂ ਮੁਸਲਮਾਨ ਨਾਲੋਂ ਸਿੰਘ ਵਧੀਕ ਸੋਹਣੇ ਤੇ ਜਵਾਨ ਦਿਖਦੇ ਹਨ । ਉਹਨਾਂ ਵੱਲ ਵੇਖ ਕੇ ਮਨ ਵਿੱਚ ਕੇਸ ਰੱਖਣ ਦਾ ਫੁਰਨਾ ਬਣਿਆ। 1905 ਵਿੱਚ ਮਿਡਲ ਦਾ ਇਮਤਿਹਾਨ ਵੀ ਹੋ ਗਿਆ।ਇਹਨਾਂ ਦਿਨਾਂ ਵਿੱਚ ਹੀ 13 ਸਾਲ ਦੇ ਨੱਥੂ ਰਾਮ ਦਾ ਵਿਆਹ, ਕਿਸ਼ਨ ਚੰਦ ਦੀ 11 ਸਾਲ ਦੀ ਧੀ ਦੁਰਗਾ ਦੇਵੀ ਨਾਲ ਹੋਇਆ।ਮਿਡਲ ਦਾ ਨਤੀਜਾ ਆਇਆ ਤਾਂ ਨੱਥੂ ਰਾਮ ਰਾਵਲਪਿੰਡੀ ਡਿਵੀਜ਼ਨ ਵਿਚ ਪਹਿਲੇ ਦਰਜੇ ਤੇ ਆਇਆ, ਫਲਸਰੂਪ ਛੇ ਰੁਪਏ ਵਜੀਫਾ ਵੀ ਲੱਗ ਗਿਆ।

ਗਰਮੀਆਂ ਦੀਆਂ ਛੁਟੀਆਂ ਵਿੱਚ ਇਕ ਦਿਨ ਘਰ ਨੱਥੂ ਰਾਮ ਦੀ ਦਾਦੀ ਦੀ ਭੈਣ ਦਾ ਦੋਹਤਰਾ ਮਹਾਰਾਜ ਜੋ ਹੁਣ ਪਾਹੁਲ ਲੈ ਧਰਮ ਸਿੰਘ ਬਣ ਚੁਕਾ ਸੀ ਮਿਲਣ ਆਇਆ।ਉਸ ਵੱਲ ਵੇਖ ਕੇ ਨੱਥੂ ਰਾਮ ਦਾ ਸਿੱਖ ਬਣਨ ਦਾ ਵੀਚਾਰ ਹੋਰ ਦ੍ਰਿੜ ਹੋ ਗਿਆ।ਧਰਮ ਸਿੰਘ ਦੀ ਬਦੌਲਤ ਹੀ ਕਲਾਸਵਾਲਾ ਦੀ ਸਿੰਘ ਸਭਾ ਦੁਆਰਾ ਕਰਵਾਏ ਗਏ ਖੰਡੇ ਬਾਟੇ ਦੀ ਪਾਹੁਲ ਦੇ ਸਮਾਗਮ ਵਿੱਚ ਹੀ ਸਿੱਖ ਬਣਨ ਲਈ ਨੱਥੂ ਰਾਮ ਤੇ ਤੁਲਸੀ ਰਾਮ ਪੁਜ ਗਏ।ਇਥੇ ਪਾਹੁਲ ਲੈ ਕਿ ਦੋਨੋਂ ਸਾਹਿਬ ਸਿੰਘ ਤੇ ਜਗਜੋਧ ਸਿੰਘ ਬਣ ਗਏ।ਧਰਮ ਸਿੰਘ ਦੀ ਸੰਗਤ ਨੇ ਜਿੱਥੇ ਗੁਰਬਾਣੀ ਪ੍ਰਤੀ ਪ੍ਰੇਮ ਪੈਦਾ ਕੀਤਾ, ਉਥੇ ਵਿਦੇਸ਼ੀ ਰਾਜ ਦੀ ਗੁਲਾਮੀ ਪ੍ਰਤੀ ਆਗਾਹ ਵੀ ਕੀਤਾ । ਇਹਨਾਂ ਦਿਨਾਂ ਵਿੱਚ ਹੀ ਸੰਸਕ੍ਰਿਤ ਮਜਮੂਨ ਨਾਲ ਸਾਂਝ ਪਈ ਤੇ ਉਧਰ ਸਿਰ ਤੋਂ ਪਿਓ ਦਾ ਸਾਇਆ ਵੀ ਉੱਠ ਗਿਆ।ਦਸਵੀਂ ਜਮਾਤ ਦੇ ਦਾਖਲੇ ਜਾਣ ਦੀ ਰਕਮ ਦਾ ਇੰਤਜਾਮ ਵਿਧਵਾ ਭੂਆ ਨੇ ਆਪਣੀਆਂ ਟੂਮਾਂ ਗਹਿਣੇ ਰੱਖ ਕੇ ਕੀਤਾ।ਇਹਨਾਂ ਦਿਨਾਂ ਵਿੱਚ ਭਾਈ ਗਿਆਨ ਸਿੰਘ ਨਾਮਧਾਰੀ ਦੀ ਸੰਗਤ ਵੀ ਕੀਤੀ ।

ਘਰ ਤੋਰਨ ਲਈ ਮੁੱਢਲੇ ਰੂਪ ਵਿਚ ਡਾਕਖਾਨੇ ਮੁਲਾਜਮਤ ਵੀ ਕੀਤੀ।ਜਦ ਸਿਆਲਕੋਟ ਡਾਕਖਾਨੇ ਦਾ ਕੰਮ ਸਿਖਣ ਜਾਣਾ ਸੀ ਤਾਂ ਰੋਟੀ ਖਾਣ ਵਾਸਤੇ ਵੀ ਪੈਸੇ ਚਾਹੀਦੇ ਸਨ, ਪਰ ਗਰੀਬ ਦੀ ਬਾਂਹ ਕੌਣ ਫੜਦਾ, ਵਿਚਾਰੀ ਮਾਂ ਕਈ ਘਰਾਂ ਵਿਚ ਉਧਾਰ ਪੈਸੇ ਮੰਗਣ ਗਈ, ਪਰ ਸਭ ਨੇ ਜੁਆਬ ਦਿਤਾ। ਆਖਰ ਜੋ ਇਹਨਾਂ ਦੇ ਘਰ ਦਾ ਕੂੜਾ ਸੁਟਦੀ ਸੀ ਉਸ ਅੱਗੇ ਮਾਂ ਨੇ ਤਰਲਾ ਮਾਰਿਆ ਤੇ ਉਸ ਵਿਚਾਰੀ ਦੇ ਮਨ ਮਿਹਰ ਪਈ ਤੇ ਉਸਨੇ ਦੋ ਰੁਪਏ ਲਿਆ ਦਿੱਤੇ। ਪਰ ਇਸ ਨੌਕਰੀ ਨਾਲ ਵੀ ਪੂਰੀ ਨਹੀਂ ਪੈ ਰਹੀ ਸੀ, ਸੂਦ ਹੀ ਉਤਰਦਾ ਸੀ ਕਰਜਾ ਤੇ ਉਥੇ ਹੀ ਖਲੋਤਾ ਸੀ।

ਸਾਹਿਬ ਸਿੰਘ ਹੁਣਾ ਨੇ ਬੀ. ਏ ਕਰਨ ਦਾ ਇਰਾਦਾ ਪੱਕਾ ਕਰ, ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਲਾਹੌਰ ਵੱਲ ਮੂੰਹ ਕੀਤਾ।ਇਸ ਵਕਤ ਇਹਨਾਂ ਕੋਲ ਦੋ ਰੁਪਏ, ਇਕ ਕਮੀਜ਼ ਪਜ਼ਾਮਾ ਤੇ ਇਕ ਅਧ ਹੰਢੀ ਜੁਤੀ ਸੀ । ਪੰਡਿਤ ਵਿਤਸਤਾ ਪ੍ਰਸਾਦਿ ਨੇ ਤਿੰਨ ਕਮੀਜ਼ ਪਜਾਮੇ ਬਣਾ ਕੇ ਦਿੱਤੇ ਤੇ ਨਾਲੇ ਆਪਣੇ ਅਸਰ ਰਸੂਖ ਨਾਲ ਅੱਧੀ ਫੀਸ ਮੁਆਫ ਕਰਵਾ ਦਿੱਤੀ। ਇੰਨੀ ਗੁਰਬਤ ਤੇ ਘਰ ਦੀਆਂ ਜਿੰਮੇਵਾਰੀਆਂ ਵਿਚ ਸਾਹਿਬ ਸਿੰਘ ਹੁਣਾ ਆਪਣੀ ਪੜ੍ਹਾਈ ਮੁਕਾਮਲ ਕੀਤੀ ਤੇ 8 ਸਤੰਬਰ 1915 ਨੂੰ ਫਰੂਕੇ ਦੇ ਖਾਲਸਾ ਹਾਈ ਸਕੂਲ ਵਿਚ ਪੜਾਉਣ ਲੱਗੇ। 1917 ਵਿੱਚ ਆਪਣਾ ਸਾਰਾ ਕਰਜ ਵੀ ਲਾਹਿਆ ਤੇ ਭੂਆ ਦੀਆਂ ਗਹਿਣੇ ਪਈਆਂ ਟੂਮਾਂ ਵੀ ਛੁਡਾ ਲਈਆਂ। 1917 ਵਿੱਚ ਗੁਜਰਾਂਵਾਲੇ ਦੇ ਖਾਲਸਾ ਕਾਲੇਜ ਵਿੱਚ ਆ ਗਏ। 20 ਜੁਲਾਈ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਮੀਤ ਸਕੱਤਰ ਵਜੋਂ ਸੇਵਾ ਸ਼ੁਰੂ ਕੀਤੀ। ਦਸੰਬਰ 1920 ਵਿਚ ਇਕ ਦਿਨ ਪਾਠ ਕਰਦਿਆਂ ਜਦ ਇਹ ਪੰਕਤੀ ਆਈ ,

ਆਹਰ ਸਭਿ ਕਰਦਾ ਫਿਰੈ
ਆਹਰੁ ਇਕੁ ਨ ਹੋਇ॥
ਨਾਨਕ ਜਿਤੁ ਆਹਰਿ ਜਗੁ
ਉਧਰੈ ਵਿਰਲਾ ਬੂਝੈ ਕੋਇ॥

ਇਸ ਵਿਚ ਆਹਰ ਸਬਦ ਦੇ ਤਿੰਨ ਰੂਪਾਂ ਨੇ ਸਾਹਿਬ ਸਿੰਘ ਦਾ ਧਿਆਨ ਗੁਰਬਾਣੀ ਵਿਆਕਰਣ ਵੱਲ ਮੋੜਿਆ। ਪਰ ਦਫਤਰੀ ਕੰਮ ਕਾਜ ਕਰਕੇ ਇਸ ਪਾਸੇ ਬਹੁਤਾ ਉਦਮ ਨ ਕਰ ਸਕੇ। ਜਦ ਸ਼੍ਰੋਮਣੀ ਕਮੇਟੀ ਬੈਨ ਹੋਈ ਤਾਂ ਆਪ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ, ਜੇਲ ਵਿੱਚ ਆਪ ਨੇ ਆਪਣਾ ਬਹੁਤਾ ਸਮਾਂ ਗੁਰਬਾਣੀ ਵਿਆਕਰਣ ਤੇ ਲਾਇਆ। ਜਦ ਜੇਲ ਤੋਂ ਰਿਹਾ ਹੋ ਮੁੜ ਦਫਤਰੀ ਕੰਮ ਵਿੱਚ ਲੱਗੇ ਤਾਂ ਮਨ ਨੇ ਗੁਰਬਾਣੀ ਦੇ ਖੋਜ ਵੱਲ ਤੁਰਨ ਲਈ ਬਲ ਦਿੱਤਾ, ਅਖੀਰ 250 ਰੁਪਏ ਦੀ ਕਮੇਟੀ ਦੀ ਨੌਕਰੀ ਤੋਂ ਅਸਤੀਫਾ ਦੇ ਕੇ 150 ਰੁਪਏ ਦੀ ਨੌਕਰੀ ਖਾਲਸਾ ਕਾਲਜ ਗੁਜਰਾਂਵਾਲੇ ਸ਼ੁਰੂ ਕੀਤੀ। 1929 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਨੇ ਸੱਦਾ ਪੱਤਰ ਦਿੱਤਾ ਤਾਂ ਗੁਜਰਾਂਵਾਲੇ ਤੋਂ ਵਿਹਲੇ ਹੋ ਜਦ ਅੰਮ੍ਰਿਤਸਰ ਪੁਜੇ ਤਾਂ ਇਹਨਾਂ ਨੇ ਰਾਜਨੀਤਿਕ ਕਾਰਨਾਂ ਕਰਕੇ ਖੜੇ ਪੈਰ ਨੌਕਰੀ ਤੋਂ ਜੁਆਬ ਦੇ ਦਿਤਾ।ਫਲਸਰੂਪ ਦੁਬਾਰਾ ਕਮੇਟੀ ਵਿੱਚ 150 ਰੁਪਏ ਮਹੀਨਾ ਤੇ ਸੁਪਰਡੈਂਟ ਦੀ ਨੌਕਰੀ ਸ਼ੁਰੂ ਕੀਤੀ।ਪਰ ਵਾਹਿਗੁਰੂ ਨੇ ਉਹਨਾਂ ਕੋਲੋਂ ਹੋਰ ਸੇਵਾ ਲੈਣੀ ਸੀ , ਸੋ ਦੁਬਾਰਾ ਫਿਰ ਉਹਨਾਂ ਦੀ ਨੌਕਰੀ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸ਼ੁਰੂ ਹੋ ਗਈ।ਇਹਨਾਂ ਦਿਨਾਂ ਵਿੱਚ ਹੀ ਉਹਨਾਂ ਨੇ ਭਗਤ ਬਾਣੀ , ਭੱਟ ਬਾਣੀ ਤੇ ਵਿਆਕਣ ਉਪਰ ਕੰਮ ਕੀਤਾ ।ਉਹਨਾਂ ਦੇ ਲੇਖ ਵੱਡੇ ਵੱਡੇ ਰਸਾਲੇ ਤੇ ਅਖ਼ਬਾਰਾਂ ਵਿੱਚ ਛੱਪਦੇ ਸਨ ।

1952 ਵਿਚ ਖਾਲਸਾ ਕਾਲਜ ਤੋਂ ਰਿਟਾਇਰ ਹੋ ਕੇ ਉਹ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬਣੇ। ਉਹ ਗੁਰਬਾਣੀ ਦੇ ਵਿਆਖਿਆਕਾਰ ਹੀ ਨਹੀਂ, ਗੁਰਬਾਣੀ ਦੀ ਕਮਾਈ ਵਾਲੇ ਮਹਾਪੁਰਖ ਸਨ। ਸਵੇਰੇ ਨਿਤਨੇਮ ਵਕਤ ਵਿਦਿਆਰਥੀਆਂ ਤੋਂ ਪਹਿਲਾਂ ਦਰਬਾਰ ਵਿਚ ਹਾਜਰ ਹੁੰਦੇ ਸਨ । ਰਾਜਨੀਤੀ ਤੋਂ ਦੂਰੀ ਬਣਾ ਕੇ ਚੱਲਦੇ ਸਨ। ਆਪਣੇ ਹੱਥੀਂ ਵਿਦਿਆਰਥੀਆਂ ਦੇ ਪਿਸ਼ਾਬ ਖਾਨੇ ਤੇ ਟੱਟੀ ਖਾਨੇ ਦੀ ਸਫਾਈ ਤੱਕ ਕਰਦੇ ਸਨ, ਨਾਲ ਵਿਦਿਆਰਥੀਆਂ ਨੂੰ ਲਾ ਲੈਂਦੇ ਸਨ ।ਸਾਹਿਬ ਸਿੰਘ ਹੁਣਾ ਦਾ ਜੀਵਨ ਬਹੁਤ ਸਾਦਗੀ ਭਰਪੂਰ ਤੇ ਗੁਰਮਤਿ ਅਨੁਸਾਰ ਸੀ।ਉਹ ਕਿੰਨੇ ਗੁਰੂ ਨੂੰ ਸਮਰਪਿਤ ਸਨ , ਇਸ ਗੱਲ ਤੋਂ ਹੀ ਅੰਦਾਜਾ ਲਗਾ ਲਵੋ ਕਿ ਪੰਜਾਬ ਐਜੂਕੇਸ਼ਨ ਬੋਰਡ ਨੇ ਪ੍ਰੋ. ਸਾਹਿਬ ਸਿੰਘ ਹੁਣਾ ਨਾਲ ਸੰਪਰਕ ਕੀਤਾ ਕਿ ਉਹ ਪੰਜਾਬੀ ਵਿਆਕਰਣ ਬਣਾ ਕੇ ਦੇਣ , ਜਿਸ ਦੇ ਇਵਜ ਵਿਚ ਬੋਰਡ ਉਹਨਾਂ ਨੂੰ 20000 ਰੁਪਏ ਦਵੇਗਾ।ਪਰ ਇਸ ਗੁਰਮੁਖ ਰੂਹ ਨੇ ਇਹ ਕਹਿ ਇਨਕਾਰ ਕਰ ਦਿੱਤਾ ਕਿ "ਮੇਰੇ ਪਾਸ ਜੋ ਸਮਾਂ ਹੈ ਉਸ ਦਾ ਇਕ ਇਕ ਪਲ ਗੁਰੂ ਲਈ ਹੈ, ਵਿਆਕਰਣਾਂ ਲਿਖ ਪੈਸੇ ਕਮਾਉਣ ਲਈ ਹੋਰ ਬਥੇਰੇ ਨੇ!"

7 ਜਨਵਰੀ 1971 ਨੂੰ ਪੰਜਾਬੀ ਯੂਨੀਵਰਸਿਟੀ ਨੇ ਆਪ ਦੀ ਘਾਲਣਾ ਨੂੰ ਨਤਮਸਤਕ ਹੁੰਦਿਆਂ ਆਪ ਨੂੰ ਡੀ. ਲਿਟ ਦੀ ਡਿਗਰੀ ਨਾਲ ਸਨਮਾਨਿਤ ਕੀਤਾ। ਪਿਛਲੇ ਪੰਜ ਸਾਲ ਜਿੰਦਗੀ ਦੇ ਸਿਹਤ ਪੱਖੋਂ ਬਹੁਤੇ ਚੰਗੇ ਨਹੀਂ ਰਹੇ। ਪਹਿਲਾਂ ਚੱਲਣਾ ਫਿਰਨਾ ਬੰਦ ਹੋਇਆ, ਫਿਰ ਬੋਲਣੋ ਵੀ ਰਹਿ ਗਏ, ਨਜ਼ਰ ਤੇ ਸੁਣਨ ਸ਼ਕਤੀ ਵੀ ਘਟ ਗਈ।ਯਾਦਦਾਸ਼ਤ ਤੇ ਬਹੁਤ ਅਸਰ ਪਿਆ। ਅਖ਼ੀਰ ਕੌਮ ਦਾ ਇਹ ਮਹਾਨ ਵਿਦਵਾਨ 29 ਅਕਤੂਬਰ 1977 ਨੂੰ ਸਦੀਵੀ ਤੌਰ ਤੇ ਸਰੀਰ ਕਰ ਕੇ ਇਸ ਦੁਨੀ ਸੁਹਾਵੇ ਬਾਗ ਨੂੰ ਛੱਡ ਗਿਆ , ਪਰ ਆਪਣੀ ਕਲਮ ਦੇ ਸਦਕਾ ਉਹ ਹਮੇਸ਼ਾ ਜਿੰਦਾ ਰਹੇਗਾ।

ਪ੍ਰੋ.ਸਾਹਿਬ ਦੀਆਂ 40 ਦੇ ਕਰੀਬ ਲਿਖਤਾਂ ਵਿਚੋਂ ਕੁਝ ਪ੍ਰਮੁੱਖ ਲਿਖਤਾਂ ਦੇ ਨਾਮ;-

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਜਿਲਦਾਂ )
ਗੁਰਬਾਣੀ ਵਿਆਕਰਣ
ਦਸ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਦਸ ਕਿਤਾਬਾਂ
ਬਾਬਣੀਆ ਕਹਾਣੀਆਂ
ਸਿਮਰਨ ਦੀਆਂ ਬਰਕਤਾਂ
ਬੁਰਾਈ ਦਾ ਟਾਕਰਾ
ਸਿਖ ਸਿਦਕ ਨ ਹਾਰੇ
ਸਦਾਚਾਰਕ ਲੇਖ
ਗੁਰਮਤ ਪ੍ਰਕਾਸ਼
ਧਰਮ ਤੇ ਸਦਾਚਾਰ
ਆਦਿ ਬੀੜ ਬਾਰੇ
ਸਰਬੱਤ ਦਾ ਭਲਾ
ਗੁਰਬਾਣੀ ਤੇ ਇਤਿਹਾਸ ਬਾਰੇ
ਮੇਰੀ ਜੀਵਨ ਕਹਾਣੀ (ਸਵੈ ਜੀਵਨੀ)
ਭਗਤ ਬਾਣੀ ਸਟੀਕ (ਪੰਜ ਜਿਲਦਾਂ)
ਨਿਤਨੇਮ ਸਟੀਕ
ਆਸਾ ਦੀ ਵਾਰ ਸਟੀਕ
ਭੱਟਾਂ ਦੇ ਸਵਈਏ ਸਟੀਕ
ਤੇ ਹੋਰ ਵੀ ਕਈ ਬਾਣੀਆਂ ਦੇ ਸਟੀਕ

**ਬਲਦੀਪ ਸਿੰਘ ਰਾਮੂੰਵਾਲੀ**


# ਅਮਰੀਕਾ ਚੋਣਾਂ : 4.2 ਕਰੋੜ ਤੋਂ ਵੱਧ ਲੋਕਾਂ ਨੇ ਪਾਈ ਵੋਟ

ਵਾਸ਼ਿੰਗਟਨ : ਅਮਰੀਕਾ ਵਿਚ ਐਡਵਾਂਸ ਵੋਟਿੰਗ ਦੌਰਾਨ ਸਵਾ ਚਾਰ ਕਰੋੜ ਲੋਕ ਵੋਟਾਂ ਪਾ ਚੁੱਕੇ ਹਨ ਅਤੇ ਰਾਸ਼ਟਰਪਤੀ ਜੋਅ ਬਾਇਡਨ ਅੱਜ ਵੋਟ ਦੇ ਹੱਕ ਦੀ ਵਰਤੋਂ ਕਰਨਗੇ। ਇਸੇ ਦੌਰਾਨ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੌਨਲਡ ਟਰੰਪ ਦੀ ਨਿਊ ਯਾਰਕ ਰੈਲੀ ਨਸਲਵਾਦ ਦੇ ਦੋਸ਼ਾਂ ਵਿਚ ਘਿਰ ਗਈ। ਅਮਰੀਕੀ ਮੀਡੀਆ ਵਿਚ ਆਈਆਂ ਰਿਪੋਰਟਾਂ ਮੁਤਾਬਕ ਇਸ ਵਾਰ ਤਕਰੀਬਨ 70 ਫੀ ਸਦੀ ਲੋਕ ਵੋਟਾਂ ਵਾਲੇ ਦਿਨ ਤੋਂ ਪਹਿਲਾਂ ਹੀ ਵੋਟ ਪਾ ਸਕਦੇ ਹਨ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਪਿਛਲੇ ਹਫ਼ਤੇ ਡਾਕ ਰਾਹੀਂ ਵੋਟ ਪਾਈ ਗਈ। ਇਸੇ ਦੌਰਾਨ ਚੋਣ ਪ੍ਰਚਾਰ ਦੇ ਅੰਤਮ ਗੇੜ ਦੌਰਾਨ ਨਿਊ ਯਾਰਕ ਵਿਖੇ ਰੈਲੀ ਕਰਦਿਆਂ ਟਰੰਪ ਨੇ ਸੂਬਾ ਜਿੱਤਣ ਦਾ ਦਾਅਵਾ ਵੀ ਕਰ ਦਿਤਾ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਹਰ ਸ਼ਹਿਰ ਅਤੇ ਕਸਬੇ ਨੂੰ ਬਚਾਇਆ ਜਾਵੇਗਾ ਜਿਥੇ ਗੈਰਕਾਨੂੰਨੀ ਪ੍ਰਵਾਸੀਆਂ ਨੇ ਕਬਜ਼ਾ ਕਰ ਲਿਆ ਹੈ।

# ਫਿਲਮੀ ਦੁਨੀਆ



## ਐਨੀਮਲ ਵਿਚ ਜ਼ੋਇਆ ਰਿਆਜ਼ ਦੇ ਕਿਰਦਾਰ ਨਾਲ ਤ੍ਰਿਪਤੀ ਡਿਮਰੀ ਨੂੰ ਮਿਲੀ ਖ਼ਾਸ ਪਛਾਣ



ਰਣਬੀਰ ਕਪੂਰ ਅਤੇ ਬੌਬੀ ਦਿਓਲ ਦੀ ਬੇਹੱਦ ਸ.ਫਲ ਫ਼ਿਲਮ 'ਐਨੀਮਲ' (2023) ਵਿਚ ਜ਼ੋਇਆ ਰਿਆਜ਼ ਦੇ ਕਿਰਦਾਰ ਨਾਲ ਤ੍ਰਿਪਤੀ ਡਿਮਰੀ ਨੂੰ ਖ਼ਾਸ ਪਛਾਣ ਮਿਲੀ ਸੀ। ਫ਼ਿਲਮ ਵਿਚ ਆਪਣੀ ਸੁੰਦਰ ਦਿੱਖ ਅਤੇ ਸ਼ਾਨਦਾਰ ਐਕਟਿੰਗ ਨਾਲ ਲੱਖਾਂ ਦਰਸ਼ਕਾਂ ਨੂੰ ਦੀਵਾਨਾ ਬਣਾ ਦੇਣ ਤੋਂ ਬਾਅਦ ਤ੍ਰਿਪਤੀ ਡਿਮਰੀ ਨੂੰ 'ਨੈਸ਼ਨਲ ਕ੍ਰਸ਼' ਦਾ ਦਰਜਾ ਹਾਸਿਲ ਹੋਇਆ ਸੀ। ਤ੍ਰਿਪਤੀ ਡਿਮਰੀ, ਵਿੱਕੀ ਦੇ ਨਾਲ ਫ਼ਿਲਮ 'ਬੈਡ ਨਿਊਜ਼' (2024) ਵਿਚ ਨਜ਼ਰ ਆਈ। ਉਸ ਦੀ ਇਹ ਫ਼ਿਲਮ ਹਿਟ ਤਾਂ ਨਹੀਂ ਹੋਈ ਪਰ ਇਸ ਵਾਰ ਵੀ ਉਸ ਨੇ ਬਹੁਤ ਸੁਰਖੀਆਂ ਖੱਟੀਆਂ ਸਨ। ਤ੍ਰਿਪਤੀ ਡਿਮਰੀ ਹੁਣ ਰਾਜ ਕੁਮਾਰ ਰਾਓ ਨਾਲ ਫ਼ਿਲਮ 'ਵਿੱਕੀ ਵਿੱਦਿਆ ਕਾ ਵੋ ਵਾਲਾ ਵੀਡੀਓ' ਤੋਂ ਇਲਾਵਾ ਅਨੀਸ ਬਜ਼ਮੀ ਦੇ ਨਿਰਦੇਸ਼ਨ ਵਿਚ 'ਭੂਲ ਭੁਲਈਆ-3' ਵਿਚ ਦਿਖਾਈ ਦੇਵੇਗੀ। ਹਿੰਦੀ ਸਿਨੇਮਾ ਦੀ ਅਭਿਨੇਤਰੀ ਬਣਨ ਤੋਂ ਪਹਿਲਾਂ ਯੂ-ਟਿਊਬ ਚੈਨਲ 'ਤੇ ਐਕਟਿੰਗ ਦਾ ਸਿਲਸਿਲਾ ਜਾਰੀ ਰੱਖਣ ਤੋਂ ਬਾਅਦ ਤ੍ਰਿਪਤੀ ਡਿਮਰੀ ਨੇ ਮਾਡਲਿੰਗ ਵਿਚ ਵੀ ਆਪਣਾ ਹੱਥ ਅਜ਼ਮਾਇਆ ਸੀ। ਵੱਡੇ ਪਰਦੇ 'ਤੇ ਅਦਾਕਾਰੀ ਦੀ ਛਾਪ ਛੱਡਣ ਲਈ ਤ੍ਰਿਪਤੀ ਨੇ ਫ਼ਿਲਮ 'ਐਨੀਮਲ' (2023) ਵਿਚ ਬੌਬੀ ਦਿਓਲ ਦੇ ਭਰਾ ਆਬਿਦ ਦਾ ਕਿਰਦਾਰ ਨਿਭਾਉਣ ਵਾਲੇ ਐਕਟਰ ਅਤੇ ਐਕਟਿੰਗ ਕੋਚ ਸੌਰਭ ਸਚਦੇਵਾ ਦੀਆਂ ਐਕਟਿੰਗ ਕਲਾਸਾਂ ਦੇ ਕੇਂਦਰ ਤੋਂ ਐਕਟਿੰਗ ਦਾ ਕੋਰਸ ਕੀਤਾ ਸੀ। ਉਸ ਤੋਂ ਬਾਅਦ ਤ੍ਰਿਪਤੀ ਨੇ ਫ਼ਿਲਮ 'ਪੋਸਟਰ ਬੁਆਏਜ਼' (2017) ਵਿਚ ਸੰਨੀ ਦਿਓਲ, ਬੌਬੀ ਦਿਓਲ ਅਤੇ ਸ਼੍ਰੇਅਸ ਤਲਪੜੇ ਨਾਲ ਸਕ੍ਰੀਨ ਸਾਂਝੀ ਕਰਦੇ ਹੋਏ ਅਭਿਨੈ ਕਰੀਅਰ ਦੀ ਸ਼ੁਰੂਆਤ ਕੀਤੀ।

## ਸਾਈ ਮੰਜਰੇਕਰ-ਹੁਸਨ ਦੀ ਮਲਿਕਾ



ਸਾਈ ਮੰਜਰੇਕਰ ਦੇ ਫ਼ਿਲਮੀ ਕਰੀਅਰ ਦੀ ਖ਼ਾਸ ਗੱਲ ਹੈ ਕਿ ਉਹ ਮਸਾਲਾ ਫ਼ਿਲਮਾਂ ਤੋਂ ਕੋਹਾਂ ਦੂਰ ਹੀ ਰਹਿਣ ਦੀ, ਇਹੀ ਕੋਸ਼ਿਸ਼ ਕਰਦੀ ਹੈ। ਅਸਲ ਵਿਚ ਉਹ ਕੁਝ ਦਮਦਾਰ ਭੂਮਿਕਾ ਕਰਕੇ ਦਿਖਾਉਣ ਦੀ ਇੱਛੁਕ ਹੈ। ਅਭਿਨੇਤਾ-ਨਿਰਦੇਸ਼ਕ ਮਹੇਸ਼ ਮੰਜਰੇਕਰ ਦੀ ਧੀ ਸਈ ਦੀ ਉਮਰ ਅਜੇ ਭਰ ਜਵਾਨੀ ਵਾਲੀ ਹੈ ਤੇ ਉਹ ਹਿੰਦੀ ਦੇ ਨਾਲ-ਨਾਲ ਮਰਾਠੀ ਤੇ ਤੇਲਗੂ ਫ਼ਿਲਮਾਂ ਵੀ ਕਰਦੀ ਹੈ। ਉਸ ਦਾ ਕਰੀਅਰ ਸਲਮਾਨ ਖ਼ਾਨ ਦੀ 'ਦਬੰਗ-3' ਨਾਲ ਸ਼ੁਰੂ ਹੋਇਆ ਸੀ ਤੇ ਹੁਣ ਉਹ ਆਖਦੀ ਹੈ ਕਿ ਪੰਜ ਸਾਲ ਤੋਂ ਫ਼ਿਲਮਾਂ 'ਚ ਹਾਂ ਤੇ ਹੁਣ ਉਹ ਆਪਣੇ ਬਲਬੂਤੇ 'ਤੇ ਕੋਈ ਵੀ ਫ਼ਿਲਮ ਸਫਲ ਰਹਿਣ ਬਾਰੇ ਕਹਿ ਸਕਦੀ ਹੈ। ਭਾਵ ਕਿ ਸਾਰੀ ਫ਼ਿਲਮ ਦੀ ਜ਼ਿੰਮੇਵਾਰੀ ਚੁੱਕਣ ਨੂੰ ਸਈ ਤਿਆਰ ਹੈ। ਸਈ ਨੇ ਪੰਜਾਬੀ ਗਾਇਕ ਗੁਰੂ ਰੰਧਾਵਾ ਨੂੰ ਬਿਹਤਰੀਨ ਅਭਿਨੇਤਾ ਕਿਹਾ ਹੈ ਤੇ ਉਸ ਦੀ ਸੋਚ ਹੈ ਕਿ ਦੋ ਤਿੰਨ ਸਾਲ 'ਚ ਗੁਰੂ ਦਾ ਬਾਲੀਵੁੱਡ 'ਚ ਪੂਰਾ ਨਾਂਅ ਹੋਵੇਗਾ। 'ਔਰੋਂ ਮੇਂ ਕਹਾਂ ਦਮ ਥਾ' ਫ਼ਿਲਮ ਦੀ ਅਸਫਲਤਾ 'ਤੇ ਮੀਡੀਆ ਨੇ ਮੰਜਰੇਕਰ ਨੂੰ ਕਈ ਸਵਾਲ ਪੁੱਛੇ ਤੇ ਸਈ ਨੇ ਕਿਹਾ ਕਿ ਸੱਚ ਉਹ ਬਹੁਤ ਦੁਖੀ ਹੈ ਤੇ ਇਹ ਦੀਵਾਲੀ ਉਸ ਲਈ ਫਿੱਕੀ ਜਿਹੀ ਹੋਵੇਗੀ, ਕਿਉਂਕਿ ਇਸ ਫ਼ਿਲਮ ਲਈ ਉਸ ਨੇ ਖ਼ੂਨ-ਪਸੀਨਾ ਇਕ ਕੀਤਾ ਸੀ ਪਰ ਫ਼ਿਲਮ ਨੇ ਨਿਰਾਸ਼ਾ ਪੱਲੇ ਪਾਈ ਹੈ। ਇਸ ਲਈ ਮੁੜ ਚਰਚਾ ਵਿਚ ਆਉਣ ਲਈ ਉਸ ਨੇ ਆਪਣਾ ਫੋਟੋ ਸੈਸ਼ਨ ਕਰਵਾਇਆ ਹੈ। ਸਾਈ ਨੇ ਆਪਣੇ ਪਿਤਾ ਨਾਲ ਸਹਿ-ਨਿਰਦੇਸ਼ਨ ਵੀ ਕੀਤਾ ਹੈ ਤੇ ਆਯੂਸ਼ ਸ਼ਰਮਾ ਨਾਲ ਉਸ ਦਾ ਸੰਗੀਤ ਵੀਡੀਓ ਚਾਰ ਸਾਲ ਪਹਿਲਾਂ ਬਹੁਤ ਚਰਚਿਤ ਰਿਹਾ ਸੀ। ਜੇਕਰ 'ਕੋਰੋਨਾ' ਨਾ ਆਉਂਦਾ ਤਾਂ ਅੱਜ ਸਾਈ ਕੋਲ ਬਹੁਤ ਸਾਰੀਆਂ ਰਿਲੀਜ਼ ਹੋ ਚੁੱਕੀਆਂ ਫ਼ਿਲਮਾਂ ਦੀ ਲਿਸਟ ਹੋਣੀ ਸੀ। ਅਜੈ ਦੇਵਗਣ ਨੇ ਸਾਈ ਨੂੰ ਬੇਹੱਦ ਉਤਸ਼ਾਹ ਦਿੱਤਾ ਤੇ ਸਲਮਾਨ ਖ਼ਾਨ ਨੇ ਵੀ। ਉਸ ਦੇ ਨਿਰਦੇਸ਼ਕ ਪਿਤਾ ਉਸ ਦੇ ਮੁੱਖ ਸਲਾਹਕਾਰ ਹਨ ਪਰ ਉਨ੍ਹਾਂ ਮੇਰੇ ਲਈ ਕਿਸੇ ਕੋਲੋਂ ਕੰਮ ਨਹੀਂ ਮੰਗਿਆ ਤੇ ਨਾ ਹੀ ਸਿਫ਼ਾਰਿਸ਼ ਕੀਤੀ ਹੈ।




# ਸਮੂਹ ਸ਼ਹੀਦਾਂ ਅਤੇ ਸਿੱਖ ਨਸਲਕੁਸ਼ੀ ਦੀ 40 ਸਾਲਾ ਯਾਦ ਵਿੱਚ ਖਾਲਸਾ ਸੇਵਾਦਾਰ ਗਰੁੱਪ ਡਰਬੀ ਅਤੇ ਪੰਜ ਪ੍ਰਧਾਨੀ ਯੂ ਕੇ ਵੱਲੋਂ



## ਸ਼ਹੀਦੀ ਸਮਾਗਮ ਐਤਵਾਰ 10 ਨਵੰਬਰ 2024 ਨੂੰ

## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਕਰਵਾਇਆ ਜਾ ਰਿਹਾ ਹੈ



ਸੰਤ ਜਰਨੈਲ ਸਿੰਘ ਜੀ ਖਾਲਸਾ, ਭਾਈ ਅਮਰੀਕ ਸਿੰਘ, ਭਾਈ ਸੁਬੇਗ ਸਿੰਘ, ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਦਿੱਲੀ ਵਿੱਚ ਸਿੱਖਾਂ ਦਾ ਕਤਲੇਆਮ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਪੁਰਾਤਨ ਤੇ ਵਰਤਮਾਨ ਸ਼ਹੀਦਾਂ ਅਤੇ ਭਾਰਤ ਵਿੱਚ ਜੂਨ – ਨਵੰਬਰ 1984 ਸਿੱਖਾਂ ਦੀ ਨਸਲਕੁਸ਼ੀ ਦੀ 40 ਸਾਲਾ ਯਾਦ ਅੰਦਰ ਖਾਲਸਾ ਸੇਵਾਦਾਰ ਗਰੁੱਪ ਡਰਬੀ ਅਤੇ ਪੰਜ ਪ੍ਰਧਾਨੀ ਯੂ ਕੇ ਵੱਲੋਂ ਗੁਰਦੁਆਰਾ ਗੁਰੂ ਅਰਜਨ ਦੇਵ ਸਾਹਿਬ ਜੀ ਡਰਬੀ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਸ ਗੁਰਦੁਆਰਾ ਸਾਹਿਬ ਵਿਖੇ ਮਿਤੀ 10 ਨਵੰਬਰ 2024 ਦਿਨ ਐਤਵਾਰ ਨੂੰ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਆਪ ਜੀ ਸਮੂਹ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਪਹੁੰਚ ਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕਰੀਏ।

### ===== ਪ੍ਰੋਗਰਾਮ ਦਾ ਵੇਰਵਾ: =====

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 8-11-24 ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 10-11-24 ਸਵੇਰੇ 10 ਵਜੇ
ਉਪਰੰਤ ਦੀਵਾਨ ਸਜੇਗਾ, ਜਿਸ ਵਿੱਚ ਕੀਰਤਨੀ ਜਥੇ ਅਤੇ ਪੰਥ ਪ੍ਰਚਾਰਕ ਸੰਗਤਾਂ ਨੂੰ ਇਤਿਹਾਸ ਨਾਲ ਜੋੜਨਗੇ ਅਤੇ ਪੰਥਕ ਆਗੂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨਗੇ

**ਸਥਾਨ:** GURU ARJAN DEV GURDWARA SAHIB STANHOPE STREET, DERBY, DE23 6QJ. TEL 01332 776872 / 01332 270644

## ਬੇਨਤੀ ਕਰਤਾ – ਖਾਲਸਾ ਸੇਵਾਦਾਰ ਗਰੁੱਪ ਡਰਬੀ ਅਤੇ ਪੰਜ ਪ੍ਰਧਾਨੀ ਯੂ ਕੇ

FOR INFORMATION PLEASE CONTACT:

HARPREET SINGH 07432 706028 / SUKHDEV SINGH SUKHI 07882 397109 / DILBAG SINGH BOLA 07852 226191 / SUKHWINDER SINGH JOHAL 07766 969600

---

## ਬੰਦੀਛੋੜ ਦਿਵਸ ਤੇ ਦੀਵਾਲੀ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ

# ਪੰਜਾਬੀ ਹੱਟ Panjabi Hut

## ਖਾਸ ਖਾਸ ਮੌਕਿਆਂ ਤੇ ਸਾਡੀਆਂ ਵਿਸ਼ੇਸ਼ ਆਫਰਾਂ ਬਾਰੇ ਜਾਨਣ ਲਈ ਸੰਪਰਕ ਕਰੋ ਜੀ

ਸ਼ੁੱਧ ਸ਼ਾਕਾਹਾਰੀ ਭੋਜਨ, ਭਾਰਤੀ ਮਠਿਆਈਆਂ ਅਤੇ ਸ਼ਾਕਾਹਾਰੀ ਲਜ਼ੀਜ਼ ਖਾਣਿਆਂ ਲਈ ਅੱਜ ਹੀ ਸੰਪਰਕ ਕਰੋ

*Pure Vegetarian Food & Indian Sweets*

PROPRIETOR : GUVINDERJIT SINGH




**SPECIALISE IN**

* Veggie Pizza
* Motichoor Ladoos
* Alsi Di Pini

**ਅਸੀਂ ਮਾਹਿਰ ਹਾਂ**

* ਵੈਜੀਟੇਰੀਅਨ ਪੀਜ਼ਾ
* ਮੋਤੀ ਚੂਰ ਦੇ ਲੱਡੂ
* ਅਲਸੀ ਦੀਆਂ ਪਿੰਨੀਆਂ







We can deliver your Catering

## ਪੰਜਾਬੀ ਹੱਟ ਕਵੈਂਟਰੀ Panjabi Hut (PURE VEGETARIAN)

176 - 178 CLAY LANE, STOKE, COVENTRY CV2 4LX TEL:024 7663 6323 MOB:07737 039908

ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ ॥ ਅਰਜਨ ਕਾਇਆ ਪਲਟ ਕੇ ਮੂਰਤਿ ਹਰਿਗੋਬਿੰਦ ਸਵਾਰੀ ॥

# ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਗ੍ਰੇਟ ਬਾਰ, ਬਰਮਿੰਘਮ ਦੇ ਸੇਵਾਦਾਰਾਂ ਵੱਲੋਂ

# ਬੰਦੀਛੋੜ ਦਿਵਸ ਤੇ ਦੀਵਾਲੀ ਦੀ ਲੱਖ ਲੱਖ ਵਧਾਈ







ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੀ ਸਾਧ ਸੰਤ ਜੀ, ਛੇਵੇਂ ਪਾਤਿਸ਼ਾਹ ਜੀ ਨੇ 52 ਹਿੰਦੂ ਰਾਜਿਆਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿਚੋਂ ਛੁਡਾ ਕੇ ਆਜ਼ਾਦ ਕਰਵਾਇਆ ਸੀ । ਤੇ ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਨੂੰ ਲੈ ਕੇ ਸਿੱਖ ਸੰਗਤਾਂ ਨੇ ਉਸ ਵਕਤ ਸਾਰੇ ਦੇਸ਼ ਵਿਚ ਧੂਮ ਧਾਮ ਨਾਲ ਦੀਵਾਲੀ ਮਨਾਈ । ਗੁਰਦੁਆਰਾ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ ਵਿਖੇ ਬੰਦੀਛੋੜ ਦਿਵਸ ਮਨਾਉਣ ਲਈ ਸਮਾਗਮ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਮਨਾਏ ਜਾ ਰਹੇ ਹਨ । ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੋ, ਗੁਰੂ ਘਰ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ ।


ਦੀਵਾਨ ਹਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ

## ਬੰਦੀਛੋੜ ਦਿਵਸ ਸਬੰਧੀ ਪ੍ਰੋਗਰਾਮ

ਬੰਦੀਛੋੜ ਦਿਵਸ ਸਬੰਧੀ ਸਾਰਾ ਦਿਨ ਧਾਰਮਿਕ ਦੀਵਾਨ ਸਜਣਗੇ ।

**ਸਵੇਰੇ 8:00 ਵਜੇ ਤੋਂ ਸ਼ਾਮ 5:45 ਵਜੇ ਤੱਕ ਸਾਰਾ ਦਿਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ, ਜਿਸ ਦੌਰਾਨ ਗੁਰੂ ਘਰ ਦੀਆਂ ਸੰਗਤਾਂ ਪਾਠ ਦੀ ਸੇਵਾ ਕਰਨਗੀਆਂ**

| | |
|---|---|
| ਪਾਠ ਰਹਿਰਾਸ ਸਾਹਿਬ | 5:45 ਤੋਂ 6:15 ਵਜੇ |
| ਅਰਦਾਸ, ਹੁਕਮਨਾਮਾ, ਸਮਾਪਤੀ ਤੇ ਸੁਖਆਸਨ | 8:15 ਵਜੇ |

**ਸ਼ਾਮ ਨੂੰ ਸਮਾਪਤੀ ਉਪਰੰਤ ਪਟਾਕੇ ਤੇ ਆਤਿਸ਼ਬਾਜ਼ੀ ਹੋਵੇਗੀ**

**ਸਮਾਗਮ ਦੌਰਾਨ ਸਾਰਾ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਣਗੇ**

## ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ:

ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ, ਸਹਿਜ ਪਾਠ, ਸੁਖਮਨੀ ਸਾਹਿਬ ਦਾ ਪਾਠ, ਅਨੰਦ ਕਾਰਜ, ਰੈਣ ਸਬਾਈ ਕੀਰਤਨ, ਪੰਥਕ ਇਕੱਠ ਅਤੇ ਹੋਰ ਪੰਥਕ ਕਾਨਫਰੰਸਾਂ ਆਦਿ ਕਰਨ ਵਾਸਤੇ ਬਹੁਤ ਖੂਬਸੂਰਤ ਅਤੇ ਵੱਡੇ ਦੀਵਾਨ ਹਾਲ, ਵੱਡਾ ਲੰਗਰ ਹਾਲ, ਨਵੀਂ ਰਸੋਈ ਅਤੇ ਚੋਖੀ ਕਾਰ ਪਾਰਕਿੰਗ ਉਪਲੱਬਧ ਹੈ। ਜਿੱਥੇ ਬੜੀ ਆਸਾਨੀ ਨਾਲ ਧਾਰਮਿਕ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ।

## ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸੇਵਾਵਾਂ

ਇਸ ਗੁਰੂ ਘਰ ਵਿਖੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਗੁਰਬਾਣੀ ਸੰਥਿਆ, ਗੁਰਮੁਖੀ ਦੀ ਪੜ੍ਹਾਈ, ਕੀਰਤਨ ਸਿਖਲਾਈ, ਆਤਮ ਰੱਖਿਆ ਵਾਸਤੇ ਗਤਕਾ (ਮਾਰਸ਼ਲ ਆਰਟ) ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਚੱਲ ਰਹੀਆਂ ਹਨ । ਬੱਚਿਆਂ ਨੂੰ ਲਿਆ ਕੇ ਰਜਿਸਟਰ ਕਰਵਾ ਸਕਦੇ ਹੋ ।

**ਬੇਨਤੀ ਕਰਤਾ : ਸਮੂਹ ਸੇਵਾਦਾਰ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ**

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟ ਬਾਰ, ਬਰਮਿੰਘਮ**

**Gurdwara Sri Guru Singh Sabha Birmingham**

400 ALDRIDGE ROAD, GREAT BAR, BIRMINGHAM, B44 8BH. TEL: 0121 356 6789 - Email: info@gsgssb.org

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਜਿੱਦਾਂ ਪਾਣੀ ਤੋਂ ਵਿਛੁੜ ਕੇ ਮੱਛੀ ਮਰ ਜਾਂਦੀ ਹੈ ।1।ਰਹਾਉ। "ਮੇਰੈ ਮਨਿ ਐਸੀ ਭਗਤਿ ਬਨਿ ਆਈ ॥ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥1॥ ਰਹਾਉ ॥ ਅੰਗ 368" । ਪ੍ਰਭੂ ਦੀ ਆਗਿਆ/ਭਾਣਾ ਮੰਨਣਾ ਭਗਤੀ ਹੈ । "...ਆਗਿਆ ਮਾਨਿ ਹੋਇ ਭਗਤਿ ਤੁਮ੍ਾਰੀ ॥ ਅੰਗ 377" । ਅਤੇ "ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥ ਅੰਗ 496"। ਉਹੀ ਜਪ ਤਪ ਤੇ ਭਗਤੀ ਪੂਰੀ ਹੁੰਦੀ ਹੈ ਜੋ ਕਿ ਪ੍ਰਭੂ ਦੇ ਮਨ ਨੂੰ ਭਾਉਂਦੀ ਹੈ । "ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥ ਅੰਗ 673"। ਭਗਤ ਹਰੀ ਦੀ ਭਗਤੀ ਕਰਦੇ ਹਨ, ਆਪਣੇ ਅੰਦਰੋਂ ਆਪਾ-ਭਾਵ (ਹਉਮੈ) ਦੂਰ ਕਰ ਲੈਂਦੇ ਹਨ, ਤੇ ਉਹਨਾਂ ਨੇ ਗੁਣ ਤੇ ਅਉਗਣ ਪਛਾਣ ਲਏ ਹੁੰਦੇ ਹਨ । ਜਿਹੜਾ ਮਨੁੱਖ ਗੁਣ ਤੇ ਅਉਗਣ ਪਛਾਣ ਲੈਂਦਾ ਹੈ, ਉਹ ਪਰਮਾਤਮਾ ਦਾ ਨਾਮ ਉਚਾਰਦਾ ਹੈ, ਪ੍ਰਭੂ ਦੇ ਡਰ-ਅਦਬ ਵਿਚ ਰਹਿਣ ਕਰ ਕੇ ਉਸ ਨੂੰ ਪ੍ਰਭੂ ਦੀ ਭਗਤੀ ਪਿਆਰੀ ਲੱਗਦੀ ਹੈ । "ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ੍ ਗੁਣ ਅਵਗਣ ਪਛਾਣੇ ਰਾਮ ॥ ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥ ਅੰਗ 768" । ਪ੍ਰਭੂ ਦੇ ਡਰ 'ਚੋਂ ਪ੍ਰਭੂ ਦੀ ਭਗਤੀ ਪੈਦਾ ਹੁੰਦੀ ਹੈ ਤੇ ਮਨ ਅੰਦਰ ਸ਼ਾਂਤੀ ਹੁੰਦੀ ਹੈ । "ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ ਅੰਗ 814" । ਪ੍ਰਭੂ ਦੇ ਡਰ ਅਦਬ ਤੋਂ ਬਿਨਾ ਭਗਤੀ ਨਹੀਂ ਹੁੰਦੀ ਤੇ ਨਾਮ ਨਾਲ਼ ਪਿਆਰ ਨਹੀਂ ਪੈਂਦਾ । "ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥ ਅੰਗ 788" । ਮੇਰਾ ਮਨ ਤੇ ਤਨ ਮੇਰੇ ਪਿਆਰੇ ਰਾਮ 'ਚ ਰੰਗਿਆ ਗਿਆ ਹੈ, ਪ੍ਰਭੂ ਦੀ ਇਹ ਪ੍ਰੇਮਾ ਭਗਤੀ ਮੈਨੂੰ ਫੱਬਦੀ ਹੈ । ਮਨੁ ਤਨੁ ਰਾਤਾ ਰਾਮ ਪਿਆਰੇ ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥1॥ ਅੰਗ 916" । ਮਾਇਆ ਦੇ ਤਿੰਨ ਗੁਣਾਂ ਨੂੰ ਮੇਟ ਕੇ ਚਉਥੇ ਪਦ 'ਚ ਵਰਤਣਾ (ਭਾਵ ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਉੱਠਣਾ) ਇਹੀ ਭਗਤੀ ਨਿਰਾਲੀ ਹੈ । "ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥16॥ ਅੰਗ 908" । ਕਿਉਂਕਿ ਮਾਇਆ ਦੇ ਤਿੰਨ ਗੁਣਾਂ 'ਚ ਮਨ ਭਟਕਦਾ ਹੈ, ਜਿਸ ਕਰਕੇ ਨਾ ਹੀ ਪ੍ਰਭੂ ਦੀ ਭਗਤੀ ਹੁੰਦੀ ਹੈ ਤੇ ਨਾ ਹੀ ਪ੍ਰਭੂ ਨਾਲ਼ ਪ੍ਰੇਮ ਪੈਦਾ ਹੁੰਦਾ ਹੈ । ਉੱਚੀ ਆਤਮਿਕ ਅਵਸਥਾ ਕਦੇ ਵੀ ਨਹੀਂ ਹੋ ਸਕਦੀ, ਮਾਇਆ ਮੋਹ ਤੋਂ ਮੁਕਤੀ ਨਹੀਂ ਮਿਲਦੀ ਤੇ ਹਉਮੈ ਵਿਚ ਕਰਮ ਕਮਾਏ ਜਾਂਦੇ ਹਨ । "ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ ਅੰਗ 1258" । ਦੁਖ ਸੁਖ ਨੂੰ ਤਿਆਗ ਕੇ ਪ੍ਰਭੂ ਦੀ ਨਿਰਾਲੀ ਭਗਤੀ ਹੁੰਦੀ ਹੈ । "ਦੂਖ ਸੁਖ ਪਰਹਰਿ ਭਗਤਿ ਨਿਰਾਲੀ ॥1॥ ਰਹਾਉ ॥ ਅੰਗ 1342" ।

ਲੇਕਿਨ ਮਨ/ਹਉਮੈ ਮਾਰੇ ਬਿਨਾ ਭਗਤੀ ਨਹੀਂ ਹੁੰਦੀ! "ਮਨ ਮਾਰੇ ਬਿਨੁ ਭਗਤਿ ਨ ਹੋਈ ॥2॥ ਅੰਗ 329"। ਅਤੇ "ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ ਅੰਗ 560"। ਪ੍ਰੇਮਾ ਭਗਤੀ ਦਾ ਇਹ ਮਾਰਗ ਔਖਾ ਹੈ; ਕਿਸੇ ਵਿਰਲੇ ਨੂੰ ਇਹ ਗੁਰੂ ਦੁਆਰੇ ਤੋਂ ਪ੍ਰਾਪਤ ਹੁੰਦਾ ਹੈ ॥ "ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥ ਅੰਗ 440"। ਪ੍ਰਭੂ ਨੇ ਆਪਣੀ ਸਿਫ਼ਤ ਸਲਾਹ ਤੇ ਭਗਤੀ ਕਿਸੇ ਵਿਰਲੇ ਨੂੰ ਦਿੱਤੀ ਹੈ । "ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ ॥ ਅੰਗ 958"। ਇਸ ਕਰਕੇ ਕਰਤਾਰ ਤੋਂ ਉਸਦੀ ਭਗਤੀ/ਬੰਦਗੀ ਦੀ ਮਿਹਰ/ਦਇਆ ਲਈ ਅਰਦਾਸ ਕਰਨੀ ਚਾਹੀਦੀ ਹੈ । "ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥ ਅੰਗ 897"। ਇਥੋਂ ਤੱਕ ਕਿ ਬ੍ਰਹਮਾ, ਸ਼ਿਵ, ਸਿੱਧ, ਮੁਨੀ, ਇੰਦ੍ਰ (ਆਦਿਕ, ਦੇਵਤੇ) ਵੀ ਪ੍ਰਭੂ ਤੋਂ ਉਸ ਦੀ ਭਗਤੀ ਤੇ ਉਸ ਦੀ ਸਿਫ਼ਤਿ-ਸਾਲਾਹ ਦੀ ਦਾਤਿ ਮੰਗਦੇ ਰਹਿੰਦੇ ਹਨ । "ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਭਗਤਿ ਦਾਨੁ ਜਸੁ ਮੰਗੀ ॥1॥ ਅੰਗ 1322"। ਪ੍ਰਭੂ ਵਾਰ ਵਾਰ ਕ੍ਰਿਪਾ ਕਰਕੇ ਆਪਣੇ ਸੇਵਕ ਦੇ ਮਨ 'ਚ ਭਗਤੀ ਦ੍ਰਿੜ (ਪੱਕੀ) ਕਰਦਾ ਹੈ ਤੇ ਅਜਿਹੇ ਸੇਵਕ ਦੇ ਪਿੱਛੇ ਲੱਗ ਕੇ ਸਾਰਾ ਜਗਤ ਤਰ ਜਾਂਦਾ ਹੈ। "ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ ॥7॥ ਅੰਗ 982"। ਪੂਰਾ ਸਤਿਗੁਰੂ ਵੀ (ਆਪਣੇ ਸਿੱਖ ਦੇ ਅੰਦਰ) ਭਗਤੀ ਨੂੰ ਦ੍ਰਿੜ (ਪੱਕੀ) ਕਰਦਾ ਹੈ। "ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ ਅੰਗ 1056" । ਲੇਕਿਨ ਜੇ ਕਿਸਮਤ ਵਿਚ ਹੋਵੇ ਤਾਂ! "ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥ ਅੰਗ 1061" ।

ਭਗਤੀ ਕਿੰਨੇ ਪ੍ਰਕਾਰ ਦੀ ਹੁੰਦੀ ਹੈ? ਨੌਂ ਤਰ੍ਹਾਂ ਦੀ! "ਭਗਤਿ ਨਵੈ ਪਰਕਾਰਾ ॥ ਅੰਗ 71"। ਜੋ ਕਿ ਇਸ ਤਰ੍ਹਾਂ ਹਨ:

**ਸ੍ਰਵਣ ਭਗਤੀ:** ਪ੍ਰਭੂ ਦਾ ਨਾਮ/ਕੀਰਤੀ ਸੁਣਨੀ । "ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥ ਸੁਖੁ ਪਾਵਹਿ ਹਰਿ ਦੁਆਰਿ ਪਰਾਨੀ ॥1॥ ਰਹਾਉ ॥ ਅੰਗ 200"। "ਸ੍ਰਵਨ ਸੁਨਨ ਭਗਤਿ ਕਰਨ ਅਨਿਕ ਪਾਤਿਕ ਪੁਨਹਚਰਨ ॥ ਅੰਗ 1230"।

**ਕੀਰਤਨ:** ਪ੍ਰਭੂ ਦੇ ਨਾਮ ਤੇ ਸਿਫਤ ਸਲਾਹ ਨੂੰ ਗਾਉਣਾ । "ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥ ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥1॥ ਰਹਾਉ ॥ ਅੰਗ 1298"।


**ਸਿਮਰਨ:** ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ । "ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ ॥ ਅੰਗ 295"। ਅਤੇ "ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥ ਅੰਗ 749"।

ਬਾਕੀ ਅਗਲੇ ਹਫ਼ਤੇ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



# ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ ਧਾਰਮਿਕ ਸੇਵਾਦਾਰ (ਲਾਂਗਰੀ) ਦੀ ਲੋੜ ਹੈ

ਨਾਨਕਸਰ ਗੁਰਦੁਆਰਾ ਗੁਰ ਸਿੱਖ ਟੈਂਪਲ ਕਵੈਂਟਰੀ ਵਿਖੇ ਧਾਰਮਿਕ ਸੇਵਾਦਾਰ ਇੱਕ ਲਾਂਗਰੀ ਦੀ ਤੁਰੰਤ ਲੋੜ ਹੈ।

**ਨੌਕਰੀ ਦਾ ਮਕਸਦ:** ਸਿੱਖ ਧਰਮ ਦੇ ਨਿਯਮਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਮੁੱਖ ਕੰਮ ਲਾਂਗਰੀ ਵਜੋਂ ਡਿਊਟੀ ਕਰਨਾ ਹੈ ਜਿਸ ਵਿੱਚ ਸ਼ਾਮਲ ਹੈ ਤਿੰਨ ਵਕਤ ਸ਼ਾਕਾਹਾਰੀ ਭੋਜਨ ਤਿਆਰ ਕਰਨਾ, ਨਿਤਨੇਮ, ਸੁਖਮਨੀ ਸਾਹਿਬ ਪਾਠ, ਅਰਦਾਸ ਅਤੇ ਸੁਖਾਸਨ ਕਰਨ ਦੀਆਂ ਡਿਊਟੀਆਂ ਦੇ ਨਾਲ ਨਾਲ ਗੁਰਦੁਆਰੇ ਦੀਆਂ ਹੋਰ ਆਮ ਡਿਊਟੀਆਂ। ਸਿੱਖ ਮਰਿਆਦਾ ਅਨੁਸਾਰ ਹੋਰ ਸਮਾਗਮਾਂ ਵਿੱਚ ਮੁੱਖ ਗ੍ਰੰਥੀ ਦੀ ਮਦਦ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੋਜ਼ਾਨਾ ਸਿੱਖ ਅਰਦਾਸ ਦਾ ਪਾਠ ਕਰਨਾ, ਹਫਤਾਵਾਰੀ ਦੀਵਾਨ ਦਾ ਆਯੋਜਨ ਕਰਨਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ। ਲੋੜ ਅਨੁਸਾਰ ਸੰਗਤ ਦੇ ਘਰ ਵਿੱਚ ਪਾਠ ਦੀ ਸੇਵਾ ਕਰਨਾ। ਗੁਰੂ ਘਰ ਦੇ ਅੰਦਰ ਸਾਰੇ ਵਿਭਾਗਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨਾ। ਗੁਰਦੁਆਰਾ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ ਕਰਨਾ। ਗੁਰਦੁਆਰੇ ਦੀ ਇਮਾਰਤ ਨੂੰ ਜਿੰਦਰੇ ਲਾਉਣ ਤੇ ਖੋਲ੍ਹਣ ਦੀ ਜ਼ਿੰਮੇਵਾਰੀ ਅਤੇ ਇਹ ਸੇਵਾਦਾਰ ਮੁੱਖ ਗ੍ਰੰਥੀ ਦੀ ਸਿਰਫ ਮਦਦ ਕਰਨਗੇ ਪਰ ਖੁਦ ਸੰਗਤ ਦੀ ਅਗਵਾਈ ਨਹੀਂ ਕਰਨਗੇ।

**ਕੰਮ ਦਾ ਵੇਰਵਾ :** ਕੰਮ ਦੇ ਘੰਟੇ: ਪ੍ਰਤੀ ਹਫਤੇ 20 ਘੰਟੇ ਤੋਂ 30 ਘੰਟੇ

**ਤਨਖਾਹ:** ਸਰਕਾਰ ਦੁਆਰਾ ਨਿਯਤ ਕੀਤੀ ਪ੍ਰਤੀ ਘੰਟੇ ਲਈ ਘੱਟੋ ਘੱਟ ਤਨਖਾਹ

**ਲਾਭ:** ਰਿਹਾਇਸ਼ ਅਤੇ ਖਾਣਾ ਮੁਫਤ ਪ੍ਰਦਾਨ ਕੀਤਾ ਜਾਵੇਗਾ

**ਲੋੜਾਂ:** ਗੁਰਮੁਖੀ ਪੜ੍ਹਨ ਅਤੇ ਬੋਲਣ ਦੇ ਯੋਗ ਹੋਣਾ ਚਾਹੀਦਾ ਹੈ। ਕਾਫੀ ਤਜ਼ਰਬਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਸਮਾਜਿਕ ਅਤੇ ਵਧੀਆ ਗੱਲਬਾਤ ਕਰਨ ਦੀ ਕਾਬਲੀਅਤ।

**ਹੋਰ ਵੇਰਵੇ:** ਬਿਨੈਕਾਰ ਯੂ ਕੇ ਦੇ ਵਸਨੀਕ ਹੋਣ ਜਾਂ ਉਨ੍ਹਾਂ ਕੋਲ ਕੰਮ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਚਾਹਵਾਨ ਬਿਨੈਕਾਰ ਵਧੇਰੇ ਜਾਣਕਾਰੀ ਲਈ ਹੇਠਾਂ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੇ ਹਨ
ਅਰਜ਼ੀਆਂ ਤੇ ਆਪਣੇ ਵੇਰਵੇ ਹੇਠਾਂ ਦਿੱਤੇ ਈਮੇਲ ਰਾਹੀਂ 15-11-2024 ਤਾਰੀਖ ਤੋਂ ਪਹਿਲਾਂ ਭੇਜੋ

ਵਧੇਰੇ ਜਾਣਕਾਰੀ ਲਈ: ਬਲਰਾਜ ਸਿੰਘ ਜੌਹਲ – 07899 937663 Tel: 024 7622 0434
or info@nanaksarglobal.com / www.nanaksarglobal.com

Nanaksar Gurdwara Gursikh Temple
*UK Registered Charity No. 512089*
224-226 FOLESHILL ROAD, COVENTRY, WEST MIDLANDS CV1 4HW, U.K.

# ਤਖ਼ਤ ਉੱਪਰ ਸੋਈ ਬੈਠੇ ਜੋ ਤਖ਼ਤ ਦੇ ਕਾਬਲ ਹੋਵੇ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਜਿਸ ਕਾ ਕਾਮ ਉਸੀ ਕੋ ਸਾਜੇ, ਔਰ ਕਰੇ ਤੋ ਡੀਗਾ ਬਾਜੇ, ਅੱਜ ਸਾਡਾ ਆਹ ਹਾਲ ਹੈ ਤਖ਼ਤ ਮੀਰੀ ਤੇ ਪੀਰੀ:- ਗੁਣੀ ਗਿਆਨੀ ਤਵਾਰੀਖੀ ਪ੍ਰਧਾਨੀ ਖੋਜ ਕਰੋ, ਮੀਆਂ ਮੀਰ, ਪੀਰ ਬੁੱਧੂ ਸ਼ਾਹ ਕੀ ਮਾਨਤਾ ਹੈ, ਵਿਸਥਾਰ ਨਾਲ ਕਥਾ ਸੁਣਾਉ ਮੀਰ ਇਸਲਾਮੀ ਪ੍ਰਥਾ ਵਿਚ ਮਰਾਸੀ ਜੋ ਬਾਦਸ਼ਾਹਾਂ ਦੇ ਦਰਬਾਰ ਸਿਫ਼ਤੀ ਸਨ ਮਹਾਰਾਜਾ ਸ਼ੇਰੇ ਪੰਜਾਬ ਨੂੰ ਬੀਰਬਲ ਕਹਿੰਦਾ ਤੇਰੀ ਇਕੋ ਅੱਖ ਸੁਲੱਖਣੀ ਪਈ ਲੱਖਾਂ ਤਾਰੇ, ਤੈਨੂੰ ਨਿਉ ਨਿਉ ਕਰਨ ਸਲਾਮਾਂ ਦੋ ਅੱਖੀਆਂ ਵਾਲੇ, ਕਹਿਣ ਦਾ ਢੰਗ ਜਗਤ ਤੇ ਸੂਝ ਬੂਝ ਪੀਰ ਭਗਤ ਰੱਬ ਦੀਆਂ ਦਿੱਤੀਆਂ ਖਾਏ ਰੱਬ ਦੇ ਰੰਗਾਂ ਵਿੱਚ ਲੀਨ, ਬਾਕੀ ਜੋ ਅਕਾਲ ਤਖ਼ਤ ਦੀ ਕਹਾਣੀ ਹੈ ਸਮੇਂ ਦੇ ਸੰਕਲਪ ਲਈ ਲੋੜ ਸੀ, ਪਹਿਲਾਂ ਤਾਂ ਧੌਲਰ ਨਹੀਂ ਸੀ, ਇਕ ਥੜਾ ਜਿਮੇ ਗੁਰੂ ਘਰ ਮਗਰੋਂ ਪਰ ਪ੍ਰਥਾ ਠਰੰਮਾਂ ਰੱਖਣ ਲਈ ਬੇਸੁਰੇ ਨਾ ਤੁਰੇ ਫਿਰਨ ਇਕ ਦਾ ਹੁਕਮ ਚੱਲੇ ਮੰਨੋ ਉਸ ਵੇਲੇ ਹਕੂਮਤਾਂ ਸਨ ਜ਼ੁਲਮੀ ਭੀ ਸਮੇਂ ਬਦਲ ਗਏ, ਮਨੁੱਖੀ ਮਨ ਘੜਤਾਂ ਵਿੱਚ ਪੈ ਗਏ, ਆਪਸੀ ਭੀ ਖ਼ੁੰਦਕਾਂ ਸਾੜਾ ਫੇਰ ਸਰਕਾਰੇ ਦਰਬਾਰੇ ਪਹੁੰਚਾਂ, ਵਿਰੋਧੀ ਧਿਰਾਂ ਨਾਲ ਗੰਢ ਤੁੱਪ ਦੌਰ ਅਰੰਭ ਹੋ ਗਏ ਤਰੱਕੀਆਂ ਕਰਨ ਲੱਗ ਪਏ ਤੇ ਜੱਫੇਮਾਰੀਆਂ ਭੀ, ਨਉਂ ਹੋਰ ਸਨ। ਆਪਣੇ ਮਨਸੂਬਿਆਂ ਨਾਲ ਹੀ ਗੁਮਾਨਾਂ ਨੂੰ ਹੰਕਾਰ ਨੂੰ ਭੀ ਮੂੰਜੀ ਵਾਂਗੂੰ ਪਾਣੀ ਚਾਹੀਦਾ ਸੀ, ਬੱਸ ਤੁਰ ਪਈ ਰੀਤ ਜੀ ਜਥੇਦਾਰ ਬਾਪੋ, ਗੁਰੂ ਮੱਤ ਹੈ, ਉਹਦਾ ਹੁਕਮ ਭੀ ਹੁਕਮਨਾਮਾਂ, ਗੁਰੂ ਗ੍ਰੰਥ ਵਿੱਚੋਂ ਭੀ ਹੁਕਮਨਾਮਾਂ ਮਾੱਤੜ ਧਮਾੱਤੜ ਤਾਂ ਤੱਪੜਾਂ ਬੈਠ ਕੇ ਜੀ ਜੀ ਕਰਨ ਨੂੰ ਸਨ, ਵੱਧਦਾ ਹੀ ਗਿਆ ਕੰਮ, ਹੁਣ ਤਾਂ ਤਖ਼ਤ ਸੁਪਰੀਮ ਕੋਰਟ ਬਣ ਗਈ ਹੁਕਮ ਗੁਰੂ ਗ੍ਰੰਥ ਵਿੱਚੋਂ ਨਹੀਂ ਗ੍ਰੰਥੀ ਜੱਜ ਕਰਨਗੇ ਲਾਤਾ ਬੇੜਾ ਪਾਰ, ਲੋਕਤੰਤਰ ਵਿੱਚ ਧਾਰਮਿਕ ਸਜ਼ਾ ਤਾਂ ਮੰਨੀ ਜਾ ਸਕਦੀ ਹੈ ਪਰ ਸਰਕਾਰੀ, ਅਪਰਾਧੀ ਨਹੀਂ ਇਹ ਹਉਆ ਅਕਾਲੀ ਦਲ 'ਤੇ ਸ਼੍ਰੋਮਣੀ ਕਮੇਟੀ ਨੇ ਮੜਿਆ ਸੀ, ਦੇਖ ਲਿਆ ਨਤੀਜਾ, ਘੋਘ ਦੀ ਰੀਸ, ਘੋਘ ਤਾਂ ਹੰਡਿਆ ਪੜ੍ਹਿਆ ਤੇ ਨਿਰਪੱਖ ਹੈ। ਯਾਦ ਰੱਖਿਉ ਇਨ੍ਹਾਂ ਗ੍ਰੰਥੀਆਂ ਦਾ ਜਾਣਾ ਕੁਝ ਨੀ ਪੰਜਾਬ ਦਾ ਰਹਿਣਾ ਕੁਝ ਨੀ, ਮੇਰੀ ਪੁਸ਼ਾਨੀ ਪ੍ਰਸ਼ੀਨੀ ਸਾਂਭ ਰੱਖਿਉ ਭਰਨੀਆਂ ਪੰਜਾਬੀਆਂ ਨੂੰ ਪੈਣੀਆਂ ਹਨ ਨਾ ਕਾਂਗਰਸ ਨਾ ਭਾਜਪਾ ਤੇ ਨਾ ਹੀ ਆਮ ਤਾਂ ਸ਼ਾਇਦ ਪ੍ਰਾਹੁਣੀ ਹੀ ਹੈ ਸਭ ਤਾੜੀ ਮਾਰ ਨੇ ਸੁਹਿਰਦ ਨਹੀਂ, ਵਿਦੇਸ਼ੀ ਭੀ ਭਰਨਗੇ, ਉਡੀਕ ਕਰੋ ਹੰਕਾਰ ਮਾਰੂ ਜਿਮਨੀ ਚੋਣਾਂ ਦਾ ਬਿਗਲ ਤਾਂ ਕਿਸਾਨਾਂ ਨੇ ਧਰਨੇ ਕੀ ਸੰਕੇਤ ਹਨ, ਕਿਸਾਨਾਂ ਦੀਆਂ ਔਕੜਾਂ ਨਹੀਂ ਭਾਈ ਕਾਂਗਰਸ ਦੀਆਂ ਸੀਟਾਂ ਹਨ, ਰਹੀ ਗੱਲ ਝੋਨੇ ਦੀ ਕੀ ਕੇਂਦਰ ਨੇ ਸਲਾਹ ਨਹੀਂ ਸੀ ਦਿੱਤੀ ਕਿ ਝੋਨਾ ਨਾ ਬੀਜੋ ਪਰ ਹਟੇ ਨਹੀਂ, ਹੁਣ ਬਹੁਲਤਾ ਹੋ ਗੀ ਚੁੱਕ ਨੀ ਹੁੰਦਾ, ਨਾਲੇ ਤਾਂ ਜ਼ਮੀਨ ਬੰਜਰ ਕਰਨਗੇ, ਪਾਣੀ ਦੀ ਘਾਟ, ਧਰਨਿਆਂ ਵਿੱਚ ਸਮਾਂ ਨਸ਼ਟ, ਕੰਮ ਤੋਂ ਅਵੇਸਲੇ ਤੇ ਪ੍ਰਵਾਸੀਆਂ 'ਤੇ ਨਿਰਭਰਤਾ, ਸ਼ੈਲਰ, ਆੜਤੀਏ ਭੀ ਆਪਣੀ ਕਮਾਈ ਲਈ ਨਾਲ ਰਲ੍ਹ ਗਏ, ਰਾਜੇਵਾਲ ਦੀ ਆਪਣੀ ਸ਼ੈਲਰ, ਆੜਤਾਂ ਨਾਲ ਘੁਣਖੀ ਬਜਦੀ ਹੈ।

**ਭੱਖਦੇ ਮੁੱਦੇ:- 1 ਤਖਤੀ ਗਿਆਨੀ ਸੰਕਟ 11 ਕਤਲ ਗੈਂਗਸਟਰ:-**

ਅਕਾਲ ਤਖ਼ਤ ਦਾ ਹੁਕਮ ਜਾਂ ਗਿਆਨੀ ਸਮੇਂ ਦਾ ਹੈ ਕੋਈ ਕੰਮਕਾਰੀ ਨੌਕਰੀ ਦੇਣਾ ਜੀਹਦੇ ਪੁੱਛੇ ਬਗੈਰ ਛੁੱਟੀ ਲਏ ਬਿਨਾਂ ਤੁਸੀਂ ਜਿਥੇ ਮਰਜ਼ੀ ਜਾਉ, ਨੌਕਰੀ ਤੋਂ ਬਰਖ਼ਾਸਤੀ, ਪਰ ਇਥੇ ਦੇਖੋ ਗਿ: ਹਰਪ੍ਰੀਤ ਸਿੰਘ, ਚੱਢੇ 'ਤੇ ਵਿਆਹ 'ਤੇ ਸਿਰਫ਼ ਬੇਟੀ (ਨਾਲ ਸੀ) ਦੀ ਕਲਾਕਾਰਾਂ ਵੱਲ ਰੁਚੀ ਕਰਕੇ ਉਹ ਚੱਢੇ ਦੀ ਪਤਨੀ ਨੂੰ ਮਿਲਣਾ ਚਾਹੁੰਦਾ ਸੀ। ਅਮਿਤ ਸ਼ਾਹ ਨਾਲ ਭੀ ਨਿੱਜੀ ਮੁਫਾਦ ਲੱਗਦਾ, ਰਹੀ ਗੱਲ ਵਿਰਸਾ ਸਿੰਘ ਵਲਟੋਹਾ ਵਿਵਾਦ ਵਿੱਚ ਕਿ ਮੈਨੂੰ ਟੈਲੀਫੂਨ 'ਤੇ ਧਮਕੀ ਪੁਲਸ ਨੂੰ ਫੂਨ ਫੜਾਉ, ਮੇਰੇ ਸੂਤਰਾਂ ਅਨੁਸਾਰ ਕਿ ਬੇਟੀ ਨੂੰ ਕੇਵਲ ਇੰਨਾ ਹੀ ਲਿਖਿਆ ਸੀ ਕਿ (ਸੋਸ਼ਲ ਮੀਡੀਏ) ਵਾਲ ਕੱਟੇ ਤੇ ਜੀਨ ਪਾਣੀ ਕੋਈ ਅਸ਼ਲੀਲਤਾ ਜੇਕਰ ਹੋਰ ਹੋਵੇ ਤਾਂ ਨਿੰਦਨ ਹੈ। ਹੁਣ ਜੋ ਘਸਮਾਣ ਪੁਆਇਆ ਸਭ ਸਿਆਸਤ ਪਰ ਜੋ ਹੁਕਮ ਦਾਗਿਆ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢੋ ਤੇ ਫੇਰ ਮੁੜ ਨਾ ਵਾੜਿਉ ਇਹ ਇਨ੍ਹਾਂ ਦਾ ਅਧਿਕਾਰ ਨੀ, ਆਖਰ ਸੁਖਬੀਰ ਨਾਲ ਕਿੜ ਫੈਸਲਾ ਲਮਕਾਉ, ਚੋਣਾਂ ਵਿੱਚੋਂ ਹਟਾਉ, ਹੁਣ ਦੂਸ਼ਣ ਲੁਆਵੋ, ਭੱਜ ਗਏ ਹਾਲੇ ਇਹ ਸਤਿਕਾਰਯੋਗ, ਜੋ ਚੈਨਲਾਂ ਨੇ ਕਾਂਗਰਸੀ ਹੋਰ ਵਿਰੋਧੀ ਜੀ ਜਥੇਦਾਰਾਂ ਨੂੰ ਮਹਾਨ ਮੰਨਦੇ ਹਾਂ ਦੱਸੋ ਕਿਹੜਾ ਕੋਈ ਹੋਰ ਤਨਖਾਈਆ ਕਰਾਰਤਾ ਸੀ ਅਕਾਲੀਆਂ ਤੋਂ ਛੁੱਟ, ਤਖ਼ਤ ਢਾਅ ਢੇਰੀ ਵਾਲੇ ਜੀ ਅਸੀਂ ਸਮਰਪਿਤ ਹਾਂ ਧਰਮ ਹੈ ਜਾਂ ਮੱਕਾਰੀ ਕੀ ਹੁਣ ਗ੍ਰੰਥੀ ਗੁਨਾਹਗਾਰ ਨਹੀਂ? ਸਜ਼ਾ ਮਿਲੇਗੀ? ਜਾਂ ਸਿਰ 'ਤੇ ਚੜਨਗੇ ਕੌਮ, ਧਰਮ ਦਾ ਥੱਲਾ ਇਸ ਕਰਕੇ ਲੱਗਿਆ ਹੈ ਸਾਧਾਰਨ ਸਿੱਖਾਂ ਤਾਂ ਰਾਖੇ ਨੇ ਇਹ ਤੌਖਲਾ ਹੁਣ ਹਟਣਾ ਚਾਹੀਦਾ ਹੈ ਤਖ਼ਤ ਮਹਾਨ ਹੈ ਨਾ ਕਿ ਗ੍ਰੰਥੀ ਵਿਧੀ ਬਣਾਉ ਕਮੇਟੀ ਗਠਨ ਹੋਵੇ ਤੇ ਨੌਕਰੀ ਦੀਆਂ ਸ਼ਰਤਾਂ ਹੋਣ, ਗ੍ਰੰਥੀ ਕਦਾਚਿਤ ਨਾ ਹੀ ਬੈਠਣ ਨਾ ਹੀ ਸਲਾਹਾਂ ਦੇਣ, ਖੁਦਮੁਖ਼ਤਾਰ ਹੋਵੇ ਤਖ਼ਤ ਗਲ੍ਹਬਾ ਸਰਕਾਰੂ ਨਾ ਤੇ ਨਾ ਹੀ ਸਿਆਸੀ ਪਾਰਟੀਆਂ ਅਕਾਲੀ ਦਲ ਤਾਂ ਅਧਾਰਤ ਹੈ ਬਾਕੀ ਪਾਰਟੀਆਂ ਦੇ ਆਪਣੇ ਫੰਡ ਹਨ।

ਕਾਂਗਰਸ ਦੇ ਬਿਰਲੇ ਟਾਟੇ, ਭਾਜਪਾ ਦੇ ਅਡਾਨੀ ਤੇ ਆਮ ਦੇ ਆਪਣੇ, ਅਕਾਲੀਆਂ ਦੀਆਂ ਕੁਰਬਾਨੀਆਂ ਕਰਕੇ ਸੰਗਠਨ ਸੀ: ਹੁਣ ਸ਼ਹੀਦਾਂ ਦੀਆਂ ਕੁਰਬਾਨੀਆਂ ਕਰਕੇ ਪਾਰਟੀਆਂ ਬਣ ਰਹੀਆਂ ਹਨ, ਕੀ ਅਧੀਨ ਹਨ? ਇਹ ਸੂਬੇ ਦੇ ਭੀ ਦਰਦੀ ਨਹੀਂ ਖੇਤਰੀ ਪਾਰਟੀ ਦਾ ਘਾਣ ਕਰ ਧਰਿਆ, ਮੈਨੂੰ ਨਿੰਦਦੇ ਨੇ ਜੀ ਇਹ ਸੰਤਾਂ ਵਿਰੁੱਧ ਲਿਖਦੀ ਹੈ ਸੰਤ ਗੁਰੂ ਨਹੀਂ ਤੇ ਜੇਕਰ ਪੱਤਰਕਾਰ ਲਗੋਚਰਾਂ ਲਉਣ ਤੇ ਚੈਨਲਾਂ 'ਤੇ ਹਿੱਤੂ ਪਾਲਣ ਤੇ ਇਤਿਹਾਸਕ ਤੱਥ ਭੀ ਪ੍ਰੋਖੇ ਕਰਨ ਤਾਂ ਕੋਈ ਲੇਖਕ ਨਿੱਤਰੇ ਤਾਂ ਦੂ-ਦੂ ਕਰਕੇ ਮਗਰ ਪਵੋ ਫੇਰ ਦੱਸੋ ਪ੍ਰਾਪਤੀਆਂ ਵਿਦੇਸ਼ੀ ਵਸੇਵੇ? ਪਾਣੀਆਂ ਦਾ, ਰਾਜਧਾਨੀ ਦਾ, ਭਾਸ਼ਾ ਦਾ ਤੇ ਪੰਜਾਬੀ ਬੋਲਦੇ ਇਲਾਕੇ ਮੰਗੋ ਮੋੜ ਕੇ ਲਹਿਰ ਨੇ ਹੱਲ ਕੀਤੇ, ਹੁਣ ਕਿਸਾਨ ਆਗੂਆਂ ਦੀ ਮੰਗ ਹੈ? ਅੱਗੇ ਚੱਲੋ ਮੀਰੀ-ਪੀਰੀ ਵਿਦਵਾਨੋ ਨਾ ਤਾਂ ਤੁਸੀਂ ਮੀਰੀ ਦਾ ਪਿਛੋਕੜ ਜਾਣਦੇ ਹੋ ਨਾ ਪੀਰੀ ਦਾ, ਅੱਖਰ ਇਸਲਾਮੀ ਹਨ, ਸੁਣੋ ਮੀਰ ਮਰਾਸੀ ਹਨ ਮਹਾਰਾਜਾ ਸ਼ੇਰੇ ਪੰਜਾਬ ਦੇ ਦਰਬਾਰੀ ਬੀਰਬਲ ਕਥਨ ਤੇਰੀ ਇਕੋ ਅੱਖ ਸੁਲੱਖਣੀ ਪਈ ਲੱਖਾਂ ਤਾਰੇ, ਤੈਨੂੰ ਨਿਉ ਨਿਉ ਕਰਨ ਸਲਾਮਾਂ ਦੋ ਦੋ ਅੱਖੀਆਂ ਵਾਲੇ, ਮਰਾਸੀ ਫੁਰਨਿਆਂ ਦੇ ਮਾਹਰ ਪੀਰ ਦਰਵੇਸ਼, ਭਗਤ, ਰੱਬ ਦੀਆਂ ਦਿੱਤੀਆਂ ਖਾਣ, ਰੱਬ ਦੀ ਅਬਾਦਤ ਵਿੱਚ ਰੁੱਝੇ ਮੀਆਂ ਮੀਰ ਪੀਰ ਬੁੱਧੂ ਸ਼ਾਹ ਤੁਸੀਂ ਮਾਅਨੇ ਮਰਜੀ ਦੇ ਕੱਢਦੇ ਹੋ ਉਸ ਵੇਲੇ ਦੀ ਹਕੂਮਤ ਮੁਗਲ ਪਰ ਬਗਾਵਤ ਤੋਂ ਡਰ, ਸਾਡੇ ਧਰਮਾਂ ਨੂੰ ਗਰਾਂਟਾਂ (ਅੱਜ ਵਾਂਗੂੰ) ਕਿਉਂ ਲੋਕਾਂ ਨੂੰ ਗਲਤ ਪਾਸੇ ਤੋਰਦੇ ਹੋ, (ਗੁਰੂ ਨਾਨਕ ਦੇਵ) ਵੱਡੇ ਫਲਾਸਫਰ ਤੇ ਸਮਾਜ ਸਧਾਰੂ ਸਨ ਹਰ ਕੁਰੀਤੀ ਨੂੰ ਨਿੰਦ ਕੇ ਰਸਤੇ ਪਾਇਆ, ਹਿੰਦੂਆਂ ਨੂੰ ਕਿਉਂਕਿ ਉਨ੍ਹਾਂ ਦਾ ਆਪਣਾ ਭਾਈਚਾਰਾ ਸੀ, ਮੁਸਲਮਾਨਾਂ ਨੂੰ ਬਾਲਾ ਤੇ ਮਰਦਾਨਾ ਸਾਥੀ ਸਨ, ਧਰਮ, ਮਜ਼੍ਹਬ ਦਾ ਪ੍ਰਮੇਸ਼ਰ ਨਾਲ ਜੁੜਨ ਦਾ ਰਾਹ ਦੱਸਿਆ, ਕੁਰੀਤੀਆਂ ਨੂੰ ਦਲੀਲ ਨਾਲ ਹਟਣ ਲਈ ਸਲਾਹਾਂ, ਨਾ ਕਿ ਰੈਵੋਲੂਸ਼ਨਰੀ ਢੰਗ ਤੇ (ਗੁਰੂ ਨਾਨਕ ਦੇਵ) ਕੁਰਾਹਿਆ ਦੱਸਣ ਵਾਲੇ ਇਨ੍ਹਾਂ ਵਿੱਚੋਂ ਹੀ ਸਨ, ਅੱਜ ਭੀ ਧਰਮ ਦੀ ਦੁਰਵਰਤੋਂ ਕਰਦੇ ਨੇ, ਗੁਰੂ ਉਪਦੇਸ਼ ਨਹੀਂ ਕਿ ਦਸਵੰਧ ਨੂੰ ਨਿੱਜੀ ਸ਼ੁਹਰਤਾ ਲਈ ਵੰਡੋ, ਗੁਰੂ ਘਰਾਂ ਵਿੱਚ ਪ੍ਰਚਾਰਕਾਂ ਨੂੰ ਕਥਾਵਾਚਕਾਂ ਨੂੰ ਵਾਰਾਂ ਗਾਉਣ ਵਾਲਿਆਂ ਨੂੰ ਸੱਦ ਕੇ ਆਪਣੀ ਚੌਧਰ ਲਈ ਕੌਮ ਨੂੰ ਤਣਾਅ ਵਿੱਚ ਪਾਵੋ, ਸਿੱਖਾਂ ਵਿੱਚ ਤਣਾਅ ਇਨ੍ਹਾਂ ਦੀਆਂ ਸਾਰਾ ਦਿਨ ਵੱਡ-ਟੁੱਕ, ਸੋਧੇ ਲਾਉਣੇ ਸ਼ਹੀਦ ਕੀ ਕਦੀ ਗੁਰਬਾਣੀ ਦੇ ਅਰਥਾਂ ਦੀ ਲੜੀ ਛੇੜਦੇ ਨੇ, ਚੈਨਲ ਨਗਰ-ਕੀਰਤਨਾਂ 'ਤੇ ਪੈਸੇ ਖੱਟਣੇ ਗੁਰੂ ਪਿਆਰਿਉ ਆਖ ਦਿਉ ਦਸਵੰਧ, ਗਰਕਣੀ ਲਿਆ ਧਰੀ, ਲੋਕੀ ਗੁਰੂ ਘਰਾਂ ਤੋਂ ਸੁਣ ਕੇ ਆ ਕੇ ਚੈਨਲਾਂ 'ਤੇ ਉਹੀ ਕੁਝ ਬੋਂਦੇ ਬਾਗੀ ਵੰਡਦੇ ਇਕੱਲੇ ਫੇਰ ਜੀ ਮਾਨਸਿਕ ਰੋਗ, ਮਾਨਸਿਕ ਰੋਗ ਕਿਤੇ ਅੰਬਰੋਂ ਨੀ ਡਿੱਗਿਆ, ਅਸੀਂ ਸਹੇੜਿਆ ਹੈ, ਧਰਮ ਦੇ ਵਾਪਾਰ ਨੇ ਮੈਂ ਮੰਨਦੀ ਹਾਂ ਕਿ ਸ਼੍ਰੋਮਣੀ ਕਮੇਟੀ 'ਤੇ ਭੀ ਕਬਜ਼ਾ ਇਸੇ ਵਰਗ ਦਾ ਹੈ, ਲਹਿਰ ਨੇ ਸਭ ਕਾਮਰੇਡ, ਨਕਸਲੀਏ, ਸੰਸਥਾਵਾਂ ਵਿੱਚ ਵਾੜ ਕੇ ਧਰਮ ਦੀ ਮੁੱਢਲੀ ਕਿਰਿਆ ਹੀ ਨਸ਼ਟ ਕਰਤੀ, ਚੈਨਲ 'ਤੇ ਇਕ ਬੜਾ ਪੱਤਰਕਾਰ ਦੋ ਚੈਨਲਾਂ 'ਤੇ ਸਾਹੋ ਸਾਹੀ ਅਕਾਲੀ ਵਿਰੋਧੀ ਵਾਰਤਾ ਵਿੱਚ ਮਾਹਰ, ਇਕੋ ਦਿਨ ਕਹਿੰਦਾ ਅਸੀਂ ਚੋਣਾਂ ਦੇ ਬੂਥ 'ਤੇ ਸੀ, ਪਰ ਰੋਟੀ ਸਾਨੂੰ ਅਕਾਲੀਆਂ ਨੇ ਖੁਆਈ, ਮੈਂ ਕਿਹਾ ਭਾਈ ਸ਼ਾਬਾਸ਼ੇ ਲੂਣ ਖਾ ਕੇ ਫੁੱਲ ਗਏ, ਯਾਨੀ ਜੇਕਰ ਹੁਣ ਅਕਾਲੀ ਪਾਰਟੀ ਦਾ ਥੱਲਾ ਲੁਆ ਤਾ ਫੇਰ ਤੁਹਾਡਾ ਸਭ ਦਾ ਤੇ ਸੂਬੇ ਦਾ ਬਾਜਰਾ ਹੀ ਛਲਕ ਹੋਣਾ ਕੋਈ ਭੀ ਕਾਂਗਰਸ ਨੂੰ ਕੋਸਣ ਨੂੰ ਤਿਆਰ ਨਹੀਂ ਅਕਾਲੀ ਤੇ ਹੁਣ ਆਪ ਭਾਜਪਾ ਤਾਂ ਪਰਮਲ ਖਾ ਰਹੀ ਹੈ। ਪਰ ਸਮਾਂ ਉਡੀਕੋ ਪਰਲੋ ਭੀ ਕਦੀ ਆਉਂਦੀ ਹੈ, ਵਫ਼ਾਦਾਰੀ ਮੁੱਕੇਗੀ ਮਨੁੱਖਤਾ ਅਲੋਪ ਪਸ਼ੂ-ਡੰਗਰ ਤੇ ਆਦਮ ਰਲਗੱਡ।

ਸੌਦੇ ਵਾਲੇ ਦਾ ਮੁੱਦਾ ਚੱਕੀ ਜਾਂਦੇ ਨੇ, ਤਰਲੋਚਨ ਸਿੰਘ ਘੱਟ ਗਿਣਤੀ ਨੇ ਚਿੱਠੀ ਲਿਆਂਦੀ ਪੁੱਛੋ? ਸਿਆਸਤਾਂ ਵਿੱਚ ਉਥਲ ਪੁੱਥਲ ਤਾਂ ਹੁੰਦੀ ਹੀ ਹੈ ਰਹੀਮ ਤਾਂ ਪੰਥ ਵਿੱਚ ਹੈ ਹੀ ਨਹੀਂ ਤਾਂ ਲਾਂਭੇ ਕਰਨ ਦੀ ਤੁੱਕ ਨਹੀਂ ਸੀ ਕਿਉਂ ਇਹ ਡਰਾਮਾ ਜਾਦੂਵਾਲ ਦੇ ਡੇਰੇ ਦੀ ਕਹਾਣੀ ਸੀ, ਮਗਰੋਂ ਉਹ ਕੀ ਹੈ ਮੇਰਾ ਵਿਸ਼ਾ ਨਹੀਂ, ਪੁਸ਼ਾਕ ਭੇਜੀ ਡੇਰੇ ਗਏ, ਸਿਆਸੀਆਂ ਦਾ ਜਾਣਾ ਫਰਜ਼ ਹੁੰਦਾ, ਮਾਲਵੇ ਵਿੱਚ ਤਾਂ ਇਹ ਡੇਰਾ ਪੈਰੋਕਾਰਾਂ ਨਾਲ ਹੀ ਲੱਦਿਆ ਪਿਆ ਹੁਣ ਬੰਦ ਹੈ? ਨਾਲੇ ਧਾਰਮਿਕ ਆਦੇਸ਼ ਹਨ, ਬਖ਼ਸ਼ ਦਿਉ ਬਾਕੀ ਬੇਅਦਬੀ ਹਾਲੇ ਜਾਂਚ ਵਿੱਚ ਸਿੱਧ ਨੀ ਹੋ ਸਕੀ, ਕਿ ਕੇਵਲ ਸੌਦੇ ਦੀ ਹੈ, ਸਿਆਸੀ ਲਾਹੇ ਘੱਟ-ਪਾਰਟੀਆਂ ਦਾ ਹੱਥ ਭੀ ਝੁਠਲਾ ਨੀ ਸਕਦੇ, ਸਿੱਟਾਂ ਭੀ ਆਪਣਾ ਢੋਲ ਵਜਾ ਗਈਆਂ, ਸੈਂਟਰ ਵਿੱਚ ਕਾਰਾਗਰੀਆਂ ਭੀ ਵੈਰੀ ਸਨ, ਹਾਲੇ ਭੀ ਹਨ, ਇਤਿਹਾਸਕ ਤੱਥ ਕਿ ਪੰਜਾਬ ਵੱਖਰਾ ਸੀ ਨਾ ਤਾਂ ਇਹ ਸਿੱਖ ਹੀ ਭੁੱਲਦੇ ਹਨ ਕਿ ਸਾਡਾ ਹੱਕ ਦੱਬਿਆ ਹੈ ਨਾ ਦੇਸ਼, ਬੱਸ ਕੱਸਾ ਕੱਸੀ ਚੱਲੀ ਜਾਂਦੀ ਹੈ, ਅਜੋਕੇ ਸੰਕਟ ਵਿੱਚ ਦੇਖ ਲਵੋ, ਤਖ਼ਤਾਂ ਦੇ ਗ੍ਰੰਥੀ ਝਮੇਲਾ ਅਕਾਲੀ ਦਲ ਦਾ - ਗੈਰ-ਸੰਵਿਧਾਨਕ ਪਾਸੇ ਕਰਨਾ ਡੂੰਘੀ ਸਾਜਿਸ਼ ਦਾ ਸੰਕੇਤ ਲੱਗਦਾ ਹੈ ਅਕਾਲੀ ਦਲ ਵਿੱਚ ਫੁੱਟ ਜਰੂਰ ਹੈ ਪਰ ਪਿੱਛੇ ਕੌਣ? ਪੁਰਾਣੀਆਂ ਰਵਾਇਤਾਂ ਫੇਰ ਜੰਮੀਆਂ, ਕੁਝ ਸਮਾਂ ਠੱਲੀਆਂ ਸਨ, ਮੁੱਢ ਕਿਸਾਨ ਅੰਦੋਲਨ ਤੋਂ ਬੱਝਿਆ, ਭਾਵੇਂ ਭਾਜਪਾ ਨੇ ਬਾਦਲ ਸਾਹਬ ਨੂੰ ਦਿਖਾ ਤਾਂ ਦਿੱਤਾ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ ਨੂੰ ਚੱਕਿਆ ਪਰ ਉਹ ਸਿਆਣੇ ਸਨ ਪੀ ਗਏ ਪਰ ਕਾਨੂੰਨਾਂ ਨੂੰ ਕਾਲੇ ਗਰਦਾਨਣ 'ਤੇ ਹਰਸਿਮਰਤ ਦਾ ਗਰਮੀ ਨਾਲ ਭਾਸ਼ਣ, ਮੇਹਣੇ ਦੇਣੇ ਵਾਜਵ ਨਹੀਂ ਸੀ, ਵੈਰ ਵਿਰੋਧ ਵਿੱਚ ਬਦਲ ਗਿਆ, ਨਾ ਕਿਸਾਨ ਹੀ ਵੱਲ ਆਏ ਨਾ ਕੇਂਦਰ ਨੇ ਕਸਰ ਛੱਡੀ।

ਗੰਭੀਰ ਸਥਿਤੀ ਬਣਾ ਕੇ ਸੂਬੇ ਨੂੰ ਨਕਾਰਾ ਕਰਨਾ ਨੀਤੀ ਨਹੀਂ ਬਦਨੀਤੀ ਹੈ। ਪਰ ਅਗਲੇ ਸਿੱਖਾਂ ਨੂੰ ਮੂਹਰੇ ਕਰਕੇ ਜੰਗ ਬੰਦੀ ਕਰਵਾ ਕੇ ਮੁੜਦੇ ਨੇ, ਵਿਸ਼ਾ:- ਕਤਲਾਂ ਦਾ, ਗੈਂਗਸਟਰਾਂ ਦਾ, ਮੈਂ ਇਕ ਅੱਡਰਾ ਪੱਖ ਲਿਖਣ ਲੱਗੀ ਹਾਂ ਜਿਗਰਾ ਰੱਖ ਕੇ ਪੜ੍ਹਨਾ, ਪੁਰਾਤਨ ਸਮੇਂ ਵਿੱਚ ਭੀ ਗੈਂਗਸਟਰ ਤਾਂ ਹੁੰਦੇ ਸੀ ਨਉਂ ਡਾਕੂ ਜੋ ਅਮੀਰਾਂ ਦੇ ਘਰੀਂ ਲਲਕਾਰ ਕੇ ਧੰਨ ਖੋਹਦੇ ਸਨ, ਪਰ ਗਰੀਬਾਂ ਦੀ ਧੀ ਭੈਣ ਦੇ ਦਰੋਂ ਉਠਾਣ 'ਤੇ ਮੱਦਤ ਕਰਨੀ ਪਿੰਡ ਦੇ ਸਾਂਝੇ ਕੰਮ ਤੇ ਖਰਚ ਦੇਣੇ ਪਰ ਕਿਸੇ ਭੀ ਧੀ ਭੈਣ

ਬਾਕੀ ਹਿਸਾ ਸਫਾ 48 'ਤੇ

47 ਸਫ਼ੇ ਦੀ ਬਾਕੀ

ਵੱਲ ਅੱਖ ਨਹੀਂ ਸੀ ਕਰਦੇ, ਜੱਗਾ ਡਾਕੂ ਨਉਂ ਪ੍ਰਸਿੱਧ ਸੀ। ਮੈਂ ਇਹ ਕਹਾਣੀ ਬਜ਼ੁਰਗਾਂ ਤੋਂ ਸੁਣੀ ਸੀ। ਹੁਣ ਗੈਂਗਸਟਰ ਬਦਨਾਮ ਭੀ ਹਨ ਤੇ ਆਪਸੀ ਖਹਿਬਾਜ਼ੀਆਂ ਵਿੱਚ ਕਤਲ, ਇਸ ਹਫ਼ਤੇ ਇਕ ਕਤਲ ਗੁਰਪ੍ਰੀਤ ਸਿੰਘ (ਪਿੰਡ ਹਰੀ ਨੌਂ) ਦੇ ਸਬੰਧ ਵਿੱਚ ਅਰਸ (ਡੱਲਾ) ਪਿੰਡ ਹੈ ਦਾ ਇੰਨਸਟਰਾਗਰੈਮ ਸੁਣਿਆ ਤੇ ਮੈਂ ਹਿੱਲ ਗਈ ਕਿ ਪੜ੍ਹੇ ਲਿਖੇ ਸੰਸਾਰ ਵਿੱਚ ਮੂਰਖਾਂ ਦੀ ਸੋਚ, ਉਹ ਆਖਦਾ ਹੈ ਕਿ ਅਸੀਂ ਤਾਂ ਗੈਂਗਸਟਰ ਹਾਂ ਰਹਾਂਗੇ ਭੀ, ਸਾਨੂੰ ਏਜੰਸੀਆਂ ਦੇ ਬੰਦੇ ਆਖਣ ਵਾਲੇ ਪੰਥਕ ਦੱਸਣ ਕਿ ਅਸੀਂ ਤਾਂ ਪੁਲਸ ਹਿਰਾਸਤਾਂ ਵਿੱਚ ਇਹ ਬਾਹਰ ਕੌਣ ਏਜੰਸੀਆਂ ਦਾ ਨਾਲ ਉਹਨੇ ਆਖਿਆ ਅਸੀਂ ਤਾਂ ਇਮੇ ਕਤਲ ਕਰਾਂਗੇ (ਮੈਂ ਚੰਗਾ ਨਹੀਂ ਮੰਨਿਆ) ਪਰ ਸੋਚ ਵਿੱਚ ਡੁੱਬੀ ਕਿ ਸੋਹਣੇ ਸੁਨੱਖੇ ਜਵਾਨ ਭੀ ਕਿਸੇ ਦੇ ਪੁੱਤ, ਭਰਾ, ਪਤੀ, ਬਾਪ ਹਨ, ਸਮਾਜ ਨੇ ਧੱਕ ਕੇ ਕਿਥੇ ਭੇਜ ਧਰੇ, ਕੀ ਇਨ੍ਹਾਂ ਨੂੰ ਗਲੇ ਲਾ ਕੇ ਅਸੀਂ ਚੰਗਾ ਸਮਾਜ ਸਿਰਜਣ ਵਿੱਚ ਫੇਲ੍ਹ? ਹਾਂ ਸਰਕਾਰਾਂ ਤੇ ਸਿਆਸਤਾਂ ਟਿਕਣ ਨੀ ਦਿੰਦੀਆਂ ਹਰ ਵਰਗ, ਵਪਾਰ ਵਿੱਚ ਉੱਨਤੀ ਤਰੱਕੀ, ਪਰ ਸੋਚ ਵਿੱਚ ਡੋਬਾ ਸੋਸ਼ਲ ਮੀਡੀਏ ਨੇ ਦਫੜੀ ਪੱਟੀ ਹੈ ਜੜ ਇਹੀ ਹੈ। ਇਹ ਹੁਣ ਇਕ ਵੱਖਰਾ ਜਗਤ ਵੱਸ ਚੁੱਕਿਆ ਹੈ। ਠੱਲ ਪਈ ਸੀ ਪਰ ਜਿਉਂ ਹੀ ਅਮ੍ਰਿਤਪਾਲ ਦੁੱਬਈ ਤੋਂ ਆਇਆ ਛੜੱਪੇ ਵੱਜ ਗਏ, ਦੁੱਬਈ ਤਾਂ ਹੈੱਡਕੁਆਟਰ ਹੈ।

ਭਾਵੇਂ ਗਲੋਬਲੀ ਦੁਨੀਆਂ ਸੌੜੀ ਹੈ ਹਰ ਦੇਸ਼ ਵਿੱਚ ਹੀ ਭਸੂੜੀਆਂ, ਸਾਡੇ ਦੇਖੋ ਕੈਦੀ ਛੱਡੋ ਜੇਲ੍ਹਾਂ ਵਿੱਚ ਥਾਂ ਨਹੀਂ ਪਰ ਹੋਰ ਸਜ਼ਾਵਾਂ ਕੈਦਾਂ ਦੀ ਹੀ, ਮੈਂ ਦਲੀਲ ਦਿੱਤੀ ਸੀ ਕਿ ਪੈਸੇ ਵਾਲੇ ਤੋਂ ਪੈਸਾ ਵਸੂਲੋ, ਕੇਵਲ ਸੰਗੀਨ ਜੁਰਮੀ ਕੈਦ ਜੇਲ੍ਹੀਂ। ਦੂਜਾ ਵਿਸ਼ਾ ਕੌਂਸਲਾਂ ਵੱਧ ਖਰਚੇ ਕਰਕੇ ਮਰਨ ਕਿਨਾਰੇ ਸੁਝਾਅ, ਭਾਈ ਕਰਮਚਾਰੀਆਂ ਨੂੰ ਹਟਾ ਕੇ ਦੇਖੋ ਪੈਸੇ ਦਿਉ ਘਰੀਂ ਬਠਾਉ ਵਿਹਲੜ ਬਣਾਉ, ਲੋਕਾਂ 'ਤੇ ਬੋਝ ਪਾਉ, ਸਫਾਈਆਂ ਹਟਾਉ ਸਿਹਤ ਨੂੰ ਨੁਕਸਾਨ ਤੇ ਲੋਕੀ ਫੁੱਟਪਾਥ 'ਤੇ ਡਿਗਣ ਆਦਿ। ਪਰ ਕਿਉਂ ਨਾ ਕੌਂਸਲਰਾਂ ਦੀਆਂ ਕੈਬਨਿਟਾਂ ਹਟਾਉ ਸਧਾਰਨ ਰੱਖੋ, ਕੱਟ ਕਰੋ ਸਾਡੇ ਕੌਂਸਲ ਟੈਕਸ ਵਾਜਵ ਕਰੋ, ਬੱਚੇ ਮਾਂ ਬਾਪ ਨਾਲ ਰਹਿਣ ਤਾਂ ਕੌਂਸਲ ਟੈਕਸ ਲਾ ਤੇ ਭਾਵੇਂ ਉਹ ਆਪਣੇ ਘਰਾਂ 'ਤੇ ਭੀ ਦਿੰਦੇ ਹਨ, ਚੇਤੇ ਰੱਖੋ ਕਿ ਮਾਰਗਰੇਟ ਥੈਚਰ ਨੇ ਜੀ ਪ੍ਰੀ ਟੈਕਸ ਦੀ ਸਿਫਾਰਸ਼ ਕੀਤੀ ਤਾਂ ਲੇਬਰ ਨੇ ਉਹਨੂੰ ਪੋਲ ਟੈਕਸ ਕਰਕੇ ਭੰਡਿਆ ਹੁਣ ਉਹੀ ਦੂਜੀ ਸ਼ਕਲ ਵਿੱਚ ਲਾ ਤਾ, ਨੌਰਥ ਵਿੱਚ ਠੰਡ ਬਹੁਤੀ ਕਰਕੇ ਇਕ ਭਾਈ ਕਹਿੰਦਾ ਕਿ ਅਸੀਂ ਕੀ ਰਜਾਈ ਚੱਕੀ ਫਿਰੀਏ, ਰੋਹਤਕ ਕਰਨਾਲ ਦੇ ਜਾਟਾਂ ਵਾਂਗੂੰ, ਅਮੀਰਾਂ ਤੋਂ ਹਟਾ ਦੇਣਾਂ ਸਹੀ ਸੀ ਪਰ ਪੈਨਸ਼ਨਰਾਂ ਨੂੰ ਭਾਵੇਂ ਟੈਕਸ ਕ੍ਰੈਡਿਟ ਨਹੀਂ ਦੇਣਾ ਠੀਕ ਹੈ। ਬਹੁਤ ਗੰਭੀਰ ਮੁੱਦਾ ਜਿਨ੍ਹਾਂ ਦੇਸ਼ਾਂ ਵਿੱਚ ਅੰਗ੍ਰੇਜ਼ ਹਕੂਮਤ ਕਰ ਆਏ, ਵਾਸੀ ਭਾਵੇਂ ਇਥੇ ਆ ਵੱਸੇ ਪਰ ਮੁਆਵਜ਼ਾ ਮੰਗਦੇ ਨੇ ਪਰ ਕੀ ਫੇਰ ਇਥੇ ਵਸੇਬਾ ਸਹੀ ਤੇ ਦੇਸ਼ ਬੈਂਕਰਪਟ ਅਸੀਂ ਕਿਥੇ? ਫੇਰ ਸਾਡੀਆਂ ਕਮਾਈਆਂ ਭੀ ਚੀਨ ਵਿੱਚੋਂ ਝੱਗੇ ਨਾਲ ਕੱਢੇ ਵਾਂਗੂੰ ਅਸੀਂ ਭੀ ਗੱਡੇ ਬਣਾਈਏ, ਦੁਨੀਆਂ 'ਤੇ ਝੁਰਲੂ ਚਲਾਉਣੇ ਸੌਖਾ ਜੀਵਨ ਰਹਿਣ ਨਹੀਂ ਦਿੰਦੇ, ਸਿੱਖ ਪ੍ਰਚਾਰੀ ਤਾਂ ਜਾਂਦੇ ਨੇ ਗੁਰਬਾਣੀ ਹੱਲ ਹੈ ਪਰ ਕੀ ਗੁਰਬਾਣੀ ਸੁਣਾ ਰਹੇ ਹਨ ਜਾਂ ਹੁਣ ਨਵਾਂ ਸ੍ਰੀ ਨਾਨਕ ਪੋਥੀ ਦੀ ਕਥਾ, ਸਮੂਹਕ ਪ੍ਰਚਾਰ ਨੇ ਧਮੂਸਲੀ ਪੱਟੀ ਹੈ। ਸਧਾਰ ਲਹਿਰ ਇਸ ਕੁਰਹਿਤ ਲਈ ਚੱਲੇ ਪਰ ਕੌਣ ਬਿੱਲੀ ਗੱਲ ਟੱਲੀ, ਦਾਤਾ ਹੀ ਕੋਈ ਸੁਭਾਗਾ ਸਮਾਂ ਲਿਆਵੇ, ਸੁੱਖ ਸ਼ਾਂਤੀ ਰੱਖੇ ਭਲੀ ਕਰੇ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

## ਮੈਂ ਕੋਈ ਕੁੜੀਆਂ ਨੂੰ ਪੈੱਗ ਲਾਉਣ ਦੀ ਸਤਰ ਨਹੀਂ ਉਕਰੀ,

**ਸੰਪਾਦਕ ਪੁਰੇਵਾਲ ਸਾਹਬ ਜੀਉ**

ਪੰਨਾ 29 ਉੱਪਰ ਮੇਰੇ ਪੜਚੋਲੀਆਂ ਲੇਖਾਂ ਦਾ ਜੋਖਾ, ਸਿਰਲੇਖ ਮੇਰੇ ਕੋਲ ਅਲੋਚਨਾ ਸੁਨਣ ਦਾ ਮਾਦਾ ਹੋਣਾ ਚਾਹੀਦਾ ਹੈ, ਧੰਨਵਾਦ ਭੀ, ਖ਼ੁਸ਼ ਭੀ ਅਤੇ ਰਿਣੀ ਭੀ ਜਰੂਰ ਬਣਦਾ ਹੈ, ਪਰ ਥੋੜ੍ਹੀ ਮੱਤਹੀਣ ਕਰਕੇ ਸਮਝ ਨਹੀਂ ਸਕੀ ਕਿ ਮਾਦਾ ਕਿਵੇਂ ਪਰ੍ਹਾਂ ਕਰਤਾ, ਸ਼ਾਇਦ ਲੇਖਕ ਸਾਹਬ ਭੁੱਲ ਗਏ ਕਿ ਮੈਂ ਕਿੰਨੀ ਵਾਰੀ ਲਿਖ ਚੁੱਕੀ ਹਾਂ ਕਿ ਮੈਂ ਨਾ ਤਾਂ ਜਥੇਦਾਰ ਹਾਂ, ਨਾ ਬੁੱਧੀਮਾਨ, ਵਿਦਵਾਨ ਅਤੇ ਨਾ ਹੀ ਗੁਰਮੱਤ ਦੀ ਡਿਗਰੀ ਹੋਲਡਰ, ਜੋ ਸਾਹਮਣੇ ਹੈ ਉਸ ਦੀ ਚੀਰ ਪਾੜ ਕਰਕੇ ਸਾਂਝ ਪਉਂਦੀ ਹਾਂ, ਸਭ ਤੋਂ ਪਹਿਲਾਂ ਗੁਰੂ ਕਾਲ ਗੁਰੂ ਸਾਹਬਾਂ ਬਾਰੇ ਨਹੀਂ ਮੈਂ ਇਤਿਹਾਸਕ ਤੱਥ ਪ੍ਰੋਖੇ ਕਰਨ ਦਾ ਨਿਰਣਾ ਕਰਦੀ ਹਾਂ, ਜੇਕਰ ਗੁਰੂ ਸਾਹਬਾਂ ਦੇ ਕਥਨ, ਲਿਖਤਾਂ ਅਤੇ (ਗੁਰੂ ਗ੍ਰੰਥ) ਅੰਕਤ ਹਨ ਤਾਂ ਹਰ ਵੇਲੇ ਭਾਈ ਗੁਰਦਾਸ ਦਾ ਜਾਪ ਕਿਉਂ? ਗੁਰੂਆਂ ਦੀ ਲਿਖਤ ਉੱਪਰ ਸਭ ਦਾਰੋਮਦਾਰ ਕਰੋ, ਅਰਥ ਕਰੋ, ਪ੍ਰਚਾਰੋ ਤੇ ਕਥਾਵਾਚਕ ਕੋਈ ਬਲਾਸ, ਪ੍ਰਤਾਪ ਆਦਿ ਦੀ ਵਰਤੋਂ ਕਿਉਂ ਕਰਨ? ਮੈਂ ਗੁਰੂ ਉਪਦੇਸ਼ਾਂ ਨੂੰ ਜੀਵਨ ਪੱਧਰ ਵਿੱਚ ਸਹਾਈ ਹੋਣ ਵਾਲੀਆਂ ਉਨ੍ਹਾਂ ਦੀਆਂ ਹਦਾਇਤਾਂ ਨੂੰ ਮੰਨਣ ਲਈ ਪ੍ਰਮਾਤਮਾਂ ਦੀ ਹੋਂਦ ਵਿੱਚ ਪੂਰਨ ਵਿਸ਼ਵਾਸੀ ਹਾਂ, ਆਪਣੇ ਮਨਸ਼ੇ ਸਿੱਧ ਕਰਨ ਲਈ ਗੁੰਮਰਾਹ ਕਰਨ ਦੀ ਵਿਧੀ ਨਾ ਅਪਨਾਵੋ, ਬਿਲਕੁੱਲ ਹੀ ਤੁਸੀਂ ਤਾਂ ਵਿਦਵਾਨ, ਬੁੱਧੀਮਾਨ, ਇਤਿਹਾਸਕਾਰ ਹੋ, ਧਾਰਮਿਕ ਪਰਪੱਕਤਾ ਵਿੱਚ ਵਿਚਰਦੇ ਹੋ, ਕ੍ਰਿਪਾ ਕਰਕੇ ਹਰ ਹਫ਼ਤੇ ਮੇਰੀ ਅਲੋਚਨਾ ਕਰੋ, ਮੈਨੂੰ ਕੋਈ ਮੱਤ ਦੇਵੋ, ਮੇਰੇ ਕੰਮ ਆਉ, ਤੁਹਾਡਾ ਪਾਠਕਾਂ ਨੂੰ ਤੋਹਫਾ, ਕੋਈ ਗੁਣ ਗਾਉ ਜਰੂਰ ਕ੍ਰਿਪਾ ਕਰੋ।

ਕ੍ਰਮਵਾਰ ਉੱਤਰ, ਪੱਗ-ਮਹੱਤਤਾ, ਮੇਰੇ ਪਤੀ ਨੇ ਇਸ ਦੇਸ਼ ਵਿੱਚ ਮੋਟਰ-ਸਾਈਕਲ ਸਵਾਰਾਂ ਲਈ ਜੇਲ੍ਹ ਕੱਟ ਹੈਲਮਟ ਤੋਂ ਛੋਟ ਲਈ, ਅੱਜ ਜੋ ਨਗਰ ਕੀਰਤਨਾਂ ਤੇ ਸੜਕਾਂ 'ਤੇ ਦਿਸਦੇ ਨੇ ਕੌਮ ਲਈ ਦੇਣ ਹੈ। ਦਿਲਜੀਤ ਦੁਸਾਂਝ ਦਾ ਪੱਗ-ਗੀਤ ਕਿਉਂ ਪ੍ਰਸ਼ੰਸਾ ਕੀਤੀ ਦਾ ਉੱਤਰ ਪਹਿਲਾਂ ਪੱਗ ਵਾਲਾ ਮਲਕੀਤ ਸਿੰਘ ਗੋਲਡਨ ਸਟਾਰ ਸਾਊਥਾਲ ਦੇ ਮੇਲੇ 'ਤੇ ਦੋ ਦੋ ਦਿਨ ਸੱਦ ਕੇ ਜਦੋਂ ਹੋਰ ਕੋਈ ਹਾਲੇ ਨਿਵਾਜਦਾ ਭੀ ਨਹੀਂ ਮੈਂ ਮਾਨਤਾ ਦਿੱਤੀ ਸੀ,

**ਬਾਕੀ ਹਿਸਾ ਸਫਾ 49 ਤੇ ਪੜ੍ਹੋ**

# ਪਾਠਕਾਂ ਦੇ ਪੱਤਰ

To, Editor, Panjab Times
Bridle Gate Lane,
Derby. DE24 9QW, U.K.

ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।

## ਮੈਂ ਵੈਸੇ ਕਿਸੇ ਭੀ ਸੰਤ ਦੇ ਲਈ ਬਦਖੋਹੀ ਦੀ ਸਤਰ ਨੀ ਉਕਰਦੀ, ਸਾਧਾਂ ਤੇ ਭੇਖੀਆਂ ਦੀ ਨਿੰਦਕ ਹਾਂ

**ਸੰਪਾਦਕ ਜੀ**

ਦੋਨੋਂ ਹੱਥ ਜੋੜ ਖਿਮਾਂ ਮੰਗਦੀ ਹਾਂ, ਮੈਂ ਤਾਂ ਛੋਪ ਕੱਤ ਚਰਖਾ ਚੱਕਤਾ ਸੀ ਪਰ ਫੇਰ ਡਾਹੁਣਾ ਪੈ ਗਿਆ, ਬਹੁਤੇ ਪੰਨੇ ਘੇਰਨ ਕਰਕੇ ਮੈਂ ਦੀਵਾਲੀ ਲਈ ਘੱਟ ਕਰੂੰ, ਮਾਦਾ ਹੋਰ ਵੱਧ ਗਿਆ ਪਰ ਸਮਰਥੱਕ-ਪ੍ਰਸ਼ੰਸਕ ਟੈਲੀਫੂਨ ਨੇ ਕੁਝ ਵਾਧਾ ਕਰਨ ਲਈ ਜਰੂਰੀ ਕਰਤਾ, ਵੀਰ ਕਹਿੰਦਾ ਭੈਣ ਜੀ ਤੁਸੀਂ ਤਾਂ ਪੱਗ ਦੀ ਚੜ੍ਹਤ ਤੇ ਪੰਜਾਬੀ ਬੋਲੀ ਦਾ ਦੂਜੇ ਵਰਗ ਦੇ ਮੁੰਡੇ ਦਾ ਗਾਇਆ ਗੀਤ ਦੀ ਸਤਰ ਹੀ ਲਿਖੀ ਸੀ, ਕਿਥੇ ਹੈ ਕੁੜੀਆਂ ਨੂੰ ਸ਼ਰਾਬ ਮੁੰਡਿਆਂ ਨੂੰ ਪਟਿਆਲਾ ਪੈੱਗ ਲਉਣ ਦੀ ਪ੍ਰੇਰਨਾ? ਸਗੋਂ ਇਸ ਬੰਦੇ ਨੇ ਤਾਂ ਗੀਤਾਂ ਦੇ ਹੋਰ ਬੋਲ ਲਿਖ ਕੇ ਆਪਣਾ ਹੀ ਨੀਮਾਂ ਪਣ ਦਿਖਾ ਤਾ, ਕਿਹੜੇ ਗੌਣ ਵਾਲੇ ਨੇ ਜੋ ਅਜਿਹੇ ਗੀਤ ਨਹੀਂ ਗਉਂਦੇ, ਇਸ ਭੱਦਰ ਪੁਰਸ਼ ਨੇ ਪਹਿਲਾਂ ਭੀ ਤੁਹਾਡੇ ਮਗਰ ਜੀ ਬੀਬੀ ਗੁਰਬਾਣੀ, ਗੁਰੂ ਸਾਹਿਬਾਂ ਬਾਰੇ ਗਲਤ ਆਦਿ, ਯਾਨੀ ਭੜਕਾਉਣ ਲਈ ਆਪਣੇ ਨਾਲ ਜੋੜਨ ਲਈ ਕਿਸੇ ਪ੍ਰਧਾਨ ਨੇ ਮੁਆਫੀ ਲਈ ਮੰਗ ਕਰ ਧਰੀ ਤੇ ਚੈਨਲ ਦਾ ਸਹਿਕਰਮੀ ਭੀ ਆਖੇ ਜੀ ਗਲਤੀ ਹੈ, ਖੈਰ ਹੁਣ ਫੇਰ ਉਹੀ ਕੁਝ ਕਰਦਾ ਹੈ, ਉਹਨੇ ਪੁਰਾਣੀ ਜੀਤ ਸੂਹ ਦੀ ਗੱਲ ਆਖੀ, ਮੈਂ ਤਾਂ ਆਖਿਆ ਵੀਰ, ਮੈਂ ਇਹੋ ਜਿਹੇ ਵਿਸ਼ੇ ਵਿੱਚ ਨਹੀਂ ਵਿਵਾਦੀ ਹੁੰਦੀ, ਨਿੱਜੀ ਕਿੜਾਂ ਆਦਿ ਵਿੱਚ, ਉਹ ਫੇਰ ਕਹਿੰਦਾ ਭੈਣ ਜੀ ਇਹ ਜਥੇਦਾਰੀਆਂ ਕਿਥੋਂ ਮਿਲਦੀਆਂ ਹਨ, ਮੈਂ ਹੱਸ ਪਈ ਕਿਹਾ ਵੀਰ ਨਾ ਤੈਨੂੰ ਨਾ ਮੈਨੂੰ ਨਹੀਂ ਮਿਲਣੀਆਂ। ਵਾਰਤਾ ਯਾਦ ਆ ਗਈ ਕੁਝ ਵਰ੍ਹੇ ਪਹਿਲਾਂ ਹੰਸ ਰਾਜ ਹੰਸ ਨੂੰ ਆਨਰੇਰੀ ਡਿਗਰੀ ਮਿਲੀ ਬੜੀ ਪ੍ਰਸ਼ੰਸਾ ਹੋਈ, ਇਕ ਸਹਿਯੋਗੀ ਕਹਿੰਦੀ ਵੇ ਹੰਸ ਆਹ ਕਿੰਨੇ ਕੁ ਦੀ ਅਉਂਦੀ ਐ ਇਕ ਸਾਡੇ ਆਲ੍ਹੇ ਨੂੰ ਭੀ ਲੈ ਦੇ। ਬਾਕੀ ਭਰਾ ਅੱਜ ਧਰਮ ਦਾ ਤੇ ਸਮਾਜ ਤੋਰਾ ਤਾਂ ਹੀ ਟੁੱਟ ਗਿਆ ਹੈ, ਧਰਮ ਬੜਾ ਸਰਲ ਸੀ, ਗੁਰੂ ਨਾਨਕ ਦੇਵ ਹੱਥੀਂ ਕਿਰਤ ਕੀਤੀ ਤੇ ਉਪਦੇਸ਼ ਦਿੱਤਾ, ਤਿੰਨ ਨੁਕਤੇ ਸਾਦੇ ਸੀ, ਪਰ ਠੇਕੇਦਾਰਾਂ ਨੇ ਦੂਜੇ ਦੇ ਨੁਕਸ ਕੱਢਣ ਲਈ ਆਪਣੇ ਗੁਣ ਹੀ ਗੁਆ ਧਰੇ, ਕਿਰਤ ਦੀ ਤਾਂ ਫੱਟੀ ਪੋਚ ਤੀ, ਬੱਸ ਧਰਮ ਤੋਂ ਕਮਾਈ ਕਰੋ, ਗੁਰੂ ਗ੍ਰੰਥ ਸਰਬ ਉੱਚ ਮਨੌਤ ਹੈ, ਪਰ ਹੁਣ ਕੀ ਕੀ ਕੁਝ ਪ੍ਰਚਾਰਦੇ ਨੇ, ਭਵਿੱਖ ਦੀ ਪੀੜ੍ਹੀ ਦਾ ਫਿਕਰ ਨਹੀਂ ਕਿ ਉਹ ਇਨ੍ਹਾਂ ਸਾਖੀਆਂ ਨੂੰ ਗੁਰੂ ਆਦੇਸ਼ ਨਾਲ ਜੁੜਨ ਤੇ ਇਤਿਹਾਸ ਨੂੰ ਸਹੀ ਪੜ੍ਹਨ ਤੇ ਮੰਨਣ, ਕਥਾਵਾਚਕ ਤਾਂ ਪੋਥੀਆਂ ਤੋਂ ਕਥਾ ਕਰਦੇ ਨੇ, ਜੋ ਪਤਾ ਨਹੀਂ ਕਿਸ ਆਧਾਰਤ ਹਨ, ਮੈਨੂੰ ਧਰਮ ਗ੍ਰੰਥ (ਗੁਰੂ ਗ੍ਰੰਥ) ਪੜ੍ਹਨ ਤੋਂ ਆਹ ਸਤਿਕਾਰੀਆ ਨੇ ਪਿੱਛੇ ਹਟਾ ਤਾ, ਜੀ ਜਰਾਬਾਂ ਪਾ ਕੇ ਪਾਠ ਨੀ ਕਰੀਦਾ, ਹੋਰ ਕੀ ਲਿਖਾਂ ਇਹ ਮਹਾਰਥੀਆਂ ਦਾ ਗਲ੍ਹਬਾ ਹੈ, ਧਰਮ ਤੇ ਗਿਆਨ ਕਿਥੋਂ ਲਈਏ ਇਨ੍ਹਾਂ ਦੇ ਢਕੌਂਸਲਿਆਂ ਤੋਂ, ਕੌਮ ਨੂੰ ਕਹਿੰਦੇ ਘਰ ਮੰਗੋ, ਚਾਹੀ-ਦਾ ਹੈ ਪਰ ਆਪ ਸੰਤਾਂ ਨੂੰ ਮੰਨੋ ਦਾ ਹੁਕਮ ਦਿੰਦੇ ਨੇ ਹਾਂ ਸੰਤ ਬੜੇ ਪਰਉਪਕਾਰੀ ਭੀ ਹਨ ਭਾਈਚਾਰੇ ਲਈ ਬੜੀ ਦੇਣ ਹੈ, ਸੰਤ ਈਸ਼ਰ ਸਿੰਘ ਰਾੜਾ ਕੋਈ ਪ੍ਰਵਾਰ ਨੀ ਬਾਬਾ ਅਮਰ ਸਿੰਘ ਬੜੂਦੀ ਕੀ ਕੁਝ ਬਣਾਇਆ ਹੈ, ਵਿੱਦਿਆ ਦੂਜੇ ਦੇਸ਼ਾਂ ਵਿੱਚ ਭੀ ਸਿਹਤ ਲਈ ਪ੍ਰਸ਼ੰਸਾ ਕੇ ਪਾਤਰ ਹਨ, ਮੈਂ ਵੈਸੇ ਕਿਸੇ ਭੀ ਸੰਤ ਦੇ ਲਈ ਬਦਖੋਹੀ ਦੀ ਸਤਰ ਨੀ ਉਕਰਦੀ, ਸਾਧਾਂ ਤੇ ਭੇਖੀਆਂ ਦੀ ਨਿੰਦਕ ਹਾਂ, ਜੇ ਨਿੱਜੀ ਦੁਖਾਂਤ ਤੋਂ ਪੀੜਤ ਹਾਂ ਤਾਂ ਉਸ ਲਹਿਰ ਦੀ ਹਾਮੀ ਨੀ, ਬਾਕੀ ਭਰਾ ਆਪਣਾ ਭਾਗ ਪਾਈ ਜਾਊਂਗੀ, ਇਨ੍ਹਾਂ ਦੇ ਆਖੇ ਆਪਣਾ ਪਹਿਲੂ ਨਹੀਂ ਛੱਡੂੰਗੀ ਕਮਾਈ ਨਹੀਂ ਹੈ ਇਸ ਉਮਰ ਵਿੱਚ ਸੇਵਾ ਇਨ੍ਹਾਂ ਕਿੱਤਾਕਾਰੀਆਂ ਨੇ ਹੱਟਣਾ ਨਹੀਂ, ਆਪਾਂ ਤੁਰਦੇ ਭਲੇ, ਦਾਤੇ ਤੋਂ ਸਰਬੱਤ ਦਾ ਭਲਾ ਮੰਗੀਏ।-ਬਲਵਿੰਦਰ ਕੌਰ ਚਾਹਲ

## ਦੀਵਾਲੀ-ਖ਼ੁਸ਼ੀਆਂ ਰੋਸ਼ਨੀ ਵਾਲੀ, ਸਭ ਨੂੰ ਮੁਬਾਰਕ

ਤਿਉਹਾਰ ਪੁਰਾਤਨ ਸਮੇਂ ਦਾ ਹੀ ਏ, ਹਰ ਦਿਵਸ ਕਿਸੇ ਕਹਾਣੀ ਨਾਲ ਜੁੜਕੇ ਹੀ ਬਣਿਆ, ਮੌਸਮ ਨਾਲ ਭੀ ਸੂਰਜ ਛੇਤੀ ਡੁੱਬਣਾ ਹਨ੍ਹੇਰਾ ਹੋਣਾ ਤਾਂ ਦੀਵੇ ਹੀ ਹੁੰਦੇ ਸਨ ਵਰਤੋਂ ਕਰਨੀ ਚਾਨਣ ਲਈ, ਹਿੰਦੂ ਆਪਣਾ ਮੰਨ ਕੇ ਰਾਜੇ ਦੇ ਪੁੱਤਰ ਰਾਮ ਚੰਦਰ, ਸੀਤਾ, ਲਛਮਣ ਦੇ ਬਣਵਾਸੀ ਵਾਪਸੀ 'ਤੇ ਖ਼ੁਸ਼ੀ ਵਿੱਚ ਦੀਵੇ ਵਾਲੇ, ਦੱਸਦੀ ਜਾਵਾਂ ਇਹ ਅੱਡ ਅੱਡ ਦਿਸ਼ਾਵਾਂ ਵਿੱਚ ਵੱਖਰੇ ਨਾਮਾਂ ਥੱਲੇ ਭੀ ਸੀ, ਗਲੋਬਲੀ ਕਰਕੇ ਫੈਲ ਗਿਆ ਪਹਿਲਾਂ ਮਹਾਂ-ਪੰਜਾਬ ਵਿੱਚ ਸੀ, ਦਸ਼ਰਥ ਦਾ ਰਾਜ ਇਥੋਂ ਕਰਕੇ ਖੈਰ ਸਭ ਹੀ ਮਨਾਉਂਦੇ ਸਨ (ਗੁਰੂ-ਗ੍ਰੰਥ) ਵਿੱਚ ਭੀ ਦੀਵਾਲੀ ਦੀਵੇ ਦੀ ਪੰਗਤੀ ਹੈ ਈਰਖਾ, ਦੂਜੇ ਧਰਮਾਂ ਦਾ ਅੱਡ ਹੋਣਾ ਤਰੇੜਾਂ ਪੈ ਗਈਆਂ, ਹੁਣ ਤਾਂ ਕੇਵਲ ਹਿੰਦੂ ਤਿਹਾਰ ਹੀ ਪ੍ਰਮੰਨਿਆ ਗਿਆ, ਸਿੱਖਾਂ ਨੇ ਅੰਮ੍ਰਿਤਸਰ ਦਾ ਸੰਦਰਭ ਕਰਕੇ ਹਟਾ ਨਹੀਂ ਸਕਦੇ, ਦੋਨੋਂ ਹੀ ਦੀਵਾਲੀ ਤੇ ਬੰਦੀ ਛੋੜ ਜੋੜ ਕੇ ਆਪਣਾ ਵੱਖਰਾ ਕਰ ਲਿਆ, ਫਰਕ ਤਾਂ ਹੈ ਨਹੀਂ, ਕੇਵਲ ਗੁਰੂ ਘਰ ਜਾਉ ਤੇ ਦੀਵੇ ਬਾਲੋ, ਮੋਮਬੱਤੀਆਂ ਜਗਾਉ, ਆਤਿਸ਼ਬਾਜ਼ੀ ਕਰੋ, ਚੜ੍ਹਾਵਾ ਚੜਾਉ, ਮਠਿਆਈਆਂ ਚੜਾਉ, ਸਭ ਇਕੋ ਹੀ, ਹਿੰਦੂ ਆਪਣੇ ਢੰਗ ਨਾਲ, ਸਾਰ-ਅੰਸ਼ ਕਿ ਰੱਲ ਮਿਲ ਕੇ ਖ਼ੁਸ਼ੀਆਂ ਸਾਂਝੀਆਂ ਕਰੋ, ਬਖ਼ਸ਼ੀਸ਼ਾਂ ਮੰਗੋ, ਗੁੱਸੇ ਰੁੱਸੇ ਮਨਾਉ, ਤਣਾਅ ਘਟਾਉ, ਪਰਿਵਾਰਾਂ ਵਿੱਚ ਦੇਹ-ਰੋਗ ਤਾਂ ਦੂਰ ਕਰਨ ਲਈ ਉਪਰਾਲੇ, ਗੁੱਸੇ ਨਾਲੋਂ ਬੀਮਾਰੀ ਪਰ੍ਹਾਂ ਕਰੋ, ਦੇਸੀ ਤੌਰ ਤਰੀਕੇ ਅਪਣਾਵੋ, ਘਰੀਂ ਸ਼ੁੱਧ ਭੋਜਨ ਬਣਾਵੋ, ਮਿਲਾਵਟਾਂ ਤੋਂ ਰਹਿਤ ਹੋਵੋ, ਖੇਚਲ ਕਰੋ ਦੁੱਖ ਦੂਰ, ਸਾਰਿਆਂ ਨੂੰ ਪੜਦੇ ਸੁਣਦਿਆਂ ਨੂੰ ਖ਼ੁਸ਼ੀਆਂ ਭਰੇ ਦਿਨ ਆਉਣ। -ਬਲਵਿੰਦਰ ਕੌਰ ਚਾਹਲ

ਸਫ਼ੇ ਦੀ ਬਾਕੀ–48 ਸਫ਼ੇ ਦੀ ਬਾਕੀ

ਪਰ ਉਸ ਵੇਲੇ ਫਿਲਮਾਂ ਕਰਕੇ ਦੇਸ਼ ਵਿਦੇਸ਼ ਵਿੱਚ ਨਸ਼ਰ ਨਹੀਂ ਸੀ, ਰਹੀ ਗੱਲ ਮੂਸੇਵਾਲੇ ਦੀ, ਉਹ ਪੱਗ ਵਾਲਾ ਸੀ ਪਰ ਪੱਗ ਲਈ ਨਹੀਂ ਸੀ ਗਾਵੱਈਆ ਉਹਦਾ ਆਪਣਾ ਖੇਤਰ ਸੀ, ਮੈਂ ਕੋਈ ਕੁੜੀਆਂ ਨੂੰ ਪੈਂਗ ਲਾਉਣ ਦੀ ਸਤਰ ਨਹੀਂ ਉਕਰੀ, ਆਉ ਪੜਚੋਲ ਸਨਾਤਨ ਧਰਮ ਮੈਂ ਤੱਥ ਲਿਖੇ ਹਨ ਕਿ ਸਨਾਤਨ ਧਰਮ ਕੋਈ ਧਰਮਾਂ ਵਿੱਚ ਨਹੀਂ ਕੁਦਰਤੀ ਸੋਮਿਆਂ ਦੀ ਪੂਜਾ, ਧੰਨਵਾਦੀ ਹੋਣਾ ਸੀ, ਦੁਨੀਆਂ ਨਿੱਕੀ ਜਿਹੀ ਕਰਕੇ ਸਾਧਨ ਨਹੀਂ ਸਨ ਤਾਂ ਲੋਕੀ ਆਪਣੀ ਜੀਵਨ ਪ੍ਰਣਾਲੀ ਵਿੱਚ ਪੂਜਾ ਕਰਦੇ ਸਨ, ਧਰਮ ਮਗਰੋਂ ਬਣੇ ਤਾਂ ਪਹਿਲੇ ਧਰਮ (ਹਿੰਦੂ) ਉਦੋਂ ਤਾਂ ਹਿੰਦੂ ਨਹੀਂ ਸੀ ਅਪਣਾ ਲਿਆ, ਹੁਣ ਛੇੜਾਂ ਤੁਹਾਡਾ ਹਿਰਦਾ ਕਿਉਂ ਦੁਖੀ ਹੋਇਆ, ਭਾਈ ਸਾਹਬ ਜੀ ਪਿਛੋਕੜ ਝਾਤੀ ਮਾਰੋ ਜੇਕਰ ਤੁਹਾਡੇ ਪ੍ਰ: ਬੁੱਧੀ ਜਾਤੀ ਵਿਦਵਾਨ, ਸਰਕਾਰੀ ਅਫਸਰ ਕੇਵਲ ਤੇ ਕੇਵਲ ਹਰ ਵਿਸ਼ੇ ‘ਤੇ ਬਾਦਲਾਂ ‘ਤੇ ਹੀ ਤਵਾ ਨੀ ਲਉਣ, ਹਾਲਾਂਕਿ ਸਰਕਾਰ ਹਟੀ ਨੂੰ 7 ਸਾਲ ਤੋਂ ਉਪਰ ਹੋ ਗਏ, ਮੈਂ ਕਿਉਂ ਅਲੋਚਕ ਹੋਵਾਂਗੀ, ਕੀ ਮੈਂ ਬਗੈਰ ਉਨ੍ਹਾਂ ਦੇ ਇਕ ਪਾਸੜ ਭੰਡਨ ਤੋਂ ਕਦੀ ਕੁਝ ਲਿਖਿਆ ਹੈ, ਮਾਦਾ ਸਿਰਫ ਇਹ ਕਿ ਮੈਂ ਉਜਾਗਰ ਕਿਉਂ ਕਰਦੀ ਹਾਂ ਕਿ ਇਹ ਕਿੰਨੇ ਨਿਰਪੱਖ ਤੇ ਇਨਸਾਫੀਏ ਨੇ, ਦਰੁਸਤ ਕਿ ਮੈਂ ਜਵਾਬ ਲਿਖਦੀ ਹਾਂ, ਗੁਰਮੁਖੋ ਗਰੀਬ ਤਾਂ ਦੇਖੋ ਐਨਕਾਂ ਭੀ ਬਾਦਲਾਂ ਤੋਂ ਲੈਂਦੀ ਹੈ, ਮੈਂ ਕਿਹੜਾ ਕਿਸੇ ਤੋਂ ਕੋਈ ਵਿਕਰੀ ਕਰਕੇ ਜਾਂ ਕੋਈ ਚੈਨਲ ‘ਤੇ ਬੈਠ ਪ੍ਰਸਿੱਧੀ ਲੈਣੀ ਹੈ, ਐਨਕਾਂ ਭੀ ਦੇਖੋ ਮੰਗ ਕੇ ਹੀ ਲੈਂਦੀ ਹਾਂ, ਖ਼ੈਰ ਕੀ ਹਰਜ ਹੈ ਗਰੀਬੀ ਕੀ ਲਾਹਣਤ ਹੈ, ਮਾਦਾ ਜਰੂਰ ਹੈ ਪਰ ਗੁਰੂ ਅਦੇਸ਼ ਕੀ ਆਖਦੇ ਨੇ ਕਿ ਕਿਸੇ ਕੂੜ ਪ੍ਰਚਾਰ ਦਾ ਜਵਾਬ ਨਾ ਦਿਉ, ਤੁਹਾਡੇ ਚਹੇਤੇ ਆਗੂ ਉਸਾਰੂ ਸੁਝਾਅ ਦੇਣ ਭਾਈਚਾਰੇ ਤੇ ਕੌਮ ਲਈ, ਬੁਲੰਦ ਸਕੀਮ ਦੱਸਣ ਨਾ ਐਹਨੂ ਲਾਉ ਬਾਦਲ ਹਟਾਉ, ਬੀਬੀ ਜਗੀਰ ਕੌਰ ਵਿੱਚ ਕੋਈ ਨੁਕਸ ਨੀ, ਕੀ ਦੱਸ ਸਕਦੇ ਹੋ ਕਿ ਗੁਰਤੇਜ ਸਿੰਘ ਨੌਕਰੀ ਵੇਲੇ ਉਸੇ ਬਾਦਲ ਮਗਰ ਕਾਰ ਕਿਉਂ ਘੁਮਾਉਂਦਾ ਸੀ, ਨੌਕਰੀ ਇਮਾਨਦਾਰੀ ਨਾਲ ਕਰੋ ਸਰਕਾਰਾਂ ਦੀ ਝੋਲੀ ਕਿਉਂ? ਬਾਰ–ਬਾਰ ਐਨਕਾਂ ਲਿਖਣਾ ਮਾਦਾ ਤਾਂ ਫੇਰ ਤੁਹਾਡੇ ਵਿੱਚ ਨਾ ਹੋਇਆ, ਮੈਂ ਕੋਈ ਲੁੱਕ ਕੇ ਅਕਾਲੀ ਦਲ ਦੀ ਸਮਰਥਕ ਨਹੀਂ, ਠੋਕ ਵਜਾ ਕੇ ਲਿਖ ਚੁੱਕੀ ਹਾਂ ਕਿ ਮੈਂ ਅੱਧੀ ਸਦੀ ਤੋਂ ਮੁੱਢਲੀ ਮੈਂਬਰ ਹਾਂ ਪ੍ਰਧਾਨ ਰਹਿ ਚੁੱਕੀ ਹਾਂ, ਭਾਵੇਂ ਮੈਨੂੰ ਕਿਸੇ ਨੇ ਲਾਹਿਆ ਨਹੀਂ ਨਾ ਮੇਰੀ ਥਾਂ ਹੋਰ ਚੁਣਿਆ ਪਰ ਮੈਂ ਕਦੀ ਭੀ ਲਿਖਦੀ ਨਹੀਂ ਜੇਕਰ ਮੇਰੀ ਪਛਾਣ ਮੇਰੇ ਵਿਚਾਰਾਂ ਕਰਕੇ ਨਹੀਂ ਬਣ ਸਕਦੀ ਤਾਂ ਪ੍ਰਧਾਨ ਲਿਖ ਕੇ ਨਹੀਂ ਬਨਣੀ, ਹਾਂ ਅਲੋਚਨਾ ਅਕਾਲੀ ਕਿਸੇ ਅਣਉਚਿਤ ਨੀਤੀ ਦੀ ਭੀ ਕਰਦੀ ਹਾਂ ਨਾਲ ਹੀ ਦੂਜੀਆਂ ਸਿਆਸੀ ਪਾਰਟੀਆਂ ਦੀ ਸਲਾਉਣਾ ਭੀ ਕਰਦੀ ਹਾਂ, ਲਿਖਤਾਂ ਪੜ੍ਹੋ ਦਿਖਾਉ ਕਿਥੇ ਤੁਹਾਡੇ ਬੁੱਧੀਮਾਨ ਅਜੋਕੇ ਝੇੜਿਆਂ ਅਕਾਲੀ ਦਲ, ਬਾਦਲਾਂ ਤੇ ਕਿਸੇ ਪੰਜਾਬ ਲਈ ਸਰਕਾਰ ਵੇਲੇ ਕੀਤੇ ਕੰਮਾਂ ਦੀ ਪ੍ਰਸ਼ੰਸਾ ਕੀਤੀ, ਸਿੰਘ ਸਾਹਬ ਜੀ ਬੀਬੀ ਦਾ ਆਦਮ ਸੱਚੀ ਹੀ ਨਿਰਾਲਾ ਹੈ, ਮੈਂ ਸਮੇਂ ਦੀ ਤੇ ਪਦਾਰਥਵਾਦੀਆਂ ਦੀ ਧੰਨ ਹੂੰਝਣ ਵਾਲਿਆਂ ਦੀ ਜਾਂ ਇਕ ਟੋਲਾ ਬਣਾ ਕੇ ਸ਼ਾਬਾਸ਼ੇ ਲਈ ਆਪਣਾ ਅਸੂਲ ਨਹੀਂ ਛੱਡਦੀ, ਮੈਂ ਨਾ ਤਾਂ ਕਦੇ ਭੀ ਅਕਾਲੀ ਦਲ ਤੋਂ ਸਿਫਾਰਸ਼ ਪੁਆਈ ਨਾ ਕੋਈ ਲਾਹਾ ਲਿਆ, ਬੱਸ ਆਪਣੀ ਨੀਤੀ ‘ਤੇ ਤੁਰੀ ਹਾਂ ਰਹੂੰਗੀ, ਧਰਮ ਬਾਰੇ ਗਿਆਨ ਤਾਂ ਜਰੂਰ ਫਰੋਲਣਾ ਚਾਹੀਦਾ ਹੈ ਪਰ ਕੀ ਇਤਿਹਾਸਕ ਤੱਥ ਪਰੋਖੇ ਕਰਕੇ? ਕੀ ਬਾਲਕ ਗੁਰੂ ਹਿਸਟਰੀ ਨਹੀਂ, ਕੀ ਗੁਰੂ ਕਾਲ ਵਿੱਚ ਜਿੰਦਾਂ ਵਾਦਾਂ, ਝਗੜੇ ਨਹੀਂ ਹੋਏ, ਕੀ ਗੁਰੂ ਸਾਹਿਬ ਵੇਲੇ ਧੜੇ ਨਹੀਂ ਸਨ, ਕੀ ਐਮੇ ਭੜਕਾਉਣ ਲਈ ਬੀਬੀ ਵਿਰੁੱਧ ਦੋਸ਼ ਨਾ ਮੜ੍ਹੋ, ਤੁਹਾਨੂੰ ਸਭ ਅਧਿਕਾਰ ਹਨ ਟਿੱਪਣੀ ਦੇ ਤੇ ਅਲੋਚਨਾ ਕਰਨ ਦੇ, ਮੈਂ ਕੌਣ ਹਾਂ ਜੋ ਤੁਸੀਂ ਅਵੱਗਿਆ ਕਰੋਗੇ ਮੇਰੇ ਵਿਰੁੱਧ ਕੁਝ ਲਿਖੋ, ਜੀ ਸਦਕੇ ਕਿਸੇ ਗਲਤੀ ਨੂੰ ਸੋਧੋ ਮੈਂ ਸ਼ੁਕਰਗੁਜ਼ਾਰ ਹੋਵਾਂਗੀ, ਨਾਲ ਹੀ ਸਹਿਯੋਗੀ ਵਿਦਵਾਨਾਂ ਨੂੰ ਭੀ ਆਖੋ ਕਿ ਹਰ ਸਰਕਾਰ ਵੇਲੇ ਦੀ ਭੀ ਤੇ ਕੇਂਦਰ ਭੀ ਜਾਂ ਕਾਂਗਰਸ ਵਿਰੋਧੀ ਧਿਰ ਹੈ, ਸਮਾਜ ਲਈ ਸਾਰਥਿਕ ਨੀਤੀਆਂ ਦੀਆਂ ਸਲਾਹਾਂ ਦੇਣ ਨਾ ਕਿ ਅਕਾਲੀ ਦਲ ਬਾਦਲ ਨੂੰ ਘਰ ਬਠਾਉ, ਭਾਈ ਘਰ ਬੈਠਣ ਲਈ ਤਾਂ ਤੁਸੀਂ ਭੀ ਕਿਹੜਾ ਬੇੜੀ ਦੇ ਚੱਪੂ ਹੋ, ਜੇਕਰ ਇਸੇ ਤਰ੍ਹਾਂ ਹੀ ਬਦਖੋਹੀ ਕਰੋਗੇ ਤਾਂ ਬੀਬੀ ਪੜਚੋਲ ਕਰੂਗੀ, ਬਿਨਾਂ ਕਾਰਨ ਕੁਝ ਆਖੂਗੀ ਤਾਂ ਭਾਗੀ, ਵਿਦਵਾਨ ਜੀ ਸਨਾਤਨ ਦੇ ਮਾਅਨੇ ਫਰੋਲੋ, (ਸਰਬ ਵਿਆਪਕ) ਯਾਨੀ ਪ੍ਰਕਿਰਤੀ ਦੇ ਮਾਲਕ ਦੀ ਗੁਣਵਾਨ ਹਾਂ, ਧਰਮ ਨਾਲ ਜੋੜ ਕੇ ਨਹੀਂ,

ਬਾਕੀ ਮੈਂ ਕਿਸੇ ਦੀਆਂ ਪੜ੍ਹਕੇ ਉਪਾਸ਼ਕ ਨਹੀਂ ਬਣਦੀ, ਸੋਨਾ ਸੁਆਹ ਵਿੱਚੋਂ ਲੱਭ ਜਾਂਦਾ ਹੈ ਪਰ ਫੋਲ੍ਹ ਕੇ ਸਾਧਾਂ ਦੀ ਧਾਰਮਿਕ ਨੀਤੀ ਦੀ ਪੈਰੋਕਾਰ ਨਹੀਂ, ਸਮੇਂ ਦੀ ਹਾਣ ਪ੍ਰਮਾਣਤਾ ਲੋੜੀਂਦੀ ਹੈ, ਮਾਦਾ ਹਿਰਦੇ ਵਿੱਚ ਧਰਮ ਨਾਲ ਭੀ ਜੋੜੋ, ਰਾਮ ਰੱਖੇ।

**ਬਲਵਿੰਦਰ ਕੌਰ ਚਾਹਲ ਸਾਊਥਾਲ**

* * * * * *

# ==ਪਾਠਕਾਂ ਦੇ ਪੱਤਰ==

## ਮਸਲਾ ਪੰਚਾਇਤਾਂ ਦੀਆਂ ਚੋਣਾਂ ਦਾ ਹੈ

ਖ਼ੈਰ ਪੰਚਾਇਤਾਂ ਦੀ ਚੋਣ ਦਾ ਮਸਲਾ ਪੰਜਾਬ ਲਈ ਇਕ ਗੰਭੀਰ ਹੈ ਚਲੋ ਪਹਿਲਾਂ ਭਾਰਤ ਦੀ ਡਿਪਲੋਮੈਸੀ ਵੱਲ ਝਾਤੀ ਮਾਰੀਏ। ਕਨੈਡਾ ਤੇ ਭਾਰਤ ਦੇ ਸਬੰਧਾਂ ਬਾਰੇ ਕਾਫੀ ਚਿਰ ਤੋਂ ਚਰਚਾ ਹੈ ਹੁਣ ਇਹ ਹੋਰ ਭੀ ਗੰਭੀਰ ਹੋ ਗਿਆ ਹੈ। ਕਨੈਡਾ ਦੇ ਪ੍ਰਧਾਨ ਮੰਤਰੀ ਸਾਹਿਬ ਨੇ ਸਾਫ ਕਰ ਦਿੱਤਾ ਹੈ ਕਿ ਕਤਲ ਵਿੱਚ ਭਾਰਤੀ ਡਿਪਲੋਮੈਟਾਂ ਦਾ ਹੱਥ ਹੈ। ਹੁਣ ਭਾਰਤ ਸਬੂਤ ਮੰਗ ਰਿਹਾ ਹੈ ਇਹ ਦੇਖਣ ਵਾਲੀ ਗੱਲ ਹੈ ਕਿ ਕੋਈ ਭੀ ਮਸਲਾ ਜਿਸ ਵਿੱਚ ਸੱਚਾਈ ਕੁਝ ਨਾ ਕੁਝ ਹੁੰਦੀ ਹੈ। ਸੋ ਦੇਖੋ ਇਸ ਬਾਰੇ ਅੱਗੇ ਕੀ ਹੋਵੇਗਾ ਕੁਦਰ–ਤੀ ਅਮਰੀਕਾ, ਇੰਗਲੈਂਡ ਸਾਰੇ ਮੁਲਕ ਕਨੈਡਾ ਦਾ ਪੱਖ ਪੂਰਨਗੇ। ਇਕ ਦੂਸਰਾ ਆਪਣੇ ਆਪਣੇ ਪੱਖ ‘ਤੇ ਹੈ, ਕਨੈਡਾ ਕਹਿ ਰਿਹਾ ਹੈ ਉਹ ਠੀਕ ਹੈ ਭਾਰਤ ਸਰਕਾਰ ਕਹਿ ਰਹੀ ਹੈ ਬੱਸ ਇਹ ਸੱਚ ਨਹੀਂ। ਇਹ ਜਰੂਰ ਹੈ ਪ੍ਰਧਾਨ ਮੰਤਰੀ ਮੋਦੀ ਸਾਹਿਬ ਲਈ ਬਹੁਤ ਵੱਡਾ ਝਟਕਾ ਲੱਗਾ ਉਸ ਦੀ ਵਿਦੇਸ਼ ਨੀਤੀ ਬਾਰੇ। ਇਸ ਸੰਕਟ ਵਿੱਚੋਂ ਨਿਕਲਣਾ ਸੌਖਾ ਨਹੀਂ? ਦੇਖੋ ਹੁਣ ਪੰਜਾਬ ਦੀ ਪੰਚਾਇਤਾਂ ਦੀ ਚੋਣਾਂ ਬਾਰੇ ਲਾਲਪੁਰਾ ਸਾਹਿਬ ਹੁਣਾਂ ਨੇ ਬਹੁਤ ਹੀ ਸੋਹਣੇ ਤਰੀਕੇ ਨਾਲ ਚੋਣਾਂ ਵਿੱਚ ਸਰਕਾਰ ਦੀ ਦਖਲ ਅੰਦਾਜ਼ੀ ਬਾਰੇ ਦੱਸਿਆ ਹੈ। ਦਖਲ ਅੰਦਾਜ਼ੀ ਕਹੋ ਜਾਂ ਫਿਰ ਬਦਲਾ ਹੈ ਇਹ ਸਰਕਾਰ ਦਾ ਬਦਲਾ ਹੈ ਕਿ ਪਹਿਲਾ ਨੂੰ ਕੋਈ ਨਾ ਕੋਈ ਵੱਖਰਾ ਦੂਪ ਦੇਣਾ ਤਦ ਹੀ ਬਦਲਾਅ ਹੁੰਦਾ ਹੈ ਮੈਨੂੰ ਇਤਨਾ ਯਾਦ ਹੈ ਪਹਿਲਾਂ ਪੰਚਾਇਤਾਂ ਦੀਆਂ ਚੋਣਾਂ ਹੁੰਦੀਆਂ ਸਨ ਇਕ ਦੋ ਦਿਨ ਪਹਿਲਾਂ ਤਕਰੀਬਨ ਹਫ਼ਤਾ ਪਹਿਲਾਂ ਕਾਗਜਾਂ ਦੀ ਭਰੋ–ਭਰਾਈ ਹੁੰਦੀ ਸੀ ਕੋਈ ਸਰਕਾਰੀ ਦਫਤਰਾਂ ਵਿੱਚ ਲਾਈਨਾਂ ਨਹੀਂ ਲੱਗਦੀਆਂ ਪੇਪਰ ਭਰ ਕੇ ਪੁਲਸ ਦਾ ਮੁਲਾਜ਼ਮ ਇਕ ਅੱਧਾ ਜਰੂਰ ਹੁੰਦਾ ਸੀ ਉਹ ਭੀ ਆਪਣਾ ਫੇਰਾ ਤੋਰਾ ਮਾਰ ਕੇ ਰੋਟੀ ਖਾ ਪੀ ਕੇ ਵਾਪਸ ਚਲਾ ਜਾਂਦਾ ਸੀ। ਸਾਰੇ ਫਿਰ ਭਰ ਕੇ ਚਲੇ ਜਾਂਦੇ ਸਨ ਕਿਤੇ ਕਿਤੇ ਅਣ ਸੁਖਾਵੀਂ ਗੱਲਬਾਤ ਹੁੰਦੀ ਸੀ ਬੱਸ ਉਥੇ ਦੀ ਉਥੇ ਠੱਪ ਕਰਕੇ ਸ।ਹ।। ਸਾਹਿਬ ਭੀ ਖਾਣਾ ਪੀਣਾ ਪੂਰਾ ਕਰਕੇ ਵਾਪਸ ਚਲੇ ਜਾਂਦੇ ਸਨ, ਵੋਟਾਂ ਬਹੁਤ ਹੀ ਅਰਾਮ ਨਾਲ ਪੈਂਦੀਆਂ ਸਨ ਜਿਹੜਾ ਜਿੱਤ ਗਿਆ ਪਿੰਡ ਵਿੱਚ ਇਕ ਗੇੜੀ ਜਰੂਰ ਕੱਢ ਲੈਂਦਾ ਸੀ। ਸਾਰਿਆਂ ਦਾ ਧੰਨਵਾਦ ਇਕ ਦੋ ਦਿਨ ਵਿੱਚ ਖ਼ਤਮ ਹੋ ਜਾਂਦਾ ਸੀ। ਥੋੜ੍ਹੇ ਪਿੰਡ ਹੀ ਸਨ ਜਿਥੇ ਥੋੜ੍ਹਾ ਖੜਕਾ ਦੜਕਾ ਹੁੰਦਾ ਸੀ। ਹੁਣ ਤਾਂ ਐਸਾ ਬਦਲਾਅ ਆਇਆ ਹਰ ਪਾਸੇ ਜੁੱਤੀ ਪਤਾਨ ਹੋ ਰਿਹਾ ਹੈ, ਗੋਲੀਆਂ ਚੱਲ ਰਹੀਆਂ ਹਨ। ਪੰਜਾਬ ਪੁਲਸ ਦੀ ਛਾਉਣੀ ਦੀ ਤਰ੍ਹਾਂ ਹੈ ਅਕਸਰ ਇਹ ਵਿਵਾਦ ਪਤਾ ਨਹੀਂ ਕਿਤਨਾ ਚਿਰ ਰਹੇਗਾ ਸਮਾਂ ਹੀ ਦੱਸੇਗਾ।



**–ਕੇ ਐਸ ਜੋਗੀ**

## ਅਮਰੀਕਾ ਚ ਪੰਜਾਬੀ ਨੌਜਵਾਨ ਦਾ ਗੋਲੀ ਮਾਰ ਕੇ ਕਤਲ, ਪਿਛਲੇ ਸਾਲ ਹੀ ਗਿਆ ਸੀ ਵਿਦੇਸ਼

ਪੰਜਾਬ ਦੇ ਪਟਿਆਲਾ ਦੇ ਕਸਬਾ ਸਮਾਣਾ ਦੇ ਪਿੰਡ ਕੁਤਬਨਪੁਰ ਦੇ ਰਹਿਣ ਵਾਲੇ ਇੱਕ ਨੌਜਵਾਨ ਦੀ ਅਮਰੀਕਾ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਨੌਜਵਾਨ ਦੀ ਮੌਤ ਤੋਂ ਬਾਅਦ ਪਰਿਵਾਰ ਚ ਮਾਤਮ ਛਾਇਆ ਹੋਇਆ ਹੈ। ਇਹ ਨੌਜਵਾਨ ਪੰਜਾਬ ਦੇ ਪਟਿਆਲਾ ਵਿੱਚ 12ਵੀਂ ਪਾਸ ਕਰਕੇ ਆਪਣੇ ਪਰਿਵਾਰ ਨੂੰ ਅਮਰੀਕਾ ਜਾਣ ਲਈ ਕਹਿ ਰਿਹਾ ਸੀ। ਜਿਸ ਤੋਂ ਬਾਅਦ ਪਰਿਵਾਰ ਨੇ ਉਸ ਨੂੰ ਅਮਰੀਕਾ ਭੇਜ ਦਿੱਤਾ। ਜਿੱਥੇ ਬੀਤੀ ਰਾਤ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੀ ਪਛਾਣ ਅਰਮਾਨ ਸਿੰਘ ਵਜੋਂ ਹੋਈ ਹੈ, ਜੋ ਸਮਾਣਾ ਦੇ ਪਿੰਡ ਕੁਤਬਨਪੁਰ ਦਾ ਰਹਿਣ ਵਾਲਾ ਸੀ। ਅਰਮਾਨ ਦੀ ਮਾਂ ਨੇ ਅਫਸੋਸ ਪ੍ਰਗਟ ਕਰਦਿਆਂ ਦੱਸਿਆ ਕਿ ਬੀਤੇ ਦਿਨ ਉਸ ਦੀ ਬੇਟੀ ਦੀ ਉਸ ਦੇ ਪੁੱਤਰ ਨਾਲ ਗੱਲਬਾਤ ਹੋਈ ਸੀ। ਉਦੋਂ ਤੱਕ ਉਹ ਬਿਲਕੁਲ ਠੀਕ ਸੀ। ਪਰ ਦੇਰ ਰਾਤ ਅਮਰੀਕਾ ਤੋਂ ਕਿਸੇ ਰਿਸ਼ਤੇਦਾਰ ਨੇ ਫੋਨ ਕਰਕੇ ਦੱਸਿਆ ਕਿ ਪੁੱਤਰ ਨੂੰ ਗੋਲੀ ਮਾਰ ਦਿੱਤੀ ਗਈ ਹੈ। ਉਸਦੀ ਮੌਤ ਦੀ ਸੂਚਨਾ ਮਿਲਣ ਦੇ ਬਾਅਦ ਪੂਰੇ ਪਿੰਡ ਦੇ ਵਿੱਚ ਸੋਗ ਦੀ ਲਹਿਰ ਹੈ।



– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ : 07417443300



## 3 ਨਵੰਬਰ ਲਈ ਜਨਮ ਦਿਨ 'ਤੇ ਵਿਸ਼ੇਸ਼

# ਸੇਵਾ ਦੇ ਪੁੰਜ ਮਾਤਾ ਸਾਹਿਬ ਕੌਰ ਜੀ



ਮਾਤਾ ਸਾਹਿਬ ਕੌਰ

ਸਰਬ ਪੱਖੀ ਅਦੁੱਤੀ ਸ਼ਖ਼ਸੀਅਤ ਦੇ ਮਾਲਕ, ਦਰਵੇਸ਼ ਸ਼ਹਿਨਸ਼ਾਹ ਗਿਆਨ ਦਾਤਾ ਪੱਖੀ ਮੁਜੱਸਮਾ, ਸਰਬੰਸ-ਦਾਨੀ, ਵਿਸ਼ਵ ਕਲਿਆਣ-ਕਾਰੀ ਦੋ ਜਹਾਨ ਦੇ ਮਾਲਕ, ਧਰਮ ਲਈ ਰਣ-ਭੂਮੀ ਵਿੱਚ ਜੂਝਣ ਵਾਲੇ, ਅੰਮ੍ਰਿਤ ਦੇ ਦਾਤੇ ਦਸ਼ਮੇਸ਼ ਪਿਤਾ ਖੜਗਧਾਰੀ, ਮਹਾਨ ਸੂਰਬੀਰ ਜੋਧੇ, ਪੁਰਖ ਭਗਵੰਤ, ਪ੍ਰੀਤ ਪੈਗੰਬਰ, ਨੀਲੇ ਦੇ ਸ਼ਾਹ-ਸਵਾਰ, ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ, ਸੇਵਾ ਸਿਮਰਨ ਦੀ ਤਸਵੀਰ, ਸ਼ਾਂਤੀ ਤੇ ਨਿਮ-ਰਤਾ ਦੇ ਪੁੰਜ, ਵਾਹਿਗੁਰੂ ਦੇ ਭਾਣੇ ਅਤੇ ਸਤਿਗੁਰਾਂ ਦੇ ਹੁਕਮ ਵਿੱਚ ਸਮਾਂ ਗੁਜ਼ਾਰਨ ਵਾਲੇ ਖ਼ਾਲਸਾ ਜੀ ਦੀ ਮਾਤਾ ਸਾਹਿਬ ਕੌਰ (ਸਾਹਿਬ ਦੇਵਾਂ) ਜੀ, ਜਿਸ ਨੂੰ ਦਸ਼ਮੇਸ਼ ਪਿਤਾ ਜੀ ਨੇ ਖ਼ਾਲਸੇ ਦੀ ਮਾਤਾ ਦਾ ਗੌਰਵ ਬਖ਼ਸ਼ ਕੇ ਔਰਤ ਜਾਮੇ ਦੀ ਨੁਹਾਰ ਹੀ ਬਦਲ ਦਿੱਤੀ। ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ, ਗੁਰ ਪ੍ਰਣਾਲੀ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਮਾਤਾ ਸਾਹਿਬ ਕੌਰ ਦੇ ਲੇਖਕ, ਗਿਆਨੀ ਜੁਝਾਰ ਸਿੰਘ ਅਜਾਦ, ਗੁਰੂ ਖ਼ਾਲਸਾ ਤਵਾਰੀਖ, ਸ੍ਰੀ ਕਲਗੀਧਰ ਚਮਤਕਾਰ, ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਮਹਾਨ ਕੋਸ਼ ਅਤੇ ਇਤਿਹਾਸਕ ਸਰੋਤਾਂ ਅਨੁਸਾਰ ਮਾਤਾ ਸਾਹਿਬ ਕੌਰ ਜੀ ਦਾ ਜਨਮ ਪਿਤਾ ਭਾਈ ਰਾਮੂ ਜੀ (ਭਾਈ ਹਰਭਗਵਾਨ) ਬੱਸੀ ਗੋਤ ਦੇ ਘਰ, ਮਾਤਾ ਜੱਸਦੇਵੀ ਜੀ ਦੀ ਕੁੱਖੋਂ ਜ਼ਿਲ੍ਹਾ ਜੇਹਲਮ ਦੇ ਇਤਿਹਾਸਕ ਨਗਰ ਰੁਹਤਾਸ ਵਿਖੇ 18 ਕਤਕ 1738 ਬਿ: ਮੁਤਾਬਿਕ 3 ਨਵੰਬਰ 1681 ਈ: ਨੂੰ ਹੋਇਆ। ਇਤਿਹਾਸਕ ਪੱਖ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 15 ਸਤੰਬਰ 1519 ਈਸਵੀ ਨੂੰ ਇਸ ਨਗਰ ਵਿੱਚ ਆਪਣੇ ਚਰਨ ਪਾਏ ਤੇ ਬੱਸੀ ਗੋਤ ਦੇ ਵਡੇਰੇ ਭਾਈ ਭਗਤੂ ਰਾਮ ਤੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਇਸੇ ਕਾਰਨ ਇਸ ਇਲਾਕੇ ਦੀਆਂ ਸੰਗਤਾਂ ਵਿੱਚ ਸਿੱਖੀ ਪ੍ਰਫੁੱਲਿਤ ਅਤੇ ਲੋਕਾਂ ਵਿੱਚ ਭਰਾਤਰੀ ਭਾਵ, ਸਹਿਨਸ਼ੀਲਤਾ, ਧਾਰਮਿਕਤਾ, ਪਰਉਪਕਾਰ, ਨੇਕੀ ਸੱਚਾਈ ਅਤੇ ਸੁਕ੍ਰਿਤ ਕਰਨਾ, ਮਹੱਤਵ-ਪੂਰਨ ਦੈਵੀ ਗੁਣ ਸਨ। ਇਤਿਹਾਸਕ ਵਿਦਵਾਨਾਂ ਦੀ ਭਰਪੂਰ ਖੋਜ ਅਨੁਸਾਰ ਭਾਈ ਰਾਮੂ ਜੀ ਸਾਰੇ ਪਰਿਵਾਰ ਅਤੇ ਪੋਠੋਹਾਰ ਦੀ ਸੰਗਤ ਸਹਿਤ 10 ਮਾਰਚ ਸੰਨ 1700 ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਪੁੱਜ ਕੇ ਦਸ਼ਮੇਸ਼ ਪਿਤਾ ਤੇ ਗੁਰੂ ਪਰਿਵਾਰ ਦੇ ਦਰਸ਼ਨ ਕੀਤੇ। ਸਮੁੱਚੀ ਸੰਗਤ ਭਾਈ ਰਾਮਾ ਜੀ ਤੇ ਮਾਤਾ ਜਸਦੇਵੀ ਵੱਲੋਂ ਸਤਿਗੁਰੂ ਜੀ ਅੱਗੇ ਨਿਮਰਤਾ ਅਤੇ ਸਤਿਕਾਰ ਨਾਲ ਆਪਣੀ ਲੜਕੀ ਸਾਹਿਬ ਦੇਵਾਂ ਦੇ ਵਿਆਹ ਬਾਰੇ ਕੀਤੀ ਬੇਨਤੀ ਨੂੰ ਸਤਿਗੁਰੂ ਜੀ ਨੇ ਗਹਿਰ ਗੰਭੀਰ ਹੋ ਕੇ ਸੁਣਿਆ ਤੇ ਵਿਚਾਰਿਆ। ਗੁਰੂ ਸਾਹਿਬ ਜੀ ਨੇ ਸਾਹਿਬ ਦੇਵਾਂ ਨਾਲ ਅਨੰਦ ਕਾਰਜ ਕਰਾਉਣ ਲਈ ਪ੍ਰਵਾਨ ਕਰ ਲਿਆ। ਜਿਸ ਕਰਕੇ 18 ਵੈਸਾਖ 1757 ਬਿਕਰਮੀ ਨੂੰ ਅਨੰਦ ਕਾਰਜ ਸੰਪੰਨ ਹੋਇਆ। ਅਨੰਦ ਕਾਰਜ ਦੀ ਰਸਮ ਤੋਂ ਪਹਿਲਾਂ ਨਗਰ ਰੁਹਤਾਸ ਦੀ ਸਮੁੱਚੀ ਸੰਗਤ ਸਮੇਤ ਭਾਈ ਰਾਮੇ ਦੇ ਪਰਿਵਾਰ ਨੇ ਕਲਗੀਧਰ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਜਿਸ ਕਰਕੇ ਬੀਬੀ ਸਾਹਿਬ ਦੇਵਾਂ ਜੀ ਸਾਹਿਬ ਕੌਰ ਬਣ ਗਏ। ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਮਾਤਾ ਸਾਹਿਬ ਕੌਰ ਜੀ, ਮਾਤਾ ਗੁਜਰੀ ਜੀ ਤੇ ਸਾਹਿਬਜਾਦਿਆਂ ਤੇ ਗੁਰ ਪਰਿਵਾਰ ਦੀ ਸੇਵਾ ਵਿੱਚ ਪਰਵਿਰਲ ਹੋ ਗਏ। ਮਾਤਾ ਜੀਤੋ ਜੀ ਅਕਾਲ ਚਲਾਣਾ ਕਰ ਗਏ ਸਨ। ਇਤਿਹਾਸ ਗਵਾਹ ਹੈ ਇਕ ਦਿਨ ਮਾਤਾ ਜੀ ਨੇ ਸਤਿਗੁਰਾਂ ਤੋਂ ਇਕ ਪੁੱਤਰ (ਸੰਤਾਨ) ਦੀ ਮੰਗ ਕੀਤੀ, ਤਾਂ ਦਸ਼ਮੇਸ਼ ਪਿਤਾ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਮਾਣ ਤੇ ਸਤਿਕਾਰ ਬਖ਼ਸ਼ਿਆ। ਸ੍ਰੀ ਅਨੰਦਪੁਰ ਸਾਹਿਬ ਜੀ ਨੂੰ ਛੱਡਣ ਸਮੇਂ ਸਰਸਾ ਦੇ ਕੰਢੇ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਦੋਨੋਂ ਮਾਤਾਵਾਂ ਦੋ ਸੇਵਕਣਾਂ ਭਾਗ ਕੌਰ ਤੇ ਹਰਦਾਸ ਕੌਰ, ਭਾਈ ਮਨੀ ਸਿੰਘ, ਮਾਤਾ ਜੀ ਦੇ ਭਰਾ ਸਾਹਿਬ ਸਿੰਘ ਸਾਥ ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਰੋਪੜ, ਸਮਾਣਾ, ਅੰਬਾਲਾ ਤੋਂ ਹੁੰਦੇ (ਹਰਦੁਆਰ) ਦਿੱਲੀ ਪਹੁੰਚ ਗਏ, ਇਥੇ ਮਾਤਾਵਾਂ ਨੇ ਕੂਚਾ ਦਿਲਵਾਲੀ ਵਿਖੇ ਨਿਵਾਸ ਕੀਤਾ। ਦੱਸਵੇਂ ਪਾਤਸ਼ਾਹ ਜੀ ਨੇ ਖਿਦਰਾਣੇ ਦੀ ਢਾਬ ਸ੍ਰੀ ਮੁਕਤਸਰ ਸਾਹਿਬ ਜੀ ਤੋਂ ਚੱਲ ਕੇ ਬਠਿੰਡੇ ਤੋਂ 28 ਕਿਲੋਮੀਟਰ ਸਾਬੋ ਕੀ ਤਲਵੰਡੀ ਸ੍ਰੀ ਦਮਦਮਾ ਸਾਹਿਬ ਜੀ ਵਿਖੇ 20 ਜਨਵਰੀ 1706 ਈ: ਨੂੰ ਚਰਨ ਪਾਏ। ਇਥੋਂ ਹੀ ਚੋਧਰੀ ਕਪੂਰੇ ਦੀ ਪਤਨੀ ਬੀਬੀ ਕਪੂਰੋ ਵੱਲੋਂ ਦਸ਼ਮੇਸ਼ ਜੀ ਨੂੰ ਬੇਨਤੀ ਕਰਕੇ ਦਿੱਲੀ ਤੋਂ ਭਾਈ ਮਨੀ ਸਿੰਘ ਨਾਲ ਦੋਨੋਂ ਮਾਤਾਵਾਂ ਨੂੰ ਬੁਲਾ ਲਿਆ। ਮਾਤਾਵਾਂ ਨਾਲ ਦਿੱਲੀ ਦੀ ਸੰਗਤ ਅਤੇ ਭਾਈ ਸ਼ੀਹਾਂ ਸਿੰਘ ਵੀ ਆਏ। ਦੋਨੋਂ ਮਾਤਾਵਾਂ ਨੇ ਗੁਰੂ ਪਤੀ ਨੂੰ ਮੱਥਾ ਟੇਕਿਆ ਤੇ ਸਹਿਤ ਅਧੀਨਗੀ ਪਰਿਵਾਰ ਤੇ ਚਾਰੇ ਸਾਹਿਬਜ਼ਾਦਿਆਂ ਬਾਰੇ ਜਦੋਂ ਪੁੱਛਿਆ ਤਾਂ ਉਨ੍ਹਾਂ ਦਾ ਸ਼ੋਕ ਨਵਿਰਤ ਕਰਨ ਲਈ ਸਤਿਗੁਰੂ ਜੀ ਨੇ ਫ਼ੁਰਮਾਇਆ-ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁੱਤ ਚਾਰ। ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ। ਦੋਨੋਂ ਮਾਤਾਵਾਂ ਸ੍ਰੀ ਦਮਦਮਾ ਸਾਹਿਬ ਵਿਖੇ ਲਗਪਗ 9 ਮਹੀਨੇ ਸਤਿਗੁਰੂ ਜੀ ਦੀ ਹਜੂਰੀ ਰਹੀਆਂ, ਫਿਰ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਭਾਈ ਮਾਲ੍ਹੀ ਸਿੰਘ ਤੇ ਡੱਲੇ ਦਾ ਭਰਾ ਭਾਈ ਗੋਦਾਰੀਆ ਸਿੰਘ ਨਾਲ ਦਿੱਲੀ ਭੇਜ ਦਿੱਤਾ। ਜਿਸ ਸਮੇਂ ਕਲਗੀਧਰ ਜੀ ਨੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਤੋਂ ਗੁਰੂ ਮਹਾਰਾਜ ਜੀ ਦੀ ਆਦਿ ਬੀੜ ਲਿਖਵਾ ਕੇ ਨੌਵੇਂ ਗੁਰੂ ਜੀ ਦੀ ਬਾਣੀ ਦਰਜ ਕਰਵਾਈ ਤੇ ਫਿਰ ਸਤਿਗੁਰੂ ਜੀ ਨੇ 30 ਅਕਤੂਬਰ 1706 ਈਸਵੀ ਨੂੰ ਦੱਖਣ ਦੇਸ਼ ਵੱਲ ਜਾਣ ਦੀ ਤਿਆਰੀ ਕਰ ਲਈ। ਕਲਗੀਧਰ ਪਿਤਾ ਜੀ ਅਨੇਕਾਂ ਸਿੰਘਾਂ ਸਹਿਤ ਦਿੱਲੀ ਪੁੱਜੇ। ਮੋਚੀ ਬਾਗ ਗੁਰੂ ਜੀ ਨੇ ਨਿਵਾਸ ਕੀਤਾ। ਜਿਥੇ ਕਿ ਅੱਜ ਕੱਲ੍ਹ ਸਤਿਗੁਰੂ ਜੀ ਦੀ ਯਾਦਗਾਰ ਗੁਰਦੁਆਰਾ ਮੋਤੀ ਬਾਗ ਸੁਸ਼ੋਭਿਤ ਹੈ। ਦੋਨੋਂ ਮਾਤਾਵਾਂ ਨੇ ਵੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਇਤਿਹਾਸ ਗਵਾਹ ਹੈ ਕਿ ਮਾਤਾ ਸੁੰਦਰ ਕੌਰ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਬਹੁਤ ਸਾਰਾ ਸਮਾਂ ਇਕੱਠੇ ਰਹਿਣ ਅਤੇ ਪੰਥ ਦੀ ਅਗਵਾਈ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਦਿੱਲੀ ਤੋਂ ਨੰਦੇੜ ਗੁਰੂ ਜੀ ਦੇ ਜਾਣ ਸਮੇਂ ਮਾਤਾ ਸਾਹਿਬ ਕੌਰ ਜੀ ਵੀ ਨਾਲ ਹੀ ਗਏ। ਜਿਥੇ ਗੁਰਦੁਆਰਾ ਮਾਤਾ ਸਾਹਿਬ ਕੌਰ ਸਥਿਤ ਹੈ ਇਥੇ ਮਾਤਾ ਜੀ ਨੇ ਨਿਵਾਸ ਰੱਖ ਕੇ ਕਲਗੀਧਰ ਜੀ ਨੂੰ ਰੋਜ਼ਾਨਾ ਲੰਗਰ ਛਕਾਉਂਦੇ ਰਹੇ। ਜਿਸ ਸਮੇਂ ਗੁਰੂ ਜੀ ਦੀ ਆਗਿਆ ਨਾਲ ਨੰਦੇੜ ਸੱਚਖੰਡ ਸ੍ਰੀ ਹਜੂਰ ਸਾਹਿਬ ਜੀ ਤੋਂ ਦਿੱਲੀ ਸਿੰਘਾਂ ਨਾਲ ਆਏ ਤਾਂ ਸਤਿਗੁਰੂ ਜੀ ਨੇ ਮਾਤਾ ਜੀ ਨੂੰ ਪੰਜ ਸ਼ਸਤਰ ਤੇ ਇਕ ਮੋਹਰ ਦੀ ਬਖ਼ਸ਼ਿਸ਼ ਕਰਕੇ ਨਿਵਾਜਿਆ। ਦਿੱਲੀ ਰਹਿੰਦਿਆਂ ਮਾਤਾ ਜੀ ਨੇ ਸੰਗਤਾਂ ਪ੍ਰਤੀ ਹੁਕਮਨਾਮੇ ਵੀ ਲਿਖ ਕੇ ਭੇਜੇ ਸਨ। ਇਥੇ ਹੀ ਦਿੱਲੀ ਵਿਖੇ ਅੰਤ ਸਮਾਂ ਆਣ 'ਤੇ ਗੁਰੂ ਜੀ ਵੱਲੋਂ ਦਿੱਤੇ ਪੰਜ ਸ਼ਸਤਰ ਗੁਰਦੇਵ ਮਾਤਾ ਸੁੰਦਰ ਕੌਰ ਜੀ ਦੇ ਸਪੁਰਦ ਕਰਕੇ ਖ਼ਾਲਸਾ ਜੀ ਦੀ ਮਾਤਾ ਸਾਹਿਬ ਕੌਰ ਜੀ ਪ੍ਰਭੂ ਭਾਣੇ ਵਿੱਚ 15 ਅਕਤੂਬਰ 1731 ਈ: ਨੂੰ ਦਿੱਲੀ ਵਿਖੇ ਪ੍ਰਭੂ ਚਰਨਾਂ ਵਿੱਚ ਲੀਨ ਹੋ ਗਏ। ਮਾਤਾ ਸਾਹਿਬ ਕੌਰ ਜੀ ਦੇ 343ਵੇਂ ਜਨਮ ਉਤਸਵ ਦੀ ਸਿੱਖ ਜਗਤ ਨੂੰ ਲੱਖ ਲੱਖ ਵਧਾਈ ਹੋਵੇ।

–ਰਣਧੀਰ ਸਿੰਘ ਸੰਭਲ

## ਪੰਥਕ ਗੁੰਡਾਗਰਦੀ

ਗੁੰਡਾਗਰਦੀ ਪੰਥ ਵਿੱਚ, ਸਿਰ ਚੜ੍ਹ ਕੇ ਬੋਲੇ,
ਹਮਲੇ ਕਰਦੇ ਇੱਕ ਦੂਜੇ 'ਤੇ, ਬੰਨ੍ਹ ਬੰਨ੍ਹ ਟੋਲੇ।

ਉਂਗਲਾਂ ਮੂੰਹ ਵਿੱਚ ਪਾ, ਬੇਚਾਰਾ ਸਿੱਖ ਹੈ ਤੱਕਦਾ,
ਦੁੱਖ ਆਪਣੇ ਉਹ ਦਰਦ ਦੇ, ਕਿੱਥੇ ਜਾ ਕੇ ਫੋਲੇ।

ਲੀਡਰ ਅਤੇ ਜਥੇਦਾਰ, ਸਭ ਇੱਕੋ ਜਿੱਕੇ,
ਊਂਜਾਂ ਇੱਕ ਦੂਜੇ ਨੂੰ, ਲਾਉਣ ਝੂਠੇ ਬੜਬੋਲੇ।

ਮਰਜ਼ੀ ਨਾ ਚੱਲਦੀ ਦੇਖ, ਬੜੇ ਹੀ ਭੜਕਣ ਭੌਂਕੜ,
ਨੰਗੇ ਵਿੱਚ ਹਮਾਮ ਦੇ, ਲੁਕਣ ਇੱਕ ਦੂਜੇ ਓਹਲੇ।

ਝੂਠ ਦੇ ਮਾਹਿਰ ਪਖੰਡੀ, ਗੁਰੂ ਦੇ ਸਿੱਖ ਕਹਾਵਣ,
ਪੈਸੇ ਖਾਤਰ ਬਣ ਜਾਂਦੇ, ਸਭ ਹੁਕਮ ਦੇ ਗੋਲੇ।

ਖਾ ਕੇ ਪੂਜਾ ਦਾ ਧਨ, ਡਕਾਰ ਨਾ ਮਾਰਨ,
ਨਹੀਂ ਸਾਂਭੇ ਜਾਂਦੇ ਢਿੱਡ, ਜੋ ਬਣ ਗਏ ਭੜੋਲੇ।

ਜੱਟਵਾਦ ਦਾ ਫਤੂਰ, ਕਿਸੇ ਤੋਂ ਨਹੀਂ ਹੁਣ ਛੁਪਿਆ,
ਮਾੜੇ ਧੀੜੇ ਬਾਕੀ ਵਰਗ, ਇਨ੍ਹਾਂ ਨੇ ਮਿੱਟੀ ਰੋਲ਼ੇ।


ਸਭੇ ਸਾਂਝੀਵਾਲ ਸਦਾਇਣ, ਹੁਣ ਕਿਹੜੇ ਮੂੰਹੀਂ,
ਰੱਖ ਬਰਾਬਰ ਤੱਕੜੀ, ਹੁਣ ਕੋਈ ਨਾ ਤੋਲੇ।

ਪੈਰ ਪੈਰ 'ਤੇ ਥੁੱਕ ਕੇ, ਚੱਟਣ ਵਾਲੇ ਕੂਕਰ,
ਸਵਾਰ ਨੇ ਉਸ ਬੇੜੀ ਦੇ, ਜੋ ਖਾਏ ਡਿੱਕੋ ਡੋਲੇ।

ਸ਼ਾਨਾਂ ਮੱਤੇ ਇਤਿਹਾਸ ਦੀ, ਹੁਣ ਪਲੀਤ ਹੈ ਮਿੱਟੀ,
ਨਲੂਏ ਵਰਗੇ ਸੂਰਬੀਰ, ਕੋਈ ਕਿੱਥੋਂ ਟੋਹਲੇ।

ਖੰਡੇ ਦੀਆਂ ਗੱਲਾਂ ਕਰਦੇ, ਖੁਦ ਨੇ ਖੜਕੇ ਥੋਥੇ,
ਫੱਕੜ ਉਗਲਣ ਦਿਨੇ ਰਾਤ, ਅੱਤ ਅੰਨ੍ਹੇ ਬੋਲ਼ੇ।

ਸਮੱਰਪਤ ਗੁਰੂ ਨੂੰ ਕਹਿਣ, ਪਰ ਕਰਨ ਮਨ ਮੱਤੀਆਂ,
ਸਿੱਖ ਮਰਿਆਦਾ ਸਾੜ ਕੇ ਅੱਜ, ਕਰ ਦਿੱਤੀ ਕੋਲੇ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ॥ ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ ॥
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ ॥ ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ
# ਬੰਦੀਛੋੜ ਦਿਵਸ ਤੇ ਦੀਵਾਲੀ ਦੀ ਲੱਖ ਲੱਖ ਵਧਾਈ





ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੀ ਸਾਧ ਸੰਤ ਜੀ, ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 52 ਰਾਜਿਆਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿਚੋਂ ਛੁਡਾ ਕੇ ਆਜ਼ਾਦ ਕਰਵਾਇਆ ਸੀ। ਗੁਰੂ ਸਾਹਿਬ ਦੀ ਰਿਹਾਈ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ-ਸਰ ਪਹੁੰਚਣ ਦੀ ਖੁਸ਼ੀ ਨੂੰ ਲੈ ਕੇ ਸਿੱਖ ਸੰਗਤਾਂ ਨੇ ਉਸ ਵਕਤ ਬੜੀ ਧੂਮ-ਧਾਮ ਨਾਲ ਦੀਵਾਲੀ ਮਨਾਈ ਤੇ ਦੀਪਮਾਲਾ ਕਰਕੇ ਰੋਸ਼ਨੀਆਂ ਕੀਤੀਆਂ। ਬੰਦੀਛੋੜ ਦਿਵਸ ਦੇ ਮੌਕੇ ਇਸ ਗੁਰੂ ਘਰ ਵਿਖੇ ਦੀਵਾਲੀ ਹੇਠਾਂ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਇਹ ਪੁਰਬ ਮਨਾਏ ਜਾ ਰਹੇ ਹਨ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਵੱਧ ਚੜ੍ਹ ਕੇ ਗੁਰੂ ਦੇ ਦਰ 'ਤੇ ਪਰਿਵਾਰਾਂ ਸਮੇਤ ਆ ਕੇ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ ।

## 1-3 ਨਵੰਬਰ ਬੰਦੀ ਛੋੜ ਦਿਵਸ ਸਬੰਧੀ ਪ੍ਰੋਗਰਾਮ :

**ਅਰੰਭ ਸ੍ਰੀ ਅਖੰਡ ਪਾਠ 1-11-2024 ਸ਼ੁੱਕਰਵਾਰ ਸਵੇਰੇ 10:00 ਵਜੇ**

**ਭੋਗ ਸ੍ਰੀ ਅਖੰਡ ਪਾਠ 3-11-2024 ਐਤਵਾਰ ਸਵੇਰੇ 10:00 ਵਜੇ**

ਉਪ੍ਰੰਤ ਦੀਵਾਨ ਸਜੇਗਾ ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਜਥਾ ਭਾਈ ਦਰਬਾਰਾ ਸਿੰਘ, ਭਾਈ ਅਮਰੀਕ ਸਿੰਘ, ਭਾਈ ਪਿਆਰਾ ਸਿੰਘ ਅਤੇ ਭਾਈ ਅਮਨਦੀਪ ਸਿੰਘ ਹਾਜ਼ਰੀ ਭਰਨਗੇ ।

ਨਵੰਬਰ ੧੯੮੪ ਨੂੰ ਭਾਰਤ ਦੀ ਰਾਜਧਾਨੀ ਦਿੱਲੀ ਅਤੇ ਦੇਸ਼ ਦੇ ਬਹੁਤ ਸਾਰੇ ਸ਼ਹਿਰਾਂ ਅੰਦਰ ਸਮੇਂ ਦੀ ਕਾਂਗਰਸ ਸਰਕਾਰ ਅਤੇ ਸਰਕਾਰੀ ਪ੍ਰਸ਼ਾਸਨ ਦੀ ਸਰਪ੍ਰਸਤੀ ਹੇਠ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ । ਜਿਸ ਦਾ ੪੦ ਸਾਲ ਬੀਤ ਜਾਣ ਤੇ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਜੂਨ ਤੇ ਨਵੰਬਰ ੧੯੮੪ ਅਤੇ ਵੱਖ ਵੱਖ ਸਮੇਂ ਸਿੱਖਾਂ ਨਾਲ ਵਾਪਰੇ ਘੱਲੂਘਾਰਿਆਂ ਦਾ ਸ਼ਿਕਾਰ ਹੋਏ ਹਜ਼ਾਰਾਂ ਮਾਸੂਮ ਸਿੱਖ ਬਜ਼ੁਰਗਾਂ, ਬੀਬੀਆਂ ਤੇ ਬੱਚਿਆਂ ਦੀ ਯਾਦ ਨੂੰ ਸਮਰਪਿਤ ਹੈ ਇਹ ਸ਼ਹੀਦੀ ਯਾਦਗਾਰ - ਫਤਹਿ ਦਰਵਾਜ਼ਾ। ਸੰਗਤਾਂ ਨੂੰ ਬੇਨਤੀ ਹੈ ਕਿ ਬੰਦੀਛੋੜ ਦਿਵਸ ਜ਼ਰੂਰ ਮਨਾਈਏ, ਗੁਰੂ ਸਾਹਿਬ ਨੂੰ ਯਾਦ ਕਰਦਿਆਂ ਉਹਨਾਂ ਦੀਆਂ ਸਿੱਖਿਆਵਾਂ ਉਤੇ ਚੱਲੀਏ ਅਤੇ ਆਪਣੇ ਸ਼ਹੀਦਾਂ ਨੂੰ ਵੀ ਯਾਦ ਰੱਖੀਏ ਤੇ ਅੱਗੇ ਤੋਂ ਹਮੇਸ਼ਾਂ ਸੁਚੇਤ ਅਤੇ ਆਤਮ ਰੱਖਿਆ ਲਈ ਤਿਆਰ-ਬਰ-ਤਿਆਰ ਰਹੀਏ ਤਾਂ ਕਿ ਮੁੜ ਸਾਡੇ ਨਾਲ ਅਜਿਹੇ ਘੱਲੂਘਾਰੇ ਨਾ ਵਾਪਰਨ।

## ਸਿੰਘ ਸਭਾ ਵਿਖੇ ਅਜਾਇਬਘਰ

ਇਥੇ ਅਜਾਇਬ ਘਰ ਵਿਖੇ ਸਿੱਖ ਇਤਿਹਾਸ ਨਾਲ ਸਬੰਧਿਤ ਵੱਡੀਆਂ ਤੋਪਾਂ, ਸਿੰਘਾਂ ਦੇ ਜੰਗਾਂ ਯੁੱਧਾਂ ਦੌਰਾਨ ਵਰਤੇ ਇਤਿਹਾਸਕ ਸ਼ਸਤਰ-ਬਸਤਰ ਵਿਸ਼ਵ ਯੁੱਧ ਦੇ ਸ਼ਸਤਰ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੇ ਦਰਸ਼ਨ ਦਿਦਾਰੇ ਸੰਗਤਾਂ ਇਥੇ ਆ ਕੇ ਕਰ ਸਕਦੀਆਂ ਹਨ, ਕੋਈ ਦਾਖਲਾ ਟਿਕਟ ਨਹੀਂ । ਯੂ ਕੇ ਦੇ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ, ਸਕੂਲਾਂ ਦੇ ਵਿਦਿਆਰਥੀਆਂ ਅਤੇ ਇਤਿਹਾਸ ਦੇ ਵਿਦਿਆਰਥੀਆਂ ਨੂੰ ਇਸ ਮਿਊਜ਼ੀਅਮ ਨੂੰ ਦੇਖਣ ਲਈ ਸੱਦਾ ਦਿੱਤਾ ਜਾਂਦਾ ਹੈ । ਹਰ ਸਾਲ ਕਈ ਸ਼ਹਿਰਾਂ ਦੇ ਸਕੂਲਾਂ ਤੋਂ ਗਰੁੱਪ ਇਹ ਮਿਊਜ਼ੀਅਮ ਦੇਖਣ ਆਉਂਦੇ ਹਨ ।

**Open - Monday - Sunday 10:00am - 3:00pm**

**Visit us to know more at www.nationalsikhmuseum.com**

**ਇਸ ਗੁਰਦੁਆਰਾ ਸਾਹਿਬ ਦੇ ਪ੍ਰਵੇਸ਼ ਦੁਆਰ ਤੇ ਇੱਕ ਵੱਡੀ ਡਿਜੀਟਿਲ ਸਕਰੀਨ ਲਾਈ ਜਾ ਰਹੀ ਹੈ, ਜਿਸ ਤੋਂ ਨਵੰਬਰ 1984 ਨੂੰ ਸਿੱਖਾਂ ਨਾਲ ਵਾਪਰੇ ਘੱਲੂਘਾਰੇ ਸਬੰਧੀ ਸੰਗਤਾਂ ਨੂੰ ਜਾਣਕਾਰੀ ਮਿਲੇਗੀ ਕਿ ਉਸ ਵਕਤ ਸਿੱਖਾਂ ਉਤੇ ਕਿਵੇਂ ਜ਼ੁਲਮ ਕੀਤਾ ਗਿਆ ਸੀ।**

## ਆਤਿਸ਼ਬਾਜ਼ੀ ਅਤੇ ਪਟਾਕੇ ਨਹੀਂ ਚੱਲਣਗੇ

ਸੰਗਤਾਂ ਦੀ ਰਾਏ ਹੈ ਕਿ ਪਟਾਕਿਆਂ ਅਤੇ ਆਤਿਸ਼ਬਾਜ਼ੀ ਨਾਲ ਪ੍ਰਦੂਸ਼ਣ ਫੈਲਦਾ ਹੈ, ਇਸ ਲਈ ਗੁਰਦੁਆਰਾ ਸਾਹਿਬ ਵੱਲੋਂ ਪਟਾਕੇ ਅਤੇ ਆਤਿਸ਼ਬਾਜ਼ੀ ਨਹੀਂ ਕੀਤੀ ਜਾਂਦੀ । ਪਰ ਦੀਪਮਾਲਾ ਕਰਨ ਵਾਸਤੇ ਦੀਵੇ ਅਤੇ ਮੋਮਬੱਤੀਆਂ ਜਗਾਉਣ ਦੀ ਮਨਾਹੀ ਨਹੀਂ ਹੋਵੇਗੀ ।

ਗੁਰੂ ਘਰ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ
ਭਾਈ ਅਜੀਤ ਸਿੰਘ ਨਾਲ ਸੰਪਰਕ ਕਰੋ ਜੀ,
ਫੋਨ - 07533 362911

## ਗੁਰੂ ਘਰ ਵਿਖੇ ਚੱਲ ਰਹੀਆਂ ਸੇਵਾਵਾਂ :-

* ਸੋਮਵਾਰ ਤੋਂ ਸ਼ੁੱਕਰਵਾਰ - ਸਵੇਰੇ ਸ਼ਾਮ ਦੋਨੋ ਵੇਲੇ ਦੀਵਾਨ ਸਜਾਏ ਜਾਂਦੇ ਹਨ ।
* ਮੰਗਲਵਾਰ ਸ਼ਾਮ 8:00 ਤੋਂ 9:00 ਵਜੇ ਤੱਕ ਸਿੱਖ ਚੈਨਲ ਟੀਵੀ ਸਕਾਈ ਡਿਜੀਟਿਲ 762 'ਤੇ ਗੁਰਮਤਿ ਸਵਾਲ ਜਵਾਬ ਦਾ ਪ੍ਰੋਗਰਾਮ ਲਾਈਵ ਪ੍ਰਸਾਰਿਤ ਕੀਤਾ ਜਾਂਦਾ ਹੈ ।
* ਸ਼ੁੱਕਰਵਾਰ ਨੂੰ ਸ਼ਾਮ 6:30 ਵਜੇ ਤੋਂ 8:00 ਵਜੇ ਤੱਕ ਹਰ **ਖਾਲਸਾ ਕਲੱਬ** ਹੁੰਦਾ ਹੈ ।
* ਸ਼ੁੱਕਰਵਾਰ ਸ਼ਾਮ 7 ਤੋਂ 8 ਵਜੇ ਤੱਕ ਹਰ ਹਫ਼ਤੇ ਗੁਰਬਾਣੀ ਸੰਥਿਆ ਦੀ ਕਲਾਸ ।
* ਸ਼ਨਿੱਚਰਵਾਰ ਸ਼ਾਮ ਨੂੰ 5:00 ਤੋਂ 7:00 ਵਜੇ ਤੱਕ ਕੀਰਤਨ ਤੇ ਤਬਲੇ ਦੀ ਕਲਾਸ ।
* ਸ਼ਨਿੱਚਰਵਾਰ ਸ਼ਾਮ 6:30 ਤੋਂ 9:00 ਵਜੇ ਤੱਕ ਅਖੰਡ ਕੀਰਤਨ ।
* ਐਤਵਾਰ 12:00 ਵਜੇ ਤੋਂ 1:30 ਵਜੇ ਤੱਕ ਪੰਜਾਬੀ ਸਕੂਲ ।
* 2:00 ਤੋਂ 3:00 ਵਜੇ ਤੱਕ ਗੁਰਬਾਣੀ ਦੀ ਸੰਥਿਆ ਦੀ ਕਲਾਸ ।
* ਗਤਕਾ ਕਲਾਸ ਮੰਗਲਵਾਰ, ਵੀਰਵਾਰ ਸ਼ਾਮ 6:30 ਤੋਂ 8:00 ਐਤਵਾਰ 2:30 ਤੋਂ 3:30 ਵਜੇ

## ਗੁਰੂ ਪੰਥ ਦੇ ਦਾਸ - ਪ੍ਰਬੰਧਕ ਕਮੇਟੀ ਤੇ ਸਾਧ ਸੰਗਤ ਗੁਰਦੁਆਰਾ ਸਿੰਘ ਸਭਾ ਡਰਬੀ

ਪ੍ਰਧਾਨ - ਰਘਬੀਰ ਸਿੰਘ, ਜ: ਸਕੱਤਰ - ਰਾਜਿੰਦਰ ਸਿੰਘ ਪੁਰੇਵਾਲ, ਖਜ਼ਾਨਚੀ - ਅਜੀਤ ਸਿੰਘ, ਮਹਿੰਦਰ ਸਿੰਘ ਚੀਮਾ, ਭਾਈ ਬਹਾਦਰ ਸਿੰਘ

GURDWARA SRI GURU SINGH SABHA, PRINCES STREET, DERBY, DE23 8NT. TEL: 01332 773010

# * ਚੂੰਢਾਂ-ਪੂੰਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ ‘ਤੇ ਹੱਲ ਕਰੇਗੀ- ਕੈਪਟਨ ਅਮਰਿੰਦਰ ਸਿੰਘ

-ਕੈਪਟਨ ਜੀ, ਕੇਂਦਰ ਤੋਂ ਏਨਾ ਹੀ ਪੁੱਛ ਕੇ ਦਸ ਦਿਉ ਕਿ ਉਨ੍ਹਾਂ ਨੇ ਪਿਛਲੇ ਸਾਲ ਦਾ ਸਟਾਕ ਕਿਉਂ ਨਹੀਂ ਚੁੱਕਿਆ?



*ਬਾਦਲ ਅਕਾਲੀ ਦਲ ਜਥੇਦਾਰਾਂ ਦੇ ਫ਼ੈਸਲੇ ਨੂੰ ਢਾਲ ਬਣਾ ਕੇ ਚੋਣਾਂ ਤੋਂ ਭੱਜਿਆ- ਮਾਲਵਿੰਦਰ ਸਿੰਘ ਕੰਗ

-ਖਾਲੀ ਘੋੜੀ ਹਿਣਕਦੀ, ਉੱਤੇ ਨਹੀਂ ਦੀਂਹਦਾ ਵੀਰ ਸੁਖਬੀਰ।



*ਦਿੱਲੀ ‘ਚ ਹੋਏ ਕਿਸਾਨ ਅੰਦੋਲਨ ਦਾ ਬਦਲਾ ਪੰਜਾਬ ਤੋਂ ਲੈ ਰਹੀ ਹੈ ਭਾਜਪਾ- ਹਰਪਾਲ ਚੀਮਾ

-ਜੱਗ ਭਾਵੇਂ ਕਰੇ ਨਿੰਦਿਆ, ਸੱਸ ਪਿੱਟਣੀ ਪੰਜੇਬਾਂ ਪਾ ਕੇ।



*ਭਾਜਪਾ ਦਾ ਕਿਸਾਨ ਵਿਰੋਧੀ ਚੇਹਰਾ ਆਇਆ ਸਾਹਮਣੇ- ਕੁਮਾਰੀ ਸ਼ੈਲਜਾ

-ਬੀਬੀ ਜੀ, ਬੜੀ ਦੇਰ ਬਾਅਦ ਦਿਸਿਆ ਤੁਹਾਨੂੰ ਇਹ ਚੇਹਰਾ।

*ਐਤਕੀਂ ਦਿਲਚਸਪ ਹੋਣਗੇ ਸ਼੍ਰੋਮਣੀ ਕਮੇਟੀ ਦੇ ਚੋਣ ਨਤੀਜੇ- ਇਕ ਖ਼ਬਰ

-ਕੁੰਢੀਆਂ ਦੇ ਸਿੰਙ ਫ਼ਸਣੇ, ਕੋਈ ਨਿੱਤਰੂ ਵੜੇਵੇਂ ਖਾਣੀ।



*ਨਸ਼ਾ ਤੇ ਗੈਂਗਸਟਰਵਾਦ ਰੋਕਣ ’ਚ ਨਾਕਾਮ ਰਹੀ ਹੈ ਸੂਬਾ ਸਰਕਾਰ- ਬੀਬੀ ਜਤਿੰਦਰ ਕੌਰ

-ਬੀਬੀ ਜੀ, ਤੁਹਾਡੇ ਮੁੱਖ ਮੰਤਰੀ ਨੇ ਤਾਂ ਇਕ ਮਹੀਨੇ ‘ਚ ਇਨ੍ਹਾਂ ਦਾ ਲੱਕ ਤੋੜਨ ਦੀ ਸਹੁੰ ਚੁੱਕੀ ਸੀ।

*ਨਾਮ ਲਿਖਣ ‘ਚ ਪੰਜਾਬੀ ਭਾਸ਼ਾ ਨੂੰ ਪਹਿਲ ਦਿਤੀ ਜਾਵੇ- ਜਿਲ੍ਹਾ ਭਾਸ਼ਾ ਅਫ਼ਸਰ

-ਸਿਰਫ਼ ਨਾਮ ਲਿਖਣ ‘ਚ ਹੀ ਪਹਿਲ ਕਿਉਂ, ਬਾਕੀ ਥਾਈਂ ਪੰਜਾਬੀ ਦੰਦੀਆਂ ਵੱਢਦੀ ਐ।




*ਮੇਰੇ ਕੋਲ ਸਿਆਸਤ ‘ਚ 35 ਸਾਲਾਂ ਦਾ ਤਜਰਬਾ ਹੈ- ਪ੍ਰਿਅੰਕਾ ਗਾਂਧੀ

-ਮੈਨੂੰ ਨਰਮ ਕੁੜੀ ਨਾ ਜਾਣੀ, ਲੜ ਜੂੰ ਭ੍ਰਿੰਡ ਬਣ ਕੇ।

*ਭਾਜਪਾ ਨੇ ਠੰਡਲ ਨੂੰ ਅਕਾਲੀ ਦਲ ’ਚੋਂ ਨਿੱਕਲਦਿਆਂ ਸਾਰ ਹੀ ਚੱਬੇਵਾਲ ਤੋਂ ਉਮੀਦਵਾਰ ਐਲਾਨਿਆਂ-ਇਕ ਖ਼ਬਰ

-ਝੱਟ ਮੰਗਣੀ, ਪੱਟ ਸ਼ਾਦੀ।



*ਅਕਾਲੀ ਦਲ ਵਲੋਂ ਚੋਣ ਨਾ ਲੜਨ ਦਾ ਫ਼ੈਸਲਾ ਨਮੋਸ਼ੀ ਵਾਲ਼ੀ ਗੱਲ- ਭਾਈ ਮਨਜੀਤ ਸਿੰਘ

-ਹੁਣ ਤੂੰ ਕਿਧਰ ਗਿਆ, ਜੇਠ ਬੋਲੀਆਂ ਮਾਰੇ।

*ਗਰਾਂਟਾਂ ਦੇਣ ‘ਚ ਕੋਈ ਕਮੀ ਨਹੀਂ ਛੱਡੀ ਜਾਵੇਗੀ- ‘ਆਪ’ ਵਿਧਾਇਕ ਰਾਇ

-ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼।



*ਸੁਖਬੀਰ ਬਾਦਲ ਵੀਰ ਜੀ ਚੋਣ ਮੈਦਾਨ ਛੱਡ ਕੇ ਨਾ ਭੱਜੋ- ਅੰਮ੍ਰਿਤਾ ਵੜਿੰਗ

-ਜੇ ਤੂੰ ਚੁੰਘੀਆਂ ਬੂਰੀਆਂ ਤਾਂ ਵਿਚ ਮੈਦਾਨੇ ਆ।



*ਕੇਂਦਰ ਸਰਕਾਰ ਨੇ ਇਕ ਸਾਜ਼ਿਸ਼ ਅਧੀਨ ਪੰਜਾਬ ‘ਚ ਝੋਨੇ ਦੀ ਸਮੱਸਿਆ ਪੈਦਾ ਕੀਤੀ- ਪਰਤਾਪ ਸਿੰਘ ਬਾਜਵਾ

-ਕੁੜਤਾ ਹਰੀ ਦਰਿਆਈ ਦਾ ਵੇ, ਤੈਨੂੰ ਇਸ਼ਕ ਵੱਡੀ ਭਰਜਾਈ (ਕਾਰਪੋਰੇਟ) ਦਾ ਵੇ।

*ਮੋਗਾ ‘ਚ ਕਿਸਾਨ ਅਤੇ ਵਪਾਰੀ ਆਪਸ ‘ਚ ਭਿੜੇ, ਆੜ੍ਹਤੀਆ ਐਸੋਸੀਏਸ਼ਨ ਦਾ ਆਗੂ ਜ਼ਖ਼ਮੀ- ਇਕ ਖ਼ਬਰ

-ਚੰਦ ਕੌਰ ਚੱਕਵਾਂ ਚੁੱਲ੍ਹਾ, ਕਿਤੇ ਯਾਰਾਂ ਨੂੰ ਭਿੜਾ ਕੇ ਮਾਰੂ।



*ਜਥੇਦਾਰ ਦੀ ਚੇਤਾਵਨੀ ਤੋਂ ਬਾਅਦ ਰਾਜਾ ਵੜਿੰਗ ਨੇ ਮੰਗੀ ਮੁਆਫ਼ੀ- ਇਕ ਖ਼ਬਰ

-ਬੜ੍ਹਕਾਂ ਕਿਉਂ ਮਾਰਦੈਂ? ਅਸੀਂ ਸਾਨ੍ਹ ਹੁੰਨੇ ਆਂ! ਹੁਣ ਮੋਕ ਕਿਉਂ ਮਾਰਦੈਂ? ਗਊ ਦਾ ਜਾਇਆ ਜੁ ਹੋਇਆ।

* * * * * * *


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

ਫ਼ੋਨ ਨੰਬਰ: 01332 372851



# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰ ਤਿਆਰ

TO BUY OR PRINT YOUR OWN NEW YEAR'S CALANDERS

PLEASE CONTACT US ON 01332-372 851

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2025 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ:- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ ‘ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ ‘ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਠਿੱਬੀ ਮੱਲ ਦਾ 'ਸ਼ਕਤੀ ਤਮਾਸ਼ਾ'

**ਹਾਸ ਵਿਅੰਗ**

**ਲਖਵਿੰਦਰ ਸਿੰਘ ਰਈਆ**

ਲੋਕ ਵਿਕਾਸ ਦੇ ਕੰਮ ਹੋਣ ਜਾਂ ਨਾ ਪਰ ਇਸ ਲੋਕ ਤੰਤਰ ਵਿਚ 'ਮਨੁੱਖੀ ਸ਼ਕਤੀ' ਦਾ ਵਿਖਾਵਾ ਵੋਟਾਂ ਖੋਹਣ ਦਾ ਇੱਕ ਵੱਡਾ ਸਾਧਨ ਮੰਨਿਆ ਜਾ ਰਿਹਾ ਹੈ ਆਪਣੀਆਂ ਜੜ੍ਹਾਂ ਗੱਡਣ ਲਈ ਦੂਜਿਆਂ ਦੀ ਜੜ੍ਹੀ ਪਟਰੋਲ ਪਾਉਣ ਦਾ ਸ਼ੁਗਲ ਬਣਿਆ ਹੋਇਆ ਹੈ ਭਾਵੇਂ ਇਸ ਮਹਿੰਗੇ ਸ਼ੁਗਲ ਨਾਲ ਕਈ ਆਪਣਾ ਭੁਗਾ ਹੀ ਚੌੜ ਕਰਵਾ ਬੈਠੇ ਨੇ ਪਰ ਫਿਰ ਵੀ ਬਹੁਤੇ ਸਿਆਸੀ ਮਗਰਮੱਛ ਪੱਥਰ ਚੱਟ ਕੇ ਵੀ ਪਿਛਾਂਹ ਨਹੀ ਮੁੜਦੇ ਕਿਉਂਕਿ ਕਦੇ ਨਾ ਕਦੇ ਉਨਾਂ ਦੀ ਕੁੰਡੀ ਵਿਚ ਵਾਰੇ ਨਿਆਰੇ ਕਰਾਉਣ ਵਾਲਾ ਸ਼ਿਕਾਰ (ਕੁਰਸੀ) ਨੇ ਫਸਣਾ ਈ ਫਸਣਾ ਹੁੰਦੈਸੋ ਇਸ ਲੋਕ ਰਾਜ ਵਿਚ ਸਿਆਸੀ ਵਿਰੋਧੀਆਂ ਦੇ ਖੰਭ ਕੁਤਰਨ ਲਈ ਖੇਹ ਉਡਾਊ, ਪ੍ਰਦੂਸ਼ਣ ਫੈਲਾਊ ਤੇ ਚਲਦੀ ਆਵਾਜਾਈ ਵਿਚ ਵਿਘਨ ਪਾਊ 'ਸ਼ਕਤੀ ਤਮਾਸ਼ੇ' ਕਰਨ ਦੀ ਚੂਹਾ ਦੌੜ ਲੱਗੀ ਹੋਈ ਹੈ ਇਸ ਚੂਹਾ ਦੌੜ ਵਿਚ ਠਿੱਬੀ ਮੱਲ ਭਲਾ ਕਿਸੇ ਤੋਂ ਪਿਛੇ ਕਿਵੇ ਰਹਿ ਸਕਦਾ ਸੀ ? ਉਸ ਨੂੰ ਤਾਂ ਉਸੇ ਦਿਨ ਤੋ ਹੀ ਸੱਤੀ ਕਪੜੀ ਹੀ ਅੱਗ ਲੱਗੀ ਹੋਈ ਸੀ ਜਿਸ ਦਿਨ ਤੋ ਉਸ ਦੇ ਵਿਰੋਧੀਆਂ ਨੇ 'ਸ਼ਕਤੀ ਵਿਖਾਵੇ' ਰਾਹੀ ਸ਼ੜਕਾਂ 'ਤੇ ਕਬਜ਼ਾ ਕਰਕੇ ਪੂਰਾ ਹੁੜਦੰਗ ਮਚਾਇਆ ਸੀ ਠਿੱਬੀ ਮੱਲ ਨੇ ਵੀ ਮਨ ਵਿਚ ਧਾਰ ਲਿਆ ਸੀ ਕਿ ਆਪਣੇ 'ਸ਼ਕਤੀ ਵਿਖਾਵੇ' ਦੌਰਾਨ ਅਸਾਂਵੀ ਆਮ ਰਾਹਗੀਰਾਂ ਦੇ ਨਾਸੀ ਧੂੰਆਂ ਐਸਾ ਦੇਣਾ ਕਿ ਉਨਾਂ ਨੂੰ ਨਾਨੀ ਕੀ, ਸਗੋ ਨਾਨਕਾ ਪਰਵਾਰ ਹੀ ਚੇਤੇ ਆ ਜਾਵੇ ਅਤੇ ਨਾ ਚਾਹੁੰਦੇ ਹੋਏ ਵੀ ਉਹ ਸਾਡੀ ਭੀੜ ਦਾ ਇੱਕ ਹਿਸਾ ਬਣ ਕੇ ਰਹਿ ਜਾਣ ਭੀੜ ਦੀ ਅਸੀ ਸਮੁੰਦਰੀ ਛੱਲ ਨੂੰ ਵੇਖ ਕੇ ਵਿਰੋਧੀਆਂ ਦੇ ਢਿੱਡੀ ਇੰਜ਼ ਉਬਾਲੇ ਉਠਣ ਤੇ ਵਲੇਵੇ ਫਿਰਨ ਜਿਵੇ ਕਬਜ਼ੀ ਦੇ ਮਾਰੇ ਕਿਸੇ ਹਮਾਤੜ ਨੇ ਗਲਤੀ ਨਾਲ ਜੁਲਾਬ ਦੀ ਪੂਰੀ ਦੀ ਪੂਰੀ ਸ਼ੀਸ਼ੀ ਚਾੜ੍ਹ ਲਈ ਹੋਵੇ ਠਿੱਬੀ ਮਲ ਨੇ ਆਪਣੇ ਚੇਲੇ ਚਾਟੜੇ ਇਕੱਠੇ ਕੀਤੇ ਤੇ ਆਪਣੇ ਮਨ ਦੀ ਭੜਾਸ ਕੱਢਦਿਆਂ ਇਹ ਵੀ ਕਹਿ ਦਿੱਤਾ ਜਿਹੜਾ ਜਿਨੀ ਵੱਧ ਭੀੜ ਇਕੱਠੀ ਕਰਕੇ ਲਿਆਊ, ਪਾਰਟੀ ਵਿਚ ਉਸ ਨੂੰ ਆਹੁਦਾ ਵੀ ਓਨਾ ਵੱਡਾ ਬਖਸ਼ਿਸ਼ ਹੋਊ ਇਹ ਬਖਸੀਸ਼ ਲੈਣ ਲਈ ਚਮਚੇ-ਚਾਟੜਿਆਂ ਵਿਚ ਵੀ ਹੋੜ ਲੱਗ ਗਈ ਤੇ ਉਹ ਇੱਕ-ਦੂਜੇ ਦੇ ਹਲਕਿਆਂ ਵਿੱਚ 'ਸਨ' ਲਾਉਣ ਲੱਗ ਪਏ ਇਨਾਂ ਵਲੋ ਲਾਲਚ ਅਤੇ ਡਰਾਵੇ ਦੇ 'ਜੂਸ' ਦੇ ਖੂਬ ਲੰਗਰ ਲਾਏ ਗਏ।



ਇਸ ਖੋਹ ਮਈ ਵਿਚ ਵੱਢੂੰ-ਟੁਕੂੰ ਅਤੇ ਹੇਠਾਂ-ਉਪਰ ਹੋਣ ਦਾ ਐਸਾ ਮਾਹੌਲ ਬਣਿਆ ਜਿਵੇ ਹੱਡਾ-ਰੋੜੀ ਵਿਚ ਦਰਵੇਸ਼ਾਂ ਵਿਚਕਾਰ ਆਮ ਹੀ ਵਰਤਦਾ ਹੈ ਠਿੱਬੀ ਮੱਲ ਤੇ ਉਸਦੇ ਚੇਲੇ-ਚਾਟੜਿਆਂ ਦੇ ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਵੀ ਖੁਸ਼ੀ ਦੇ ਟੀਟਣੇ ਮਾਰਨ ਅਤੇ ਵਿਰੋਧੀਆਂ ਦੇ ਕਾਲਜੇ ਸਾੜਨ ਯੋਗੀ ਭੀੜ ਇਕੱਠੀ ਨਾ ਹੋ ਸਕੀ ਠਿੱਬੀ ਮੱਲ ਨੂੰ ਲੋਕਾਂ ਦਾ ਇਸ 'ਸ਼ਕਤੀ ਵਿਖਾਵੇ' ਵਿਚ ਵੱਡੀਭੀੜ ਬਣਕੇ ਸ਼ਾਮਿਲ ਨਾ ਹੋਣ ਉਤੇ ਕਚੀਚੀ ਤੇ ਕਚੀਚੀ ਵੀ ਆਈ ਜਾਏ ਅਤੇ ਮੂੰਹ ਉਤੇ ਤਰੇਲੀ ਦੀਆਂ ਸੁਨਾਮੀ ਲਹਿਰਾਂ ਵੀ ਛੁਟੀ ਜਾਣ ਪਰ ਬੁੱਲ੍ਹਾਂ 'ਤੇ ਸਿਕਰੀ ਜੰਮੀ ਜਾਏ 'ਕੁਰਸੀ 'ਤੇ ਨਾਗ ਕੁੰਡਲ ਵਜ ਲੈਣ ਦਿਓ ਫਿਰ ਵੇਖਿਓ ਇਨਾਂ ਨੂੰ ਬੰਦੇ ਦੇ ਪੁੱਤ ਕਿਵੇ ਬਣਾਉਨੈ ਤੇ ਕਹਿਣਾ ਨਾ ਮੰਨਣ ਦਾ ਐਸਾ ਸਬਕ ਸਿਖਾਊ ਕਿ ਜੋ ਪੀੜੀਆਂ ਤੱਕ ਨਾ ਭੁੱਲੂ' ਮੱਥੇ 'ਤੇ ਹੱਥ ਮਾਰ ਕੇ ਉਬਲਦੀ ਤੋੜੀ ਵਾਂਗ ਠਿੱਬੀ ਮਲ ਆਪਣੇ ਕੰਵੇ ਲੂਹੀ ਜਾ ਰਿਹਾ ਸੀ ਫਿਕਰ ਵਿਚ ਡੁੱਬੇ ਠਿੱਬੀ ਮਲ ਨੂੰ ਵੇਖ ਕੇ ਸੱਜੀ ਬਾਂਹ ਬਣੇ ਇੱਕ ਚਮਚੇ ਨੂੰ ਲੋਕਾਂ ਦੇ ਅੱਖੀ ਘੱਟਾ ਪਾਊ ਇਕ ਐਸੀ ਤਰਕੀਬ ਸੁੱਝੀ ਕਿ ਠਿੱਬੀ ਮਲ ਦੀਆਂ ਵਰ੍ਹਾਸ਼ਾਂ ਈ ਖਿੜ ਗਈਆਂਇਸ ਤਰਕੀਬ ਅਨੁਸਾਰ ਪਹੁੰਚੇ ਹੋਏ ਢਾਈ ਟੋਟਰੂਆਂ ਅਤੇ ਵਹੀਕਲਾਂ ਦਾ ਸ਼ੜਕ ਵਿਚ ਖਲਾਰਾ ਪਾ ਕੇ ਜਿੰਦਾਬਾਦ ਤੇ ਮੁਰਦਾਬਾਦ ਦੀ ਡੁਗਡਗੀ ਵਿਚ ਤਮਾਸ਼ਾ ਲਾ ਦਿਤਾ ਭਾਵੇ ਹੋਰਨਾਂ ਤਮਾਸ਼ਿਆਂ ਵਾਂਗ ਇਹ ਤਮਾਸ਼ਾ ਵੀ ਟਰੈਫਿਕ ਨਿਯਮਾਂ ਦਾ ਮਫੰਹ ਚਿੜਾਕੇ ਪ੍ਰਸ਼ਾਸਨ ਦਾ ਸਿਰਦਰਦੀ ਬਣਿਆ ਹੋਇਆ ਸੀ ਪਰ ਮੂਕ ਦਰਸ਼ਕ ਬਣੇ ਪ੍ਰਸ਼ਾਸਨ ਦੀ ਸਿਰ ਵਿਚ ਕੋਈ ਜੂੰ ਨਹੀ ਸਰਕ ਰਹੀ ਸੀ ਢਾਈ ਟੋਟਰੂ ਹੀ ਪਰਾਣੀ ਬਾਸਮਤੀ ਦੇ ਰਿਝੇ ਚੌਲਾਂ ਵਾਂਗ ਫੁਲ-ਫੁਲ ਕੇ ਸੜਕ ਚੋ ਵੀ ਬਾਹਰ ਕਿਰ ਰਹੇ ਸਨਇਸ ਖਲਾਰੇ ਵਿਚ ਕਈ ਹਮਾਤੜ ਰਾਹਗੀਰ ਫਸ ਗਏ ਜੋ ਇਸ 'ਸ਼ਕਤੀ ਵਿਖਾਵੇ' ਦਾ ਹਿੱਸਾ ਜਾਪਣ ਲੱਗ ਪਏਇਸ ਤਰਾਂ ਬਣੀ ਮਜ਼ਬੂਰਨ ਭੀੜ ਨੂੰ ਵੇਖ ਕੇ ਠਿੱਬੀ ਮੱਲ ਦੇ ਬੁੱਲ੍ਹ ਵੀ ਫੜਕ ਪਏ, ਨੀ ਜੇ ਏਦਾਂ ਈ ਹੁੰਦੇ ਰਹੇ ਤੇਰੇ ਦਰਸ਼ਨ, ਸਾਡੇ ਦਿਨ ਵਧੀਆ ਆ ਜਾਣਗੇ-ਗੇ ਅਜਿਹੇ ਸੜਕੀ ਵਿਖਾਵੇ ਕਰਨਾ ਸਾਡਾ ਕੋਈ ਸ਼ੁਗਲ ਨਹੀ ਸਗੋ ਅੱਜ ਦੀ ਮੁੱਖ ਲੋੜ ਤੇ ਸਾਡੀ ਮਜ਼ਬੂਰੀ ਐ' ਇਹ ਕਹਿ ਕੇ ਠਿੱਬੀ ਮੱਲ ਨੇ ਲੋਕਾਂ ਦੀ ਹੋਈ ਖਜ਼ਲ ਖੁਆਰੀ ਉਤੇ ਮੱਗਰਮੱਛ ਦੇ ਅੱਥਰੂ ਵੀ ਕੇਰੇ ਅਤੇ ਨਾਲ ਹੀ ਖੇਡੀ ਗਈ ਇਸ ਖੁੱਲੀ ਖੇਡ ਸਮੇ ਮੂਕ ਦਰਸ਼ਕੀ ਸਹਿਯੋਗ ਲਈ ਪ੍ਰਸ਼ਾਸਨ ਦਾ ਧੰਨਵਾਦ ਵੀ ਕੀਤਾ ਕੈਮਰੇ ਤੇ ਕੰਪਿਊਟਰੀ ਹੇਰਾ-ਫੇਰੀ ਨਾਲ ਮਨੁੱਖੀ ਧੜ ਉਹੀ ਤੇ ਸਿਰ ਹੋਰ, ਵਹੀਕਲ ਬਾਡੀ ਉਹੀ ਤੇ ਨੰਬਰਪਲੇਟਾਂ/ਸਵਾਰ ਹੋਰ ਅਤੇ ਭੀੜ ਵਿਚਲੇ ਖੱਪੇ ਭਰਨ ਲਈ ਇੱਕ ਦਿੱਖ ਨੂੰ ਹੀ ਕਈ-ਕਈ ਥਾਈ ਜੜ੍ਹ ਕੇ ਲੋਕਾਂ ਦਾ ਠਾਠਾਂ ਮਾਰਦੇ ਅਖੌਤੀ ਹੜ੍ਹ ਦੀਆਂ ਤਸਵੀਰਾਂ ਬਣਾ ਲਈਆਂ ਗਈਆਂ ਬਾਕੀ ਰਹਿੰਦੀ-ਖੂੰਹਦੀ ਕਸਰ ਵਿਕਾਊ ਮੀਡੀਏ ਨੇ ਇਸ਼ਤਿਹਾਰਾਂ ਨੂੰ ਮੋਮੋ-ਠੱਗਣੀਆਂ ਖਬਰਾਂ ਵਿਚ ਲਪੇਟ-ਲਪੇਟ ਕੇ ਨਸ਼ਰ ਕਰਦਿਆਂ ਠਿੱਬੀ ਮਲ ਦੇ 'ਸ਼ਕਤੀ ਵਿਖਾਵੇ' ਦੀ ਧੰਨ-ਧੰਨ ਕਰਵਾ ਦਿੱਤੀ।

# ★ ਮਿੰਨੀ ਕਹਾਣੀਆਂ ★

## ਦਰਦ

ਰੀਤਾ ਡਰੀ ਸਹਿਮੀ ਖੜ੍ਹੀ ਸੀ। ਮਾਨੋ ਉਸਦਾ ਪੂਰਾ ਵਜੂਦ ਹੀ ਹਿੱਲ ਗਿਆ। ਜਦ ਸੱਸ ਨੇ ਕਿਹਾ, 'ਧੀਏ ਤੇਰੇ ਵਿਆਹ ਨੂੰ ਗਿਆਰਾਂ ਦਿਨ ਹੋ ਗਏ ਨੇ, ਅੱਜ ਤੈਨੂੰ ਚੌਂਕੇ ਚੜ੍ਹਾਨੈ।' ਉਸਨੂੰ ਆਪਣੀ ਸੱਸ ਇੱਕ ਖੌਫਨਾਕ ਪ੍ਰਸ਼ਨ ਚਿੰਨ੍ਹ ਦਿਸ ਰਹੀ ਸੀ। ਉਸਨੂੰ ਇਕ ਦਮ ਯਾਦ ਆਇਆ, ਸੀਮਾ ਕਿੰਨੀ ਪਿਆਰੀ ਸਹੇਲੀ ਸੀ ਉਹਦੀ। ਹਾਏ ! ਉਹਦਾ ਚਿਹਰਾ ਦੇਖਿਆ ਨਹੀਂ ਸੀ ਜਾਂਦਾ। ਜਦ ਉਹਦੇ ਸਹੁਰਿਆ ਨੇ ਉਹਨੂੰ ਜਲਾ....।

ਹਾਏ ਰੱਬਾ ! ਉਹਦੀ ਦੀਦੀ ਦਾ ਵੀ ਕੀ ਕਸੂਰ ਸੀ। ਜਦ ਉਹਦੇ ਸਹੁਰਿਆ ਨੇ ਉਸਨੂੰ ਜ਼ਹਿਰ ਦੇ ਦਿਤੀ ਸੀ ੭ ਸਹੁਰਿਆ ਦੇ ਜ਼ੁਲਮ ਬਾਰੇ ਸੋਚ ਉਹ ਇਕ ਦਮ ਕੰਬ ਉੱਠੀ। 'ਹਾਏ !' ਰੀਤਾ ਦੀ ਇਕ ਦਮ ਚੀਕ ਨਿਕਲ ਗਈ।

'ਕੀ ਹੋਇਆ ਬੇਟੀ ?' ਰੀਤਾ ਦੇ ਦੋ ਅੱਥਰੂ ਅਚਾਨਕ ਛਲਕ ਕੇ ਉਸਦੀ ਸੱਸ ਦੇ ਚਿੱਟੇ ਦੁਪੱਟੇ ਤੇ ਆ ਪਏ। ਉਸਨੇ ਰੀਤਾ ਨੂੰ ਜੱਫੀ ਵਿਚ ਲੈ ਲਿਆ ਤੇ ਬੋਲੀ, 'ਧੀਏ ਮੇਰੇ ਤੋਂ ਨਾ ਘਬਰਾ, ਮੈਂ ਤੈਨੂੰ ਆਪਣੀ ਧੀ ਤੋਂ ਵੀ ਵੱਧ ਰੱਖਾਂਗੀ, ਕਿਉਂਕਿ ਮੈਂ ਇਹ ਜ਼ੁਲਮ ਸਹੇ ਹਨ ਆਪਣੀ ਸੱਸ ਤੋਂ। ਹਰ ਦਿਨ ਮੌਤ ਵਾਂਗ ਗੁਜਾਰਿਆ ਹੈ ਮੈਂ। ਪਰ ਮੇਰੀ ਧੀ.... ਤੈਨੂੰ ਮੈਂ ਇਹ ਦੁੱਖ-ਦਰਦ ਨਹੀਂ ਭੋਗਣ ਦਿਆਂਗੀ।' ਹੁਣ ਰੀਤਾ ਦੇ ਹੱਥ ਅਚਾਨਕ ਹੀ ਆਪਣੀਆਂ ਭਿੱਜਿਆਂ ਅੱਖਾਂ ਦੀ ਬਜਾਏ ਆਪਣੀ ਸਿਆਸੀ ਦੀਆਂ ਅੱਖਾਂ ਵੱਲ ਵੱਧ ਗਏ।- ਮਨਪ੍ਰੀਤ ਕੌਰ

## ਆਖ਼ਰੀ ਇੱਛਾ

ਦਸੰਬਰ ਦਾ ਮਹੀਨਾ ਸੀ। ਠੰਢ ਤੇ ਧੁੰਦ ਦਾ ਜ਼ੋਰ ਸੀ। ਬਲਵਿੰਦਰ ਦਾ ਡੈਡੀ ਕੁੱਝ ਦਿਨ ਬੀਮਾਰ ਰਹਿਣ ਪਿੱਛੋਂ ਅੱਜ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਿਆ ਸੀ। ਬਲਵਿੰਦਰ ਨੇ ਆਪਣੇ ਡੈਡੀ ਦੇ ਸੰਸਕਾਰ ਤੇ ਸਾਰੇ ਰਿਸ਼ਤੇਦਾਰਾਂ ਨੂੰ ਟੈਲੀਫੋਨ ਕਰਕੇ ਸੱਦ ਲਿਆ ਸੀ। ਬਲਵਿੰਦਰ ਤੇ ਦੋ ਹੋਰ ਜਣੇ ਸੰਸਕਾਰ ਤੋਂ ਪਹਿਲਾਂ ਉਸ ਨੂੰ ਨਹਾਉਣ ਦਾ ਪ੍ਰਬੰਧ ਕਰਨ ਲੱਗੇ। ਬਲਵਿੰਦਰ ਨੇ ਆਪਣੇ ਡੈਡੀ ਦੇ ਸਾਰੇ ਕਪੜੇ ਹੌਲੀ, ਹੌਲੀ ਉਤਾਰੇ। ਉਸ ਦੇ ਡੈਡੀ ਦੀ ਕਮੀਜ਼ ਦੀ ਜੇਬ ਵਿਚੋਂ ਇਕ ਪਰਚੀ ਨਿਕਲ ਕੇ ਥੱਲੇ ਡਿੱਗ ਪਈ। ਜਦੋਂ ਉਸ ਨੇ ਪਰਚੀ ਨੂੰ ਖੋਲ੍ਹ ਕੇ ਦੇਖਿਆ, ਉਸ ਵਿੱਚ ਲਿਖਿਆ ਹੋਇਆ ਸੀ: ਬਲਵਿੰਦਰ, ਮੇਰੇ ਸੰਸਕਾਰ ਕਰਨ ਤੋਂ ਬਾਅਦ ਜਦ ਤੂੰ ਬਾਕੀਆਂ ਨਾਲ ਦੂਜੇ ਦਿਨ ਮੇਰੇ ਅਸਤ ਚੁਗਣ ਜਾਣਾ, ਤਾਂ ਮੇਰੇ ਅਸਤ ਚੁਗ ਕੇ ਤੇ ਰਾਖ਼ ਇਕੱਠੀ ਕਰਕੇ ਇਨ੍ਹਾਂ ਨੂੰ ਜਲ ਪ੍ਰਵਾਹ ਕਰਨ ਲਈ ਕੀਰਤ ਪੁਰ ਸਾਹਿਬ ਜਾਂ ਕਿਸੇ ਹੋਰ ਥਾਂ ਨਹੀਂ ਜਾਣਾ, ਸਗੋਂ ਆਪਣੇ ਖੇਤ ਵਿੱਚ ਜਾ ਕੇ ਅਸਤ ਡੂੰਘਾ ਟੋਆ ਪੁੱਟ ਕੇ ਦੱਬ ਦੇਣੇ ਤੇ ਰਾਖ਼ ਨੂੰ ਸਾਰੇ ਖੇਤ ਵਿੱਚ ਖਲਾਰ ਦੇਣਾ,ਤਾਂ ਜੋ ਕਿਸੇ ਨਹਿਰ ਦਾ ਪਾਣੀ ਪ੍ਰਦੂਸ਼ਿਤ ਹੋਣ ਤੋਂ ਬਚ ਸਕੇ।ਇਹ ਮੇਰੀ ਆਖ਼ਰੀ ਇੱਛਾ ਹੈ।ਇਸ ਨੂੰ ਹਰ ਹੀਲੇ ਪੂਰਾ ਕੀਤਾ ਜਾਵੇ। ਇਹ ਸਭ ਕੁੱਝ ਪੜ੍ਹ ਕੇ ਬਲਵਿੰਦਰ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲੱਗਾ, 'ਡੈਡੀ ਜੀ, ਮੈਂ ਤੁਹਾਡੀ ਆਖ਼ਰੀ ਇੱਛਾ ਜ਼ਰੂਰ ਪੂਰੀ ਕਰਾਂਗਾ।'

## ਵਿਆਹ ਦਾ ਕਾਰਡ

ਦੀਪੋ ਦੇ ਪਤੀ ਦੀ ਤਿੰਨ ਸਾਲ ਪਹਿਲਾਂ 'ਹਰਟ ਅਟੈਕ' ਨਾਲ ਮੌਤ ਹੋ ਗਈ ਸੀ। ਦੀਪੋ ਦੀਆਂ ਦੋ ਕੁੜੀਆਂ ਤੇ ਇੱਕ ਮੁੰਡਾ ਸੀ। ਵੱਡੀ ਕੁੜੀ ਪਲੱਸ ਟੂ ਕਰਕੇ ਘਰ ਬੈਠੀ ਸੀ।ਉਸ ਨੂੰ ਅੱਗੇ ਪੜ੍ਹਾਉਣ ਦੀ ਦੀਪੋ ਵਿੱਚ ਹਿੰਮਤ ਨਹੀਂ ਸੀ।ਅਖੀਰ ਉਸ ਨੇ ਇੱਕ ਪ੍ਰਾਈਵੇਟ ਨੌਕਰੀ ਕਰਦਾ ਮੁੰਡਾ ਲੱਭ ਕੇ ਉਸ ਦੇ ਹੱਥ ਪੀਲੇ ਕਰਨ ਦਾ ਫੈਸਲਾ ਕਰ ਲਿਆ। ਉਸ ਨੇ ਘੱਟ ਮੁੱਲ ਵਾਲੇ ਵਿਆਹ ਦੇ ਕਾਰਡ ਛਪਾਏ।ਉਹ ਸਭ ਤੋਂ ਪਹਿਲਾਂ ਵਿਆਹ ਦਾ ਕਾਰਡ ਤਰਸੇਮ ਸਿੰਘ ਜ਼ਿਮੀਂਦਾਰ ਦੇ ਘਰ ਵੱਲ ਲੈ ਕੇ ਤੁਰ ਪਈ। ਉਹ ਉਸ ਦੇ ਖੇਤਾਂ ਵਿੱਚ ਕਦੇ ਮਟਰ ਤੋੜਨ ਤੇ ਕਦੇ ਮੱਕੀ ਵੱਢਣ ਜਾਂਦੀ ਸੀ। ਤਰਸੇਮ ਸਿੰਘ ਜ਼ਿਮੀਂਦਾਰ ਦੇ ਘਰ ਪਹੁੰਚ ਕੇ ਦੀਪੋ ਨੇ ਬੜੀ ਹਲੀਮੀ ਨਾਲ ਆਖਿਆ, 'ਮੈਂ ਆਪਣੀ ਕੁੜੀ ਦਾ ਵਿਆਹ ਏਸੇ ਮਹੀਨੇ ਦੀ ਵੀਹ ਤਰੀਕ ਦਾ ਰੱਖਿਆ ਆ। ਆ ਲਉ ਉਸ ਦੇ ਵਿਆਹ ਦਾ ਕਾਰਡ। ਵੀਹ ਤਰੀਕ ਨੂੰ ਸਾਡੇ ਘਰ ਜ਼ਰੂਰ ਆਇਓ।'

ਤਰਸੇਮ ਸਿੰਘ ਜ਼ਿਮੀਂਦਾਰ ਨੇ ਉਸ ਤੋਂ ਵਿਆਹ ਦਾ ਕਾਰਡ ਲੈਂਦੇ ਹੋਏ ਆਖਿਆ, 'ਆਹ ਲੈ ਸ਼ਗਨ ਦਾ ਸੌ ਰੁਪਿਆ। ਮੈਂ ਵਿਆਹ ਵਾਲੇ ਦਿਨ ਤੇਰੇ ਘਰ ਸ਼ੈਦ ਨਾ ਆ ਸਕਾਂ, ਪਰ ਮੈਂ ਕਿਸੇ ਨਾ ਕਿਸੇ ਨੂੰ ਵਿਆਹ ਤੇ ਜ਼ਰੂਰ ਭੇਜਾਂਗਾ।'

ਇਹ ਸੁਣ ਕੇ ਦੀਪੋ ਸੁੰਨ ਜਹੀ ਹੋ ਗਈ। ਉਹ ਤਾਂ ਘਰ ਤੋਂ ਇਹ ਸੋਚ ਕੇ ਆਈ ਸੀ ਕਿ ਤਰਸੇਮ ਸਿੰਘ ਜ਼ਿਮੀਂਦਾਰ ਦੇ ਪੱਚੀ ਕਿੱਲੇ ਜ਼ਮੀਨ ਦੇ ਆ।ਹਰ ਸਾਲ ਝੋਨਾ, ਮਟਰ, ਆਲੂ ਤੇ ਮੱਕੀ ਬਥੇਰੀ ਹੁੰਦੀ ਆ।ਉਸ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ। ਉਹ ਉਸ ਦੀ ਵਿਆਹ ਵਿੱਚ ਚੰਗੀ ਮਦਦ ਕਰੇਗਾ, ਪਰ ਉਹ ਤਾਂ ਨਿਰਾ ਗੋਹਾ ਨਿਕਲਿਆ। ਉਸ ਨੇ ਨਾ ਚਾਹੁੰਦਿਆਂ ਹੋਇਆਂ ਵੀ ਸੌ ਰੁਪਏ ਦਾ ਨੋਟ ਫੜ ਲਿਆ ਤੇ ਮੂੰਹ ਲਟਕਾ ਕੇ ਉਸ ਦੇ ਘਰ ਤੋਂ ਤੁਰ ਪਈ।

ਮਹਿੰਦਰ ਸਿੰਘ ਮਾਨ

7 ਸਫ਼ੇ ਦੀ ਬਾਕੀ

ਇਹ ਸਰਕਾਰੀ ਦਹਿਸ਼ਤ ਦਾ ਵਰਤਾਰਾ ਹੈ। ਜਦਕਿ ਭਾਰਤ ਸਰਕਾਰ ਨੇ ਇਨ੍ਹਾਂ ਖ਼ਬਰਾਂ ਨੂੰ ਝੂਠ ਦਸਿਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਲਾਰੈਂਸ ਬਿਸ਼ਨੋਈ ਗੈਂਗ ਬਾਰੇ ਬੋਲਦਿਆਂ ਕਿਹਾ, ''ਅਸੀਂ ਲਾਰੈਂਸ ਬਿਸ਼ਨੋਈ ਦੇ ਗਿਰੋਹ ਦੇ ਲੋਕਾਂ ਦੀ ਗ੍ਰਿਫ਼ਤਾਰੀ ਲਈ ਕੈਨੇਡਾ ਨੂੰ ਕੁਝ ਬੇਨਤੀਆਂ ਸਾਂਝੀਆਂ ਕੀਤੀਆਂ ਸਨ। ਉਨ੍ਹਾਂ ਨੇ ਸਾਡੀਆਂ ਮੁੱਖ ਚਿੰਤਾਵਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ। ਇਸ ਪਿੱਛੇ ਇੱਕ ਸਿਆਸੀ ਮੰਤਵ ਵੀ ਹੈ।''

ਪਰ ਸੁਆਲ ਇਹ ਹੈ ਕਿ ਜੇਲ ਵਿਚ ਉਸਦੀ ਇੰਟਰਵਿਊ ਕਿਸਨੇ ਕਰਵਾਈ। ਇਸ ਗੱਲ ਦਾ ਜੁਆਬ ਸਰਕਾਰ ਕੋਲ ਨਹੀਂ ਹੈ।

### ਲਾਰੈਂਸ ਬਿਸ਼ਨੋਈ ਕੌਣ ਹੈ ?

ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਬਾਅਦ ਲਾਰੈਂਸ ਬਿਸ਼ਨੋਈ ਦਾ ਨਾਮ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਲਾਰੈਂਸ ਬਿਸ਼ਨੋਈ ਦਾ ਜਨਮ 22 ਫਰਵਰੀ ਨੂੰ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਫ਼ਾਜ਼ਿਲਕਾ ਵਿੱਚ ਹੋਇਆ ਸੀ। ਬਿਸ਼ਨੋਈ ਪਰਿਵਾਰ ਦੇ ਪੁੱਤਰ ਲਾਰੈਂਸ ਦਾ ਅਸਲੀ ਨਾਮ ਸਤਵਿੰਦਰ ਸਿੰਘ ਹੈ। ਉਨ੍ਹਾਂ ਦੇ ਪਿਤਾ ਲਵਿੰਦਰ ਸਿੰਘ ਹਰਿਆਣਾ ਪੁਲਿਸ ਵਿੱਚ ਕਾਂਸਟੇਬਲ ਸਨ, ਜਦਕਿ ਉਨ੍ਹਾਂ ਦੀ ਮਾਂ ਇੱਕ ਪੜ੍ਹੀ-ਲਿਖੀ ਘਰੇਲੂ ਔਰਤ ਸੀ। ਜਦੋਂ ਲਾਰੈਂਸ ਅਜੇ ਛੋਟੇ ਹੀ ਸੀ ਤਾਂ ਉਨ੍ਹਾਂ ਦੇ ਪਿਤਾ ਨੇ ਆਪਣੀ ਸਰਕਾਰੀ ਨੌਕਰੀ ਛੱਡ ਦਿੱਤੀ ਅਤੇ ਖੇਤੀ ਦਾ ਵਿਰਾਸਤੀ ਕਿੱਤਾ ਅਪਣਾਉਣ ਲਈ ਪਿੰਡ ਪਰਤ ਆਏ।

ਲਾਰੈਂਸ ਨੇ ਆਪਣੀ 12ਵੀਂ ਜਮਾਤ ਪੰਜਾਬ ਤੋਂ ਅਬੋਹਰ ਤੋਂ ਕੀਤੀ ਹੈ ਅਤੇ ਅਗਲੇਰੀ ਪੜ੍ਹਾਈ ਲਈ 2010 ਵਿੱਚ ਚੰਡੀਗੜ੍ਹ ਚਲੇ ਗਏ ਸੀ।

ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਐੱਲਐੱਲਬੀ ਦਾ ਕੋਰਸ ਪੂਰਾ ਕੀਤਾ ਹੈ ਅਤੇ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਦੇ ਆਗੂ ਰਹੇ ਹਨ।

ਲਾਰੈਂਸ ਨੇ ਡੀਏਵੀ ਕਾਲਜ ਵਿੱਚ ਦਾਖ਼ਲਾ ਲਿਆ ਅਤੇ ਵਿਦਿਆਰਥੀ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ ਅਤੇ ਇੱਥੇ ਹੀ ਉਨ੍ਹਾਂ ਦੀ ਮੁਲਾਕਾਤ ਗੋਲਡੀ ਬਰਾੜ ਨਾਲ ਹੋਈ। ਦੱਸਿਆ ਜਾਂਦਾ ਹੈ ਕਿ ਗੋਲਡੀ ਬਰਾੜ ਵਿਦੇਸ਼ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਲਈ ਕੰਮ ਕਰਦਾ ਹੈ ਅਤੇ ਇੱਕ ਤਰ੍ਹਾਂ ਨਾਲ ਗੈਂਗ ਨੂੰ ਮੈਨੇਜ ਕਰਦਾ ਹੈ।

ਲਾਰੈਂਸ ਬਿਸ਼ਨੋਈ ਭਾਈਚਾਰੇ ਨਾਲ ਸਬੰਧਤ ਹੈ ਜੋ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਰਹਿੰਦਾ ਹੈ। ਲਾਰੈਂਸ ਬਿਸ਼ਨੋਈ ਦੇ ਸਹਿਪਾਠੀਆਂ ਦਾ ਕਹਿਣਾ ਹੈ ਕਿ ਉਹ ਪੰਜਾਬੀ, ਬਾਗੜੀ ਅਤੇ ਹਰਿਆਣਵੀ ਭਾਸ਼ਾਵਾਂ ਜਾਣਦਾ ਹੈ। ਉਨ੍ਹਾਂ ਦੇ ਵਿਦਿਆਰਥੀ ਜੀਵਨ ਦੇ ਅੰਤ ਵਿੱਚ ਕਤਲ ਦੀ ਕੋਸ਼ਿਸ਼ ਵਿੱਚ ਸ਼ਾਮਲ ਹੋਣ ਦਾ ਪਹਿਲਾ ਮਾਮਲਾ ਦਰਜ ਕੀਤਾ ਗਿਆ ਸੀ।

ਲਾਰੈਂਸ ਬਿਸ਼ਨੋਈ ਦੇ ਖ਼ਿਲਾਫ਼ ਫਿਲਹਾਲ ਕਈ ਮਾਮਲੇ ਹਨ। ਉਨ੍ਹਾਂ ਦੇ ਗੈਂਗ ਵਿੱਚ 700 ਲੋਕ ਹਨ ਅਤੇ ਉਹ ਵੱਖ-ਵੱਖ ਸੂਬਿਆਂ ਵਿੱਚ ਫੈਲੇ ਹੋਏ ਹਨ।

# ਗੈਂਗਸਟਰਾਂ ਵਲੋਂ ਮਾਨਸਾ ਵਿਚ ਪੈਟਰੋਲ ਪੰਪ 'ਤੇ ਬੰਬ ਧਮਾਕਾ !

## ✪ ਵਿਦੇਸ਼ੀ ਨੰਬਰ ਤੋਂ ਆਈ ਧਮਕੀ ! ਮੰਗੇ 5 ਕਰੋੜ ✪ ਗੈਂਗਸਟਰਾਂ ਵਲੋਂ ਚਿਤਾਵਨੀ ਕਿ ਇਹ ਟ੍ਰੇਲਰ, ਅਗਲਾ ਨਿਸ਼ਾਨਾ ਹੋਵੇਗਾ ਘਰ



ਮਾਨਸਾ-ਦੀਵਾਲੀ ਤੋਂ ਪਹਿਲਾਂ ਮਾਨਸਾ ਵਿਚ ਸਿਰਸਾ ਰੋਡ 'ਤੇ ਸਥਿਤ ਪੈਟਰੋਲ ਪੰਪ 'ਤੇ ਬੀਤੀ ਰਾਤ ਹੈਂਡ ਗਰੇਨੇਡ ਨਾਲ ਹਮਲਾ ਕੀਤਾ ਗਿਆ। ਘਟਨਾ ਤੋਂ ਬਾਅਦ ਪੈਟਰੋਲ ਪੰਪ ਮਾਲਕ ਨੂੰ ਵਿਦੇਸ਼ੀ ਮੋਬਾਈਲ ਨੰਬਰ ਤੋਂ ਕਾਲ ਆਈ ਅਤੇ ਉਸ ਤੋਂ 5 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ।

### ਮੁਲਜ਼ਮਾਂ ਦੁਆਰਾ ਭੇਜਿਆ ਗਿਆ ਵੱਟਸਐਪ ਮੈਸੇਜ

ਜਾਣਕਾਰੀ ਮੁਤਾਬਕ ਬੀਤੀ ਰਾਤ ਕਰੀਬ 1 ਵਜੇ ਸਿਰਸਾ ਰੋਡ 'ਤੇ ਸਥਿਤ ਇੱਕ ਪੈਟਰੋਲ ਪੰਪ 'ਤੇ ਬੰਬ ਵਰਗੀ ਚੀਜ਼ ਸੁੱਟ ਕੇ ਧਮਾਕਾ ਕੀਤਾ ਗਿਆ, ਜਿਸ ਤੋਂ ਬਾਅਦ ਵਟਸਐਪ ਕਾਲ ਰਾਹੀਂ ਪੈਟਰੋਲ ਪੰਪ ਮਾਲਕ ਨੂੰ ਵਿਦੇਸ਼ੀ ਨੰਬਰ ਤੋਂ ਕਾਲ ਕਰਕੇ ਮੈਸੇਜ ਕੀਤਾ ਗਿਆ।

ਧਮਾਕੇ ਦੀ ਜ਼ਿੰਮੇਵਾਰੀ ਗੈਂਗਸਟਰਾਂ ਵਲੋਂ ਲਈ ਗਈ ਸੀ। ਕਿਹਾ ਗਿਆ ਹੈ ਕਿ ਉਨ੍ਹਾਂ ਨੇ ਆਪਣੇ ਪੈਟਰੋਲ ਪੰਪ 'ਤੇ ਗ੍ਰਨੇਡ ਸੁੱਟਿਆ ਸੀ ਅਤੇ ਇਹ ਸਿਰਫ ਇੱਕ ਟਰੇਲਰ ਸੀ। ਜੇ ਉਸ ਨੂੰ 5 ਕਰੋੜ ਰੁਪਏ ਨਾ ਦਿੱਤੇ ਗਏ ਤਾਂ ਉਸ ਦੇ ਘਰ 'ਤੇ ਹਮਲਾ ਕਰਕੇ ਪਰਿਵਾਰ ਨੂੰ ਮਾਰ ਦਿੱਤਾ ਜਾਵੇਗਾ। ਇਸ ਸਬੰਧੀ ਪੈਟਰੋਲ ਪੰਪ ਮਾਲਕ ਨੂੰ ਵਟਸਐਪ 'ਤੇ ਸੰਦੇਸ਼ ਵੀ ਭੇਜਿਆ ਗਿਆ ਸੀ।

### ਪੁਲਿਸ ਨੇ ਜਾਂਚ ਕੀਤੀ ਸ਼ੁਰੂ

ਇਸ ਤੋਂ ਬਾਅਦ ਪੈਟਰੋਲ ਪੰਪ ਦੇ ਮਾਲਕ ਖੁਸ਼ਵਿੰਦਰ ਸਿੰਘ ਵੱਲੋਂ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਇਸ ਸਬੰਧੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਂਚ ਟੀਮਾਂ ਵੱਲੋਂ ਪੈਟਰੋਲ ਪੰਪ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਉਪਰ ਬਾਦਲ ਦਲ ਦੀ ਜਿੱਤ ਤੇ ਅਕਾਲੀ ਦਲ ਲਈ ਚਿੰਤਨ ਦਾ ਵੇਲਾ

ਸੁਖਬੀਰ ਬਾਦਲ ਦੇ ਸਮਰਥਨ ਵਿੱਚ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਸੁਖਬੀਰ ਬਾਦਲ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਇਸ ਵਾਰ ਉਨ੍ਹਾਂ ਦੀਆਂ ਵਿਰੋਧੀ ਪਾਰਟੀਆਂ ਨੇ ਵੀ ਹਰਜਿੰਦਰ ਸਿੰਘ ਧਾਮੀ ਨੂੰ ਚੋਣਾਂ ਵਿੱਚ ਹਰਾਉਣ ਅਤੇ ਅਕਾਲੀ ਦਲ ਨੂੰ ਹੋਰ ਕਮਜ਼ੋਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਪਰ ਸੁਖਬੀਰ ਬਾਦਲ ਨੇ ਪਰਦੇ ਪਿੱਛੇ ਸਥਿਤੀ ਬਦਲ ਦਿੱਤੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਤਨਖਾਹੀਆ ਹੋਣ ਦੇ ਕਾਰਣ ਤੇ ਉਨ੍ਹਾਂ ਬੇਹੱਦ ਕਰੀਬੀ ਰਹੇ ਵਿਰਸਾ ਸਿੰਘ ਵਲਟੋਹਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਪ੍ਰਾਪਤ ਕਰਨ ਤੋਂ ਬਾਅਦ ਜਿਸ ਤਰ੍ਹਾਂ ਤਖ਼ਤਾਂ ਦੇ ਜਥੇਦਾਰਾਂ ਵਿਰੁੱਧ ਨੀਵੀਂ ਪੱਧਰ ਭਾਸ਼ਾ ਦੀ ਵਰਤੋਂ ਕੀਤੀ, ਉਸ ਤੋਂ ਜਾਪਦਾ ਸੀ ਕਿ ਇਸ ਵਾਰ ਬਾਦਲ ਦਲ ਦੇ ਉਮੀਦਵਾਰ ਦਾ ਮੁਕਾਬਲਾ ਕਰਨਾ ਔਖਾ ਹੋਵੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਲਈ ਜਿੱਤ ਪ੍ਰਾਪਤ ਕਰਨੀ ਸੌਖੀ ਨਹੀਂ ਹੋਵੇਗੀ। ਪਰ ਜਿਸ ਤਰ੍ਹਾਂ ਸੁਖਬੀਰ ਸਿੰਘ ਬਾਦਲ ਨੇ ਪਰਦੇ ਪਿੱਛੇ ਰਹਿ ਕੇ ਆਪਣੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਕਾਇਮ ਰੱਖਿਆ, ਉਸ ਨਾਲ ਹਰਜਿੰਦਰ ਸਿੰਘ ਧਾਮੀ ਦਾ ਚੌਥੀ ਵਾਰ ਪ੍ਰਧਾਨ ਬਣਨਾ ਆਸਾਨ ਹੋ ਗਿਆ।

ਸ਼੍ਰੋਮਣੀ ਅਕਾਲੀ ਦਲ ਦੇ ਸੁਧਾਰ ਲਈ ਬਣੇ ਵੱਖਰੇ ਧੜੇ ਨੂੰ ਬੀਬੀ ਜਗੀਰ ਕੌਰ ਦੀ ਹਾਰ ਕਾਰਨ ਵੱਡਾ ਝਟਕਾ ਲੱਗਾ ਹੈ, ਕਿਉਂਕਿ ਇਸ ਵਾਰ ਬੀਬੀ ਜਗੀਰ ਕੌਰ ਨੂੰ ਪਿਛਲੇ ਸਾਲ ਨਾਲੋਂ ਨੌਂ ਘੱਟ ਵੋਟਾਂ ਮਿਲੀਆਂ ਹਨ। ਹਾਲਾਂਕਿ ਕਈ ਮਹਾਂਰਥੀ ਅਕਾਲੀ ਆਗੂ ਬੀਬੀ ਜਗੀਰ ਕੌਰ ਦੇ ਸਮਰਥਨ ਵਿਚ ਸਨ। ਪਰ ਉਹ ਬੀਬੀ ਜਗੀਰ ਕੌਰ ਨੂੰ ਜਿਤਾਉਣ ਵਿਚ ਕਾਮਯਾਬ ਨਾ ਹੋ ਸਕੇ। ਹਾਰ ਤੋਂ ਬਾਅਦ ਜਿਸ ਤਰ੍ਹਾਂ ਬੀਬੀ ਜਾਗੀਰ ਕੌਰ ਨੇ ਧਾਮੀ ਪੱਖੀ ਮੈਂਬਰਾਂ ਨੂੰ ਮਰੀ ਹੋਈ ਜ਼ਮੀਰ ਵਾਲਾ ਦੱਸਿਆ ਹੈ, ਉਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਗਰੁੱਪ ਇਸ ਹਾਰ ਤੋਂ ਕਾਫੀ ਨਿਰਾਸ਼ ਹੈ।

ਸੁਖਬੀਰ ਸਿੰਘ ਬਾਦਲ ਦੇ ਸਮਰਥਨ ਵਿੱਚ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਸੁਖਬੀਰ ਬਾਦਲ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਇਸ ਵਾਰ ਉਨ੍ਹਾਂ ਦੀਆਂ ਬਾਗੀਆਂ ਨੇ ਵੀ ਹਰਜਿੰਦਰ ਸਿੰਘ ਧਾਮੀ ਨੂੰ ਚੋਣਾਂ ਵਿੱਚ ਹਰਾਉਣ ਅਤੇ ਅਕਾਲੀ ਦਲ ਨੂੰ ਹੋਰ ਕਮਜ਼ੋਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਪਰ ਕਾਮਯਾਬ ਨਹੀਂ ਹੋ ਸਕੇ।

ਯਾਦ ਰਹੇ ਕਿ ਬਾਦਲ ਅਕਾਲੀ ਦਲ ਨੇ ਚਾਰ ਵਿਧਾਨ ਸਭਾ ਸੀਟਾਂ ਲਈ ਚੋਣ ਮੈਦਾਨ ਤੋਂ ਦੂਰੀ ਬਣਾ ਲਈ ਸੀ। ਕਿਉਂਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਦੀ ਚੋਣ ਉਸ ਲਈ ਇਨ੍ਹਾਂ ਚਾਰ ਸੀਟਾਂ ਨਾਲੋਂ ਵੀ ਵੱਧ ਅਹਿਮ ਹੈ। ਸੁਖਬੀਰ ਬਾਦਲ ਇਸ ਪਖੋਂ ਕਾਮਯਾਬ ਰਹੇ ਹਨ, ਕਿਉਂਕਿ ਸਿੱਖ ਭਾਈਚਾਰੇ ਦੇ ਵਿਰੋਧ ਦੇ ਬਾਵਜੂਦ ਬਾਦਲ ਦਲ ਪਖੀ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣਾ ਫੈਸਲਾ ਨਹੀਂ ਬਦਲਿਆ। ਸੁਖਬੀਰ ਦੀ ਇਸ ਜਿੱਤ ਦਾ ਸਿੰਘ ਸਾਹਿਬਾਨ ਦੇ ਫੈਸਲਿਆਂ ਉਪਰ ਵੀ ਪ੍ਰਭਾਵ ਪਵੇਗਾ। ਸ਼੍ਰੋਮਣੀ ਕਮੇਟੀ ਵਲੋ ਸਲਾਹਕਾਰ ਬੋਰਡ ਬਣਾਉਣ ਦੇ ਬਾਅਦ ਤਨਖਾਹੀਆ ਸੁਖਬੀਰ ਸਿੰਘ ਬਾਦਲ ਨੂੰ ਹੁਣ ਜਥੇਦਾਰ ਆਪਣੇ ਵਿਵੇਕ ਨਾਲ ਕੋਈ ਤਨਖਾਹ ਨਹੀਂ ਲਗਾ ਸਕਣਗੇ, ਜਦਕਿ ਸੰਗਤਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸੁਖਬੀਰ ਸਿੰਘ ਬਾਦਲ ਨੇ ਉਹ ਬੱਜਰ ਗੁਨਾਹ ਕੀਤੇ ਹਨ, ਇਸ ਲਈ ਉਸ ਨੂੰ ਸਿਆਸੀ ਤਨਖਾਹ ਲਗਾਈ ਜਾਵੇ। ਹੋ ਸਕਦਾ ਹੈ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਜਾ ਰਹੇ ਅਕਾਲ ਤਖਤ ਸਾਹਿਬ ਦੇ ਸਲਾਹਕਾਰ ਬੋਰਡ ਪਿਛੇ ਇਹੀ ਆਧਾਰ ਹੋਵੇ। ਇਹ ਵੀ ਸੰਭਵ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਬਾਹਰ ਦਾ ਰਸਤਾ ਵਿਖਾਇਆ ਜਾ ਸਕਦਾ ਹੈ। ਕਿਉਂਕਿ ਵਿਰਸਾ ਸਿੰਘ ਵਲਟੋਹਾ ਨੇ ਦੁਬਾਰਾ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਮੋਰਚਾ ਖੋਲ ਦਿਤਾ ਹੈ। ਪਰ ਅਕਾਲ ਤਖਤ ਸਾਹਿਬ ਦੇ ਕਾਰਜਾਂ ਵਿਚ ਦਖਲਅੰਦਾਜ਼ੀ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਤੌਰ ਉਪਰ ਮਹਿੰਗੀ ਪੈ ਸਕਦੀ ਹੈ।

ਖੈਰ, ਇਸ ਜਿੱਤ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਸੁਖਬੀਰ ਬਾਦਲ ਨੂੰ ਵੀ ਵੱਡੀ ਰਾਹਤ ਦਿੱਤੀ ਹੈ। ਸੁਖਬੀਰ ਸਿੰਘ ਬਾਦਲ ਵਲੋਂ ਹਰਜਿੰਦਰ ਸਿੰਘ ਧਾਮੀ ਦੀ ਚੋਣ ਪੰਥਕ ਧਿਰਾਂ ਵਿਚ ਰਾਸ ਆਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵਲੋਂ ਇਕ ਵਾਰ ਫਿਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਿਦਕ ਵਾਲੇ ਅਤੇ ਸਮਰਪਿਤ ਸਖਸ਼ੀਅਤ ਹਨ। ਪਿਛਲੇ 3 ਸਾਲ ਤੋਂ ਉਹ ਇਸ ਅਹੁਦੇ 'ਤੇ ਰਹਿੰਦਿਆਂ ਵੀ ਵੱਡੀ ਹੱਦ ਤੱਕ ਨਿਰਵਿਵਾਦ ਸ਼ਖ਼ਸੀਅਤ ਬਣੇ ਰਹੇ ਹਨ ਜਿਸ ਕਰਕੇ ਪੰਥਕ ਸਫ਼ਾਂ ਵਿਚ ਉਨ੍ਹਾਂ ਦੇ ਪ੍ਰਭਾਵ ਨੂੰ ਮੰਨਿਆ ਜਾਂਦਾ ਰਿਹਾ ਹੈ। ਚਾਹੇ ਚੌਥੀ ਵਾਰ ਉਨ੍ਹਾਂ ਦੀ ਇਸ ਚੋਣ ਨੂੰ ਇਸ ਲਈ ਵੀ ਆਖ਼ਰੀ ਮੰਨਿਆ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੇ ਇਸ ਸਦਨ ਦਾ ਕਾਰਜਕਾਲ ਕਾਫ਼ੀ ਸਮਾਂ ਪਹਿਲਾਂ ਖ਼ਤਮ ਹੋ ਚੁੱਕਾ ਹੈ। ਲਗਾਤਾਰ ਇਥੇ ਪੈਦਾ ਹੁੰਦੇ ਰਹੇ ਹਾਲਾਤ ਕਾਰਨ ਅਤੇ ਸਮੇਂ ਦੀਆਂ ਕੇਂਦਰੀ ਸਰਕਾਰਾਂ ਦੀਆਂ ਆਪੋ-ਆਪਣੀਆਂ ਤਰਜੀਹਾਂ ਕਾਰਨ ਇਹ ਚੋਣਾਂ ਨਹੀਂ ਸਨ ਕਰਵਾਈਆਂ ਜਾ ਸਕੀਆਂ। ਇਸ ਲਈ ਆਪਣਾ ਸਮਾਂ ਪੂਰਾ ਕਰ ਚੁੱਕੇ ਸਦਨ ਵਿਚੋਂ ਹੀ ਸ਼੍ਰੋਮਣੀ ਕਮੇਟੀ ਦੇ ਵਿਧਾਨ ਅਨੁਸਾਰ ਹਰ ਸਾਲ ਨਵੇਂ ਅਹੁਦੇਦਾਰ ਚੁਣ ਕੇ ਕੰਮਕਾਰ ਚਲਾਇਆ ਜਾਂਦਾ ਰਿਹਾ ਹੈ। ਪਰ ਇਸ ਦੇ ਨਾਲ ਹੀ ਅਕਾਲੀ ਦਲ ਨੇ ਸੁਧਾਰ ਲਹਿਰ ਦੇ ਆਗੂਆਂ ਨੂੰ ਹੋਰ ਮਿਹਨਤ ਕਰਨ ਦਾ ਸੁਨੇਹਾ ਦਿੱਤਾ ਹੈ।

ਸੁਆਲ ਇਹ ਵੀ ਸਮੇਂ ਦੇ ਗਰਭ ਵਿਚ ਹੈ ਕਿ ਕੀ ਸੁਖਬੀਰ ਸਿੰਘ ਬਾਦਲ ਪੰਥਕ ਮਾਨਸਿਕਤਾ ਨੂੰ ਜਿਤ ਸਕਣਗੇ ਤੇ ਆਪਣਾ ਸਿਆਸੀ ਆਧਾਰ ਕਾਇਮ ਕਰ ਸਕਣਗੇ। ਬਾਦਲ ਅਕਾਲੀ ਦਲ ਨੂੰ ਗੰਭੀਰਤਾ ਨਾਲ ਇਸ ਸੰਬੰਧੀ ਚਿੰਤਨ ਕਰਨ ਦੀ ਵੀ ਲੋੜ ਹੈ। ਇਸ ਦੇ ਨਵੇਂ ਰੂਪ ਵਿਚ ਉਭਾਰ ਤੇ ਪੰਥ ਤੇ ਪੰਜਾਬ ਹਿਤੂ ਨੀਤੀਆਂ ਸਿਰਜਣ ਤੇ ਅਪਨਾਉਣ ਨਾਲ ਹੀ ਇਸ ਨੂੰ ਮੁੜ ਸਿੱਖ ਪੰਥ ਅਤੇ ਸਮੂਹ ਪੰਜਾਬੀਆਂ ਦਾ ਵੱਡਾ ਹੁੰਗਾਰਾ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ।

# • ਪੰਜਾਬੀ ਫ਼ਿਲਮ ਦਰਪਣ •

## ਰਾਮਨੀਤੂ ਚੌਧਰੀ ਬੰਦ ਦਰਵਾਜੇ ਕੇ ਪੀਛੇ



ਕੁੜੀ ਪੰਜਾਬ ਦੀ, ਜੱਟੀ ਲੁਧਿਆਣੇ ਦੀ ਰਮਨੀਤੂ ਚੌਧਰੀ ਅੱਜ ਕੱਲ ਡਰਾਵਣੀ ਫ਼ਿਲਮ ਦੇ ਬਾਦਸ਼ਾਹ ਬੈਨਰ ਰਾਮਸੇ ਭਰਾਵਾਂ ਦੇ ਡਰਾਉਣੇ ਸੀਰੀਅਲ "ਬੰਦ ਦਰਵਾਜੇ ਕੇ ਪੀਛੇ" ਵਿੱਚ ਆ ਰਹੀ ਹੈ। ਇੱਕ ਪ੍ਰੇਮ ਦੇ ਆਲਿੰਗਨ ਦ੍ਰਿਸ਼ ਵਿੱਚ ਜਦ ਓਹ ਆਰੀਆ ਬੱਬਰ ਨਾਲ ਕੈਮਰੇ ਮੂਹਰੇ ਆਈ ਤਾਂ ਡਰ ਜਿਹਾ ਗਈ ਪਰ ਸਥਿਤੀ ਸੰਭਾਲ ਲਈ ਆਰੀਆ ਨੇ ਤੇ ਫਿਰ ਸਹਿਜ ਹੋ ਕਿ ਰਮਨੀਤੂ ਨੇ ਦ੍ਰਿਸ਼ ਦਿੱਤੇ। ਪੰਜਾਬੀ ਗੀਤਾਂ ਦੀ ਮਾਡਲ ਰਹੀ ਓਹ ਗਾਇਕ ਹਾਕਮ ਬਖਤੜੀਵਾਲਾ ਦੀ ਬੇਟੀ ਹੈ ਤੇ ਓਸ ਦੀ ਕਲਾਕਾਰ ਮਾਂ ਦਲਜੀਤ ਕੌਰ ਓਸ ਦੀ ਸਹੇਲੀ ਤਰਾਂ ਹੈ। ਮਾਂ ਧੀ ਦਾ ਕਾਹਦਾ ਪਰਦਾ ਤੇ ਇਸ ਹੌਸਲੇ ਨਾਲ ਓਹ ਸਾਊਥ ਦੀ ਫ਼ਿਲਮ ਸਟਾਰ ਬਣ ਹੁਣ ਬਾਲੀਵੁੱਡ ਤਰੱਕੀ ਕਰੇਗੀ।

## ਠਾਕਰ ਤਪੱਸਵੀ ਸੰਗੀਤ ਖੇਤਰ ਵੱਲ ਵੀ



ਪੰਜਾਬੀ ਫ਼ਿਲਮਾਂ ਦੇ ਸਟਾਰ ਨਿਰਦੇਸ਼ਕ ਠਾਕਰ ਤਪੱਸਵੀ ਹੁਣ ਪੰਜਾਬੀ, ਹਿੰਦੀ ਤੇ ਮਰਾਠੀ ਸੰਗੀਤ ਵੀ ਬੀਟ ਐਂਡ ਬਕ ਇਟ ਮਿਊਜ਼ਿਕ ਦੇ ਪਰਚਮ ਹੇਠ ਰਲੀਜ਼ ਕਰਦੇ ਹਨ। ਗੁੱਗੂ ਗਿੱਲ ਨਾਲ "ਜੰਗ ਦਾ ਮੈਦਾਨ" ਟੀਨਾ ਘਈ ਨਾਲ "ਰਾਜਨੀਤੀ" ਤੇ ਪਾਕਸਤਾਨੀ ਹੀਰੋਇਨ ਸਨਾ ਨਾਲ "ਦਿਲ ਪਰਦੇਸੀ ਹੋ ਗਿਆ" ਡਾਇਰੈਕਟ ਕਰਨ ਵਾਲੇ ਠਾਕਰ ਤਪੱਸਵੀ ਅਸਲ ਵਿੱਚ ਗੀਤਕਾਰ ਬਣ ਫਿਲਮੀ ਦੁਨੀਆਂ ਵਿੱਚ ਆਏ ਸਨ। ਇਸ ਲਈ ਸੰਗੀਤ ਨਾਲ ਓਹਨਾਂ ਦਾ ਪਿਆਰ ਹੋਣਾ ਸੁਭਾਵਿਕ ਹੈ। ਠਾਕਰ ਤਪੱਸਵੀ ਪਹਿਲਾਂ ਸਾਊਥ ਦੀਆਂ ਫ਼ਿਲਮਾਂ ਦੇ ਡਬਿੰਗ ਅਧਿਕਾਰ ਵੀ ਲੈਂਦੇ ਰਹੇ ਹਨ।


## ਜਿੰਦ ਕਾਹਲੋਂ ਦਾ ਨਿਸ਼ਾਨਾ ਫ਼ਿਲਮਾਂ ਹਨ

ਪ੍ਰਵਾਸੀ ਪੰਜਾਬੀ ਗਾਇਕ ਜਿੰਦ ਕਾਹਲੋਂ ਹੁਣ ਪੰਜਾਬੀ ਫ਼ਿਲਮਾਂ ਵਿੱਚ ਅਦਾਕਾਰੀ ਕਰਨਾ ਚਾਹੁੰਦੇ ਹਨ ਤੇ ਨਾਲ ਹੀ ਪਲੇ ਬੈਕ ਸਿੰਗਰ ਬਣ ਅੱਗੇ ਆਉਣ ਲਈ



ਸਰਗਰਮ ਹਨ। ਧਰਮ ਦੇ ਨਾਮ ਤੇ ਪਾਖੰਡ ਤੇ ਨਸ਼ੇ ਵਿੱਚ ਰੁਲਦੀ ਪੰਜਾਬੀ ਜਵਾਨੀ ਤੇ ਓਹਨਾਂ ਦਾ ਗਾਇਆ ਗੀਤ "ਬਲੈਕ ਤਰੁਥ" ਕਾਫੀ ਚਰਚਿਤ ਹੋਇਆ ਹੈ। ਕੰਵਲਜੀਤ ਮਾਨਾਂਵਾਲਾ ਦੇ ਉਤਸ਼ਾਹ ਨਾਲ ਓਹ ਦੱਸਦੇ ਹਨ ਕਿ ਕੁੱਝ ਫ਼ਿਲਮਾਂ ਦੇ ਸੱਦੇ ਓਹਨਾਂ ਨੂੰ ਆਏ ਹਨ। ਕਾਹਲੋਂ ਖੁਦ ਅੱਛੇ ਸੰਗੀਤਕਾਰ ਵੀ ਹਨ ਤੇ ਕਨੇਡਾ ਵਾਸੀ ਹਨ। ਉਹਨਾਂ ਦਾ ਪਿਛੋਕੜ ਬਟਾਲਾ ਪੰਜਾਬ ਤੋਂ ਹੈ।

## ਬਲਜਿੰਦਰ ਸਿੱਧੂ ਨੇ ਪੂਨਮ ਸੂਦ ਤੇ ਪ੍ਰਭ ਗਰੇਵਾਲ ਨੂੰ ਬਣਾਇਆ "ਟਰੈਵਲ ਏਜੰਟ"



ਜਿਸ ਫ਼ਿਲਮ ਦਾ ਮਹੂਰਤ ਧਰਮਿੰਦਰ ਕਰਨ ਓਹ ਵੱਡੇ ਪੱਧਰ ਦੀ ਫ਼ਿਲਮ ਹੋਊ ਤੇ ਨਿਰਦੇਸ਼ਕ ਵੀ ਕੋਈ ਕਾਬਿਲ ਹੀ ਹੋਏਗਾ। ਬਲਜਿੰਦਰ ਸਿੱਧੂ ਜਿਹਨਾਂ ਦਾ ਲੰਬਾ ਫ਼ਿਲਮ ਤਜ਼ਰਬਾ ਹੈ ਇਸ ਫ਼ਿਲਮ ਜਿਸ ਦਾ ਨਾਮ "ਟਰੈਵਲ ਏਜੰਟ" ਹੈ ਨੂੰ ਡਾਇਰੈਕਟ ਕਰ ਰਹੇ ਹਨ ਤੇ ਧਰਮ ਭਾਜੀ ਨੇ ਫ਼ਿਲਮ ਦਾ ਮਹੂਰਤ ਕੀਤਾ ਹੈ। ਜਿੱਥੇ ਸੋਨੂੰ ਬੱਗੜ ਨੂੰ ਓਹ ਲਿਆ ਰਹੇ ਹਨ ਓਥੇ ਓਹ ਗੁਲਸ਼ਨ ਗਰੋਵਰ ਨੂੰ ਵੀ ਫ਼ਿਲਮ ਵਿੱਚ ਲਿਆ ਰਹੇ ਹਨ। ਖਾਸ ਗੱਲ ਇਹ ਕਿ ਤੇਜ਼ੀ ਨਾਲ ਉਭਰਦੀ ਨਾਇਕਾ ਪ੍ਰਭ ਗਰੇਵਾਲ ਨੂੰ ਓਹ ਚਮਕਾ ਰਹੇ ਹਨ। ਖਾਸ ਇਹ ਕਿ ਬਹੁਤ ਟੈਲੇਂਟ ਵਾਲੀ ਪੂਨਮ ਸੂਦ ਨੂੰ ਓਹਨਾਂ ਦੂਜੀ ਨਾਇਕਾ ਵੱਜੋਂ ਲਿਆ ਹੈ। ਬਲਜਿੰਦਰ ਸਿੱਧੂ ਦੀ ਖਾਸੀਅਤ ਇਹ ਹੈ ਕਿ ਓਹ ਪੂਰਾ ਪੇਪਰ ਵਰਕ ਕਰ ਕਿ ਫ਼ਿਲਮ ਨੂੰ ਸੈੱਟ ਤੇ ਲਿਜਾਂਦੇ ਹਨ।

## ਤੇਜੀ ਸੰਧੂ ਨੇ ਫੜ੍ਹ ਲਈ ਫਿਰ ਰਫ਼ਤਾਰ

ਕੁੱਝ ਘਰੇਲੂ ਕੰਮ ਕਾਰ ਤੇ ਰਾਜਨੀਤੀ ਵਿੱਚ ਸਰਗਰਮੀ ਕਾਰਣ ਕੁੱਝ ਦੇਰ ਫਿਲਮੀ ਆਰਾਮ ਦੇ ਬਾਅਦ ਸੋਨ ਪਰੀ ਤੇਜੀ ਸੰਧੂ ਫਿਰ ਫ਼ਿਲਮਾਂ ਲਈ ਸਰਗਰਮ ਹੋਈ ਹੈ। ਫ਼ਿਲਮਾਂ ਨੇ ਹੀ ਰਾਜਨੀਤੀ ਦਾ ਰਸਤਾ ਦਿਖਾਇਆ ਸੀ ਤੇ ਫ਼ਿਲਮਾਂ ਓਹ ਕਿਵੇਂ ਛੱਡ ਸਕਦੀ ਹੈ,ਇਹ ਤਾਂ ਜਨੂੰਨ ਹੈ। ਤੇਜ਼ੀ ਜਿੱਥੇ ਆਪਣਿਆਂ ਨਾਲ



"ਆਖਰੀ ਵਾਰਿਸ" ਮੁਕੰਮਲ ਕਰੇਗੀ ਓਥੇ ਓਸ ਨੇ ਕਿਹਾ ਕਿ ਸਾਊਥ ਵਿੱਚ ਜਿਵੇਂ ਨੇਤਾ ਅਭਿਨੇਤਾ ਹੁੰਦੇ ਉਮੀਦ ਹੈ ਕਿ ਓਹ ਪੰਜਾਬ ਭਾਜਪਾ ਦੇ ਕਿਸਾਨ ਮਹਿਲਾ ਮੋਰਚੇ ਦੀ ਅਗਵਾਈ ਕਰੇਗੀ ਤੇ ਪੰਜਾਬੀ ਫ਼ਿਲਮਾਂ ਵੀ ਜ਼ੋਰ ਅਜ਼ਮਾਈ ਕਰੇਗੀ।ਤੇਜ਼ੀ ਦਾ ਮੁੱਕਦਰ ਪਹਿਲਾਂ ਹੀ ਤੇਜ਼ ਹੈ।

## ਗੁਰਪ੍ਰੀਤ ਘੁੱਗੀ ਸਾਥੀਆ ਸਾਥ ਨਿਭਾਨਾ

ਘੁੱਗੀ ਭਾਜੀ ਅੱਜ ਸਟਾਰ ਨੇ ਤਾਂ ਸ਼੍ਰੀਮਤੀ ਘੁੱਗੀ ਦਾ ਪੂਰਾ ਸਹਿਯੋਗ ਹੈ। ਸੰਘਰਸ਼ ਦੇ ਦੌਰ ਵਿੱਚ ਪੂਰਾ ਸਾਥ ਦਿੱਤਾ ਤੇ ਟੀਵੀ ਤੇ ਨਾਲ ਮਿਲ ਅਦਾਕਾਰੀ ਤੇ ਸ਼ੋ ਵਿੱਚ ਆ ਕਿ ਪੂਰੇ ਇੰਡੀਆ ਦੀ ਵਾਹ ਵਾਹ ਲਈ ਸੀ। ਗੁਰਪ੍ਰੀਤ ਘੁੱਗੀ ਵੀ ਅਕਸਰ ਆਖਦੇ ਨੇ



ਕਿ ਮੇਰੀ ਸਰਦਾਰਨੀ ਨੇ ਮੈਨੂੰ ਕਦੇ ਮੁਸ਼ਕਿਲ ਵਿੱਚ ਰਹਿਣ ਹੀ ਨਹੀਂ ਦਿੱਤਾ। ਘਰ ਵੀ ਸਾਂਭਿਆ ਤੇ ਮਾਤਾ ਪਿਤਾ ਤੇ ਬੱਚਿਆਂ ਦਾ ਵੀ ਪੂਰਾ ਖਿਆਲ ਰੱਖਿਆ। ਗੁਰਪ੍ਰੀਤ ਘੁੱਗੀ ਗੁਰਦਾਸਪੁਰ ਜਿਲ੍ਹੇ ਦੀ ਸ਼ਾਨ ਹਨ। ਵੈਸੇ ਹੱਸ ਕਿ ਆਖਦੇ ਨੇ ਓਹਨਾਂ ਨੂੰ ਗੀਤਕਾਰ ਓਸ ਦੀ ਪਤਨੀ ਨੇ ਹੀ ਬਣਾਇਆ। ਜਿਸ ਤਰਾਂ ਦਾ ਪੂਰਾ ਸਾਥ, ਪ੍ਰੇਮ ਤੇ ਸਹਿਯੋਗ ਦੋਨਾਂ ਵਿੱਚ ਹੈ ਓਹ ਕਲਾਕਾਰ ਵਰਗ ਲਈ ਇੱਕ ਮਿਸਾਲ ਹੈ। ਗੁਰਪ੍ਰੀਤ ਘੁੱਗੀ ਅੱਜ ਵੀ ਫ਼ਿਲਮਾਂ ਵਿੱਚ ਪੂਰੇ ਐਕਟੀਵ ਹਨ। ਇਹਨਾਂ ਦੀ ਸਰਦਾਰਨੀ ਇਹੀ ਦੁਆ ਕਰਦੀ ਹੈ ਕਿ ਓਹ ਹਰ ਤਰਾਂ ਦੇ ਵੱਖਰੇ ਕਿਰਦਾਰ ਕਰਦੇ ਰਹਿਣ ਤੇ ਪੰਜਾਬੀਆਂ ਨੂੰ ਹਸਾ ਹਸਾ ਕਿ ਮੰਤਰ ਮੁਗਧ ਕਰਦੇ ਰਹਿਣ।


**-ਅੰਮ੍ਰਿਤ ਪਵਾਰ**

# ਇਉਂ ਮਰਦੀ ਏ ਗੁਲਾਮਾਂ ਦੀ ਜ਼ਮੀਰ !

ਉਨ੍ਹਾਂ ਸਮਿਆਂ ਦੀ ਗੱਲ ਹੈ ਜਦ ਬਾਦਸ਼ਾਹ ਜਾਂ ਅਮੀਰ ਆਪਣੇ ਨਾਲ ਗੁਲਾਮ ਰੱਖਿਆ ਕਰਦੇ ਸਨ। ਇਕ ਅਮੀਰ ਆਪਣੇ ਗੁਲਾਮਾਂ ਦੇ ਗਲ਼ ਵਿਚ ਭਾਰੇ ਭਾਰੇ ਤੌਕ ਪਾਈ ਰੱਖਦਾ ਸੀ ਤਾਂ ਕਿ ਉਹ ਕਿਤੇ ਅੱਖ ਬਚਾ ਕੇ ਘਰੋਂ ਭੱਜ ਨਾ ਜਾਣ।



ਜਦ ਉਹ ਅਮੀਰ ਰੱਥ 'ਤੇ ਸਵਾਰ ਹੋ ਕੇ ਕਿਤੇ ਸਫਰ 'ਤੇ ਜਾਂਦਾ ਤਾਂ ਗੁਲਾਮ ਵੀ ਨਾਲ ਨਾਲ਼ ਤੁਰੇ ਜਾਂਦੇ। ਇਕ ਵਾਰ ਇਸ ਅਮੀਰ ਦਾ ਕਾਫਲਾ ਇਕ ਸ਼ਹਿਰ ਵਿਚੋਂ ਗੁਜ਼ਰ ਰਿਹਾ ਸੀ। ਰਸਤੇ ਦੇ ਦੋਹੀਂ ਪਾਸੀਂ ਖੜ੍ਹੇ ਲੋਕ ਗੁਲਾਮਾਂ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਦੇਖਦੇ ਦੁੱਖ ਮਨਾ ਰਹੇ ਸਨ ਕਿ ਦੇਖੋ ਇਹ ਵਿਚਾਰੇ ਕਿਵੇਂ ਏਡੇ ਭਾਰੇ ਭਾਰੇ ਤੌਕ ਗਲ਼ਾਂ ਵਿਚ ਪਾਈ ਬੜੇ ਔਖੇ ਹੋ ਕੇ ਰੱਥ ਦੇ ਨਾਲ਼ ਨਾਲ਼ ਤੁਰ ਰਹੇ ਹਨ!



ਆਲੇ ਦੁਆਲੇ ਖੜ੍ਹੇ ਲੋਕਾਂ ਵਿਚੋਂ ਕਿਸੇ ਦੇ ਮੂੰਹੋਂ ਨਿਕਲ ਵੀ ਗਿਆ–

'ਹਾਏ ! ਕਰਮਾਂ ਮਾਰੇ ਵਿਚਾਰੇ ਗੁਲਾਮ!!'

ਇਹ ਬੋਲ ਸੁਣਕੇ ਗੁਲਾਮ ਕਹਿੰਦੇ–

'ਸਾਡੇ ਵੱਲ ਕੀ ਦੇਖਦੇ ਓ ਲੋਕੋ ? ਸਾਡੇ ਮਾਲਕ ਨੇ ਪਿਆਰ ਨਾਲ਼ ਹੀ ਖੁਸ਼ ਹੋ ਕੇ ਇਹ ਤੌਕ ਸਾਡੇ ਗਲ਼ਾਂ ਵਿਚ ਪਾਏ ਹੋਏ ਨੇ..... ਇਹ ਤਾਂ ਸਾਡੇ ਗਲ਼ਾਂ ਦੇ 'ਗਹਿਣੇ ਹਨ ਗਹਿਣੇ !'

ਗੁਲਾਮਾਂ ਦੇ ਇਹ ਬੋਲ ਰੱਥ ਵਿਚ ਬੈਠੇ ਅਮੀਰ ਦੇ ਕੰਨੀਂ ਪੈ ਗਏ ! ਉਸੇ ਵੇਲੇ ਉਸਨੇ ਰੱਥ ਰੁਕਵਾਇਆ ਤੇ ਰਥਵਾਨ ਨੂੰ ਹੁਕਮ ਕੀਤਾ ਕਿ ਜਾਉ ਗੁਲਾਮਾਂ ਦੇ ਗਲ਼ੋਂ ਤੌਕ ਲਾਹ ਦਿਉ 'ਹੁਣ' ਤੌਕਾਂ ਦੀ ਕੋਈ ਲੋੜ ਨਹੀਂ !



**-ਤਰਲੋਚਨ ਸਿੰਘ 'ਦੁਪਾਲ ਪੁਰ'**

# ਭਾਰਤ-ਕੈਨੇਡਾ ਵਿਵਾਦ ਕਾਰਨ ਕੱਚੇ ਪ੍ਰਵਾਸੀਆਂ ਦੀਆਂ ਵਧੀਆਂ ਮੁਸ਼ਕਿਲਾਂ

**ਡਾਕਟਰ ਸੁੱਚਾ ਸਿੰਘ ਗਿੱਲ**



ਭਾਰਤ ਅਤੇ ਕੈਨੇਡਾ ਵਿਚਾਲੇ ਕੂਟਨੀਤਕ ਜੰਗ ਅਕਤੂਬਰ ਦੇ ਦੂਜੇ ਹਫ਼ਤੇ ਉਸ ਵਕਤ ਸਿਖ਼ਰ 'ਤੇ ਪਹੁੰਚ ਗਈ, ਜਦੋਂ ਦੋਵਾਂ ਦੇਸ਼ਾਂ ਵਲੋਂ ਮੂਹਰਲੀ ਕਤਾਰ ਦੇ 6-6 ਸਫ਼ਾਰਤੀ ਅਧਿਕਾਰੀਆਂ ਨੂੰ ਦੇਸ਼ ਛੱਡਣ ਦੇ ਹੁਕਮ ਦੇ ਦਿੱਤੇ ਗਏ ਸਨ। ਇਸ ਨਾਲ ਦੋਵਾਂ ਦੇਸ਼ਾਂ ਦੇ ਹਾਈ ਕਮਿਸ਼ਨਰ ਆਪੋ-ਆਪਣੇ ਦੇਸ਼ਾਂ ਨੂੰ ਪਰਤ ਜਾਣਗੇ। ਇਸ ਕਾਰਵਾਈ ਨਾਲ ਦੋਵਾਂ ਦੇਸ਼ਾਂ 'ਚ ਗੱਲਬਾਤ ਬੰਦ ਹੋ ਗਈ ਨਜ਼ਰ ਆਉਂਦੀ ਹੈ। ਫੌਰੀ ਤੌਰ 'ਤੇ ਇਹ ਝਗੜਾ ਕੈਨੇਡਾ ਨਿਵਾਸੀ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਇਆ ਸੀ। ਇਹ ਕਤਲ ਜੂਨ 2023 ਨੂੰ ਹੋਇਆ ਸੀ। ਇਸ ਤੋਂ ਬਾਅਦ ਸਤੰਬਰ 2023 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਦੇ ਏਜੰਟਾਂ 'ਤੇ ਇਸ ਕਤਲ 'ਚ ਸ਼ਾਮਿਲ ਹੋਣ ਦਾ ਦੋਸ਼ ਲਾਇਆ ਸੀ। ਇਸ ਨਾਲ ਦੋਵਾਂ ਮੁਲਕਾਂ ਦੇ ਕੂਟਨੀਤਕ ਸੰਬੰਧਾਂ ਵਿਚ ਤਰੇੜਾਂ ਪੈਦਾ ਹੋ ਗਈਆਂ ਅਤੇ ਰਿਸ਼ਤਿਆਂ 'ਚ ਖਟਾਸ ਆ ਗਈ ਸੀ। ਇਸ ਕਾਰਨ ਦੋਵਾਂ ਦੇਸ਼ਾਂ ਦੇ ਕਈ ਅਧਿਕਾਰੀ ਵਾਪਸ ਬੁਲਾ ਲਏ ਗਏ ਸਨ ਪਰ ਪਿਛਲੇ ਦਿਨਾਂ 'ਚ ਜਿਸ ਗੱਲ ਨੇ ਦੋਵਾਂ ਦੇਸ਼ਾਂ 'ਚ ਕੂਟਨੀਤਕ ਜੰਗ ਹੋਰ ਤੇਜ਼ ਕਰ ਦਿੱਤੀ ਹੈ, ਉਹ ਹਰਦੀਪ ਸਿੰਘ ਨਿੱਝਰ ਦੇ ਕਤਲ ਸੰਬੰਧੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਦਿੱਤੇਬਿਆਨ ਅਨੁਸਾਰ, ਕੈਨੇਡੀਅਨ ਪੁਲਿਸ ਕੋਲ ਇਸ ਕਿਸਮ ਦੇਮੰਨਣ ਯੋਗ ਸਬੂਤ ਹਨ ਕਿ ਓਟਾਵਾ ਸਥਿਤ ਭਾਰਤ ਦੇ ਅਧਿਕਾਰੀਆਂ ਦੇ ਹਾਈ ਕਮਿਸ਼ਨਰ ਸਮੇਤ ਨਿੱਝਰ ਦੇ ਕਤਲ ਨਾਲ ਤਾਰ ਜੁੜਦੇ ਹਨ। ਇਸ ਕਰਕੇ ਇਹ ਮੰਗ ਕੀਤੀ ਗਈ ਕਿ ਇਨ੍ਹਾਂ ਅਧਿਕਾਰੀਆਂ ਦੀ ਕੂਟਨੀਤਕ ਛੋਟ ਨੂੰ ਰੱਦ ਕਰਕੇ ਪੁਲਿਸ ਦੁਆਰਾ ਉਨ੍ਹਾਂ ਤੋਂ ਪੁੱਛਗਿੱਛ ਕਰਨ ਦੀ ਭਾਰਤ ਸਰਕਾਰ ਇਜਾਜ਼ਤ ਦੇਵੇ। ਇਸ ਸੰਬੰਧ 'ਚ ਅਮਰੀਕਾ ਤੋਂ ਛਪਦੇ ਵਾਸ਼ਿੰਗਟਨ ਪੋਸਟ ਅਖ਼ਬਾਰ 'ਚਇਹ ਵਿਸਥਾਰ ਨਾਲ ਖ਼ਬਰ ਦਿੱਤੀ ਗਈ ਹੈ ਕਿ ਭਾਰਤ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਅਗਵਾਈ 'ਚ ਉੱਚ ਅਧਿਕਾਰੀਆਂ ਦੀਇਕ ਟੀਮ ਦੀ ਮੀਟਿੰਗ ਕੈਨੇਡਾ ਦੇ ਸੁਰੱਖਿਆ ਸਲਾਹਕਾਰ ਦੀ ਅਗਵਾਈ ਵਾਲੀ ਟੀਮ ਨਾਲ ਸਿੰਗਾਪੁਰ ਵਿਖੇ 12 ਅਕਤੂਬਰ 2024 ਨੂੰ ਹੋਈ ਸੀ ।ਇਸ ਮੀਟਿੰਗ 'ਚ ਕੈਨੇਡਾ ਦੀ ਟੀਮ ਨੇ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਇਸ ਕਤਲ 'ਚ ਸ਼ਾਮਿਲ ਹੋਣ ਬਾਰੇ ਸਬੂਤ ਪੇਸ਼ ਕੀਤੇ ਸਨ। ਇਸ 'ਚ ਦੇਸ਼ ਦੇ ਗ੍ਰਹਿ ਮੰਤਰਾਲੇ ਅਤੇ ਜੇਲ੍ਹ 'ਚ ਬੰਦ ਗੈਂਗਸਟਰ, ਲਾਰੈਂਸ ਬਿਸ਼ਨੋਈ ਦਾ ਨਾਂਅ ਵੀ ਲਿਆ ਗਿਆ ਸੀ। ਇਹ ਵੀ ਇਲਜ਼ਾਮ ਲਾਇਆ ਗਿਆ ਕਿ ਇਸ 'ਚ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਵਲੋਂ ਕਤਲ ਕਰਨ, ਫਿਰੌਤੀਆਂ ਮੰਗਣ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਡਰਾਉਣ ਲਈ ਗੈਂਗਸਟਰਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ 'ਤੇ ਭਾਰਤ ਸਰਕਾਰ ਵਲੋਂ ਸਖ਼ਤ ਇਤਰਾਜ਼ ਜਤਾਇਆ ਗਿਆ ਹੈ। ਭਾਰਤ ਦੇ ਅਧਿਕਾਰੀਆਂ ਨੇ ਇਸ ਮਾਮਲੇ 'ਚ ਆਪਣੀ ਸ਼ਮੂਲੀਅਤ ਤੋਂ ਇਨਕਾਰ ਹੀ ਨਹੀਂ ਕੀਤਾ, ਸਗੋਂ ਕੈਨੇਡਾ ਦੀ ਸਰਕਾਰ 'ਤੇ ਖ਼ਾਲਿਸਤਾਨੀਆਂ ਨੂੰ ਸ਼ਹਿ ਦੇ ਕੇ ਭਾਰਤ ਦੀ ਏਕਤਾ ਅਤੇ ਅਖੰਡਤਾ 'ਤੇ ਵਾਰ ਕਰਨ ਦਾ ਦੋਸ਼ ਵੀ ਲਾਇਆ ਹੈ। ਖ਼ਾਲਿਸਤਾਨੀਆਂ ਵਲੋਂ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਧਮਕੀਆਂ ਅਤੇ ਹਿੰਦੂਆਂ ਨੂੰ ਕੈਨੇਡਾਛੱਡਣ ਬਾਰੇ ਕਹੇ ਜਾਣ ਸੰਬੰਧੀ ਬਿਆਨ ਮੀਡੀਆ 'ਚ ਛਪ ਚੁੱਕੇ ਹਨ। ਭਾਰਤ ਸਰਕਾਰ ਨੂੰ ਇਹ ਵੀ ਇਤਰਾਜ਼ ਹੈ ਕਿ ਕੈਨੇਡਾ 'ਚ ਵਸੇ ਹੋਏ ਭਾਰਤੀ ਮੂਲ ਦੇ ਕੈਨੇਡੀਅਨ ਜਿਨ੍ਹਾਂ ਖ਼ਿਲਾਫ਼ ਭਾਰਤ 'ਚ ਸੰਗੀਨ ਜੁਰਮਾਂ ਤਹਿਤ ਕੇਸ ਦਰਜ ਹਨ, ਉਨ੍ਹਾਂ ਨੂੰ ਕੈਨੇਡਾ ਸਰਕਾਰ ਨੇ ਸ਼ਰਨ ਦਿੱਤੀ ਹੋਈ ਹੈ। ਇਸ ਤਰ੍ਹਾਂ ਕੈਨੇਡਾ ਅਤੇ ਭਾਰਤ ਦੇ ਸੰਬੰਧ ਵਿਗਾੜਨ 'ਚ ਕੈਨੇਡਾ ਵਸੇ ਕੁਝ ਅਨਸਰਾਂ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਵਿਗੜਦੇ ਸੰਬੰਧਾਂ ਨਾਲ ਦੋਵਾਂ ਦੇਸ਼ਾਂ ਨੂੰ ਆਰਥਿਕ ਅਤੇ ਕੂਟਨੀਤਕ ਨੁਕਸਾਨ ਭੁਗਤਣੇ ਪੈਣਗੇ। ਆਰਥਿਕ ਪੱਧਰ 'ਤੇ ਵਪਾਰੀਆਂ ਨੂੰ ਵੀਜ਼ਿਆਂ 'ਚ ਮੁਸ਼ਕਿਲਾਂ ਆਉਣ ਨਾਲ ਵਪਾਰ ਦਾ ਮੌਜੂਦਾ ਪੱਧਰ ਘਟ ਸਕਦਾ ਹੈ। ਸਰਮਾਏ ਦੇ ਅਦਾਨ-ਪ੍ਰਦਾਨ 'ਚ ਕਟੌਤੀ ਹੋ ਸਕਦੀ ਹੈ। ਵੀਜ਼ਿਆਂ 'ਚ ਮੁਸ਼ਕਿਲਾਂ ਕਾਰਨ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ, ਵਿਆਹਾਂ-ਸ਼ਾਦੀਆਂ, ਹੋਰ ਖ਼ੁਸ਼ੀ ਗਮੀ ਦੇ ਸਮਾਗਮਾਂ 'ਚ ਸ਼ਾਮਿਲ ਹੋਣਾ ਮੁਸ਼ਕਿਲ ਹੋ ਜਾਵੇਗਾ। ਇਸ ਨਾਲ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਦੇ ਕਾਰੋਬਾਰ ਨੂੰ ਵੀ ਸੱਟ ਵੱਜ ਸਕਦੀ ਹੈ। ਇਹ ਅਨੁਮਾਨ ਹੈ ਕਿ ਦੋਵਾਂ ਦੇਸ਼ਾਂ 'ਚ ਮੌਜੂਦਾ ਵਪਾਰ ਨੂੰ ਹੋਰ 50 ਫ਼ੀਸਦੀ ਵਧਾਉਣ ਦੀਆਂ ਸੰਭਾਵਨਾਵਾਂ ਹਨ। ਇਸ ਨੂੰ ਪ੍ਰਾਪਤ ਕਰਨ ਦੀ ਬਜਾਏ ਵਪਾਰ ਘੱਟ ਜਾਣ ਦੀ ਸੰਭਾਵਨਾ ਹੈ ਪਰ ਇਸ ਕੂਟਨੀਤਕ ਜੰਗ ਕਾਰਨ ਸਭ ਤੋਂ ਵੱਧ ਮੁਸ਼ਕਿਲਾਂ ਕੈਨੇਡਾ'ਚ ਭਾਰਤ ਦੇ ਲੱਖਾਂ ਨੌਜਵਾਨਾਂ ਨੂੰ ਪੇਸ਼ ਆਉਣ ਦਾ ਖ਼ਤਰਾ ਕਾਫ਼ੀ ਵਧ ਗਿਆ ਹੈ। ਇਹ ਉਹ ਨੌਜਵਾਨ ਹਨ, ਜਿਨ੍ਹਾਂ ਨੂੰ ਕੈਨੇਡਾ 'ਚ ਆਰਜ਼ੀ/ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। ਇਹ ਨੌਜਵਾਨ ਪੱਕੀ ਰਿਹਾਇਸ਼ ਦੀ ਪ੍ਰਵਾਨਗੀ ਦੀ ਉਡੀਕ ਕਰ ਰਹੇ ਹਨ।

ਆਰਜ਼ੀ/ਕੱਚੀ ਰਿਹਾਇਸ਼ ਵਾਲੇ ਨੌਜਵਾਨ ਉਹ ਹਨ, ਜਿਹੜੇ ਪੱਕੀ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਉਡੀਕ 'ਚ ਹਨ। ਇਨ੍ਹਾਂ ਨੌਜਵਾਨਾਂ ਨੂੰ ਤਿੰਨ ਭਾਗਾਂ 'ਚ ਵੰਡਿਆ ਜਾ ਸਕਦਾ ਹੈ।(1) ਇਨ੍ਹਾਂ 'ਚੋਂ ਕਾਫ਼ੀ ਵਿਦਿਆਰਥੀ ਉਹ ਹਨ, ਜਿਨ੍ਹਾਂ ਵਲੋਂ ਕੈਨੇਡਾ ਵਿਖੇ ਆ ਕੇ ਆਪਣੀ ਡਿਗਰੀ/ਡਿਪਲੋਮਾ ਹਾਸਿਲ ਕਰ ਲਿਆ ਗਿਆ ਹੈ। ਇਨ੍ਹਾਂ 'ਚੋਂ ਕਈ ਵਿਦਿਆਰਥੀ ਚਾਰ-ਪੰਜ ਸਾਲਾਂ ਤੋਂ ਕੈਨੇਡਾ 'ਚ ਰਹਿ ਰਹੇ ਹਨ। ਇਨ੍ਹਾਂ ਨੂੰ ਪੁਰਾਣੇ ਨਿਯਮਾਂ ਤਹਿਤ ਆਰਜ਼ੀ ਜਾਂ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਕਈਆਂ ਦੀ ਪ੍ਰਵਾਨਗੀ ਖ਼ਤਮ ਹੋਣ ਵਾਲੀ ਹੈ। ਇਨ੍ਹਾਂ ਵਿਦਿਆਰਥੀਆਂ ਵਲੋਂ ਕੈਨੇਡਾ ਵਿਖੇ ਪੱਕੇ ਵਸਣ ਵਾਸਤੇ ਕਈ ਲੱਖ ਰੁਪਏ ਆਪਣੀਆਂ ਫ਼ੀਸਾਂ ਅਤੇ ਰਹਿਣ ਵਾਸਤੇ ਖਰਚ ਕੀਤੇ ਹੋਏ ਹਨ। (2) ਦੂਜੇ ਉਹ ਆਰਜ਼ੀ/ਕੱਚੀ ਰਿਹਾਇਸ਼ ਵਾਲੇ ਨੌਜਵਾਨ ਹਨ, ਜਿਨ੍ਹਾਂ ਨੂੰ ਕਿਸੇ ਕਾਰੋਬਾਰੀ ਜਾਂ ਕੰਪਨੀ ਵਲੋਂ ਰੁਜ਼ਗਾਰ ਵਾਸਤੇ ਕੈਨੇਡਾ ਬੁਲਾਇਆ ਗਿਆ ਸੀ ਪਰ ਰੁਜ਼ਗਾਰ ਦੀ ਮਿਆਦ ਖਤਮ ਹੋ ਗਈ ਹੈ। ਇਨ੍ਹਾਂ ਨੌਜਵਾਨਾਂ ਨੂੰ ਕੈਨੇਡਾ ਵਲੋਂ ਹੋਰ ਜਾਂ ਪੱਕਾ ਰੁਜ਼ਗਾਰ ਲੱਭਣ ਲਈ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। (3) ਤੀਜੀ ਕਿਸਮ ਦੇ ਉਹ ਨੌਜਵਾਨ ਹਨ, ਜਿਨ੍ਹਾਂ ਨੇ ਵਿਜ਼ਟਰ ਵੀਜ਼ਾ 'ਤੇ ਪਹੁੰਚ ਕੇ ਪਨਾਹ ਲੈਣ ਵਾਸਤੇ ਦਰਖ਼ਾਸਤ ਲਗਾਈ ਹੋਈ ਹੈ। ਉਨ੍ਹਾਂ ਨੂੰ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। ਭਾਵੇਂ ਇਸ ਕਿਸਮ ਦੇ ਨੌਜਵਾਨਾਂ ਦੀ ਗਿਣਤੀ ਕਾਫੀ ਘੱਟ ਹੈ।

ਅਮਰੀਕਾ ਤੋਂ ਛਪਦੇ ਨਿਊਯਾਰਕ ਟਾਈਮਜ਼ ਅਖ਼ਬਾਰ 'ਚ ਬਰੈਂਪਟਨ ਤੋਂ ਇਕ ਰਿਪੋਰਟ 13 ਅਕਤੂਬਰ 2024 ਨੂੰ ਛਾਪੀ ਗਈ ਹੈ। ਇਸ ਰਿਪੋਰਟ ਅਨੁਸਾਰ ਕੈਨੇਡਾ 'ਚ ਇਸ ਸਮੇਂ 28 ਲੱਖ ਦੇ ਕਰੀਬ ਨੌਜਵਾਨ ਆਰਜ਼ੀ/ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਨਾਲ ਰਹਿ ਰਹੇ ਹਨ। ਇਨ੍ਹਾਂ 'ਚੋਂ 22 ਲੱਖ ਦੇ ਕਰੀਬ 2020-22 ਦੇ ਦੋ ਸਾਲਾਂ ਵਿਚ ਕੈਨੇਡਾ ਪਹੁੰਚੇ ਹਨ। ਆਰਜ਼ੀ ਰਿਹਾਇਸ਼ ਵਾਲੇ ਨੌਜਵਾਨ ਕੈਨੇਡਾ ਦੀ ਕੁੱਲ ਆਬਾਦੀ ਦਾ 6.8 ਫ਼ੀਸਦੀ ਬਣਦੇ ਹਨ। ਇਹ ਨੌਜਵਾਨ ਦੁਨੀਆ ਦੇ ਕਈ ਦੇਸ਼ਾਂ ਤੋਂ ਆਏ ਹੋਏ ਹਨ। ਇਨ੍ਹਾਂ 'ਚੋਂ ਦੋ ਦੇਸ਼ਾਂ ਤੋਂ ਆਏ ਵਿਅਕਤੀਆਂ ਦਾ ਖ਼ਾਸ ਜ਼ਿਕਰ ਕੀਤਾ ਗਿਆ ਹੈ। ਇਕ ਦੇਸ਼ ਦਾ ਨਾਂਅ ਯੂਕਰੇਨ ਹੈ, ਜੋ ਰੂਸ ਨਾਲ ਜੰਗ 'ਚ ਫ਼ਸਿਆ ਹੋਇਆ ਹੈ। ਕੈਨੇਡਾ ਵਲੋਂ ਇੱਥੋਂ ਦੇ 10 ਲੱਖ ਵਿਅਕਤੀਆਂ ਨੂੰ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਦਿੱਤੀ ਹੋਈ ਹੈ ਪਰ ਹੁਣ ਤੱਕ ਇੱਥੋਂ 1.85 ਲੱਖ ਵਿਅਕਤੀ ਹੀ ਕੈਨੇਡਾ ਆ ਸਕੇ ਹਨ। ਇਸ ਕਰਕੇ ਯੂਕਰੇਨੀ ਆਰਜ਼ੀ ਰਿਹਾਇਸ਼ ਵਾਲਿਆਂ ਨੂੰ ਕੈਨੇਡਾ ਤੋਂ ਬਾਹਰ ਕੱਢੇ ਜਾਣ ਦਾ ਕੋਈ ਖ਼ਤਰਾ ਨਹੀਂ ਹੈ। ਦੂਜਾ ਭਾਰਤ ਦੇਸ਼ ਦਾ ਜ਼ਿਕਰ ਕੀਤਾ ਗਿਆ ਹੈ। ਸਾਡੇ ਦੇਸ਼, ਖ਼ਾਸ ਕਰਕੇ ਪੰਜਾਬ, ਹਰਿਆਣਾ ਤੋਂ ਵੱਡੀ ਗਿਣਤੀ 'ਚ ਪਿਛਲੇ ਸਾਲਾਂ ਤੋਂ ਵਿਦਿਆਰਥੀ ਕੈਨੇਡਾ ਪੜ੍ਹਨ ਅਤੇ ਉੱਥੇ ਵਸਣ ਦੇ ਮੰਤਵ ਨਾਲ ਗਏ ਹੋਏ ਹਨ। ਇਨ੍ਹਾਂ 'ਚੋਂ ਬਹੁਤਿਆਂ ਕੋਲ ਆਰਜ਼ੀ ਰਿਹਾਇਸ਼ ਦੀ ਪ੍ਰਵਾਨਗੀ ਹੈ। ਇਨ੍ਹਾਂ 'ਚੋਂ ਲੱਖਾਂ ਦੀ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਹੈ, ਜਿਨ੍ਹਾਂ ਨੇ ਪੜ੍ਹਾਈ ਖ਼ਤਮ ਕਰਕੇ ਡਿਗਰੀ ਜਾਂ ਡਿਪਲੋਮਾ ਪਾਸ ਕੀਤਾ ਹੋਇਆ ਹੈ। ਕੈਨੇਡਾ ਦੇ ਪੁਰਾਣੇ ਨਿਯਮਾਂ ਤਹਿਤ ਇਨ੍ਹਾਂ ਨੂੰ ਆਰਜ਼ੀ ਤੌਰ 'ਤੇ ਰਹਿਣ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਕਈਆਂ ਦੀ ਪ੍ਰਵਾਨਗੀ ਖ਼ਤਮ ਹੋਣ ਵਾਲੀ ਹੈ। ਹੁਣ ਕੈਨੇਡਾ ਵਲੋਂ ਨਵੇਂ ਨਿਯਮ ਲਾਗੂ ਕੀਤੇਜਾ ਰਹੇ ਹਨ। ਇਨ੍ਹਾਂ ਨਿਯਮਾਂ ਅਨੁਸਾਰ ਵਿਦਿਆਰਥੀਆਂ ਨੂੰ ਪੜ੍ਹਾਈ ਖ਼ਤਮ ਕਰਕੇ ਵਾਪਸ ਆਪਣੇ ਦੇਸ਼ ਪਰਤਣਾ ਪਵੇਗਾ। ਲੋੜਾਂ ਅਨੁਸਾਰ ਕੁਝ ਨੌਜਵਾਨਾਂ ਦੀ ਆਰਜ਼ੀ ਰਿਹਾਇਸ਼ ਵਧਾਈ ਜਾਵੇਗੀ। ਕੈਨੇਡਾ ਦੇ ਵਿਦੇਸ਼ ਮੰਤਰੀ ਮੇਲਾਨੀ ਜੌਲੀ ਦਾ ਵਿਚਾਰ ਹੈ ਕਿ ਪ੍ਰਵਾਸੀਆਂ ਦੇ ਕਾਫ਼ੀ ਵੱਡੀ ਗਿਣਤੀ 'ਚ ਆਉਣ ਨਾਲ ਦੇਸ਼ 'ਚ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਨ੍ਹਾਂ ਕਰਕੇ ਰਿਹਾਇਸ਼ੀ ਘਰਾਂ ਦੀ ਘਾਟ ਪੈਦਾ ਹੋ ਗਈ ਹੈ, ਸਿਹਤ ਸੇਵਾਵਾਂ 'ਤੇ ਬੋਝ ਵਧ ਗਿਆ ਅਤੇ ਬੇਰੁਜ਼ਗਾਰੀ ਵਧ ਗਈ ਹੈ। ਇਸ ਕਰਕੇ ਸਰਕਾਰ ਵਲੋਂ 2024 ਦੇਸ਼ੁਰੂ 'ਚ ਫ਼ੈਸਲਾ ਕੀਤਾ ਗਿਆ ਹੈ ਕਿ ਪ੍ਰਵਾਸ ਨੂੰ ਸੀਮਤ ਕੀਤਾ ਜਾਵੇ। ਜਿਨ੍ਹਾਂ ਪ੍ਰਵਾਸੀਆਂ ਦੀ ਕੱਚੀ ਰਿਹਾਇਸ਼ ਦੀ ਮਿਆਦ ਖਤਮ ਹੋ ਗਈ ਹੈ ਜਾਂ ਖਤਮ ਹੋ ਰਹੀ ਹੈ, ਉਸ ਨੂੰ ਨਵਿਆਇਆ ਨਹੀਂ ਜਾਵੇਗਾ। ਇਸ ਕਾਰਨ ਇਨ੍ਹਾਂ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗ ਗਿਆ ਹੈ। ਇਸ ਰਿਪੋਰਟ ਅਨੁਸਾਰ ਐਸੇ ਨੌਜਵਾਨਾਂ ਦੀ ਸਥਿਤੀ ਹਵਾ 'ਚ ਲਟਕੇ ਤ੍ਰਿਸ਼ੰਕੂ ਦੀ ਤਰ੍ਹਾਂ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਵਲੋਂ ਕੈਨੇਡਾ ਦੀ ਇਸ ਨੀਤੀ ਖ਼ਿਲਾਫ਼ ਧਰਨੇ ਅਤੇ ਪ੍ਰਦਰਸ਼ਨ ਵੀ ਕੀਤੇ ਜਾ ਰਹੇ ਹਨ।

ਭਾਰਤ ਅਤੇ ਕੈਨੇਡਾ ਦੇ ਵਿਗੜਦੇ ਸੰਬੰਧਾਂ ਦਾ ਸਭ ਤੋਂ ਬੁਰਾ ਪ੍ਰਭਾਵ ਆਰਜ਼ੀ ਰਿਹਾਇਸ਼ ਵਾਲੇ ਨੌਜਵਾਨ 'ਤੇ ਪੈਣ ਵਾਲਾ ਹੈ। ਕੈਨੇਡਾ ਸਰਕਾਰ ਇਨ੍ਹਾਂ 'ਚੋਂਬਹੁਤਿਆਂ ਨੂੰ ਭਾਰਤੀ ਨੌਜਵਾਨ ਹੋਣ ਕਰਕੇ ਵਾਪਸ ਭੇਜਣ ਨੂੰ ਤਿਆਰ ਬੈਠੀ ਹੈ। ਭਾਰਤ ਸਰਕਾਰ ਕੈਨੇਡਾ ਸਰਕਾਰ ਨਾਲ ਇਸ ਮੌਕੇ ਗੱਲਬਾਤ ਦਾ ਰਸਤਾ ਤਿਆਗ ਕੇ ਕੈਨੇਡਾ ਖ਼ਿਲਾਫ਼ ਬਿਆਨਬਾਜ਼ੀ ਕਰ ਰਹੀ ਹੈ। ਇਸ ਕਾਰਨ ਇਨ੍ਹਾਂ ਲੱਖਾਂ ਭਾਰਤੀ ਨੌਜਵਾਨਾਂ ਦੀ ਬਾਂਹ ਫੜਨ ਦਾ ਕਾਰਜ ਭਾਰਤ ਦੇ ਏਜੰਡੇ ਤੋਂ ਖਿਸਕ ਗਿਆ ਹੈ। ਇਨ੍ਹਾਂ ਨੌਜਵਾਨਾਂ ਦਾ ਖ਼ਾਲਿਸਤਾਨ ਨਾਲ ਕੋਈ ਵਾਹ ਵਾਸਤਾ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਦਾ ਨਿੱਝਰ ਕਤਲ ਨਾਲ ਕੋਈ ਸੰਬੰਧ ਹੈ। ਇਹ ਸਰਕਾਰਾਂ ਦੀ ਖਹਿਬਾਜ਼ੀ ਦੇ ਸ਼ਿਕਾਰ ਬਣ ਰਹੇ ਹਨ।

ਇਸ ਤਰ੍ਹਾਂ ਲਗਦਾ ਹੈ ਕਿ ਕੈਨੇਡੀਅਨ ਸਰਕਾਰ ਅਤੇ ਭਾਰਤ ਸਰਕਾਰ ਦੋਵੇਂ ਆਪਣਾ ਝਗੜਾ ਗੱਲਬਾਤ ਨਾਲ ਹੱਲ ਕਰਨ ਦੀ ਬਜਾਏ ਇਸ ਨੂੰ ਵਧਾਉਣ ਵੱਲ ਤੁਰ ਰਹੀਆਂ ਹਨ ਅਤੇਝਗੜੇ ਨੂੰ ਅੰਦਰੂਨੀ ਸਿਆਸਤ ਨਾਲ ਜੋੜਨ ਦੀ ਪ੍ਰਵਿਰਤੀ ਭਾਰੂ ਹੋ ਰਹੀ ਹੈ। ਦੋਵਾਂ ਦੇਸ਼ਾਂ ਦੇ ਬਾਰਡਰ ਸਾਂਝੇ ਨਾ ਹੋਣ ਕਰਕੇ ਇਨ੍ਹਾਂ 'ਚ ਜ਼ਮੀਨ ਦੀ ਵੰਡ ਦਾ ਕੋਈ ਝਗੜਾ ਨਹੀਂ ਹੈ। ਦੋਵੇਂ ਦੇਸ਼ ਵਿਸ਼ਵ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਮੈਂਬਰ ਹਨ। ਯੂ.ਐਨ.ਓ., ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼, ਜੀ-20 ਦੇਸ਼ਾਂ ਦੇਸੰਮੇਲਨ ਅਤੇ ਹੋਰ ਅਦਾਰਿਆਂ 'ਚ ਇਕੱਠੇ ਵਿਚਰਨ ਦਾ ਅਨੁਭਵ ਅਤੇ ਤਜਰਬਾ ਇਨ੍ਹਾਂ ਦੋਵਾਂ ਦੇਸ਼ਾਂ ਕੋਲ ਹੈ। ਦੋਵੇਂ ਦੇਸ਼ ਜਮਹੂਰੀਅਤ ਨੂੰ ਪ੍ਰਣਾਏ ਹੋਏ ਹਨ। ਦੋਵੇਂ ਦੇਸ਼ਾਂ 'ਚ ਬਹੁ-ਧਰਮਾਂ ਅਤੇ ਬਹੁ-ਸਭਿਆਚਾਰਾਂ ਦਾ ਮਿਸ਼ਰਣ ਹੈ। ਮੌਜੂਦਾ ਹਾਲਤ ਵਿਚ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਮਸਲੇ ਦੇ ਹੱਲ ਲਈ ਗੱਲਬਾਤ ਦਾ ਰਸਤਾ ਛੱਡ ਕੇ ਹਾਉਮੈ ਦੀ ਲੜਾਈ ਲੜ ਰਹੀਆਂ ਹਨ। ਇਹ ਰਸਤਾ ਬੇਲੋੜਾ ਵਿਰੋਧ ਪੈਦਾ ਕਰ ਰਿਹਾ ਹੈ। ਭਾਰਤੀ ਮੂਲ ਦੇ ਲਗਭਗ 21 ਲੱਖ ਕੈਨੇਡੀਅਨ ਨਾਗਰਿਕਾਂ ਅਤੇ ਕੈਨੇਡਾ'ਚ ਰਹਿ ਰਹੇ ਕਈ ਲੱਖ ਕੱਚੇ ਰਿਹਾਇਸ਼ੀ ਭਾਰਤੀ ਨੌਜਵਾਨਾਂ ਦੇ ਭਵਿੱਖ ਨੂੰ ਦੋਵਾਂ ਦੇਸ਼ਾਂ ਵਲੋਂ ਤਿਲਾਂਜਲੀ ਦਿੱਤੀ ਜਾ ਰਹੀ ਹੈ। ਸਮੇਂ ਦੀ ਮੰਗ ਹੈ ਕਿ ਦੋਵੇਂ ਦੇਸ਼ ਗੱਲਬਾਤ ਰਾਹੀਂ ਆਪਸੀ ਮਤਭੇਦ ਹੱਲ ਕਰਨ ਅਤੇਆਰਥਿਕ ਅਤੇ ਸਭਿਆਚਾਰਕ ਸੰਭਾਵਨਾਵਾਂ ਦੇ ਵਿਕਾਸ ਵੱਲ ਆਪਣਾ ਧਿਆਨ ਕੇਂਦਰਿਤ ਕਰਨ।

# ਅੱਲੜ ਸਿੱਖ ਕੁੜੀਆਂ ਕਿਉਂ ਮੁਸਲਮਾਨ ਮੁੰਡਿਆਂ ਵਲ ਹੋ ਰਹੀਆਂ ਨੇ ਪ੍ਰਭਾਵਿਤ

## ✪ ਕਸ਼ਮੀਰੀ ਸਿਖਾਂ ਵਿਚ ਵੱਡੀ ਸਮਸਿਆ ਬਣੀ, ਕਸ਼ਮੀਰੀ ਸਿੱਖਾਂ ਅਨੁਸਾਰ ਇਹ ਜਨਸੰਖਿਆ ਲਈ ਖ਼ਤਰਾ
## ✪ ਕਸ਼ਮੀਰੀ ਸਿੱਖ ਪੁੱਛਦੇ ਹਨ ਕਿ ਧੀਆਂ ਨੂੰ ਮੁਸਲਮਾਨ ਬਣਨ ਤੋਂ ਕਿਵੇਂ ਬਚਾਇਆ ਜਾਵੇ ?

ਕਸ਼ਮੀਰ ਵਿਚ ਪਿਆਰ ਦੇ ਨਾਮ ਉਪਰ ਸਿਖ ਧੀਆਂ ਦਾ ਇਸਲਾਮ ਧਰਮ ਗ੍ਰਹਿਣ ਕਰਨ ਵਲ ਪ੍ਰੇਰਿਤ ਹੋਣਾ ਕਸ਼ਮੀਰੀ ਸਿੱਖਾਂ ਲਈ ਵੱਡਾ ਮੱਸਲਾ ਬਣਿਆ ਹੋਇਆ ਹੈ। 52 ਸਾਲਾ ਸਿੱਖ ਪ੍ਰਚਾਰਕ ਬੀਬੀ ਗੁਰਦੀਪ ਕੌਰ ਸ੍ਰੀਨਗਰ ਦੇ ਇਕ ਗੁਰਦੁਆਰੇ ਦੀ ਬੇਸਮੈਂਟ ਵਿਚ ਇਕ ਅਹਿਮ ਮੀਟਿੰਗ ਦੀ ਅਗਵਾਈ ਕਰ ਰਹੀ ਸੀ। ਗੁਰਦੀਪ ਕੌਰ, ਜੋ ਹਫ਼ਤਾਵਾਰੀ ਸੰਗਤਾਂ ਵਿਚ ਧਾਰਮਿਕ ਲੈਕਚਰ ਦਿੰਦੀ ਹੈ ਅਤੇ ਪੰਜਾਬੀ ਪੜ੍ਹਾਉਂਦੀ ਹੈ, ਉਸਨੇ ਹੁਣੇ ਜਿਹੇ ਲੈਕਚਰ ਦਿੱਤਾ ਕਿ ਆਪਣੀਆਂ ਸਿੱਖ ਧੀਆਂ ਨੂੰ ਇਸਲਾਮ ਵਿਚ ਜਾਣ ਤੋਂ ਕਿਵੇਂ ਰੋਕਿਆ ਜਾਵੇ? ਉਸਨੇ ਕਿਹਾ ਕਿ ਸਾਨੂੰ ਆਪਣੀਆਂ ਧੀਆਂ ਨੂੰ ਧਰਮ ਦਾ ਗਿਆਨ ਦੇਣ ਦੀ ਲੋੜ ਹੈ। ਸਾਨੂੰ ਉਨ੍ਹਾਂ ਨੂੰ ਗੁਰਬਾਣੀ ਸਿਖਾਉਣੀ, ਪੜ੍ਹਾਉਣੀ ਚਾਹੀਦੀ ਹੈ ਕਿ ਉਸ ਵਿਚ ਗੁਰੂ ਸਾਹਿਬ ਨੇ ਕੀ ਉਪਦੇਸ਼ ਦਿੱਤਾ ਹੈ। ਜੇਕਰ ਤੁਹਾਡੀ ਧੀ ਸਿਖ ਧਰਮ ਤੇ ਇਤਿਹਾਸ ਦਾ ਗਿਆਨ ਨਹੀਂ ਲੈਂਦੀ ਤੇ ਨਹੀਂ ਪੜ੍ਹਦੀ ਤਾਂ ਤੁਸੀਂ ਮਾਂ ਦੇ ਤੌਰ 'ਤੇ ਫੇਲ੍ਹ ਹੋ। ਉੱਥੇ ਬੈਠੀਆਂ ਤਿੰਨ ਦਰਜਨ ਦੇ ਕਰੀਬ ਸਿਖ ਬੀਬੀਆਂ ਨੇ ਸਹਿਮਤੀ ਪ੍ਰਗਟਾਈ। ਉਨ੍ਹਾਂ ਦੀ ਗੱਲਬਾਤ ਹਾਲ ਹੀ ਵਿੱਚ ਇੱਕ ਕਸ਼ਮੀਰੀ ਸਿੱਖ ਔਰਤ ਦੇ ਇਸਲਾਮ ਕਬੂਲ ਕਰਨ ਤੋਂ ਪ੍ਰੇਰਿਤ ਸੀ, ਜਿਸਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

ਵੀਡੀਓ ਵਿੱਚ ਉਸ ਔਰਤ ਭਵਨੀਤ ਕੌਰ ਨੂੰ ਇਹ ਦਾਅਵਾ ਕਰਦਿਆਂ ਦੇਖਿਆ ਅਤੇ ਸੁਣਿਆ ਜਾ ਸਕਦਾ ਹੈ ਕਿ ਉਸਨੇ ਸੱਤ ਸਾਲ ਤੋਂ ਵੱਧ ਸਮੇਂ ਤੱਕ ਇਸਲਾਮ ਦੀ ਖੋਜ ਕਰਨ ਤੋਂ ਬਾਅਦ ਇਸਲਾਮ ਕਬੂਲ ਕੀਤਾ ਹੈ। ਹੁਣ ਉਸਦਾ ਨਵਾਂ ਨਾਮ ਕੁਰਤ ਉਲ ਫਾਤਿਮਾ ਹੈ। ਉਸ ਦਾ ਕਹਿਣਾ ਹੈ ਕਿ ਸਿੱਖ ਧਰਮ ਲਗਭਗ 300 ਸਾਲ ਪਹਿਲਾਂ ਆਇਆ ਸੀ, ਪਰ ਉਸ ਤੋਂ ਪਹਿਲਾਂ ਧਰਮ ਕੀ ਸੀ? ਮੈਂ ਇਹ ਜਾਣਨ ਲਈ ਉਤਸੁਕ ਸੀ ਅਤੇ ਇਸ ਤਰ੍ਹਾਂ ਮੈਂ ਇਸਲਾਮ ਦੇ ਨੇੜੇ ਆਈ। ਮੈਂ ਇਹ ਵੀਡੀਓ ਰਿਕਾਰਡ ਕਰ ਰਹੀ ਹਾਂ ਤਾਂ ਜੋ ਮੇਰੇ ਮਾਤਾ-ਪਿਤਾ ਅਤੇ ਮੇਰੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਪਤਾ ਲੱਗ ਸਕੇ ਕਿ ਮੈਂ ਆਪਣੇ ਮੂਲ ਧਰਮ ਵਿੱਚ ਵਾਪਸ ਚਲੀ ਗਈ ਹਾਂ।

ਕਸ਼ਮੀਰ ਵਿੱਚ ਵਿੱਚ ਸਿਖ ਬੀਬੀਆਂ ਦੇ ਮੁਸਲਮਾਨਾਂ ਵਲ ਝੁਕਾਅ ਕਾਰਣ ਇੱਕ ਨਵੀਂ ਦਰਾੜ ਪੈਦਾ ਹੋਈ ਹੈ। ਕਸ਼ਮੀਰ ਵਿਚ ਲਗਭਗ 40,000 ਸਿੱਖਾਂ ਦਾ ਛੋਟਾ ਭਾਈਚਾਰਾ ਹੈ ਜੋ ਕਸ਼ਮੀਰ ਦੀ ਆਬਾਦੀ ਦਾ ਲਗਭਗ 1 ਪ੍ਰਤੀਸ਼ਤ ਹੈ ਤੇ ਜਿਹਾਦੀ ਹਿੰਸਾ ਦੇ ਖਤਰੇ ਵਿਚ ਉਹ ਰਹਿ ਰਿਹਾ। ਉਹ ਸਿੱਖ ਧਰਮ ਲਈ ਪੈਦਾ ਹੋਈਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਸ੍ਰੋਮਣੀ ਕਮੇਟੀ ਵੀ ਉਨ੍ਹਾਂ ਦੀ ਸਾਰ ਨਹੀਂ ਲੈ ਰਹੀ। ਉਥੇ ਉਨ੍ਹਾਂ ਦੀ ਸਾਰ ਲੈਣ ਲਈ ਅਜੇ ਤਕ ਨਾ ਅਕਾਲੀ ਦਲ ਦਾ, ਨਾ ਸ੍ਰੋਮਣੀ ਕਮੇਟੀ



ਦਾ ਵਫਦ ਸਾਰ ਲੈਣ ਲਈ ਗਿਆ ਹੈ।


ਧਰਮ ਪਰਿਵਰਤਨ ਬਾਰੇ ਵੀਡੀਓ ਨੂੰ ਆਧਾਰ ਬਣਾਕੇ ਕਸ਼ਮੀਰੀ ਵਿੱਚ ਬੋਲਣ ਵਾਲੇ ਇੱਕ ਵਿਅਕਤੀ ਨਾਲ ਸ਼ੁਰੂ ਹੁੰਦਾ ਹੈ ਅਤੇ ਲੋਕਾਂ ਨੂੰ ਇਹ ਵੀਡੀਓ ਵੱਧ ਤੋਂ ਵੱਧ ਸ਼ੇਅਰ ਕਰਨ ਦੀ ਅਪੀਲ ਕਰਦਾ ਹੈ। ਇਸ ਵੀਡੀਓ ਨੂੰ 8.5 ਲੱਖ ਵਾਰ ਦੇਖਿਆ ਜਾ ਚੁੱਕਾ ਹੈ। ਜ਼ਿਆਦਾਤਰ ਟਿੱਪਣੀਆਂ ਵਿਚ ਸਿਖ ਤੋਂ ਮੁਸਲਮਾਨ ਬਣੀ ਔਰਤ ਨੂੰ ਵਧਾਈ ਦਿੱਤੀ ਗਈ, ਜਦਕਿ ਸਿੱਖ ਭਾਈਚਾਰੇ ਨੇ ਇਸ 'ਤੇ ਹੈਰਾਨੀ ਪ੍ਰਗਟਾਈ ਹੈ ਕਿ ਇਹ ਸਿੱਖ ਪੰਥ ਨੂੰ ਜ਼ਲੀਲ ਕਰਨ ਦੀ ਕਾਰਵਾਈ ਹੈ।

ਉਸ ਵੀਡੀਓ ਹੇਠ ਜਗਬੀਰ ਸਿੰਘ ਨੇ ਟਿਪਣੀ ਕੀਤੀ ਹੈ ਕਿ ਤੁਸੀਂ ਖੁਸ਼ ਹੋ ਸਕਦੀਆਂ ਹੋ, ਪਰ ਤੁਹਾਡੇ ਮਾਤਾ-ਪਿਤਾ ਦੁਖੀ ਹਨ। ਇਹ ਨਾ ਤਾਂ ਸਿੱਖ ਕੌਮ ਲਈ ਚੰਗਾ ਹੈ ਅਤੇ ਨਾ ਹੀ ਮੁਸਲਿਮ ਭਾਈਚਾਰੇ ਲਈ।ਅਤੇ ਮਾਵਾਂ ਸਭ ਤੋਂ ਪਹਿਲਾਂ ਦੋਸ਼ੀ ਹਨ ਜੋ ਆਪਣੀਆਂ ਧੀਆਂ ਨੂੰ ਸਿੱਖੀ ਨਾਲ ਨਹੀਂ ਜੋੜ ਸਕੀਆਂ।ਸਿੱਖ ਭਾਈਚਾਰੇ ਦੇ ਲੋਕ ਆਪਣੀਆਂ ਧੀਆਂ ਵਿੱਚ ਸਿੱਖ ਕਦਰਾਂ-ਕੀਮਤਾਂ ਨਾ ਪੈਦਾ ਕਰਨ ਲਈ ਮਾਵਾਂ 'ਤੇ ਦੋਸ਼ ਲਗਾ ਰਹੇ ਹਨ। ਜਦੋਂ ਕਿ ਕੁਝ ਅੰਤਰ-ਧਰਮੀ ਅਜਿਹੇ ਜੋੜਿਆਂ ਨੇ ਆਪਣੇ ਫੈਸਲਿਆਂ 'ਤੇ ਪਛਤਾਵਾ ਨਾ ਕਰਨ ਅਤੇ ਆਪਣੀ ਪਸੰਦ ਦੇ ਨਾਲ ਖੁਸ਼ੀ ਨਾਲ ਜੀ ਰਹੇ ਹੋਣ ਦੀ ਗੱਲ ਕੀਤੀ। ਇਸ ਸੰਦਰਭ ਵਿਚ ਵੱਡਾ ਸੁਆਲ ਇਹ ਹੈ ਕਿ ਅਜਿਹੇ ਹਿੰਸਕ ਤੇ ਵਿਰਕੂ ਮਹੌਲ ਵਿਚ ਸਿੱਖ ਕਿਵੇਂ ਰਹਿੰਦੇ ਹਨ।

ਸੋਸ਼ਲ ਮੀਡੀਆ 'ਤੇ ਜਦੋਂ ਵੀ ਕੋਈ ਕਸ਼ਮੀਰੀ ਸਿੱਖ ਔਰਤ ਇਸਲਾਮ ਕਬੂਲ ਕਰਦੀ ਹੈ ਤਾਂ ਉਸ ਦਾ ਮੁਸਲਮਾਨ ਭਾਈਚਾਰੇ ਵਲੋਂ ਜਸ਼ਨ ਮਨਾਉਣਾ ਘੱਟ-ਗਿਣਤੀ ਸਿੱਖ ਭਾਈਚਾਰੇ ਲਈ ਬਹੁਤ "ਭੜਕਾਊ" ਹੈ।

ਸ੍ਰੀਨਗਰ ਦੇ 28 ਸਾਲਾ ਅੰਗਦ ਸਿੰਘ ਦਾ ਕਹਿਣਾ ਹੈ ਕਿ ਕਸ਼ਮੀਰੀ ਸਿਖ ਸਮਾਜ ਨੇ ਅੰਤਰ-ਧਾਰਮਿਕ ਵਿਆਹਾਂ ਨੂੰ ਸਵੀਕਾਰ ਨਹੀਂ ਕੀਤਾ। ਜਦੋਂ ਅਜਿਹੀਆਂ ਘਟਨਾਵਾਂ ਦੀ ਵਡਿਆਈ ਕੀਤੀ ਜਾਂਦੀ ਹੈ, ਤਾਂ ਇਹ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਭੜਕਾਉਂਦੀ ਹੈ।

ਜੰਮੂ-ਕਸ਼ਮੀਰ ਦੇ ਮੁਸਲਮਾਨ ਪ੍ਰਚਾਰਕ ਗ੍ਰੈਂਡ ਮੁਫਤੀ ਨਾਸਿਰ-ਉਲ-ਇਸਲਾਮ ਨੇ ਕਿਹਾ ਕਿ ਉਹ ਵਿਆਹ ਦੇ ਨਾਂ 'ਤੇ ਧਰਮ ਪਰਿਵਰਤਨ



ਨੂੰ ਮਨਜ਼ੂਰੀ ਨਹੀਂ ਦਿੰਦੇ। ਕਿਸੇ ਨੂੰ ਇਸਲਾਮ ਬਾਰੇ ਪੜ੍ਹ ਕੇ ਤੇ ਸਮਝਣ ਤੋਂ ਬਾਅਦ ਹੀ ਧਰਮ ਬਦਲਣਾ ਚਾਹੀਦਾ ਹੈ। ਅੰਤਰ-ਧਾਰਮਿਕ ਵਿਆਹਾਂ ਬਾਰੇ ਬੋਲਦਿਆਂ, ਗ੍ਰੈਂਡ ਮੁਫਤੀ ਨੇ ਕਿਹਾ ਕਿ ਲੋਕਾਂ ਨੂੰ ਸੰਵਿਧਾਨ ਤਹਿਤ ਅਧਿਕਾਰ ਹਨ ਅਤੇ ਉਹ ਉਨ੍ਹਾਂ ਦੀ ਪਾਲਣਾ ਕਰਨ ਲਈ ਆਜ਼ਾਦ ਹਨ। ਉਸ ਨੇ ਕਿਹਾ ਕਿ ਮੈਂ ਇਨ੍ਹਾਂ ਮਾਮਲਿਆਂ ਵਿਚ ਦਖਲ ਨਹੀਂ ਦਿੰਦਾ, ਪਰ ਜੇਕਰ ਤੁਸੀਂ ਮੈਨੂੰ ਪੁੱਛੋ ਤਾਂ ਲੋਕਾਂ ਨੇ ਧਰਮ ਦੀ ਸਹੀ ਜਾਣਕਾਰੀ ਤੋਂ ਬਿਨਾਂ ਵਿਆਹ ਕਰ ਲਿਆ ਹੈ। ਮੈਂ ਉਸ ਨੂੰ ਮੁਸਲਮਾਨ ਨਹੀਂ ਮੰਨਦਾ।

ਬਾਰਾਮੂਲਾ ਦੀਆਂ ਤੰਗ ਗਲੀਆਂ ਦੇ ਇੱਕ ਸ਼ਾਂਤ ਕੋਨੇ ਵਿੱਚ ਸਥਿਤ, ਇੱਕ ਆਮ ਘਰ ਕੁਝ ਸਾਲ ਪਹਿਲਾਂ ਮੁਸਲਿਮ ਇਲਾਕੇ ਦੀ ਚਰਚਾ ਬਣ ਗਿਆ ਸੀ। ਇੱਕ ਮੁਸਲਿਮ ਆਦਮੀ ਅਤੇ ਇੱਕ ਸਿੱਖ ਔਰਤ ਨੇ ਵਿਆਹ ਕਰਵਾ ਲਿਆ ਸੀ, ਜਿਸ ਤੋਂ ਬਾਅਦ ਔਰਤ ਨੇ ਇਸਲਾਮ ਕਬੂਲ ਕਰ ਲਿਆ - ਉਨ੍ਹਾਂ ਦੀ ਇਸ ਪ੍ਰੇਮ ਕਹਾਣੀ ਨੇ ਦੋਵਾਂ ਭਾਈਚਾਰਿਆਂ ਵਿੱਚ ਤਣਾਅ ਪੈਦਾ ਕਰ ਦਿੱਤਾ ਸੀ। ਦੋਵਾਂ ਭਾਈਚਾਰਿਆਂ ਵਿਚਕਾਰ ਤਣਾਅ ਦੇ ਕਾਰਨ, ਸਿਖ ਤੋਂ ਮੁਸਲਮਾਨ ਬਣੀ ਔਰਤ ਨੂੰ ਇੱਕ ਵੀਡੀਓ ਬਣਾਉਣਾ ਪਿਆ ਸੀ, ਜਿਸ ਵਿੱਚ ਉਸਨੇ ਕਬੂਲ ਕੀਤਾ ਸੀ ਕਿ ਉਸਨੇ ਮਰਦ ਦੇ ਪਰਿਵਾਰ ਦੇ ਦਬਾਅ ਤੋਂ ਬਿਨਾਂ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ ਸੀ। ਇਸ ਵੀਡੀਓ ਅਨੁਸਾਰ ਅਸਮਾ ਦਸਦੀ ਹੈ ਕਿ ਉਸ ਦੀ ਮੁਲਾਕਾਤ ਆਮਿਰ (ਬਦਲਿਆ ਹੋਇਆ ਨਾਂ) ਨਾਲ ਉਦੋਂ ਹੋਈ ਜਦੋਂ ਉਹ ਸਿਰਫ਼ 13 ਸਾਲ ਦੀ ਸੀ। ਆਮਿਰ ਨੇ ਉਸ ਨੂੰ ਪਹਿਲੀ ਵਾਰ ਦੇਖਿਆ ਜਦੋਂ ਉਹ ਟਿਊਸ਼ਨ ਕਲਾਸਾਂ ਲਈ ਜਾ ਰਹੀ ਸੀ ਅਤੇ ਫਿਰ ਉਹ ਹਰ ਰੋਜ਼ ਉਸ ਦਾ ਪਿੱਛਾ ਕਰਨ ਲੱਗਾ। ਸ੍ਰੀਨਗਰ ਦੇ ਰਹਿਣ ਵਾਲੇ ਜੋੜੇ ਨੇ ਵਿਆਹ ਤੋਂ ਪਹਿਲਾਂ ਸੱਤ ਸਾਲ ਤੱਕ ਡੇਟ ਕੀਤੀ ਸੀ। ਆਪਣੇ ਰਿਸ਼ਤੇ ਦੇ ਪਹਿਲੇ ਸਾਲ ਵਿੱਚ, ਆਮਿਰ ਨੇ ਉਸ ਨੂੰ ਇੱਕ ਸੋਨੇ ਦੀ ਅੰਗੂਠੀ ਤੋਹਫੇ ਵਿੱਚ ਦਿੱਤੀ ਸੀ ਅਤੇ ਅਸਮਾ ਨੇ ਘਰ ਵਿੱਚ ਗੁਪਤ ਰੂਪ ਵਿੱਚ ਨਮਾਜ਼ ਅਦਾ ਕਰਨੀ ਸ਼ੁਰੂ ਕਰ ਦਿੱਤੀ ਸੀ। ਅਖੀਰ ਦੋਹਾਂ ਨੇ ਵਿਆਹ ਕਰਵਾ ਲਿਆ। ਅਸਮਾ ਦਸਦੀ ਹੈ ਕਿ ਉਸ ਲਈ ਧਰਮ ਕਦੇ ਵੀ ਮੁੱਦਾ ਨਹੀਂ ਰਿਹਾ।

ਅਸਮਾ ਅਤੇ ਆਮਿਰ ਨੂੰ ਸਿੱਖ ਭਾਈਚਾਰੇ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਨੇ ਆਮਿਰ 'ਤੇ ਛੋਟੀ ਉਮਰ ਵਿਚ ਆਪਣੀ ਧੀ ਨੂੰ ਪਿਆਰ ਦੀ ਆੜ ਵਿਚ ਉਸ ਦਾ ਧਰਮ ਬਦਲਣ ਦਾ ਦੋਸ਼ ਲਗਾਇਆ। ਦੂਜੇ ਪਾਸੇ, ਅਸਮਾ ਨੂੰ ਆਪਣੇ ਨਵੇਂ ਧਾਰਮਿਕ ਮੁਸਲਮਾਨ ਭਾਈਚਾਰੇ ਵਿੱਚ ਫਿੱਟ ਹੋਣ ਲਈ ਸਖ਼ਤ ਮਿਹਨਤ ਕਰਨੀ ਪਈ।


ਅਸਮਾ ਨੇ ਕਿਹਾ ਕਿ ਉਹ ਆਮਿਰ ਤੋਂ ਖੁਸ਼ ਹੈ ਅਤੇ ਸਾਰਿਆਂ ਨੇ ਉਸ ਨੂੰ ਸਵੀਕਾਰ ਕਰ ਲਿਆ ਹੈ, ਪਰ ਉਸ ਨੂੰ ਆਪਣੇ ਮਾਤਾ-ਪਿਤਾ ਦੀ ਯਾਦ ਆਉਂਦੀ ਹੈ, ਪਰ ਉਨ੍ਹਾਂ ਕੋਲ ਜਾਣ ਦੀ ਹਿੰਮਤ ਨਹੀਂ ਹੈ। ਇਹ ਉਸਦੇ ਰਿਸ਼ਤੇ ਲਈ ਦੁਖਾਂਤਕ ਹੈ। ਅਸਮਾ ਨੇ ਕਿਹਾ ਕਿ ਜੇ ਉਸਦੇ ਮਾਂ -ਬਾਪ ਨੂੰ ਪਤਾ ਲੱਗ ਗਿਆ ਤਾਂ ਉਹ ਸਾਨੂੰ ਮਾਰ ਦੇਣਗੇ। ਮੈਂ ਅਕਸਰ ਸੋਚਦਾ ਹਾਂ ਕਿ ਸਾਡੇ ਵਰਗੇ ਅੰਤਰਜਾਤੀ ਜੋੜਿਆਂ ਲਈ ਦਿੱਲੀ ਬਿਹਤਰ ਹੈ। ਉੱਥੇ ਆਜ਼ਾਦੀ ਹੈ ਅਤੇ ਕੋਈ ਵੀ ਪਰੇਸ਼ਾਨ ਨਹੀਂ ਕਰਦਾ।

### ਸਿੱਖ ਭਾਈਚਾਰੇ ਦਾ ਇਸ ਦੁਖਾਂਤ ਬਾਰੇ ਪੱਖ

ਗੁਰਦੁਆਰੇ ਵਿੱਚ ਸਥਿਤ ਲਾਇਬ੍ਰੇਰੀ ਸਿੱਖ ਭਾਈਚਾਰੇ ਦੇ ਮੈਂਬਰਾਂ ਲਈ ਅਜਿਹੇ ਧਰਮ ਪਰਿਵਰਤਨ ਦੇ ਕਾਰਨਾਂ ਬਾਰੇ ਚਰਚਾ ਕਰਨ ਦਾ ਕੇਂਦਰ ਬਣ ਗਈ ਹੈ। ਸਿੱਖ ਭਾਈਚਾਰੇ ਨੇ ਇਸ ਸਮਸਿਆ ਨੂੰ ਤਿੰਨ ਮੁੱਖ ਕਾਰਨਾਂ ਤੱਕ ਸੀਮਤ ਕਰ ਦਿੱਤਾ ਹੈ: ਵਾਸਨਾ, ਇੱਛਾ ਅਤੇ ਕਿਸ਼ੋਰ ਦਾ ਮੋਹ।

47 ਸਾਲਾ ਜਗਜੀਤ ਸਿੰਘ ਨੇ ਦਾਅਵਾ ਕੀਤਾ ਕਿ ਹਰ ਸਾਲ ਚਾਰ ਤੋਂ ਪੰਜ ਸਿੱਖ ਔਰਤਾਂ ਕਸ਼ਮੀਰੀ ਮੁਸਲਮਾਨਾਂ ਨਾਲ ਵਿਆਹ ਕਰਨ ਲਈ ਇਸਲਾਮ ਕਬੂਲ ਕਰਦੀਆਂ ਹਨ। ਹਾਲਾਂਕਿ, ਸਿੰਘ ਨੇ ਮੰਨਿਆ ਕਿ ਉਨ੍ਹਾਂ ਕੋਲ ਇਸ ਬਾਰੇ ਕੋਈ ਦਸਤਾਵੇਜ਼ ਨਹੀਂ ਹੈ ਕਿ ਹੁਣ ਤੱਕ ਕਿੰਨੀਆਂ ਸਿੱਖ ਔਰਤਾਂ ਧਰਮ ਪਰਿਵਰਤਨ ਕਰ ਚੁੱਕੀਆਂ ਹਨ।ਉਸ ਅਨੁਸਾਰ ਅੱਲੜ ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਉਹ ਇੱਕ ਰਿਸ਼ਤੇ ਵਿੱਚ ਆ ਜਾਂਦੇ ਹਨ ਅਤੇ ਫਿਰ ਅਚਾਨਕ ਉਨ੍ਹਾਂ ਨੂੰ ਵਿਆਹ ਲਈ ਧਰਮ ਬਦਲਣ ਲਈ ਕਿਹਾ ਜਾਂਦਾ ਹੈ।

ਲਾਇਬ੍ਰੇਰੀ ਵਿੱਚ ਮੌਜੂਦ ਇੱਕ ਹੋਰ ਸਿਖ ਔਰਤ ਨੇ ਇਸ ਸਮੱਸਿਆ ਲਈ ਸਿੱਖ ਮਾਵਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਸਨੇ ਕਿਹਾ ਕਿ ਜੇ ਘਰ ਵਿਚ ਗੁਰਮਤਿ ਦਾ ਮਾਹੌਲ ਨਹੀਂ ਤਾਂ ਉਸ ਘਰ ਦੀਆਂ ਬੱਚੀਆਂ ਭਾਵਨਾਤਮਕ ਤੇ ਸਿਧਾਂਤਕ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ, ਤੇ ਅਜਿਹੇ ਧਰਮ ਪਰਿਵਰਤਨ ਦਾ ਸ਼ਿਕਾਰ ਹੁੰਦੀਆਂ ਹਨ। ਲਾਇਬਰੇਰੀ ਵਿਚ ਇਕਠੇ ਹੋਏ ਸਿੱਖਾਂ ਨੇ ਦੁੱਖ ਪ੍ਰਗਟ ਕੀਤਾ ਕਿ ਅਸੀਂ ਸਿੱਖ ਕਸ਼ਮੀਰ ਵਿੱਚ ਇੱਕ ਘੱਟ ਗਿਣਤੀ ਭਾਈਚਾਰਾ ਹਾਂ। ਸਾਡੇ ਕੋਲ ਕੋਈ ਰਾਜਨੀਤਿਕ ਪ੍ਰਤੀਨਿਧਤਾ ਜਾਂ ਅਧਿਕਾਰ ਨਹੀਂ ਹਨ। ਸਰਕਾਰ ਨੇ ਸਾਨੂੰ ਘੱਟ ਗਿਣਤੀ ਦਾ ਦਰਜਾ ਵੀ ਨਹੀਂ ਦਿੱਤਾ। ਇਹ ਸਾਡਾ ਵੱਡਾ ਦੁਖਾਂਤ ਹੈ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਦੀਆਂ ਅਜਿਹੀਆਂ ਘਟਨਾਵਾਂ ਵਾਦੀ ਵਿੱਚ ਸਿੱਖਾਂ ਅਤੇ ਮੁਸਲਮਾਨਾਂ ਦਰਮਿਆਨ ਵਧ ਰਹੇ ਤਣਾਅ ਨੂੰ ਹੋਰ ਵਧਾ ਰਹੀਆਂ ਹਨ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

**Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)**


# ਕੇਂਦਰੀ ਮੰਤਰਾਲੇ ਵੱਲੋਂ ਬੰਦੀ ਛੋੜ ਦਿਵਸ ਸਬੰਧੀ ਪੋਸਟ ਹਟਾਉਣਾ ਦੁਖਦਾਈ– ਐਡਵੋਕੇਟ ਧਾਮੀ



*ਅੰਮ੍ਰਿਤਸਰ : ਭਾਰਤ ਦੇ ਸੱਭਿਆਚਾਰ ਮੰਤਰਾਲੇ ਵੱਲੋਂ ਆਪਣੇ ਸੋਸ਼ਲ ਮੀਡੀਆ ਮੰਚਾਂ ਤੇ ਬੰਦੀ ਛੋੜ ਦਿਵਸ ਸਬੰਧੀ ਪੋਸਟ ਪਾਉਣ ਮਗਰੋਂ ਹਟਾਏ ਜਾਣ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੱਖਪਾਤੀ ਕਰਾਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਅਤੇ ਮੰਦਭਾਗਾ ਹੈ ਕਿ ਦੇਸ਼ ਦੇ ਮੰਤਰਾਲੇ ਵੱਲੋਂ ਸਿੱਖਾਂ ਦੇ ਇਤਿਹਾਸ ਨੂੰ ਦਰਸਾਉਂਦੀ ਪੋਸਟ ਪਾਉਣ ਮਗਰੋਂ ਉਸ ਨੂੰ ਹਟਾ ਦਿੱਤਾ ਗਿਆ।*

ਜ਼ਿਕਰਯੋਗ ਹੈ ਕਿ ਕੇਂਦਰੀ ਸੱਭਿਆਚਾਰ ਮੰਤਰਾਲੇ ਦੇ ਸੋਸ਼ਲ ਮੀਡੀਆ ਤੇ ਬੰਦੀਛੋੜ ਦਿਹਾੜੇ ਸਬੰਧੀ ਇਕ ਪੋਸਟ ਪਾਈ ਗਈ ਸੀ, ਜਿਸ ਵਿਚ ਇਸ ਦੇ ਇਤਿਹਾਸ ਅਤੇ ਪ੍ਰੰਪਰਾ ਦਾ ਜ਼ਿਕਰ ਸੀ। ਇਸ ਪੋਸਟ ਰਾਹੀਂ ਬੰਦੀ ਛੋੜ ਦਿਵਸ ਸਬੰਧੀ ਇਕ ਵੀਡੀਓ ਵੀ ਪਾਈ ਗਈ ਸੀ, ਪਰ ਇਸ ਨੂੰ ਕੁਝ ਚਿਰ ਬਾਅਦ ਹੀ ਹਟਾ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਤੇ ਸਖ਼ਤ ਇਤਰ-ਾਜ਼ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਇਕ ਬਹੁ-ਕੌਮੀ ਤੇ ਬਹੁ-ਧਰਮੀ ਦੇਸ਼ ਹੈ, ਜਿਥੇ ਹਰ ਧਰਮ ਦੇ ਲੋਕਾਂ ਦੇ ਇਤਿਹਾਸ ਅਤੇ ਮਾਨਤਾਵਾਂ ਦਾ ਸਤਿਕਾਰ ਸੁਰੱਖਿਅਤ ਰਹਿਣਾ ਚਾਹੀਦਾ ਹੈ।


# CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**


# ਇੰਗਲੈਂਡ ਦੇ ਕ੍ਰਿਕਟ ਇਤਿਹਾਸ ਵਿੱਚ ਮੱਲਾਂ ਮਾਰ ਰਿਹਾ ਹੈ ਸਿੱਖ ਨੌਜਵਾਨ ਸਮਰਜੀਤ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਕ੍ਰਿਕਟ ਇਤਿਹਾਸ ਵਿੱਚ ਜਲੰਧਰ ਦੇ ਪਿੰਡ ਭੋਗਪੁਰ ਦੇ ਜਸਪਾਲ ਸਿੰਘ ਅਤੇ ਮਨਿੰਦਰ ਕੌਰ ਦਾ 17 ਸਾਲਾ ਬੇਟਾ ਸਿੱਖ ਨੌਜਵਾਨ ਸਮਰਜੀਤ ਸਿੰਘ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਲੰਡਨ ਦੇ ਇਲਾਕੇ ਹੇਜ਼ ਵਿੱਚ ਰਹਿਣ ਵਾਲਾ ਸਮਰਜੀਤ ਸਿੰਘ ਮਿਡਲਸੈਕਸ ਕ੍ਰਿਕਟ ਕਲੱਬ ਵੱਲੋਂ ਅੰਡਰ 18 ਟੀਮ ਵਿੱਚ ਖੇਡ ਰਿਹਾ ਹੈ। ਜਿਸ ਨੂੰ ਪਿਛਲੇ ਸਾਲ ਦਾ ਦੇਸ਼ ਦਾ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਖਿਡਾਰੀ ਐਲਾਨਦਿਆਂ ਲਾਰਡ ਕ੍ਰਿਕਟ ਸਟੇਡੀਅਮ ਵਿੱਚ ਸਨਮਾਨਿਤ ਕੀਤਾ ਗਿਆ।

ਪਿਛਲੇ ਮਹੀਨੇ ਇੰਗਲੈਂਡ ਅਤੇ ਆਇਰਲੈਂਡ ਵਿੱਚ ਹੋਏ ਮੁਕਾਬਲੇ ਵਿੱਚ ਸਮਰਜੀਤ ਸਿੰਘ ਨੇ ਬੇਹਤਰੀਨ ਪ੍ਰਦਰਸ਼ਨ ਕੀਤਾ। ਉਸ ਨੇ ਜਿੱਥੇ ਪਹਿਲੇ ਮੈਚ ਵਿੱਚ ਨਾਟ ਆਊਟ ਰਹਿੰਦਿਆਂ 21 ਦੌੜਾਂ ਬਣਾਈਆਂ, ਉੱਥੇ ਦੂਜੇ ਮੈਚ ਵਿੱਚ 32 ਦੌੜਾਂ ਦੇ ਕੇ ਇੱਕ ਵੈਕਟ ਹਾਸਲ ਕਰਕੇ ਚੰਗਾ



ਪ੍ਰਦਰਸ਼ਨ ਕੀਤਾ। ਸਰਮਜੀਤ ਸਿੰਘ ਹੁਣ 2026 ਵਰਲਡ ਕੱਪ ਵਿੱਚ ਹਿੱਸਾ ਲੈਣ ਲਈ ਤਿਆਰੀ ਕਰ ਰਿਹਾ ਹੈ।

# ਬਰਤਾਨੀਆ ਦੇ ਬਾਦਸ਼ਾਹ ਚਾਰਲਸ ਨਿੱਜੀ ਯਾਤਰਾ ਤੇ ਬੰਗਲੂਰੂ ਪੁੱਜੇ

ਬਰਤਾਨੀਆ ਦੇ ਮਹਾਰਾਜ ਚਾਰਲਸ ਆਪਣੀ ਨਿੱਜੀ ਯਾਤਰਾ ਤੇ ਬੰਗਲੁਰੂ ਪੁੱਜੇ ਅਤੇ ਵ੍ਹਾਈਟਫੀਲਡ ਨਜ਼ਦੀਕ ਇਕ ਮੈਡੀਕਲ ਸਹੂਲਤ ਕੇਂਦਰ ਵਿਚ ਰੁਕੇ ਹੋਏ ਹਨ। ਸੂਤਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਰਤਾਨੀਆ ਦੇ ਮਹਾਰਾਜ ਦੇ ਤੌਰ ਤੇ ਉਨ੍ਹਾਂ ਦੀ ਇਹ ਪਹਿਲੀ ਭਾਰਤ ਯਾਤਰਾ ਹੈ ਅਤੇ ਉਨ੍ਹਾਂ ਦੇ ਨਾਲ ਰਾਣੀ ਕੈਮੀਲਾ ਵੀ ਇੱਥੇ ਪੁੱਜੀ ਹੈ।

ਇਕ ਅਧਿਕਾਰੀ ਨੇ ਦੱਸਿਆ ਕਿ ਸ਼ਾਹੀ ਜੋੜਾ ਤਿੰਨ ਰੋਜ਼ਾ ਯਾਤਰਾ ਲਈ ਇੱਥੇ ਪੁੱਜਾ ਹੋਇਆ ਹੈ। ਇਹ ਕੇਂਦਰ ਯੋਗ ਅਤੇ ਮੈਡੀਟੇਸ਼ਨ ਸੈਸ਼ਨਾਂ ਅਤੇ ਇਲਾਜਾਂ ਸਮੇਤ ਮੁੜ ਸੁਰਜੀਤ ਕਰਨ ਵਾਲੇ ਇਲਾਜਾਂ ਲਈ ਜਾਣਿਆ ਜਾਂਦਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 2019 ਵਿਚ ਚਾਰਲਸ ਨੇ ਆਪਣਾ 71ਵਾਂ ਜਨਮਦਿਨ ਇਥੇ ਹੀ ਮਨਾਇਆ ਸੀ।

# ਚੰਡੀਗੜ੍ਹ 'ਚ ਮੰਤਰੀ ਹਰਜੋਤ ਬੈਂਸ ਨੂੰ ਲਿਆ ਹਿਰਾਸਤ 'ਚ

ਚੰਡੀਗੜ੍ਹ : ਪੰਜਾਬ 'ਚ ਝੋਨੇ ਦੀ ਲਿਫਟਿੰਗ ਦੇ ਮੁੱਦੇ 'ਤੇ ਸਿਆਸਤ ਗਰਮਾਈ ਹੋਈ ਹੈ। ਸੂਬਾ ਅਤੇ ਕੇਂਦਰ ਸਰਕਾਰ ਆਹਮੋ-ਸਾਹਮਣੇ ਹਨ। ਇਸੇ ਲੜੀ ਤਹਿਤ ਅੱਜ ਆਮ ਆਦਮੀ ਪਾਰਟੀ (ਆਪ) ਵੱਲੋਂ ਚੰਡੀਗੜ੍ਹ ਵਿੱਚ ਕੇਂਦਰ ਸਰਕਾਰ ਖ਼ਿਲਾਫ਼ ਵਿਸ਼ਾਲ ਪ੍ਰਦਰਸ਼ਨ ਕੀਤਾ ਗਿਆ। ਆਪ ਆਗੂ ਤੇ ਸਮਰਥਕ ਸੈਕਟਰ-37 ਸਥਿਤ ਬੱਤਰਾ ਥੀਏਟਰ ਨੇੜੇ ਭਾਜਪਾ ਦਫ਼ਤਰ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਚੰਡੀਗੜ੍ਹ ਪੁਲਿਸ ਨੇ ਅੱਗੇ ਬੈਰੀਕੇਡ ਲਗਾ ਦਿੱਤੇ ਹਨ। ਨਾਲ ਹੀ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਵਾਟਰ ਕੈਨਨ ਦੀ ਵਰਤੋਂ ਕੀਤੀ ਗਈ ਹੈ। ਚੰਡੀਗੜ੍ਹ ਪੁਲੀਸ ਨੇ ਬੱਸਾਂ ਮੰਗਵਾ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਹੈ। ਇਸ ਧਰਨੇ ਦੀ ਅਗਵਾਈ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਲਾਲ ਚੰਦ ਕਟਾਰੂਚੱਕ, ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਭੁੱਲਰ ਅਤੇ ਮੰਤਰੀ ਤਰੁਨਪ੍ਰੀਤ ਸਿੰਘ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਇਸ ਦੌਰਾਨ ਮੰਤਰੀ ਹਰਜੋਤ ਬੈਂਸ ਜ਼ਖਮੀ ਹੋ ਗਏ ਹਨ। ਉਸ ਨੂੰ ਵੀ ਚੰਡੀਗੜ੍ਹ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ ਹੈ।

## CHANGE OF NAME

I, GURJIT PAL SON OF MAKHAN LAL WHOSE PERMANENT ADDRESS IN INDIA IS VILL: PARWA, PO MAULI, TEH: PHAGWARA, KAPURTHALA, 144632, PUNJAB AND NOW LIVING AT 52 JOHN SHELTON DRIVE, COVENTRY, CV6 4PE, UK HEREBY GIVE NOTICE OF MY INTENTION TO CHANGE MY NAME TO GURJIT PAL RALL. (U/I)

I, NIRMAL SINGH SON OF BHAGWAN SINGH WHOSE PERMANENT ADDRESS IN INDIA IS VILL: TALWANDI RAJA DINA NATH, P.O. BHIKHARIWAL, GURDASPUR, PIN: 143520 PUNJAB AND NOW LIVING AT 70 HADLEY GARDENS, SOUTHALL, UB2 5SH, UK HEREBY GIVE NOTICE OF MY INTENTION TO CHANGE MY NAME TO NIRMAL (GIVEN NAME) SINGH (SURNAME). (U/I)




# MANAK SOLICITORS

**ਸਭ ਨੂੰ ਦੀਵਾਲੀ ਮੁਬਾਰਕ**



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)** **Surinder Singh Manak LLB (Hons)**

KTC

Celebrate
# Diwali

FESTIVAL OF LIGHTS




For more information visit our website: **www.ktcfoodgroup.co.uk**
or contact us at: **0121 505 9200**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

### -ਔਰਤ ਵੱਲੋਂ ਦੋਸਤ ਨੂੰ ਸੂਟਕੇਸ ਵਿਚ ਬੰਦ ਕਰਨ 'ਤੇ ਹੋਈ ਮੌਤ ਦਾ ਮਾਮਲਾ-

# ਅਦਾਲਤ ਵੱਲੋਂ ਔਰਤ ਦੋਸ਼ੀ ਕਰਾਰ, ਦਸੰਬਰ ਵਿਚ ਸੁਣਾਈ ਜਾਵੇਗੀ ਸਜ਼ਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਅਦਾਲਤ ਵੱਲੋਂ ਫਲੋਰਿਡਾ ਵਾਸੀ ਇਕ ਔਰਤ ਨੂੰ ਆਪਣੇ ਦੋਸਤ ਲੜਕੇ ਦੀ ਹੋਈ ਮੌਤ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਦੇਣ ਦੀ ਖਬਰ ਹੈ। ਦੂਸਰਾ ਦਰਜਾ ਹੱਤਿਆ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੀ ਔਰਤ ਨੂੰ 2 ਦਸੰਬਰ ਨੂੰ ਸਜ਼ਾ ਸੁਣਾਈ ਜਾਵੇਗੀ। ਇਹ ਮਾਮਲਾ 2020 ਦਾ ਹੈ। ਸਰਾਹ ਬੂਨ ਨਾਮੀ ਔਰਤ ਜੋ ਹੁਣ 47 ਸਾਲਾਂ ਦੀ ਹੈ, ਨੇ ਆਪਣੇ ਦੋਸਤ ਜਾਰਜ ਟੋਰਸ ਜੂਨੀਅਰ (42) ਨੂੰ ਸੂਟਕੇਸ ਵਿਚ ਬੰਦ ਕਰ ਦਿੱਤਾ ਸੀ ਜਿਸ ਉਪਰੰਤ ਦਮ ਘੁਟਣ ਨਾਲ ਉਸ ਦੀ ਮੌਤ ਹੋ ਗਈ ਸੀ।

ਅਦਾਲਤੀ ਰਿਕਾਰਡ ਅਨੁਸਾਰ ਬੂਨ ਨੇ ਪੁੱਛਗਿੱਛ ਦੌਰਾਨ ਅਧਿਕਾਰੀਆਂ ਨੂੰ ਦੱਸਿਆ ਕਿ ਲੁਕਣ ਮੀਟੀ ਖੇਡਣ ਦੌਰਾਨ ਟੋਰਸ ਸੂਟਕੇਸ ਵਿਚ ਫੱਸ ਗਿਆ ਸੀ। ਦੋਨਾਂ ਨੇ ਆਪਣੇ ਵਿੰਟਰ ਪਾਰਕ ਰਿਹਾਇਸ਼ ਵਿੱਚ ਵਾਈਨ ਪੀਤੀ ਤੇ ਖੇਡ-ਖੇਡ ਵਿਚ ਜੂਨੀਅਰ ਦੀ ਮੌਤ ਹੋ ਗਈ। ਓਰੇਂਜ ਕਾਊਂਟੀ ਦੇ ਸ਼ੈਰਿਫ ਦਫਤਰ ਵੱਲੋਂ ਦਾਇਰ ਹਲਫੀਆ ਬਿਆਨ ਅਨੁਸਾਰ ਦੋਨਾਂ ਨੇ ਸੋਚਿਆ ਕਿ ਖੇਡ ਦੇ ਹਿੱਸੇ ਵਜੋਂ ਸੂਟਕੇਸ ਵਿਚ ਬੰਦ ਹੋਣਾ ਵਧੀਆ ਮਜ਼ਾਕ ਹੋਵੇਗਾ। ਟੋਰਸ ਸੂਟਕੇਸ ਵਿਚ ਵੜ ਗਿਆ ਤੇ ਬੂਨ ਨੇ ਸੂਟਕੇਸ ਦੀ ਜ਼ਿਪ ਲਾ ਦਿੱਤੀ। ਟੋਰਸ ਦੀਆਂ 2 ਉਂਗਲਾਂ


ਸਰਾਹ ਬੂਨ ਆਪਣੇ ਵਕੀਲ ਨਾਲ ਸਲਾਹ ਮਸ਼ਵਰਾ ਕਰਦੀ ਹੋਈ

ਸੂਟਕੇਸ ਦੇ ਬਾਹਰ ਸਨ।

ਹਲਫੀਆ ਬਿਆਨ ਅਨੁਸਾਰ ਬੂਨ ਨੇ ਸਮਝਿਆ ਕਿ ਉਹ ਆਪੇ ਸੂਟਕੇਸ ਖੋਲ ਲਵੇਗਾ। ਇਹ ਸੋਚ ਕੇ ਉਹ ਉਪਰ ਕਮਰੇ ਵਿਚ ਚਲੇ ਗਈ। ਜਦੋਂ ਉਹ ਥੋੜੀ ਦੇਰ ਬਾਅਦ ਹੇਠਾਂ ਆਈ ਤਾਂ ਟੋਰਸ ਸੂਟਕੇਸ ਵਿਚ ਹੀ ਬੰਦ ਸੀ ਤੇ ਉਸ ਦੀ ਮੌਤ ਹੋ ਚੁੱਕੀ ਸੀ। ਸਟੇਟ ਅਟਾਰਨੀ ਐਂਡਰੀਊ ਬੇਨ ਦੇ ਦਫਤਰ ਅਨੁਸਾਰ ਸੁਣਵਾਈ ਦੌਰਾਨ ਸਬੂਤ ਵਜੋਂ ਬੂਨ ਦੇ ਫੋਨ ਉਪਰ ਲੱਭੀ ਇਕ ਵੀਡੀਓ ਵੀ ਪੇਸ਼ ਕੀਤੀ ਗਈ ਜਿਸ ਵਿਚ ਟੋਰਸ ਦੁਹਾਈ ਪਾਉਂਦਾ ਹੈ ਤੇ ਮਿੰਨਤਾਂ ਕਰਦਾ ਹੈ ਕਿ ਉਸ ਨੂੰ ਬਾਹਰ ਕੱਢੋ ਪਰੰਤੂ ਬੂਨ ਕੱਢਣ ਦੀ ਬਜਾਏ ਹੱਸਦੀ ਹੈ ਤੇ ਉਸ ਨੇ ਟੋਰਸ ਦੀ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ। ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਬੂਨ ਵੱਲੋਂ ਖੁਦ ਰਿਕਾਰਡ ਕੀਤੀ ਵੀਡੀਓ ਵਿਚ ਟੋਰਸ ਕਹਿ ਰਿਹਾ ਹੈ ਕਿ ਉਹ ਸਾਹ ਨਹੀਂ ਲੈ ਸਕਦਾ ਕ੍ਰਿਪਾ ਕਰਕੇ ਉਸ ਨੂੰ ਬਾਹਰ ਕੱਢ ਲਵੋ। ਇਸ ਦੇ ਜਵਾਬ ਵਿਚ ਬੂਨ ਕਹਿੰਦੀ ਹੈ ਕਿ ਹੁਣ ਆਇਆ ਮਜ਼ਾ, ਜਦੋਂ ਤੂੰ ਮੇਰੇ ਨਾਲ ਮਜ਼ਾਕ ਕਰਦਾ ਸੀ , ਮੈਂ ਵੀ ਤਾਂ ਏਦਾਂ ਹੀ ਮਿੰਨਤਾਂ ਪਾਉਂਦੀ ਸੀ। ਹਲਫੀਆ ਬਿਆਨ ਅਨੁਸਾਰ ਵੀਡੀਓ ਤੋਂ ਸਾਫ ਹੈ ਕਿ ਟੋਰਸ ਨੇ ਸੂਟਕੇਸ ਵਿਚੋਂ ਨਿਕਲਣ ਲਈ ਪੂਰਾ ਵਾਹ ਲਾਇਆ ਪਰੰਤੂ ਉਹ ਅਸਫਲ ਰਿਹਾ। 10 ਦਿਨ ਚੱਲੀ ਸੁਣਵਾਈ ਉਪਰੰਤ ਅਦਾਲਤ ਨੇ ਬੂਨ ਨੂੰ ਦੋਸ਼ ਕਰਾਰ ਦੇ ਦਿੱਤਾ। ਬੂਨ ਦੇ ਵਕੀਲ ਨੇ ਅਦਾਲਤ ਦੇ ਫੈਸਲੇ ਉਪਰ ਨਿਰਾਸ਼ਤਾ ਪ੍ਰਗਟਾਈ ਹੈ ਜਦ ਕਿ ਟੋਰਸ ਦਾ ਪਰਿਵਾਰ ਫੈਸਲਾ ਸੁਣਨ ਉਪਰੰਤ ਭਾਵਕ ਨਜਰ ਆਇਆ ਤੇ ਉਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ।

## ਅਮਰੀਕਾ ਵਿਚ ਸਭ ਤੋਂ ਲੰਮੀ ਉਮਰ ਵਾਲੀ 115 ਸਾਲਾ ਔਰਤ ਦੀ ਹੋਈ ਮੌਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਿਊਸਟਨ ਵਾਸੀ ਐਲਿਜ਼ਾਬੈਥ ਫਰਾਂਸਿਸ ਦੀ 115 ਸਾਲ ਦੀ ਉਮਰ ਵਿਚ ਮੌਤ ਹੋ ਜਾਣ ਦੀ ਖਬਰ ਹੈ। ਫਰਾਂਸਿਸ ਜਿਸ ਨੂੰ "ਕੁਈਨ ਐਲਿਜ਼ਾਬੈਥ ਆਫ ਹਿਊਸਟਨ" ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਅਮਰੀਕਾ ਵਿਚ ਸਭ ਤੋਂ ਵਧ ਲੰਮੀ ਉਮਰ ਜੀਣ ਵਾਲੀ ਔਰਤ ਬਣ ਗਈ ਹੈ ਤੇ ਵਿਸ਼ਵ ਉਹ ਤੀਸਰੀ ਔਰਤ ਹੋ ਜਿਸ ਨੇ ਸਭ ਤੋਂ ਵਧ ਲੰਮੀ ਉਮਰ ਹੰਢਾਈ ਹੈ। ਫਰਾਂਸਿਸ 1909 ਵਿਚ ਸੇਂਟ ਮੈਰੀ ਪੈਰਿਸ਼, ਲੋਇਸਿਆਨਾ ਵਿਚ ਪੈਦਾ ਹੋਈ ਸੀ। ਉਸ ਨੇ ਆਪਣੀ ਜਿੰਦਗੀ ਵਿਚ 20 ਰਾਸ਼ਟਰਪਤੀ ਚੋਣਾਂ ਤੇ ਦੋਨੋਂ ਵਿਸ਼ਵ ਯੁੱਧ ਵੇਖੇ। ਇਸ ਸਾਲ ਆਪਣੇ 115 ਵੇਂ ਜਨਮ ਦਿਨ 'ਤੇ ਉਸ ਨੂੰ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨਾਂ ਦੀ ਪਤਨੀ ਮਿਸ਼ੈਲ ਓਬਾਮਾ ਵੱਲੋਂ ਲਿਖਿਆ ਪੱਤਰ ਮਿਲਿਆ ਸੀ ਜਿਸ ਵਿਚ ਉਸ ਵੱਲੋਂ ਸਮਾਜ ਵਿਚ ਪਾਏ ਯੋਗਦਾਨ ਤੇ ਉਸ ਦੇ ਜੀਵਨ ਇਤਿਹਾਸ ਦੀ ਪ੍ਰਸੰਸਾ ਕੀਤੀ ਗਈ ਸੀ।

# ਮੈ ਸਮੁੱਚੇ ਅਮਰੀਕੀਆਂ ਦੀ ਆਗੂ ਬਣਕੇ ਅਗਵਾਈ ਕਰਨਾ ਚਹੁੰਦੀ ਹਾਂ-ਕਮਲਾ ਹੈਰਿਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਹੈ ਕਿ ਉਹ ਬਿਨਾਂ ਕਿਸੇ ਭੇਦਭਾਵ ਦੇ ਸਮੁੱਚੇ ਅਮਰੀਕੀਆਂ ਦੀ ਅਗਵਾਈ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ ਤੇ ਮੇਰੇ ਲਈ ਸਭ ਬਰਾਬਰ ਹਨ। ਉਨਾਂ ਕਿਹਾ ਕਿ ਉਹ ਸਮੁੱਚੇ ਅਮਰੀਕੀਆਂ ਦੀ ਰਾਸ਼ਟਰਪਤੀ ਹੋਵੇਗੀ। ਚੋਣਾਂ ਵਿਚ 2 ਹਫਤਿਆਂ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤੇ ਆਪਣੇ ਰੁਝੇਂਵੇਂ ਭਰੇ ਚੋਣ ਦੌਰੇ ਵਿਚੋਂ ਸਮਾਂ ਕੱਢ ਕੇ ਜਾਰਜੀਆ ਲਈ ਰਵਾਨਾ ਹੋਣ ਤੋਂ ਪਹਿਲਾਂ ਫਿਲਾਡੈਲਫੀਆ ਵਿਚ ਪੱਤਰਕਾਰਾਂ ਦੇ ਇਕ ਸਮੂੰਹ ਨਾਲ ਗੱਲਬਾਤ ਕਰਦਿਆਂ ਹੈਰਿਸ ਨੇ ਕਿਹਾ ਕਿ ਉਹ ਵੇਖ ਰਹੀ ਹੈ ਕਿ ਔਰਤਾਂ ਤੇ ਮਰਦ ਲੋਕਤੰਤਰ ਦੇ ਭਵਿੱਖ ਨੂੰ ਲੈ ਕੇ ਚਿੰਤਾ ਪ੍ਰਗਟ ਕਰ ਰਹੇ ਹਨ। ਉਨਾਂ ਕਿਹਾ ਕਿ ਅਮਰੀਕੀ ਲੋਕ ਅਜਿਹਾ ਰਾਸ਼ਟਰਪਤੀ ਚਹੁੰਦੇ ਹਨ ਜੋ ਆਸ਼ਾਵਾਦੀ ਹੋਵੇ ਤੇ ਉਹ ਅਮਰੀਕੀਆਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰ ਸਕੇ। ਹੈਰਿਸ ਨੇ ਡੋਨਾਲਡ ਟਰੰਪ ਉਪਰ ਦੋਸ਼ ਲਾਇਆ ਕਿ ਉਹ ਲੋਕਾਂ ਦੀ ਮੌਲਿਕ ਆਜ਼ਾਦੀ ਖੋਹ ਲੈਣਾ ਚਹੁੰਦਾ ਹੈ। ਇਹ ਪੁੱਛੇ ਜਾਣ 'ਤੇ ਕਿ ਉਹ ਚੋਣਾਂ ਵਿਚ ਲਿੰਗ ਪਾੜੇ ਨੂੰ ਕਿਵੇਂ ਲੈਂਦੇ ਹਨ ਤੇ ਉਹ ਇਹ ਕਿਉਂ ਸੋਚਦੇ ਹਨ ਕਿ ਉਸ ਨੂੰ ਟਰੰਪ ਦੀ ਤੁਲਨਾ ਵਿਚ ਔਰਤਾਂ ਦਾ ਵਧ ਸਮਰਥਨ ਮਿਲ ਰਿਹਾ ਹੈ ਤਾਂ ਹੈਰਿਸ ਨੇ ਕਿਹਾ ਕਿ ਮੈ ਇਮਾਨਦਾਰੀ ਨਾਲ ਕਹਿੰਦੀ ਹਾਂ ਕਿ



ਅਜਿਹਾ ਮੈ ਨਹੀਂ ਸੋਚਦੀ, ਮੇਰੀਆਂ ਰੈਲੀਆਂ ਤੋਂ ਵੀ ਸਪੱਸ਼ਟ ਹੈ ਕਿ ਅਜਿਹਾ ਨਹੀਂ ਹੈ। ਰੈਲੀਆਂ ਵਿਚ ਔਰਤਾਂ ਤੇ ਮਰਦਾਂ ਦੀ ਬਰਾਬਰ ਸ਼ਮੂਲੀਅਤ ਹੁੰਦੀ ਹੈ। ਜ਼ਮੀਨੀ ਪੱਧਰ 'ਤੇ ਮਰਦ ਤੇ ਔਰਤਾਂ ਦੋਨੋਂ ਹੀ ਦੇਸ਼ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਉਹ ਚਹੁੰਦੇ ਹਨ ਕਿ ਉਨਾਂ ਦੀਆਂ ਸਮੱਸਿਆਵਾਂ ਹੱਲ ਹੋਣ, ਇਹ ਸਮੱਸਿਆਵਾਂ ਭਾਵੇਂ ਵਧ ਰਹੀ ਮਹਿੰਗਾਈ ਨਾਲ ਸਬੰਧਿਤ ਹੋਣ ਜਾਂ ਛੋਟੇ ਕਾਰਬਾਰਾਂ ਵਿਚ ਨਿਵੇਸ਼ ਜਾਂ ਘਰ ਖਰੀਦਣ ਨਾਲ ਸਬੰਧਿਤ ਹੋਣ। ਹੈਰਿਸ ਨੇ ਹੋਰ ਕਿਹਾ ਕਿ ਅਸਲ ਵਿਚ ਉਹ ਕਿਸੇ ਕਿਸਮ ਦੇ ਵੱਖਰੇਵੇਂ ਵਿਚ ਵਿਸ਼ਵਾਸ਼ ਨਹੀਂ ਰੱਖਦੀ ਤੇ ਉਹ ਸਮੁੱਚੇ ਅਮਰੀਕੀਆਂ ਦੀ ਰਾਸ਼ਟਰਪਤੀ ਬਣਨਾ ਚਹੁੰਦੀ ਹੈ। ਉਹ ਲੋਕਾਂ ਦੀ ਮੌਲਿਕ ਆਜ਼ਾਦੀ ਨੂੰ ਕਾਇਮ ਰਖਣ, ਔਰਤ ਆਪਣੇ ਸਰੀਰ ਬਾਰੇ ਖੁਦ ਨਿਰਨਾ ਲੈਣ ਲਈ ਆਜ਼ਾਦ ਹੋਵੇ ਤੇ ਸਭ ਲਈ ਬਰਾਬਰ ਮੌਕਿਆਂ ਦੇ ਨਾਲ ਨਾਲ ਲੋਕਾਂ ਦੀਆਂ ਨਿੱਜੀ ਆਰਥਕ ਲੋੜਾਂ ਤੇ ਪਰਿਵਾਰਕ ਲੋੜਾਂ ਨੂੰ ਤਰਜੀਹ ਦੇਵੇਗੀ। ਹੈਰਿਸ ਨੇ ਕਿਹਾ ਇਸ ਦੇ ਨਾਲ ਹੀ ਸਾਨੂੰ ਮਜ਼ਬੂਤੀ ਨਾਲ ਕੌਮਾਂਤਰੀ ਪੱਧਰ 'ਤੇ ਖੜੇ ਹੋਣਾ ਪਵੇਗਾ। ਉਨਾਂ ਸਰਹੱਦ ਮੁੱਦੇ 'ਤੇ ਬੋਲਦਿਆਂ ਕਿਹਾ ਕਿ ਉਹ ਸਰੱਹਦੀ ਸੁਰੱਖਿਆ ਨੂੰ ਉੱਚ ਤਰਜੀਹ ਦੇਵੇਗੀ ਤੇ ਸਾਧਨਾਂ ਦੀ ਵਰਤੋਂ ਸਰਹੱਦਾਂ ਸੁਰੱਖਿਅਤ ਕਰਨ ਲਈ ਕੀਤੀ ਜਾਵੇਗੀ। ਹੈਰਿਸ ਨੇ ਵਾਅਦਾ ਕੀਤਾ ਕਿ ਜੇ ਉਹ ਰਾਸ਼ਟਰਪਤੀ ਬਣ ਗਈ ਤਾਂ ਦੋਨਾਂ ਧਿਰਾਂ ਦੀ ਸਹਿਮਤੀ ਵਾਲਾ ਸਰਹੱਦ ਸੁਰੱਖਿਆ ਬਿੱਲ ਲਿਆਵੇਗੀ ਤੇ ਇਸ ਨੂੰ ਕਾਨੂੰਨ ਵਿਚ ਬਦਲੇਗੀ। ਜਿਸ ਬਿੱਲ ਨੂੰ ਟਰੰਪ ਦੇ ਇਸ਼ਾਰੇ 'ਤੇ ਰਿਪਬਲੀਕਨਾਂ ਨੇ ਪਾਸ ਨਹੀਂ ਸੀ ਹੋਣ ਦਿੱਤਾ। ਉਨਾਂ ਕਿਹਾ ਕਿ ਟਰੰਪ ਸਮੱਸਿਆਵਾਂ ਨੂੰ ਜਿਉਂ ਦਾ ਤਿਉਂ ਰੱਖਣਾ ਚਹੁੰਦੇ ਹਨ। ਉਨਾਂ ਹੋਰ ਕਿਹਾ ਕਿ ਸਾਡੇ ਇਮੀਗ੍ਰੇਸ਼ਨ ਸਿਸਟਮ ਵਿਚ ਖਾਮੀਆਂ ਹਨ ਜਿਨਾਂ ਨੂੰ ਦੂਰ ਕਰਨ ਦੀ ਲੋੜ ਹੈ।

## ਗੈਮੀ ਪੁਰਸਕਾਰ ਜੇਤੂ ਰੈਪਰ ਲਿਲ ਡਿਊਰਕ ਭਾੜੇ 'ਤੇ ਕਤਲ ਕਰਵਾਉਣ ਦੇ ਮਾਮਲੇ ਵਿਚ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗੈਮੀ ਪੁਰਸਕਾਰ ਜੇਤੂ ਰੈਪਰ ਲਿਲ ਡਿਊਰਕ ਨੂੰ ਭਾੜੇ 'ਤੇ ਹੱਤਿਆ ਕਰਵਾਉਣ ਦੇ ਸੰਘੀ ਦੋਸ਼ਾਂ ਤਹਿਤ ਫਲੋਰਿਡਾ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ।



ਇਹ ਘਟਨਾ 2022 ਦੀ ਹੈ ਜਦੋਂ ਰੈਪਰ ਕੁਆਨਡੋ ਰੋਨਡੋ ਨੂੰ ਮਾਰਨ ਲਈ ਲਾਸ ਏਂਜਲਸ ਦੇ ਇਕ ਗੈਸ ਸਟੇਸ਼ਨ 'ਤੇ ਉਸ ਉਪਰ ਗੋਲੀਆਂ ਚਲਾਈਆਂ ਗਈਆਂ ਸਨ। ਗੋਲੀਬਾਰੀ ਵਿਚ ਰੋਨਡੋ ਤਾਂ ਬੱਚ ਗਿਆ ਸੀ ਪਰੰਤੂ ਉਸ ਦਾ ਭਤੀਜਾ ਮਾਰਿਆ ਗਿਆ ਸੀ। 32 ਸਾਲਾ ਡਿਊਰਕ ਵਿਰੁੱਧ ਭਾੜੇ 'ਤੇ ਕਤਲ ਕਰਵਾਉਣ ਲਈ ਸਾਜਿਸ਼ ਰਚਣ ਦੇ ਦੋਸ਼ ਦਾਇਰ ਕੀਤੇ ਗਏ ਹਨ। ਐਫ ਬੀ ਆਈ ਵੱਲੋਂ ਜਾਰੀ ਬਿਆਨ ਅਨੁਸਾਰ 19 ਅਗਸਤ 2022 ਨੂੰ ਵਾਪਰੀ ਗੋਲੀਬਾਰੀ ਦੀ ਇਸ ਘਟਨਾ ਵਿਚ 24 ਸਾਲਾ ਸਾਵੀਏ ਰਾਬਿਨਸਨ ਦੀ ਮੌਤ ਹੋ ਗਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਡਿਊਰਕ ਦੇ ਸ਼ਿਕਾਗੋ ਵਿਚਲੇ " ਓਨਲੀ ਦ ਫੈਮਲੀ" ਗਰੁੱਪ ਦੇ 5 ਹੋਰ ਮੈਂਬਰਾਂ ਨੂੰ ਵੀ ਇਸ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਐਫ ਬੀ ਆਈ ਅਨੁਸਾਰ ਡਿਊਰਕ ਨੂੰ ਵੀਰਵਾਰ ਦੀ ਰਾਤ ਨੂੰ ਦੱਖਣੀ ਫਲੋਰਿਡਾ ਵਿਚ ਉਸ ਸਮੇ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਦੇਸ਼ ਵਿਚੋਂ ਫਰਾਰ ਹੋ ਜਾਣ ਦੀ ਕੋਸ਼ਿਸ਼ ਵਿਚ ਸੀ।

# TILDA AND MADHU'S PARTNER TO CELEBRATE DIWALI: A NIGHT OF LIGHT, FLAVOUR, AND HERITAGE

London, UK

Tilda, the UK's No. 1 rice brand, and Madhu's, the top-ranking South Asian catering company, joined forces on Wednesday, 9th October, to host a spectacular event celebrating Diwali in the heart of Central London. Set against the backdrop of Madhu's at Mayfair, a prestigious venue known for its opulent decor and refined ambiance, the event exuded luxury and elegance. The event brought together an exclusive guest list featuring prominent food and lifestyle content creators, longstanding customers, as well as top-tier media houses, who enjoyed a memorable evening of incredible flavours, entertainment, and community spirit. With a specially curated menu and vibrant atmosphere, the celebration was a perfect blend of tradition, innovation, and culture.

The evening began with a warm welcome, as guests were greeted with fragrant jasmine garlands, setting the tone for the celebration ahead. Guests were immersed in an evening of cultural richness, starting with a heartfelt speech from Jean-Philippe Laborde, Managing Director of Tilda. He reflected on the brand's evolution, highlighting its impressive growth in recent years and its unwavering commitment to sustainability and community engagement.

Jean-Philippe remarked, "Tonight, we're not just celebrating a festival; we're honouring relationships with key partners and customers we've known not just for weeks or months, but for decades. At Tilda, we take pride in bringing people together through food and tradition, especially during special occasions like Diwali."

The event also welcomed Sanjay Anand MBE, Founder and Chairman of Madhu's, who captivated the audience with the story of his family's culinary journey and the brand's impressive growth. Sanjay shared, "Partnership is at the heart of Madhu's, and we have ambitious plans for the future of catering. Rice holds such significance in our culture. It has been a staple part of our South Asian communities' diet and has both religious and cultural relevance. A special thanks to my team and the team at Tilda for making tonight possible."

After the speeches, Chef Amardeep Anand, Group Executive Chef at Madhu's and a MasterChef semi-finalist, took the stage to share the inspiration behind the menu. He highlighted the versatility of Tilda rice in South Asian cuisine, combining traditional Diwali dishes with modern flavours. The menu was primarily created by Poonam Ball, Creative Chef & Marketing Director. Together with Chef Amar, they brought the menu to life on the day. The highlights of the evening included two show-stopping biryanis made with Tilda Grand Extra Long Basmati and a decadent mango kheer featuring Tilda's Fragrant Jasmine rice.

The special menu was a hit among the food and lifestyle content creators and media attendees, who were treated to an exclusive tasting experience.

The evening culminated in a dazzling performance by world-renowned magician Oliver B, who left the audience in awe with his unique blend of mentalism, illusion, and showmanship. Adding to the festive spirit, a live band filled the air with lively Bollywood music, lighting up the evening with energetic performances that captivated the audience.

To round off the evening, each guest received a beautifully curated hamper as a takeaway, which perfectly encapsulated the spirit of Diwali and the evening's focus on heritage, food, and meaningful connections. The night encapsulated the essence of Diwali—a celebration of unity, light, and shared heritage. Tilda and Madhu's brought together the best of tradition and innovation, creating a memorable evening that honoured the spirit of the festival and the joy of coming together over great food.

# ਇਟਲੀ ਵੱਸਦੀਆਂ ਸਿੱਖ ਸੰਗਤਾਂ ਨੇ ਢਾਈ ਮਿਲੀਅਨ ਯੂਰੋ ਲਾ ਕੇ ਉਸਾਰੀ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਜੈਕਾਰਿਆਂ ਦੀ ਗੂੰਜ ਵਿੱਚ ਕੀਤਾ ਉਦਘਾਟਨ



ਰੋਮ-(ਗੁਰਸ਼ਰਨ ਸਿੰਘ ਸੋਨੀ) ਉੱਤਰੀ ਇਟਲੀ ਦੇ ਜਿਲ੍ਹਾ ਬਰੇਸ਼ੀਆ ਦੇ ਕਸਬਾ ਫਲੇਰੋ ਵਿਖੇ ਸਥਾਪਿਤ ਗੁਰਦੁਆਰਾ ਸਿੰਘ ਸਭਾ ਫਲੇਰੋ ਬਰੇਸ਼ੀਆ ਦੀ ਨਵੀ ਇਮਾਰਤ ਦਾ ਉਦਘਾਟਨ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਤੋਂ ਕੁਝ ਦਿਨ ਪਹਿਲਾਂ ਸਥਾਨਕ ਸਿੱਖ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਕਰ ਦਿੱਤਾ ਗਿਆ ਹੈ।ਪੰਜ ਪਿਆਰਿਆ ਤੇ ਪੰਜ ਨਿਸ਼ਾਨਚੀਆਂ ਦੀ ਅਗਵਾਈ ਵਿਚ ਨਗਰ ਕੀਰਤਨ ਦੇ ਰੂਪ ਵਿਚ ਪੁਰਾਣੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨਵੇਂ ਗੁਰੂ ਘਰ ਵਿਚ ਸ਼ੁਸ਼ੋਭਿਤ ਕੀਤੇ ਗਏ। ਇਸ ਮੌਕੇ ਤੇ ਹੈਲੀਕਾਪਟਰ ਦੁਆਰਾ ਵਿਸ਼ੇਸ਼ ਤੌਰ ਤੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ, ਸਮੁੱਚੀ ਸੰਗਤ ਵਲੋਂ ਵਾਹਿਗੁਰੂ ਸਿਮਰਨ ਦੇ ਉਚੀ ਉੱਚੀ ਜੈਕਾਰਿਆਂ ਨਾਲ ਪੂਰਾ ਬਰੇਸ਼ੀਆ ਗੂੰਜ ਉਠਿਆ।ਗੁਰਦੁਆਰਾ ਉਦਘਾਟਨੀ ਸਮਾਗਮਾਂ ਵਿੱਚ ਕੋਈ 25 ਹਜਾਰ ਤੋਂ ਵੱਧ ਸਿੱਖ ਸੰਗਤਾਂ ਨੇ ਸ਼ਮੂਲੀਅਤ ਕਰਕੇ ਪਹਿਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀਆਂ ਭਰਦਿਆਂ ਹੋਇਆ ਆਪਣਾ ਜੀਵਨ ਸਫਲਾ ਬਣਾਇਆ। ਇਸ ਮੌਕੇ ਤੇ ਆਏ ਹੋਏ ਰਾਗੀ ਢਾਡੀ ਅਤੇ ਕਵੀਸ਼ਰੀ ਜਥਿਆਂ ਵੱਲੋਂ ਆਈਆਂ ਹੋਈਆਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾ ਕੇ ਨਿਹਾਲ ਕੀਤਾ ਗਿਆ। ਇਸ ਮੌਕੇ ਭਾਰਤੀ ਕੌਂਸਲੇਟ ਮਿਲਾਨ ਦੇ ਕੌਂਸਲਰ ਜਨਰਲ ਸ਼੍ਰੀ ਲਵੱਨਿਆ ਕੁਮਾਰ ਅਤੇ ਹੋਰਨਾਂ ਅਧਿਕਾਰੀਆਂ ਤੋਂ ਇਲਾਵਾ ਯੂਰਪੀਅਨ ਯੂਨੀਅਨ ਦੇ ਮੈਂਬਰ ਅਤੇ ਫਲੇਰੋ ਦੇ ਮੇਅਰ ਅਤੇ ਬਰੇਸ਼ੀਆ ਦੇ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਮੌਜੂਦ ਸਨ। ਫਲੇਰੋ ਦੀ ਉਦਘਾਟਨ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਸਿੱਖ ਇਟਲੀ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਪਹੁੰਚੀਆਂ ਹੋਈਆਂ ਸਨ ਉੱਥੇ ਯੂਰਪ ਦੇ ਨੇੜਲੇ ਕਈ ਦੇਸ਼ਾਂ ਤੋਂ ਕਈ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਨੇ ਉਚੇਚੇ ਤੌਰ ਪਹੁੰਚ ਕਰਕੇ ਹਾਜ਼ਰੀਆਂ ਭਰਦਿਆਂ ਹੋਇਆਂ ਆਪਣਾ ਜੀਵਨ ਸਫਲਾ ਬਣਾਇਆ ਅਤੇ ਸਥਾਨਿਕ ਸੰਗਤਾਂ ਨੂੰ ਇਸ ਸ਼ੁਭ ਅਵਸਰ ਤੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵੱਖ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਮੂਲੀਅਤ ਕੀਤੀ।ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਰਵਿੰਦਰਜੀਤ ਸਿੰਘ ਬੁਲਜਾਨੋ ਨੇ ਸੰਗਤਾਂ ਨੂੰ ਨਵੇਂ ਗੁਰਦੁਆਰਾ ਸਾਹਿਬ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਰੇਸ਼ੀਆ ਅਤੇ ਇਟਲੀ ਦੀਆਂ ਸੰਗਤਾਂ ਦਾ ਸੁਪਨਾ ਸੀ, ਜੋ ਅੱਜ ਪੂਰਾ ਹੋ ਗਿਆਂ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਸੁਰਿੰਦਰਜੀਤ ਸਿੰਘ ਪੰਡੋਰੀ ਨੇ ਸੰਗਤਾ ਦਾ ਸਹਿਯੋਗ ਕਰਨ ਤੇ ਧੰਨਵਾਦ ਕਰਦਿਆ ਕਿਹਾ ਕਿ ਗੁਰਦੁਆਰਾ ਸਾਹਿਬ ਫਲੇਰੋ ਦੀ ਇਮਾਰਤ 25 ਲੱਖ ਯੂਰੋ ਦੇ ਖਰਚ ਨਾਲ ਮੁਕੰਮਲ ਹੋਈ ਹੈ, ਸੰਗਤਾਂ ਨੇ ਸਹਿਯੋਗ ਨੇ ਇਹ ਕਾਰਜ ਸਫਲਾ ਕੀਤਾ।ਸਮੂਹ ਪ੍ਰਬੰਧਕਾਂ ਦੁਆਰਾ ਭਾਵੁਕ ਹੋਕੇ ਜੈਕਾਰੇ ਲਗਾਏ ਗਏ। ਦੱਸਣ ਯੋਗ ਹੈ ਕਿ ਇਸ ਸਥਾਨ ਤੇ ਪਿਛਲੇ ਚਾਰ ਸਾਲਾਂ ਤੋਂ ਕਾਰ ਸੇਵਾ ਚੱਲ ਰਹੀਆਂ ਸਨ ਤੇ ਇਸ ਦੇ ਵਿੱਚ ਸਿੱਖ ਸੰਗਤਾਂ ਵੱਲੋਂ ਵੱਡੀ ਤਦਾਦ ਵਿੱਚ ਸਹਿਯੋਗ ਦਿੱਤਾ ਗਿਆ ਸੀ, ਗੁਰਦੁਆਰਾ ਸਿੰਘ ਸਭਾ ਫਲੇਰੋ ਉਹ ਧਾਰਮਿਕ ਸਥਾਨ ਹੈ ਜਿਸ ਨੂੰ ਯੂਰਪ ਵਿੱਚ ਸਭ ਤੋਂ ਵੱਡਾ ਗੁਰਦੁਆਰਾ ਸਾਹਿਬ ਹੋਣ ਦਾ ਰੁਤਬਾ ਪ੍ਰਾਪਤ ਹੋਇਆ ਹੈ।

# ਅਜੋਕੇ ਅਕਾਲੀ ਸੰਕਟ ਦਾ ਹੱਲ ਭਾਲਣ ਦੀ ਲੋੜ

ਸਤਨਾਮ ਸਿੰਘ ਮਾਣਕ

• • •





ਅੱਜ ਸਿੱਖ ਪੰਥ ਦੀ ਸ਼੍ਰੋਮਣੀ ਜਥੇਬੰਦੀ, ਭਾਵ ਸ਼੍ਰੋਮਣੀ ਅਕਾਲੀ ਦਲ ਸੰਕਟ ਵਿਚ ਫਸਿਆ ਨਜ਼ਰ ਆ ਰਿਹਾ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਸਿੱਖ ਗੁਰਧਾਮਾਂ ਦੀ ਆਨ ਤੇ ਸ਼ਾਨ ਨੂੰ ਬਹਾਲ ਕਰਾਉਣ ਅਤੇ ਭਵਿੱਖ ਵਿਚ ਸਿੱਖ ਪੰਥ ਦੇ ਹੱਕਾਂ-ਹਿਤਾਂ ਦੀ ਰਾਖੀ ਕਰਨ ਲਈ ਵੱਖ-ਵੱਖ ਸਿੱਖ ਜਥਿਆਂ ਨੇ 1920 ਵਿਚ ਇਕੱਠੇ ਹੋ ਕੇ ਇਸ ਸੰਗਠਨ ਨੂੰ ਹੋਂਦ ਵਿਚ ਲਿਆਂਦਾ ਸੀ। ਸਿੱਖ ਗੁਰੂਧਾਮਾਂ ਨੂੰ ਅੰਗਰੇਜ਼ਾਂ ਦੇ ਪਿੱਠੂ ਅਤੇ ਭ੍ਰਿਸ਼ਟ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਇਸ ਸੰਗਠਨ ਵਲੋਂ ਅਹਿਮ ਭੂਮਿਕਾ ਨਿਭਾਈ ਗਈ ਸੀ। ਆਜ਼ਾਦੀ ਤੋਂ ਬਾਅਦ ਵੀ ਪੰਥ ਤੇ ਪੰਜਾਬ ਦੇ ਹਿਤਾਂ ਲਈ ਸ਼੍ਰੋਮਣੀ ਅਕਾਲੀ ਦਲ ਨੇ ਵੱਡੇ ਸੰਘਰਸ਼ ਲੜੇ। ਉਸ ਸਮੇਂ ਸਿੱਖ ਇਤਿਹਾਸ ਤੇ ਗੁਰਬਾਣੀ ਹੀ ਇਸ ਲਈ ਪ੍ਰੇਰਨਾ ਦਾ ਸਰੋਤ ਸਨ। ਇਸ ਦੇ ਵਰਕਰ ਹਰ ਸਥਿਤੀ ਵਿਚ ਨਿਰਭੈ ਰਹਿੰਦੇ ਸਨ। ਇਸ ਸੰਦਰਭ ਵਿਚ ਪੰਜਾਬੀ ਸੂਬੇ ਦੇ ਮੋਰਚੇ, ਐਮਰਜੈਂਸੀ ਵਿਰੋਧੀ ਮੋਰਚੇ ਅਤੇ ਧਰਮ ਯੁੱਧ ਮੋਰਚੇ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ। ਇਥੇ ਅਸੀਂ ਸੰਖੇਪ ਵਿਚ ਐਮਰਜੈਂਸੀ ਵਿਰੋਧੀ ਮੋਰਚੇ ਅਤੇ ਧਰਮ ਯੁੱਧ ਮੋਰਚੇ ਦਾ ਹੀ ਜ਼ਿਕਰ ਕਰਨਾ ਚਾਹਾਂਗੇ।

1975 ਵਿਚ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਲਗਾਈ ਗਈ ਐਮਰਜੈਂਸੀ ਦੇ ਖ਼ਿਲਾਫ਼ ਦੇਸ਼ ਭਰ ਵਿਚ ਜੇ ਕਿਸੇ ਸਿਆਸੀ ਸੰਗਠਨ ਨੇ ਨਿਰੰਤਰ 19 ਮਹੀਨੇ ਤੱਕ ਮੋਰਚਾ ਚਲਾਇਆ ਅਤੇ ਜਨਤਾ ਪਾਰਟੀ ਦੇ ਗਠਨ ਵਿਚ ਵੀ ਅਹਿਮ ਰੋਲ ਅਦਾ ਕੀਤਾ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਸੀ। ਇਸੇ ਕਰਕੇ ਐਮਰਜੈਂਸੀ ਵਿਰੋਧੀ ਇਸ ਸੰਘਰਸ਼ ਵਿਚੋਂ ਅਕਾਲੀ ਨਾਇਕ ਬਣ ਕੇ ਉੱਭਰੇ ਸਨ। ਸਿੱਖ ਪੰਥ ਤੇ ਪੰਜਾਬ ਦੀਆਂ ਮੰਗਾਂ ਲਈ ਅਤੇ ਦਰਿਆਈ ਪਾਣੀਆਂ ਦੀ ਰਾਖੀ ਲਈ ਧਰਮ ਯੁੱਧ ਮੋਰਚਾ ਵੀ ਸ਼੍ਰੋਮਣੀ ਅਕਾਲੀ ਦਲ ਵਲੋਂ ਹੀ 1982 ਵਿਚ ਆਰੰਭ ਕੀਤਾ ਗਿਆ ਸੀ ਅਤੇ ਇਸ ਵਿਚ ਸ਼ਿਰਕਤ ਕਰਦਿਆਂ ਵੱਡੀ ਗਿਣਤੀ ਵਿਚ ਅਕਾਲੀ ਵਰਕਰਾਂ 'ਤੇ ਹੋਰ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ ਸਨ। ਇਹ ਵੱਖਰੀ ਗੱਲ ਹੈ ਕਿ ਸਮੇਂ ਦੀ ਕੇਂਦਰੀ ਸਰਕਾਰ ਵਲੋਂ ਇਸ ਮੋਰਚੇ ਦੀਆਂ ਮੰਗਾਂ ਪ੍ਰਤੀ ਨਾਂਹ ਪੱਖੀ ਰੁਖ਼ ਅਖ਼ਤਿਆਰ ਕਰਦਿਆਂ ਇਸ ਨੂੰ ਲਮਕਣ ਦਿੱਤਾ ਅਤੇ ਇਹ ਬਾਅਦ ਵਿਚ ਇਹ ਹਿੰਸਕ ਰੂਪ ਅਖ਼ਤਿਆਰ ਕਰ ਗਿਆ, ਜਿਸ ਕਾਰਨ ਘਲੂਘਾਰਾ ਜੂਨ 84 ਅਤੇ ਨਵੰਬਰ 84 ਦਾ ਸਿੱਖ ਕਤਲੇਆਮ ਵਰਗੀਆਂ ਦੁਖਦਾਈ ਅਤੇ ਭਿਆਨਕ ਘਟਨਾਵਾਂ ਵੀ ਵਾਪਰੀਆਂ। ਬਿਨਾਂ ਸ਼ੱਕ ਧਰਮ ਯੁੱਧ ਮੋਰਚੇ ਦੌਰਾਨ ਕੁਝ ਗ਼ਲਤੀਆਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤੋਂ ਵੀ ਹੋਈਆਂ। ਇਹ ਸਭ ਕੁਝ ਹੁਣ ਇਤਿਹਾਸ ਦਾ ਹਿੱਸਾ ਹੈ। ਪਰ ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਥ ਅਤੇ ਪੰਜਾਬ ਦੇ ਹੱਕਾਂ-ਹਿਤਾਂ ਦੀ ਰਾਖੀ ਲਈ, ਦੇਸ਼ ਦੀ ਆਜ਼ਾਦੀ ਅਤੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਆਪਣੇ ਵਿੱਤ ਤੋਂ ਵੀ ਬਾਹਰ ਜਾ ਕੇ ਵੱਡੀਆਂ ਲੜਾਈਆਂ ਲੜਦਾ ਰਿਹਾ ਹੈ।

ਪਰ 1997 ਤੋਂ 2002 ਤੱਕ ਅਤੇ 2007 ਤੋਂ ਲੈ ਕੇ 2017 ਤੱਕ ਜਦੋਂ ਪੰਜਾਬ ਵਿਚ ਅਕਾਲੀ ਦਲ ਨੇ ਭਾਜਪਾ ਨਾਲ ਮਿਲ ਕੇ ਸਰਕਾਰਾਂ ਚਲਾਈਆਂ ਤਾਂ ਉਸ ਸਮੇਂ ਭਾਵੇਂ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ, ਕਈ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਨਵਉਸਾਰੀ ਸਮੇਤ ਅਨੇਕਾਂ ਵਿਕਾਸ ਦੇ ਕਾਰਜ ਹੋਏ ਪਰ ਪੰਜਾਬ ਦੇ ਚਿਰਾਂ ਤੋਂ ਲਟਕਦੇ ਆ ਰਹੇ ਮਸਲੇ, ਜਿਨ੍ਹਾਂ ਵਿਚ ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਵਾਉਣਾ, ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਲੈਣਾ ਅਤੇ ਪੰਜਾਬੀਆਂ ਦੀ ਅਗਲੀ ਪੀੜ੍ਹੀ ਲਈ ਰੁਜ਼ਗਾਰ ਦੇ ਅਵਸਰ ਸਿਰਜਣ ਲਈ ਰਾਜ ਵਿਚ ਵੱਡੀ ਪੱਧਰ 'ਤੇ ਖੇਤੀ ਆਧਾਰਿਤ ਸਨਅਤਾਂ ਲਗਵਾਉਣਾ ਆਦਿ ਸੰਬੰਧੀ ਅਕਾਲੀ ਦਲ ਦੀ ਉਸ ਸਮੇਂ ਦੀ ਲੀਡਰਸ਼ਿਪ ਕੋਈ ਵੱਡੀਆਂ ਪ੍ਰਾਪਤੀਆਂ ਹਾਸਿਲ ਨਾ ਕਰ ਸਕੀ। ਇਹ ਲੀਡਰਸ਼ਿਪ ਭ੍ਰਿਸ਼ਟਾਚਾਰ, ਨਸ਼ਾ ਤਸਕਰੀ, ਰੇਤ ਦੀ ਨਾਜਾਇਜ਼ ਮਾਈਨਿੰਗ ਅਤੇ ਅਨੇਕਾਂ ਤਰ੍ਹਾਂ ਦੇ ਹੋਰ ਉੱਭਰੇ ਮਾਫ਼ੀਆ ਨੂੰ ਵੀ ਕੰਟਰੋਲ ਕਰਨ ਵਿਚ ਅਸਫ਼ਲ ਰਹੀ। ਗੈਂਗਸਟਰਵਾਦ ਦਾ ਸਿਲਸਿਲਾ ਵੀ ਉਦੋਂ ਹੀ ਆਰੰਭ ਹੋਇਆ ਸੀ। ਇਸ ਤੋਂ ਵੀ ਅਗਲੀ ਗੱਲ ਇਹ ਕਿ ਜਦੋਂ ਕੇਂਦਰ ਵਿਚ ਭਾਜਪਾ ਦੀਆਂ ਸਰਕਾਰਾਂ ਬਣੀਆਂ ਅਤੇ ਉਨ੍ਹਾਂ ਵਲੋਂ ਘੱਟ ਗਿਣਤੀਆਂ ਦੇ ਵਿਰੁੱਧ ਦਮਨਕਾਰੀ ਨੀਤੀਆਂ ਅਖ਼ਤਿਆਰ ਕੀਤੀਆਂ ਗਈਆਂ, ਦੇਸ਼ ਭਰ ਵਿਚ ਮਨੁੱਖੀ ਅਧਿਕਾਰਾਂ ਦੀ ਵੀ ਘੋਰ ਉਲੰਘਣਾ ਹੋਣੀ ਆਰੰਭ ਹੋਈ, ਤਾਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਇਨ੍ਹਾਂ ਮੁੱਦਿਆਂ 'ਤੇ ਭਾਜਪਾ ਨੂੰ ਰੋਕਣ ਤੇ ਟੋਕਣ ਦੇ ਮਾਮਲੇ ਵਿਚ ਅਸਫ਼ਲ ਰਹੀ। ਉਹ ਚੁੱਪ ਰਹਿ ਕੇ ਇਕ ਤਰ੍ਹਾਂ ਨਾਲ ਭਾਜਪਾ ਦੀਆਂ ਅਜਿਹੀਆਂ ਨੀਤੀਆਂ ਦਾ ਸਮਰਥਨ ਕਰਦੀ ਰਹੀ। ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਖੇਤੀ ਦੇ ਖੇਤਰ ਵਿਚ ਕਾਰਪੋਰੇਟਰਾਂ ਨੂੰ ਉਤਾਰਨ ਲਈ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਸੰਬੰਧੀ ਵੀ ਇਹ ਸਮੇਂ ਸਿਰ ਕੋਈ ਫ਼ੈਸਲਾ ਨਾ ਲੈ ਸਕੀ। ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਅਤੇ ਇਨ੍ਹਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕਰਨ ਦੇ ਮੁੱਦੇ 'ਤੇ ਵੀ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਾ ਕਰ ਸਕੀ। ਇਸ ਸਭ ਕੁਝ ਦੇ ਸਿੱਟੇ ਵਜੋਂ ਹੀ 2017 ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਗਾਤਾਰ ਨਿਵਾਣਾ ਵੱਲ ਜਾ ਰਿਹਾ ਹੈ ਅਤੇ ਇਕ ਤੋਂ ਬਾਅਦ ਇਕ ਲਗਾਤਾਰ ਇਸ ਨੇ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਕਈ ਚੋਣਾਂ ਹਾਰੀਆਂ ਹਨ। ਇਸੇ ਕਾਰਨ ਹੀ ਇਸ ਦੀ ਹਾਲਤ ਅੱਜ ਪਾਣੀਓਂ ਪਤਲੀ ਹੋਈ ਪਈ ਹੈ।

ਇਹ ਸਭ ਕੁਝ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਗ਼ਲਤੀਆਂ ਨੂੰ ਜਨਤਕ ਤੌਰ 'ਤੇ ਸਵੀਕਾਰ ਨਹੀਂ ਕੀਤਾ ਤੇ ਨਾ ਹੀ ਅਕਾਲੀ ਦਲ ਦੀਆਂ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ। ਸੀਨੀਅਰ ਲੀਡਰਸ਼ਿਪ ਨੇ ਆਪਣੇ ਹੱਥੋਂ ਹੋਈਆਂ ਗ਼ਲਤੀਆਂ ਦੀ ਜ਼ਿੰਮੇਵਾਰੀ ਲੈਂਦਿਆਂ ਤਿਆਗ ਅਤੇ ਕੁਰਬਾਨੀ ਦੀ ਭਾਵਨਾ ਦਿਖਾਉਂਦਿਆਂ ਖ਼ੁਦ ਪਾਸੇ ਹੋ ਕੇ ਨਵੀਂ ਲੀਡਰਸ਼ਿਪ ਨੂੰ ਅੱਗੇ ਆਉਣ ਦਾ ਅਵਸਰ ਵੀ ਨਹੀਂ ਦਿੱਤਾ। ਇਸ ਕਾਰਨ ਹੀ ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਅਗਵਾਈ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਵ ਸਿੱਖ ਪੰਥ ਅਤੇ ਪੰਜਾਬ ਦੇ ਦੋਵੇਂ ਵੱਡੇ ਸੰਸਥਾਨ ਅਤੇ ਸੰਗਠਨ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸ ਸੰਬੰਧੀ ਕਈ ਮਾਮਲੇ ਸਿੰਘ ਸਾਹਿਬ ਦੇ ਵਿਚਾਰਨ ਲਈ ਅੱਜਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਹੋਏ ਹਨ।

ਸਵਾਲਾਂ ਦਾ ਸਵਾਲ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਅਜੋਕੇ ਸੰਕਟ ਵਿਚੋਂ ਕਿਵੇਂ ਉਭਾਰਿਆ ਜਾਵੇ ? ਇਸ ਦਾ ਸਪੱਸ਼ਟ ਜਵਾਬ ਇਹ ਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਚਾਹੇ ਉਹ ਕਿਸੇ ਵੀ ਧੜੇ ਨਾਲ ਸੰਬੰਧਿਤ ਹੋਣ ਆਪਣੇ ਅੰਦਰ ਝਾਤੀ ਮਾਰਦਿਆਂ ਆਪਣੀਆਂ ਗ਼ਲਤੀਆਂ ਨੂੰ ਖੁੱਲ੍ਹੇਆਮ ਤਸਲੀਮ ਕਰਨ ਅਤੇ ਕੁਰਬਾਨੀ ਤੇ ਤਿਆਗ ਦੀ ਭਾਵਨਾ ਤੋਂ ਕੰਮ ਲੈਂਦਿਆਂ ਆਪਣੇ ਅੰਦਰੋਂ ਅਜਿਹੀ ਲੀਡਰਸ਼ਿਪ ਨੂੰ ਅੱਗੇ ਆਉਣ ਦਾ ਅਵਸਰ ਦੇਣ, ਜਿਸ ਨੂੰ ਪੰਥ ਅਤੇ ਪੰਜਾਬ ਦੇ ਲੋਕਾਂ ਦੇ ਵੱਡੇ ਵਰਗਾਂ ਦਾ ਵਿਸ਼ਵਾਸ ਪ੍ਰਾਪਤ ਹੋਵੇ। ਅਜਿਹੀ ਸੰਭਾਵਿਤ ਲੀਡਰਸ਼ਿਪ ਨੂੰ ਜਿਥੇ ਸਿੱਖ ਪੰਥ ਦੇ ਧਾਰਮਿਕ ਸਰੋਕਾਰਾਂ ਲਈ ਡੱਟ ਕੇ ਖੜ੍ਹੇ ਹੋਣਾ ਪਵੇਗਾ, ਉਥੇ ਪੰਜਾਬ ਦੇ ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਹਿੱਤਾਂ ਦੀ ਰਾਖੀ ਵੀ ਕਰਨੀ ਹੋਵੇਗੀ। ਸਰਬੱਤ ਦੇ ਭਲੇ ਦੇ ਸੰਕਲਪ 'ਤੇ ਪਹਿਰਾ ਦਿੰਦਿਆਂ ਦੇਸ਼ ਦੀ ਅਜੋਕੀ ਰਾਜਨੀਤੀ ਵਿਚ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੀ ਆਉਣ ਵਾਲੇ ਸਮੇਂ ਵਿਚ ਆਪਣਾ ਇਤਿਹਾਸਕ ਰੋਲ ਅਦਾ ਕਰਨ ਲਈ ਆਪਣੇ-ਆਪ ਨੂੰ ਤਿਆਰ ਕਰਨਾ ਹੋਵੇਗਾ। ਇਹ ਵੀ ਦੇਖਣਾ ਹੋਵੇਗਾ ਕਿ ਰਾਜ ਵਿਚ ਰੁਜ਼ਗਾਰ ਦੇ ਮੌਕੇ ਘਟਣ ਕਾਰਨ ਨਵੀਂ ਪੀੜ੍ਹੀ ਦੇ ਤੇਜ਼ੀ ਨਾਲ ਇਥੋਂ ਵਿਦੇਸ਼ਾਂ ਨੂੰ ਰੁਖ਼ਸਤ ਹੋਣ ਨਾਲ ਜੋ ਪੰਜਾਬ ਨੂੰ ਖੋਰਾ ਲੱਗ ਰਿਹਾ ਹੈ, ਉਸ ਵੱਡੀ ਚੁਣੌਤੀ ਦਾ ਕਿਵੇਂ ਮੁਕਾਬਲਾ ਕਰਨਾ ਹੈ ਅਤੇ ਰਾਜ ਵਿਚ ਖੇਤੀ ਤੋਂ ਇਲਾਵਾ ਖੇਤੀ ਅਧਾਰਿਤ ਸਨਅਤਾਂ ਅਤੇ ਹੋਰ ਕੰਮ ਧੰਦਿਆਂ ਦਾ ਵਿਕਾਸ ਕਰਕੇ ਉਨ੍ਹਾਂ ਲਈ ਇਥੇ ਰੁਜ਼ਗਾਰ ਦੇ ਅਵਸਰ ਕਿਵੇਂ ਸਿਰਜਣੇ ਹਨ।

ਪੰਥ ਤੇ ਪੰਜਾਬ ਹਿੱਤਾਂ ਲਈ ਕਰਨ ਵਾਲੇ ਕੰਮ ਤਾਂ ਅਨੇਕਾਂ ਹਨ। ਪਰ ਇਹ ਕੰਮ ਪੰਥ ਤੇ ਪੰਜਾਬ ਲਈ ਕੋਈ ਪ੍ਰਤੀਬੱਧ ਲੀਡਰਸ਼ਿਪ ਹੀ ਪੂਰੇ ਕਰ ਸਕਦੀ ਹੈ। ਹੁਣ ਇਹ ਦੇਖਣਾ ਬੇਹੱਦ ਦਿਲਚਸਪ ਹੋਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਇਤਿਹਾਸ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਆਪਣੇ ਸੰਕਟ 'ਤੇ ਕਾਬੂ ਪਾਉਣ ਵਿਚ ਕਾਮਯਾਬ ਹੁੰਦਾ ਹੈ ਜਾਂ ਨਹੀਂ, ਫ਼ਰੀਦ ਸਾਹਿਬ ਕਹਿੰਦੇ ਹਨ

ਫਰੀਦਾ ਜੇ ਤੂ ਅਕਲਿ ਲਤੀਫੁ
ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ
ਸਿਰੁ ਨੀਵਾਂ ਕਰਿ ਦੇਖੁ॥

ਫ਼ਰੀਦ ਸਾਹਿਬ ਇਹ ਵੀ ਕਹਿੰਦੇ ਹਨ

ਸੇਖ ਹੈਯਾਤੀ ਜਗਿ
ਨ ਕੋਈ ਥਿਰੁ ਰਹਿਆ॥
ਜਿਸੁ ਆਸਣਿ ਹਮ ਬੈਠੇ
ਕੇਤੇ ਬੈਸਿ ਗਇਆ॥

ਸਿੱਖ ਇਤਿਹਾਸ ਤੇ ਗੁਰਬਾਣੀ ਦੀ ਰੌਸ਼ਨੀ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਦਾ ਕੋਈ ਠੋਸ ਹੱਲ ਕੱਢਿਆ ਜਾ ਸਕਦਾ ਹੈ।

* * * * * * * *

# ਸੁਖਰਾਜ ਸਿੰਘ ਅਕਾਲੀ ਦਲ ਅੰਮ੍ਰਿਤਸਰ ਵਲੋਂ ਗਿਦੜਬਾਹਾ ਹਲਕੇ ਤੋਂ ਲੜੇਗਾ ਚੋਣ



ਜਲੰਧਰ-ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦਾ ਪੁੱਤਰ ਸੁਖਰਾਜ ਸਿੰਘ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਦੱਸ ਦੇਈਏ ਕਿ ਇਹ ਉਹੀ ਸੁਖਰਾਜ ਸਿੰਘ ਹੈ ਜੋ ਲਗਾਤਾਰ ਬੇਅਦਬੀ ਮਾਮਲੇ ਵਿਚ ਇਨਸਾਫ਼ ਦੀ ਮੰਗ ਕਰ ਰਿਹਾ ਹੈ, ਜਿਸ ਦੇ ਪਿਤਾ ਕ੍ਰਿਸ਼ਨ ਭਗਵਾਨ ਸਿੰਘ ਨੂੰ ਗੋਲੀ ਲੱਗੀ ਸੀ।

ਇਸ ਸਬੰਧੀ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ 2015 ਵਿੱਚ ਬੇਅਦਬੀ ਕਾਂਡ ਵਿੱਚ ਇਨਸਾਫ਼ ਦੀ ਮੰਗ ਕਰ ਰਹੇ ਕ੍ਰਿਸ਼ਨ ਭਗਵਾਨ ਸਿੰਘ ਨੂੰ ਬਹਿਬਲ ਕਲਾਂ ਵਿੱਚ ਪੁਲਿਸ ਨੇ ਸ਼ਹੀਦ ਕਰ ਦਿੱਤਾ ਸੀ। ਜਿਸ ਦੇ ਇਨਸਾਫ਼ ਲਈ ਉਸਦਾ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ 8 ਸਾਲਾਂ ਤੋਂ ਸੰਘਰਸ਼ ਕਰ ਰਿਹਾ ਹੈ। ਪਰ ਕਿਸੇ ਵੀ ਸਰਕਾਰ ਨੇ ਕੋਈ ਇਨਸਾਫ਼ ਨਹੀਂ ਦਿੱਤਾ। ਇਸ ਮਾਮਲੇ ਵਿੱਚ ਗੋਲੀਬਾਰੀ ਦੀ ਘਟਨਾ ਦੇ ਕਿਸੇ ਵੀ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜਿਸ ਕਾਰਨ ਹੁਣ ਸੁਖਰਾਜ ਸਿੰਘ ਇਸ ਘਟਨਾ ਦੇ ਇਨਸਾਫ਼ ਲਈ ਵਿਧਾਨ ਸਭਾ ਵਿੱਚ ਆਵਾਜ਼ ਬੁਲੰਦ ਕਰਨਗੇ।

ਟਿਕਟ ਮਿਲਣ ਤੋਂ ਬਾਅਦ ਸੁਖਰਾਜ ਸਿੰਘ ਨੇ ਵੀ ਅਕਾਲੀ ਦਲ ਅੰਮ੍ਰਿਤਸਰ ਅਤੇ ਸਿਮਰਨਜੀਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ ਪਰ ਹਾਲੇ ਤੱਕ ਇਨਸਾਫ ਨਹੀਂ ਮਿਲਿਆ ਪਰ ਸਰਕਾਰ ਨੇ ਹੁਣ ਬੇਅਦਬੀ ਨੂੰ ਚੋਣ ਮੁੱਦਾ ਬਣਾ ਲਿਆ ਹੈ। ਇਸ ਕਰਕੇ ਉਹ ਇਸ ਦਰਦ ਲਈ ਚੋਣ ਲੜ ਰਹੇ ਹਨ।

# ਦਲਿਤ ਤੋਂ ਸਿਖ ਬਣੀ ਅੰਮ੍ਰਿਤਧਾਰੀ ਬੀਬੀ ਸੀਤਾ ਕੌਰ ਪ੍ਰਿਅੰਕਾ ਗਾਂਧੀ ਨੂੰ ਦੇਵੇਗੀ ਟੱਕਰ

## ○ ਬਹੁਜਨ ਦ੍ਰਵਿੜ ਪਾਰਟੀ ਨੇ ਵਾਇਨਾਡ ਲੋਕ ਸਭਾ ਹਲਕੇ ਤੋਂ ਦਿੱਤੀ ਟਿਕਟ



ਨਵੀਂ ਦਿੱਲੀ-ਵਾਇਨਾਡ ਲੋਕ ਸਭਾ ਦੀ ਜ਼ਿਮਨੀ ਚੋਣ ਦੌਰਾਨ ਕਾਂਗਰਸ ਦੀ ਉਮੀਦਵਾਰ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਇੱਕ ਸਿੱਖ ਬੀਬੀ ਸੀਤਾ ਕੌਰ ਟੱਕਰ ਦੇਵੇਗੀ। ਬਹੁਜਨ ਦ੍ਰਵਿੜ ਪਾਰਟੀ ਨੇ ਉਸ ਨੂੰ ਟਿਕਟ ਦਿੱਤੀ ਹੈ। ਚੋਣ ਪ੍ਰਚਾਰ ਦੌਰਾਨ ਉਹ ਨੀਲੀ ਦਸਤਾਰ ਬੰਨ੍ਹੀ ਤੇ ਮੋਢੇ 'ਤੇ ਕਿਰਪਾਨ ਰੱਖੀ ਨਜ਼ਰ ਆਵੇਗੀ।

ਸੀਤਾ ਕੌਰ ਦਲਿਤਾਂ, ਆਦਿਵਾਸੀਆਂ ਅਤੇ ਹੋਰ ਦੱਬੇ-ਕੁਚਲੇ ਭਾਈਚਾਰਿਆਂ ਨੂੰ ਉੱਚਾ ਚੁੱਕਣ ਦੇ ਮਿਸ਼ਨ ਦੇ ਨਾਲ ਬਹੁਜਨ ਦ੍ਰਵਿੜ ਪਾਰਟੀ (ਬੀਡੀਪੀ) ਦੀ ਉਮੀਦਵਾਰ ਹੈ, ਜੋ ਜ਼ਿਆਦਾਤਰ ਤਾਮਿਲ ਸਿੱਖਾਂ ਦੀ ਇੱਕ ਜਥੇਬੰਦੀ ਹੈ, ਜੋ ਸਮਾਜ ਸੁਧਾਰਕ ਪੇਰੀਆਰ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਦੀ ਪਾਲਣਾ ਕਰਦੀ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ, ਬਹੁਜਨ ਦ੍ਰਵਿੜ ਪਾਰਟੀ ਨੇ ਤਾਮਿਲਨਾਡੂ ਵਿੱਚ ਸੱਤ ਤਾਮਿਲ ਸਿੱਖ ਉਮੀਦਵਾਰ ਖੜ੍ਹੇ ਕੀਤੇ ਸਨ। ਸੀਤਾ ਕੌਰ ਨੇ ਟੇਨਕਾਸੀ ਤੋਂ ਚੋਣ ਲੜੀ ਸੀ, ਜਦਕਿ ਉਸ ਦਾ ਪਤੀ ਰਾਜਨ ਸਿੰਘ ਕੰਨਿਆਕੁਮਾਰੀ ਤੋਂ ਚੋਣ ਲੜਿਆ ਸੀ। ਪਾਰਟੀ ਨੇ ਤਾਮਿਲਨਾਡੂ ਤੋਂ ਬਾਹਰਲੇ ਹਲਕਿਆਂ ਵਿਚ 40 ਹੋਰ ਉਮੀਦਵਾਰ ਖੜ੍ਹੇ ਕੀਤੇ, ਜਿਨ੍ਹਾਂ ਵਿਚ ਜ਼ਿਆਦਾਤਰ ਸਿੱਖ ਧਰਮ ਅਪਣਾਉਣ ਦੇ ਚਾਹਵਾਨ ਸਨ।

ਉਹ ਸ਼ੁਰੂ ਵਿੱਚ 2020-2021 ਦੇ ਕਿਸਾਨ ਸੰਘਰਸ਼ ਦੌਰਾਨ ਸਿੱਖ ਧਰਮ ਦੀ ਜਾਤ-ਰਹਿਤ ਵਿਚਾਰਧਾਰਾ ਵੱਲ ਖਿੱਚੇ ਗਏ ਸਨ। ਉਨ੍ਹਾਂ 2023 ਵਿੱਚ ਸਿੱਖ ਧਰਮ ਗ੍ਰਹਿਣ ਕੀਤਾ।

ਜ਼ਿਕਰਯੋਗ ਹੈ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਜੂਨ ਵਿੱਚ ਦੋ ਸੀਟਾਂ ਰਾਇਬਰੇਲੀ ਤੇ ਵਾਇਨਾਡ ਤੋਂ ਜਿੱਤ ਪ੍ਰਾਪਤ ਕੀਤੀ ਸੀ। ਬਾਅਦ ਵਿੱਚ ਉਨ੍ਹਾਂ ਨੇ ਵਾਇਨਾਡ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿੱਥੇ ਹੁਣ ਜ਼ਿਮਨੀ ਚੋਣ ਹੋ ਰਹੀ ਹੈ।

# ਇਟਲੀ ਦੀਆਂ ਸਿੱਖ ਸੰਗਤਾਂ ਇਟਾਲੀਅਨ ਲੋਕਾਂ ਨੂੰ ਵੀ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਇਆ ਕਰਨ:-ਭਾਈ ਅੰਮ੍ਰਿਤਪਾਲ ਸਿੰਘ ਬਿੱਲਾ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਹ ਦੇਖ ਕਿ ਬਹੁਤ ਖੁਸ਼ੀ ਹੁੰਦੀ ਜਦੋਂ ਵਿਦੇਸ਼ਾਂ ਵਿੱਚ ਮਹਾਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਚਾਰ ਲਈ ਸਿੱਖ ਸੰਗਤਾਂ ਗੁਰੂ ਸਾਹਿਬ ਲਈ ਆਲੀਸ਼ਾਨ ਢੰਗ ਨਾਲ ਗੁਰਦੁਆਰਾ ਸਾਹਿਬ ਬਣਾਉਂਦੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੈੱਸ ਨਾਲ ਉੱਘੇ ਅਭਿਨੇਤਾ ਭਾਈ ਅੰਮ੍ਰਿਤਪਾਲ ਸਿੰਘ ਬਿੱਲਾ ਨੇ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਦੇਸ਼ਾਂ ਵਿੱਚ ਬਣਨ ਨਾਲ ਗੁਰੂ ਨਾਨਕ ਸਾਹਿਬ ਦੀ ਫੁੱਲਵਾੜੀ ਵਿੱਚ ਅਥਾਹ ਵਾਧਾ ਹੋ ਰਿਹਾ ਹੈ ਜਿਹੜਾ ਕਿ ਇੱਕ ਕਾਬਲੇ ਤਾਰੀਫ਼ ਉਪਰਾਲਾ ਹੈ ਪਰ ਇਸ ਦੇ ਨਾਲ ਹੀ ਉਹ ਚਾਹੁੰਦੇ ਹਨ ਜਿਹੜੀ ਸੰਗਤ ਵਿਦੇਸ਼ਾਂ ਵਿੱਚ ਗੁਰੂ ਵਾਲੀ ਹੁਣ ਤੱਕ ਮਜ਼ਬੂਰੀ ਕਾਰਨ ਨਹੀਂ ਬਣ ਸਕੀ ਉਹ ਵੀ ਗੁਰੂ ਸਾਹਿਬ ਦੇ ਅੰਮ੍ਰਿਤ ਦੀ ਦਾਤ ਛੱਕ ਗੁਰੂ ਵਾਲੀ ਬਣੇ ਜਿਸ ਨਾਲ ਸਿੱਖੀ ਪਹਿਲਾਂ ਤੋਂ ਵੀ ਵੱਧ ਵਧੇ-ਫੁੱਲੇ ਕਿਉਂਕਿ ਕਿ ਜਿਹੜਾ ਸਤਿਗੁਰੂ ਨਾਨਕ ਸਾਹਿਬ ਦਾ ਨਵੇਕਲਾ ਤੇ ਨਵਾਂ ਸਿੱਖ ਧਰਮ ਹੈ ਉਸ ਵਿੱਚ ਸਭ ਧਰਮਾਂ ਨੂੰ ਦਿਲੋਂ ਮਾਣ-ਸਤਿਕਾਰ ਹੈ ਇੱਥੇ ਬਾਬਾ ਫਰੀਦ ਦੀ ਗੱਲ ਹੁੰਦੀ ਹੈ ਇੱਥੇ ਪੰਡਿਤ ਜੈਦੇਵ ਨੂੰ ਸੁਣਿਆ ਜਾ ਸਕਦਾ ਹੈ,ਇੱਥੇ ਰਾਮ ਵੀ ਬੋਲਦਾ ਇੱਥੇ ਅੱਲਾ ਵੀ ਬੋਲਦਾ ਹੈ। ਗੁਰੂ ਨਾਨਕ ਸਾਹਿਬ ਦਾ ਦਰ ਉੱਥੇ ਸਭ ਨੂੰ ਆਉਣਾ ਹੀ ਪਵੇਗਾ ਕਿਉਂਕਿ ਕਿ ਇੱਥੇ ਸਰਬੱਤ ਦੇ ਭਲੇ ਦੀਆਂ ਹੀ ਬਾਤਾਂ ਪੈਂਦੀਆਂ ਹਨ। ਭਾਈ ਬਿੱਲਾ ਨੇ ਇਟਲੀ ਦੀਆਂ ਸੰਗਤਾਂ ਨੂੰ ਕਿਹਾ ਕਿ ਜਦੋਂ ਵੀ ਉਹ ਗੁਰਦੁਆਰਾ ਸਾਹਿਬ ਆਉਂਦੀਆਂ ਤਾਂ ਆਪਣੇ ਜਾਣਕਾਰ ਇਟਾਲੀਅਨ ਨੂੰ ਵੀ ਜ਼ਰੂਰ ਇੱਕ ਵਾਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਨਾਲ ਲਿਆਉਣ ਤਦ ਹੀ ਗੁਰੂ ਸਾਹਿਬ ਦੇ ਉਪਦੇਸ਼ ਨੂੰ ਮਨੁੱਖਤਾ ਦੇ ਭਲੇ ਲਈ ਘਰ-ਘਰ ਪਹੁੰਚਾਇਆ ਜਾ ਸਕਦਾ ਹੈ। ਭਾਈ ਅੰਮ੍ਰਿਤਪਾਲ ਸਿੰਘ ਬਿੱਲਾ ਜਿਹਨਾਂ ਕਈ ਹਿੰਦੀ ਤੇ ਪੰਜਾਬੀ ਫਿਲਮਾਂ ਵਿੱਚ ਸਿੱਖੀ ਸਰੂਪ ਵਿੱਚ ਹੀ ਅਭਿਨੈ ਕੀਤਾ ਹੈ ਉਹ ਅੱਜ-ਕਲ੍ਹ ਆਪਣੀ ਸੰਖੇਪ ਯੂਰਪ ਫੇਰੀ ਦੌਰਾਨ ਬਰੇਸ਼ੀਆ ਪਹੁੰਚੇ ਜਿੱਥੇ ਕਿ ਗੁਰਦੁਆਰਾ ਸਾਹਿਬ ਸਿੰਘ ਸਭਾ ਫਲੇਰੋ ਦੀ ਨਵੀਂ ਇਮਾਰਤ ਦੇ ਉੱਦਘਾਟਨੀ ਸਮਾਰੋਹ ਮੌਕੇ ਦੁਨੀਆਂ ਦੇ ਵੱਖ-ਵੱਖ ਕੋਨਿਆਂ ਤੋਂ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਇਟਾਲੀਅਨ ਪ੍ਰੈੱਸ ਕਲੱਬ ਦੇ ਹਰਬਿੰਦਰ ਸਿੰਘ ਧਾਲੀਵਾਲ,ਪਰਮਜੀਤ ਦੁਸਾਂਝ ਤੋਂ ਇਲਾਵਾ ਅਕਾਲੀ ਆਗੂ ਲਖਵਿੰਦਰ ਸਿੰਘ ਡੋਗਰਾਂਵਾਲ ਆਦਿ ਮੌਜੂਦ ਸਨ

# ਟਰੈਕਟਰ 'ਤੇ ਲਾਏ ਇੱਕ ਗਾਣੇ ਕਾਰਣ ਗਭਰੂ ਦਾ ਕਤਲ !

## ○ ਪਹਿਲਾਂ ਗੱਡੀ ਥੱਲੇ ਦਿੱਤਾ, ਫਿਰ ਰਾਡਾਂ ਨਾਲ ਕੁੱਟਿਆ



ਬਰਨਾਲਾ-ਬਰਨਾਲਾ ਤੋਂ ਦਿਲ ਦਹਿਲਾ ਦੇਣ ਵਾਲੀ ਇੱਕ ਖ਼ਬਰ ਸਾਹਮਣੇ ਆਈ ਹੈ। ਇੱਥੇ ਪਿੰਡ ਪੱਖੋਕੇ ਦੀ ਦਾਣਾ ਮੰਡੀ ਵਿੱਚ ਦੋ ਧਿਰਾਂ ਵਿਚਾਲੇ ਖ਼ੂਨੀ ਝੜਪ ਹੋ ਗਈ। ਮਾਮਲਾ ਏਨਾ ਵਧ ਗਿਆ ਕਿ ਇੱਕ ਨੌਜਵਾਨ ਨੂੰ ਕੁੱਟ-ਕੁੱਟ ਕੇ ਦੂਜੀ ਧਿਰ ਨੇ ਮੌਤ ਦੇ ਘਾਟ ਉਤਾਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਸਾਰਾ ਵਿਵਾਦ ਟਰੈਕਟਰ ਉੱਤੇ ਲਾਏ ਇੱਕ ਗਾਣੇ ਕਰਕੇ ਸ਼ੁਰੂ ਹੋਇਆ। ਮ੍ਰਿਤਕ ਨੌਜਵਾਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਇੱਕ ਭੈਣ ਹੈ ਜੋ ਕੈਨੇਡਾ ਰਹਿੰਦੀ ਹੈ। ਉਸ ਦੀ ਪਛਾਣ ਜਸਲੀਨ ਸਿੰਘ ਜੱਸੂ ਵਜੋਂ ਹੋਈ ਹੈ।

ਮ੍ਰਿਤਕ ਜਸਲੀਨ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਬੀਤੀ ਰਾਤ ਆਪਣੇ ਸਾਥੀਆਂ ਨਾਲ ਪਿੰਡ ਦੀ ਦਾਣਾ ਮੰਡੀ ਵਿਖੇ ਝੋਨੇ ਦੀ ਫ਼ਸਲ ਲੈ ਕੇ ਗਿਆ ਹੋਇਆ ਸੀ। ਇਸ ਦੌਰਾਨ ਟਰੈਕਟਰ 'ਤੇ ਲੱਗੇ ਡੈੱਕ ਨੂੰ ਲੈ ਕੇ ਉਸ ਦਾ ਕਿਸੇ ਨਾਲ ਝਗੜਾ ਹੋ ਗਿਆ, ਜਿਸ ਮਗਰੋਂ ਦੂਜੀ ਧਿਰ ਦੇ ਲੋਕਾਂ ਨੇ ਆਪਣੇ ਕਈ ਹੋਰ ਸਾਥੀ ਬੁਲਾਏ ਤੇ ਉਸ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਪਰਿਵਾਰ ਦੇ ਬਿਆਨਾਂ ਮੁਤਾਬਕ ਇਸ ਦੌਰਾਨ ਇੱਕ ਸ਼ਖ਼ਸ ਨੇ ਆਪਣੀ ਗੱਡੀ ਲਿਆ ਕੇ ਮ੍ਰਿਤਕ ਜੱਸੂ ਨੂੰ ਸਿੱਧੀ ਟੱਕਰ ਮਾਰ ਦਿੱਤੀ ਤੇ ਉਸ ਦੇ ਉੱਤੇ ਚੜ੍ਹਾ ਦਿੱਤੀ। ਇਸ ਮਗਰੋਂ ਮ੍ਰਿਤਕ ਨੂੰ ਰਾਡਾਂ ਤੇ ਤੇਜ਼ਧਾਰ ਹਥਿਆਰਾਂ ਨਾਲ ਕੁੱਟ-ਕੁੱਟ ਕੇ ਉਸ ਨੂੰ ਲਹੂ-ਲੁਹਾਨ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਥਾਣਾ ਸਦਰ ਬਰਨਾਲਾ ਦੇ ਐਸਐਚਓ ਸ਼ੇਰਵਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਪੱਖੋਕੇ ਪਿੰਡ ਵਿਖੇ 2 ਧਿਰਾਂ ਵਿਚ ਲੜਾਈ ਹੋਈ ਸੀ, ਜਿਸ ਦੌਰਾਨ ਪਿੰਡ ਦੇ ਹੀ ਨੌਜਵਾਨ ਰਮਨਦੀਪ ਸਿੰਘ ਦੇ ਟਰੈਕਟਰ ਦਾ ਡੈੱਕ ਜਸਲੀਨ ਸਿੰਘ ਨੇ ਬੰਦ ਕਰ ਦਿੱਤਾ ਸੀ, ਜਿਸ ਕਾਰਨ ਦੋਹਾਂ ਧਿਰਾਂ ਵਿਚ ਕੁੱਟਮਾਰ ਹੋ ਗਈ ਤੇ ਇਕ ਨੌਜਵਾਨ ਦੀ ਮੌਤ ਹੋ ਗਈ।

ਪੁਲਿਸ ਮੁਤਾਬਕ ਮ੍ਰਿਤਕ ਜੱਸੂ ਦੇ ਪਿਤਾ ਗੁਰਚਰਨ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਰਮਨਦੀਪ ਸਿੰਘ ਤੇ ਉਸ ਦੇ 18 ਹੋਰ ਸਾਥੀਆਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਨੇ ਕਿਹਾ ਕਿ ਮੁਲਜ਼ਮ ਜਲਦੀ ਹੀ ਕਾਬੂ ਕਰ ਲਏ ਜਾਣਗੇ।

ਮਾਮਲਾ ਦਿੱਲੀ ਸਿੱਖ ਕਤਲੇਆਮ ਦਾ


# ਸੱਜਣ ਕੁਮਾਰ ਖ਼ਿਲਾਫ਼ ਸੀ.ਬੀ.ਆਈ. ਦੀ ਅਪੀਲ ਹਾਈ ਕੋਰਟ ਵਲੋਂ ਸਵੀਕਾਰ

## ✪ ਅਗਲੀ ਸੁਣਵਾਈ ਦਸੰਬਰ ਵਿਚ ਹੋਵੇਗੀ

ਨਵੀਂ ਦਿੱਲੀ-ਦਿੱਲੀ ਵਿੱਚ ਸਿੱਖ ਕਤਲੇਆਮ ਮਾਮਲੇ ਵਿਚ ਸੱਜਣ ਕੁਮਾਰ ਦੀਆਂ ਮੁਸ਼ਕਲਾਂ ਵਧਣ ਵਾਲੀਆਂ ਹਨ। ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਮਾਮਲੇ ਨਾਲ ਸਬੰਧਤ ਕਤਲ ਦੇ ਇੱਕ ਕੇਸ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਅਤੇ ਹੋਰਾਂ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਸੀਬੀਆਈ ਦੀ ਅਪੀਲ ਨੂੰ ਸਵੀਕਾਰ ਕਰ ਲਿਆ ਹੈ।

ਦਿੱਲੀ ਹਾਈ ਕੋਰਟ ਦੀ ਜਸਟਿਸ ਪ੍ਰਤਿਭਾ ਐੱਮ. ਸਿੰਘ ਅਤੇ ਜਸਟਿਸ ਅਮਿਤ ਸ਼ਰਮਾ ਦੇ ਬੈਂਚ ਨੇ 21 ਅਕਤੂਬਰ ਨੂੰ ਦਿੱਤੇ ਇਕ ਹੁਕਮ ਵਿਚ ਕੇਂਦਰੀ ਜਾਂਚ ਏਜੰਸੀ ਨੂੰ ਹੇਠਲੀ ਅਦਾਲਤ ਦੇ 20 ਸਤੰਬਰ 2023 ਦੇ ਹੁਕਮਾਂ ਵਿਰੁੱਧ ਅਪੀਲ ਕਰਨ ਦੀ ਇਜਾਜ਼ਤ ਦਿੱਤੀ ਅਤੇ ਮਾਮਲੇ ਦੀ ਸੁਣਵਾਈ ਅੱਗੇ ਪਾ ਦਿੱਤੀ। ਦਸੰਬਰ ਵਿੱਚ ਸੁਣਵਾਈ ਦਾ ਫੈਸਲਾ ਕੀਤਾ ਹੈ। 'ਅਪੀਲ ਦੀ ਮਨਜ਼ੂਰੀ' ਇੱਕ ਅਦਾਲਤ ਰਾਹੀਂ ਇੱਕ ਪਾਰਟੀ ਨੂੰ ਉੱਚ ਅਦਾਲਤ ਵਿੱਚ ਫੈਸਲੇ ਨੂੰ ਚੁਣੌਤੀ ਦੇਣ ਲਈ ਦਿੱਤੀ ਗਈ ਰਸਮੀ ਇਜਾਜ਼ਤ ਹੈ।

ਅਦਾਲਤ ਨੇ ਹੁਕਮਾਂ ਵਿੱਚ ਕਿਹਾ ਕਿ ਇਸ ਅਦਾਲਤ ਦੀ ਰਾਏ ਵਿੱਚ ਸੀਬੀਆਈ ਨੂੰ



ਅਪੀਲ ਕਰਨ ਦੀ ਇਜਾਜ਼ਤ ਹੈ। ਉਸ ਦੀ ਅਪੀਲ ਪ੍ਰਵਾਨ ਹੋ ਗਈ ਹੈ। ਅਦਾਲਤ ਨੇ ਇਸ ਕੇਸ ਵਿੱਚ ਬਰੀ ਕੀਤੇ ਜਾਣ ਦੇ ਹੁਕਮਾਂ ਵਿਰੁੱਧ ਪੀੜਤ ਸ਼ੀਲਾ ਕੌਰ ਦੀ ਅਪੀਲ ਨੂੰ ਵੀ ਸਵੀਕਾਰ ਕਰ ਲਿਆ ਅਤੇ ਰਜਿਸਟਰੀ ਨੂੰ ਮੌਜੂਦਾ ਮੁਲਜ਼ਮਾਂ ਖ਼ਿਲਾਫ਼ 1984 ਦੇ ਕਤਲੇਆਮ ਨਾਲ ਸਬੰਧਤ ਹੋਰ ਅਪੀਲਾਂ ਬਾਰੇ ਰਿਪੋਰਟ ਪੇਸ਼ ਕਰਨ ਲਈ ਕਿਹਾ।

### ਹੇਠਲੀ ਅਦਾਲਤ ਨੇ 2023 ਵਿਚ ਸੁਣਾਇਆ ਸੀ ਬਰੀ ਕਰਨ ਦਾ ਫੈਸਲਾ

ਸਪੈਸ਼ਲ ਜੱਜ ਗੀਤਾਂਜਲੀ ਗੋਇਲ ਨੇ 20 ਸਤੰਬਰ, 2023 ਨੂੰ ਇਸ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਬਰੀ ਕਰਦੇ ਹੋਏ ਉਸ ਨੂੰ ਸ਼ੱਕ ਦਾ ਲਾਭ ਦਿੱਤਾ ਸੀ ਅਤੇ ਕਿਹਾ ਸੀ ਕਿ ਇਸਤਗਾਸਾ ਪੱਖ ਮੁਲਜ਼ਮਾਂ ਖ਼ਿਲਾਫ਼ ਦੋਸ਼ਾਂ ਨੂੰ ਵਾਜਬ ਸ਼ੱਕ ਤੋਂ ਪਰੇ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ। ਹੇਠਲੀ ਅਦਾਲਤ ਨੇ ਦੋ ਹੋਰ ਦੋਸ਼ੀਆਂ ਵੇਦ ਪ੍ਰਕਾਸ਼ ਪਾਇਲ ਅਤੇ ਬ੍ਰਹਮਾਨੰਦ ਗੁਪਤਾ ਨੂੰ ਵੀ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਸੀ ਕਿ ਇਸਤਗਾਸਾ ਪੱਖ ਉਨ੍ਹਾਂ ਦੇ ਖ਼ਿਲਾਫ਼ ਕਤਲ ਅਤੇ ਕਤਲੇਆਮ ਦੇ ਦੋਸ਼ਾਂ ਨੂੰ ਸਾਬਤ ਕਰਨ ਵਿੱਚ ਅਸਫਲ ਰਿਹਾ ਹੈ।

ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਹੱਤਿਆ ਕਰ ਦਿੱਤੀ ਗਈ ਸੀ, ਜਿਸ ਤੋਂ ਬਾਅਦ ਫਿਰਕੂ ਗੁੰਡਿਆਂ ਵਲੋਂ ਸਿਖਾਂ ਖਿਲਾਫ ਸਮੂਹਿਕ ਹਿੰਸਾ ਕੀਤੀ ਸੀ।

ਸੁਲਤਾਨਪੁਰੀ ਵਿੱਚ ਵਾਪਰੀ ਇੱਕ ਘਟਨਾ ਵਿੱਚ ਸੁਰਜੀਤ ਸਿੰਘ ਨਾਂ ਦਾ ਸਿੱਖ ਵਿਅਕਤੀ ਮਾਰਿਆ ਗਿਆ ਸੀ। ਸ਼ੀਲਾ ਕੌਰ ਨੇ ਕਿਹਾ ਕਿ ਸੱਜਣ ਕੁਮਾਰ ਸਿੱਖ ਕਤਲੇਆਮ ਵਿੱਚ ਸ਼ਾਮਲ ਸੀ ਅਤੇ ਉਸ ਦਾ ਨਾਂ ਲੈਣ 'ਤੇ ਉਸ ਦੇ ਬੱਚਿਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ ਸੁਲਤਾਨਪੁਰੀ ਵਿੱਚ ਹੋਏ ਸਿੱਖ ਕਤਲੇਆਮ ਬਾਰੇ ਸ਼ੀਲਾ ਨੇ ਦੱਸਿਆ ਕਿ ਸੱਜਣ ਕੁਮਾਰ ਨੇ ਉੱਥੇ ਭੜਕਾਊ ਭਾਸ਼ਣ ਦਿੱਤਾ ਤੇ ਸਿੱਖਾਂ ਨੂੰ ਮਾਰਨ ਦੀਆਂ ਗੱਲਾਂ ਕੀਤੀਆਂ। ਸ਼ੀਲਾ ਦੇ ਪਰਿਵਾਰਕ ਮੈਂਬਰ ਇਸ ਦੌਰਾਨ ਮਾਰੇ ਗਏ ਸਨ।

ਸੱਜਣ ਕੁਮਾਰ ਖ਼ਿਲਾਫ਼ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਕਤਲੇਆਮ ਨਾਲ ਸਬੰਧਤ ਇੱਕ ਹੋਰ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਹ ਇਸ ਸਮੇਂ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।

# 2026 ਦੀਆਂ ਕਾਮਨਵੈਲਥ ਗੇਮਜ ਗਲਾਸਗੋ 'ਚ ਹੋਣਗੀਆਂ

## ✪ ਖੇਡਾਂ ਵਿੱਚੋਂ ਹਾਕੀ, ਕੁਸ਼ਤੀ, ਬੈਡਮਿੰਟਨ, ਕ੍ਰਿਕਟ, ਟੇਬਲ ਟੈਨਿਸ ਹਟਾਏ ਜਾਣ ਨਾਲ ਭਾਰਤ ਨੂੰ ਝਟਕਾ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਖੇਡਾਂ 2026 ਦੀ ਮੇਜ਼ਬਾਨੀ ਆਸਟ੍ਰੇਲੀਆ ਦੇ ਰਾਜ ਵਿਕਟੋਰੀਆ 'ਚ ਹੋਣ ਵਾਲੀ ਸੀ। ਪਰ ਆਸਟਰੇਲੀਆ ਨੇ ਆਰਥਿਕ ਤੰਗੀ ਕਰਕੇ ਆਪਣੇ ਹੱਥ ਖੜੇ ਕਰ ਲਏ। ਐਨ ਆਖਰੀ ਮੌਕੇ ਸਕਾਟਲੈਂਡ ਦਾ ਮਰਚੈਂਟ ਸਿਟੀ ਗਲਾਸਗੋ ਅੱਗੇ ਆਇਆ ਤੇ ਆਰਥਿਕ ਕਾਰਨਾਂ ਕਰਕੇ ਕਾਮਨਵੈਲਥ ਗੇਮਾਂ 'ਚ ਘੱਟ ਖੇਡਾਂ ਨੂੰ ਸ਼ਾਮਿਲ ਕਰਨ ਲਈ ਪਲੈਨ ਤਿਆਰ ਕੀਤਾ ਗਿਆ। ਜਿਸ ਲਈ ਕਾਮਨਵੈਲਥ ਗੇਮਜ਼ ਫੈਡਰੇਸ਼ਨ ਰਾਜੀ ਹੋ ਗਈ। ਯਾਦ ਰਹੇ ਰਾਸ਼ਟਰਮੰਡਲ ਖੇਡਾਂ ਗਲਾਸਗੋ ਵਿਖੇ 23 ਜੁਲਾਈ ਤੋਂ 2 ਅਗਸਤ 2026 ਤੱਕ ਕਰਵਾਈਆਂ ਜਾਣੀਆਂ ਹਨ। ਗਲਾਸਗੋ ਵਿਖੇ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਵਿੱਚੋਂ 10 ਖੇਡਾਂ ਨੂੰ ਹਟਾ ਦਿੱਤਾ ਗਿਆ ਹੈ। ਇਨ੍ਹਾਂ ਖੇਡਾਂ 'ਚ ਬੈਡਮਿੰਟਨ, ਕ੍ਰਿਕਟ, ਹਾਕੀ, ਟੇਬਲ ਟੈਨਿਸ, ਸਕਵੈਸ਼, ਰਗਬੀ, ਡਾਈਵਿੰਗ, ਬੀਚ ਵਾਲੀਬਾਲ, ਟਰਾਏਥਲਾਨ ਅਤੇ ਕੁਸ਼ਤੀ ਸ਼ਾਮਿਲ ਹਨ। ਬਹੁਤੀਆਂ ਹਟਾਈਆਂ ਗਈਆਂ ਖੇਡਾਂ ਵਿੱਚ ਭਾਰਤ ਨੂੰ ਤਮਗਿਆਂ ਦੀ ਉਮੀਦ ਸੀ, ਜਿਸ ਨਾਲ ਭਾਰਤ ਦੀਆਂ ਵਧੇਰੇ ਤਗ਼ਮਿਆਂ ਦੀਆਂ ਉਮੀਦਾਂ ਨੂੰ ਝਟਕਾ ਲੱਗਾ ਹੈ। ਪਿਛਲੀਆਂ ਰਾਸ਼ਟਰ ਮੰਡਲ ਖੇਡਾਂ 2022 'ਚ ਇੰਗਲੈਂਡ ਦੇ ਸ਼ਹਿਰ ਬਰਮਿੰਘਮ 'ਚ ਹੋਈਆਂ ਸਨ। ਇਹਨਾਂ ਖੇਡਾਂ ਵਿੱਚ ਭਾਰਤ ਨੇ 22 ਸੋਨੇ, 16 ਚਾਂਦੀ ਅਤੇ 23 ਕਾਂਸੀ ਦੇ ਤਗ਼ਮਿਆਂ ਸਮੇਤ 61 ਮੈਡਲ ਜਿੱਤੇ ਸਨ। ਗਲਾਸਗੋ ਕਾਮਨਵੈਲਥ ਗੇਮਜ 2026 ਲਈ ਇਨ੍ਹਾਂ ਖੇਡਾਂ 'ਚ ਅਥਲੈਟਿਕਸ ਤੇ ਪੈਰਾ ਅਥਲੈਟਿਕਸ (ਟਰੈਕ ਐਂਡ ਫੀਲਡ) ਤੈਰਾਕੀ ਤੇ ਪੈਰਾ ਤੈਰਾਕੀ, ਕਲਾਤਮਕਿ ਜਿਮਨਾਸਟਿਕ, ਟਰੈਕ ਸਾਈਕਲਿੰਗ, ਨੈਟਬਾਲ, ਵੇਟ ਲਿਫਟਿੰਗ, ਪੈਰਾ ਪਾਵਰ ਲਿਫਟਿੰਗ, ਮੁੱਕੇਬਾਜ਼ੀ , ਜੂਡੋ, ਬਾਊਲਸ ਤੇ ਪੈਰਾ ਬਾਊਲਸ, 3×3 ਬਾਸਕਟਬਾਲ ਤੇ 3×3 ਵੀਲਚੇਅਰ ਬਾਸਕਿਟਬਾਲ ਨੂੰ ਸ਼ਾਮਿਲ ਕੀਤਾ ਗਿਆ ਹੈ।

# ਪੈਰਿਸ ਵਿਚ ਧੂਮ-ਧਾਮ ਨਾਲ ਮਨਾਇਆ ਗਿਆ ਦੀਵਾਲੀ ਮੇਲਾ

ਪੈਰਿਸ (ਤੇਜਿੰਦਰ ਮਨਚੰਦਾ)-ਵਿਰਾਸਤ-ਏ-ਪੰਜਾਬ ਫਰੌਂਕੋ ਇੰਡੀਅਨ ਸੰਸਥਾ ਵੱਲੋਂ ਪੈਰਿਸ ਵਿਚ ਦੀਵਾਲੀ ਨੂੰ ਸਮਰਪਿਤ ਇਕ ਰੰਗਾਂ-ਰੰਗਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਸਾਡੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਭੰਗੜਾ ਜੋ ਪੈਰਿਸ ਦੀ ਭੰਗੜਾ ਟੀਮ ਵੱਲੋਂ ਪੂਰੇ ਜੋਸ਼ ਨਾਲ ਪਾਇਆ ਗਿਆ ਅਤੇ



ਪੂਰੇ ਹਾਲ ਵਿਚ ਮੌਜੂਦ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪੈਰਿਸ ਦੀ ਬਾਲੀਵੁੱਡ ਕੁੜੀਆਂ ਦੀ ਟੀਮ ਨੇ ਬਾਲੀਵੁੱਡ ਗਾਣਿਆਂ ਤੇ ਖੂਬ ਡਾਂਸ ਕੀਤਾ, ਪੈਰਿਸ ਵੱਸਦੇ ਸੂਫੀਗਾਇਕ ਬਿੱਟੂ ਬੰਗੜ ਨੇ ਮਰਹੂਮ ਸ਼ਾਇਰ ਰਜਿੰਦਰ ਪਰਦੇਸੀ ਦਾ ਲਿਖਿਆ ਗੀਤ 'ਕਿੱਥੇ ਗਿਆ ਪੰਜਾਬ ਓਹ ਮੇਰਾ'ਗਾ ਕੇ ਵਾਹ-ਵਾਹ ਖੱਟੀ। ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਇੰਡੀਅਨ ਅੰਬੈਸੀ ਪੈਰਿਸ ਦੇ ਸੀਨੀਅਰ ਅਧੀਕਾਰੀ, ਪ੍ਰੋਗਰਾਮ ਵਾਲੇ ਇਲਾਕੇ 'ਬੂੰਦੀ' ਦੇ ਫਰੈਂਚ ਮੇਅਰ ਅਤੇ ਫ਼ਰਾਂਸ ਵਿਚੇ ਪਹਿਲੇ ਸਿੱਖ ਜੋ 'ਬੋਬੀਨੀ' ਇਲਾਕੇ ਦੇ ਡਿਪਟੀ ਮੇਅਰ ਹਨ ਸਰਦਾਰ ਰਣਜੀਤ ਸਿੰਘ ਨੇ ਸ਼ਿਰਕਤ ਕੀਤੀ। ਇਹਨਾਂ ਸਾਰੀਆਂ ਸ਼ਖ਼ਸੀਅਤਾਂ ਦਾ ਸੰਸਥਾ ਦੇ ਮੈਂਬਰ ਅੰਜੂ ਪ੍ਰੋਬਸਟ, ਬਿੱਟੂ ਬੰਗੜ, ਕਿਰਨ, ਰੀਨਾ, ਰਿੰਪੀ, ਆਸ਼ੂ, ਜੱਸ ਪੇਲੀਆ ਨੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ,ਦੇਰ ਰਾਤ ਤੱਕ ਚੱਲੇ ਇਸ ਪ੍ਰੋਗਰਾਮ ਵਿਚ ਪੰਜਾਬੀਆਂ ਤੋਂ ਇਲਾਵਾ ਭਾਰਤ ਦੇ ਅਲੱਗ-ਅਲੱਗ ਸੂਬਿਆਂ ਦੇ ਲੋਕ ਅਤੇ ਫ਼ਰੈਂਚ ਲੋਕਾਂ ਨੇ ਵੀ ਇਸ ਪ੍ਰੋਗਰਾਮ ਦਾ ਲੁਤਫ਼ ਲਿਆ। ਪ੍ਰੋਗਰਾਮ ਵਿਚ ਸਮੋਸੇ, ਟਿੱਕੀਆਂ, ਗੋਲ-ਗੱਪੇ, ਚਾਹ ਅਤੇ ਲੰਗਰ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਸੀ।

# ਪਾਲ਼ੀ ਦੀ ਮੂਰਖਮੱਤੀ !

ਉਨ੍ਹਾਂ ਸਮਿਆਂ ਦੀ ਗੱਲ ਹੈ ਜਦ ਪਿੰਡਾਂ 'ਚੋਂ ਖੁੱਲ੍ਹੀਆਂ ਚਰਾਂਦਾਂ ਵੱਲ ਪਸ਼ੂਆਂ ਦੇ ਵੱਗ ਛੁੱਟਿਆ ਕਰਦੇ ਸਨ। ਇਕ ਜਾਂ ਦੋ ਜਣੇ ਪਾਲ਼ੀ ਸਾਰੇ ਪਿੰਡ ਦੇ ਪਸ਼ੂ, ਮੱਝਾਂ ਗਾਈਆਂ ਅਤੇ ਕੱਟੇ-ਵੱਛੇ ਦੂਰ ਦੁਰਾਡੇ ਚਰਾਉਣ ਲੈ ਜਾਂਦੇ ਜਿੱਥੇ ਪਸ਼ੂਆਂ ਲਈ ਘਾਹ ਵਗੈਰਾ ਤੋਂ ਇਲਾਵਾ ਪੀਣ ਲਈ ਪਾਣੀ ਦੇ ਟੋਭੇ ਜਾਂ ਕੋਈ ਨਦੀ ਨਾਲ਼ਾ ਵਗਦਾ ਹੁੰਦਾ ਸੀ। ਬਦਲੇ ਵਿਚ ਪਿੰਡ ਵਾਲ਼ੇ ਘਰ ਪਰਤੀ ਆਪੋ ਆਪਣੇ ਪਸ਼ੂਆਂ ਦੀ ਗਿਣਤੀ ਮੁਤਾਬਕ ਪਾਲ਼ੀ ਨੂੰ ਪੈਸੇ ਦੇ ਦਿੰਦੇ ਸਨ।




ਇਕ ਪਾਲ਼ੀ ਦੇ ਵੱਗ ਵਿਚ ਪਿੰਡ ਦੇ ਕਿਸੇ ਪ੍ਰਵਾਰ ਨੇ ਆਪਣੀ ਹੁੰਦੜ-ਹੇਲ ਵੱਛੀ ਸ਼ਾਮਲ ਕੀਤੀ ਪਰ ਨਾਲ਼ ਹੀ ਪਾਲ਼ੀ ਹਦਾਇਤ ਇਹ ਕਰ ਦਿੱਤੀ ਅਖੇ ਸਾਡੀ ਵੱਛੀ ਪਾਣੀ ਤੋਂ ਬਹੁਤ ਤ੍ਰਹਿੰਦੀ ਐ,ਇਸ ਨੂੰ ਨਦੀ ਦੇ ਨੇੜੇ ਬਿਲਕੁਲ ਨਾ ਜਾਣ ਦੇਈਂ !

ਲਉ ਜੀ ਅਨਪੜ੍ਹ ਪਾਲ਼ੀ ਨੇ ਵੱਛੀ ਬਾਰੇ ਹਦਾਇਤ ਉੱਤੇ ਸਖਤੀ ਨਾਲ਼ ਅਮਲ ਕਰਦਿਆਂ ਸਾਰਾ ਵੱਗ ਹੀ ਨਦੀ 'ਤੇ ਲਿਜਾਣਾ ਬੰਦ ਕਰ ਦਿੱਤਾ। ਸ਼ਾਮਾਂ ਨੂੰ ਘਰੋ ਘਰ ਪਹੁੰਚੇ ਹੋਏ ਤਿਹਾਏ ਪਸ਼ੂ, ਪਾਣੀ ਨੂੰ ਹਾਬੜ ਹਾਬੜ ਪੈਣ ਲੱਗੇ। ਹੈਰਾਨ ਹੋਏ ਲੋਕਾਂ ਨੇ ਜਦ ਪਾਲ਼ੀ ਨੂੰ ਇਸਦਾ ਕਾਰਨ ਪੁੱਛਿਆ ਤਾਂ ਉਹਨੇ ਪਿੰਡ ਦੇ 'ਫਲਾਣਿਆਂ' ਦੀ ਵੱਛੀ ਵਾਲ਼ੀ ਗੱਲ ਦੱਸੀ। ਪਿੰਡ ਵਾਲ਼ੇ ਕਹਿੰਦੇ ਕਿ ਓਏ ਮੂਰਖਾ, ਫਲਾਣਿਆਂ ਦੀ ਇਕ ਵੱਛੀ ਖਾਤਰ ਤੂੰ ਸਾਰਾ ਵੱਗ ਕਿਉਂ ਤਿਹਾਇਆ ਮਾਰਦਾ ਐਂ ? ਅਸੀਂ ਤਾਂ ਨੀ ਆਪਣੇ ਪਸ਼ੂ ਤੇਰੇ ਵੱਗ 'ਚ ਭੇਜਣੇ !

ਇਕ-ਦੋ ਦਿਨ ਤਾਂ ਪਿੰਡ ਵਾਲ਼ੇ ਦੇਖਦੇ ਰਹੇ ਕਿ ਸ਼ਾਇਦ ਇਹ ਵੱਛੀ ਫਲਾਣਿਆਂ ਦੇ ਘਰੇ ਬੰਨ੍ਹ ਆਵੇ ਗਾ ਪਰ ਜਦ ਅਜਿਹਾ ਨਾ ਹੋਇਆ ਤਾਂ ਸਾਰੇ ਪਿੰਡ ਨੇ ਉਹਦੇ ਮੋਹਰੇ ਪਸ਼ੂ ਛੱਡਣੇ ਬੰਦ ਕਰਤੇ !


ਮਹਾਂ ਮੂੜ੍ਹ ਤੇ ਜਿਦੀਏ ਪਾਲ਼ੀ ਕੋਲ਼ 'ਕੱਲੀ ਵੱਛੀ ਹੀ ਰਹਿ ਗਈਤ.. ਉਹਨੂੰ ਸਾਰੇ ਲੋਕ ਟਿੱਚਰਾਂ ਮਖੌਲ ਕਰਦੇ ਰਹੇ ਪਰ ਉਹ ਇੱਕੋ ਵੱਛੀ ਲੈ ਕੇ ਘੁੰਮਦਾ ਰਿਹਾ ਤੇ ਆਪਣਾ ਜਲੂਸ ਕਢਾਉਂਦਾ ਰਿਹਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268
tsdupalpuri@yahoo.com

# ਪੰਜਾਬੀ ਸੂਬੇ ਦੀ ਸਥਾਪਨਾ ’ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
9914184794



ਸਿੱਖਾਂ ਨੇ ਆਜ਼ਾਦੀ ਦੀ ਲੜਾਈ ਵਿੱਚ ਬਹੁਤ ਜੱਦੋ ਜਹਿਦ ਕੀਤੀ ਅਤੇ ਸਭ ਨਾਲੋ ਵੱਧ ਕੁਰਬਾਨੀਆਂ ਦੇ ਕੇ ਯੋਗਦਾਨ ਪਾਇਆਂ। ਸਿੱਖਾਂ ਨੇ ਪੰਡਿਤ ਨਹਿਰੂ ਤੇ ਵਿਸ਼ਵਾਸ਼ ਕਰਕੇ ਆਜ਼ਾਦੀ ਤੋਂ ਬਾਅਦ ਇਕ ਖਿੱਤੇ ਵਿੱਚ ਵੱਖਰਾ ਸੂਬਾ ਬਣਾ ਕੇ ਰਹਿਣ ਦੀ ਆਸ ਰੱਖ ਲਈ ਸੀ।

1947 ਵਿੱਚ ਦੇਸ਼ ਆਜ਼ਾਦ ਹੋ ਗਿਆ। ਦੇਸ਼ ਵਿੱਚ 1950 ਨੂੰ ਭਾਸ਼ਾ ਦੇ ਅਧਾਰ ਤੇ ਰਾਜ ਬਣਾਉਣ ਦੀ ਮੰਗ ਉੱਠੀ। ਭਾਰਤ ਸਰਕਾਰ ਨੇ 22 ਦਿਸੰਬਰ 1953 ਵਿੱਚ ਭਾਸ਼ਾ ਦੇ ਅਧਾਰ ਤੇ ਸੂਬਿਆਂ ਦੇ ਪੁਨਰ ਗਠਨ ਲਈ ਇਕ ਕਮਿਸ਼ਨ ਸਥਾਪਤ ਕੀਤਾ। ਕਮਿਸ਼ਨ ਨੇ ਲੋਕਾਂ ਤੋਂ ਦਲੀਲਾਂ ਸਹਿਤ ਸੁਝਾਉ ਮੰਗੇ।

ਸਿੱਖਾਂ ਨੇ ਆਪਣੇ ਦੇ ਵੱਖਰੇ ਪੰਜਾਬੀ ਸੂਬੇ ਦੀ ਮੰਗ ਰੱਖ ਦਿੱਤੀ। ਪੰਜਾਬ ਵਿੱਚ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ ਜਿਆਦਾ ਸੀ ਪਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪੰਜਾਬ ਵਿੱਚ ਹੀ ਸੀ। ਆਰੀਆ ਸਮਾਜ, ਪੰਜਾਬ ਕਾਗਰਸ ਅਤੇ ਜਨ ਸੰਘ ਨੇ ਹਿਮਾਚਲ ਅਤੇ ਪੈਪਸੂ ਨੂੰ ਪੰਜਾਬ ਵਿੱਚ ਮਿਲਾ ਕੇ ਮਹਾਂ ਪੰਜਾਬ ਬਣਾਉਣ ਦਾ ਸੁਝਾਅ ਦੇ ਦਿੱਤਾ।

ਕਮਿਸ਼ਨ ਨੇ ਆਪਣੀ ਰਿਪੋਰਟ ਅਕਤੂਬਰ 1955 ਵਿੱਚ ਪੇਸ਼ ਕੀਤੀ। ਕਮਿਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਠੁਕਰਾ ਕੇ ਮਹਾਂ ਪੰਜਾਬ ਬਣਾਉਣ ਲਈ ਕਿਹਾ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਡਾ.ਯਸ਼ਵੰਤ ਸਿੰਘ ਪਰਮਾਰ ਨੇ ਹਿਮਾਚਲ ਮਹਾਂ ਪੰਜਾਬ ਵਿੱਚ ਸ਼ਾਮਲ ਹੋਣ ਤੋਂ ਬਚਾ ਲਿਆ ਪਰ ਪੈਪਸੂ ਪੰਜਾਬੀ ਬੋਲਣ ਵਾਲਾ ਇਲਾਕਾ 2 ਅਕਤੂਬਰ 1956 ਨੂੰ ਪੰਜਾਬ ਵਿੱਚ ਸ਼ਾਮਲ ਕਰ ਦਿੱਤਾ।

ਪੰਜਾਬੀ ਸੂਬੇ ਦੀ ਮੰਗ ਸਿੱਖਾਂ ਦੀ ਜਾਇਜ ਅਤੇ ਸੰਵਿਧਾਨਿਕ ਮੰਗ ਸੀ ਜਦ ਇਹ ਹੱਥੋ ਨਿਕਲਦੀ ਦਿਸਣ ਲੱਗੀ ਤਾਂ ਸਿੱਖਾਂ ਨੇ ਜਲਸੇ, ਮੁਜ਼ਾਹਰੇ ਕਰਨੇ ਅਤੇ ਜਲੂਸ ਕੱਢਣੇ ਸ਼ੁਰੂ ਕਰ ਦਿੱਤੇ ਪਰ ਸਿੱਖਾਂ ਦੇ ਉਲਟ ਹਿੰਦੂ, ਮਹਾਂ ਪੰਜਾਬ ਦੀ ਮੰਗ ਤੇ ਅੜ ਗਏ।

ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਪੰਜਾਬੀ ਸੂਬੇ ਦਾ ਨਾਹਰਾ ਮਾਰਨ ਅਤੇ ਪੰਜਾਬੀ ਸੂਬੇ ਦੀ ਮੰਗ ਕਰਨ ਤੇ ਪਾਬੰਦੀ ਲਗਾ ਦਿੱਤੀ। ਸਿੱਖਾਂ ਨੇ 10 ਮਈ 1955 ਨੂੰ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਮੋਰਚਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲੇ ਜੱਥੇ ਵਿੱਚ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਪ੍ਰਿੰਸੀਪਲ ਇਕਬਾਲ ਸਿੰਘ, ਪਰਕਾਸ਼ ਸਿੰਘ ਬਾਦਲ, ਸਾਧੂ ਸਿੰਘ ਹਮਦਰਦ, ਭੁਪਿੰਦਰ ਸਿੰਘ ਮਾਨ, ਗੁਰਲਿਬਾਸ ਸਿੰਘ ਆਦਿ ਸਿੱਖ ਗ੍ਰਿਫ਼ਤਾਰ ਹੋਏ। ਲਗਭਗ ਦਸ ਹਜਾਰ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਇਹਨਾਂ ਵਿੱਚ 400 ਦੇ ਲਗਭਗ ਔਰਤਾਂ ਵੀ ਸ਼ਾਮਲ ਸਨ। ਸਿੱਖਾਂ ਦਾ ਜੋਸ਼ ਵੇਖਦਿਆਂ ਮੁੱਖ ਮੰਤਰੀ ਨੇ ਪੰਜਾਬੀ ਸੂਬੇ ਦੀ ਮੰਗ ਤੇ ਲਗਾਈ ਪਾਬੰਦੀ ਹਟਾ ਦਿੱਤੀ।

ਸਿੱਖਾਂ ਨਾਲ ਥਾਂ ਥਾਂ ਵਿਤਕਰਾ ਹੁੰਦਾ ਆਇਆ ਸਾਰੇ ਦੇਸ਼ ਵਿਚ ਭਾਸ਼ਾ ਦੇ ਅਧਾਰ ਤੇ ਪੁਨਰ ਹੱਦ ਬੰਦੀ ਹੋ ਗਈ ਇਕੱਲਾ ਪੰਜਾਬ ਹੀ ਹੱਕ ਲੈਣ ਤੋਂ ਵਾਂਝਾ ਸੀ।

4 ਅਪਰੈਲ 1946 ਨੂੰ ਪੰਡਿਤ ਨਹਿਰੂ ਨੇ ਬਿਆਨ ਦਿੱਤਾ ਸੀ ਸੂਬਿਆਂ ਦੀ ਪੁਨਰਵੰਡ ਜਰੂਰੀ ਹੈ ਮੈਂ ਅਰਧ ਖੁਦਮੁਖਤਿਆਰੀ ਦਾ ਪੱਖੀ ਹਾ ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਅਜਿਹੇ ਸੂਬੇ ਦੀ ਇਕਾਈ ਮਿਲੇ ਜਿਥੇ ਰਹਿ ਕਿ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ ਪੰਡਿਤ ਨਹਿਰੂ ਦਾ ਇਹ ਬਿਆਨ ਦੇਣ ਦਾ ਮੁੱਖ ਮਤਲਬ ਇਹ ਸੀ ਸਿੱਖ ਵੱਖਰੀ ਆਜ਼ਾਦੀ ਲੈਣ ਬਾਰੇ ਸੋਚ ਨਾ ਸਕਣ। ਜਦ ਆਜ਼ਾਦੀ ਤੋ ਬਾਅਦ ਪੰਡਿਤ ਨਹਿਰੂ ਨੂੰ ਇਹ ਗੱਲ ਯਾਦ ਕਰਵਾਈ ਗਈ ਨਹਿਰੂ ਨੇ ਕਿਹਾ ਉਹ ਸਮਾਂ ਤਾਂ ਲੰਘ ਚੁੱਕਾ ਹੈ ਮੈ ਕਿਸੇ ਕੀਮਤ ਤੇ ਪੰਜਾਬੀ ਸੂਬਾ ਨਹੀ ਬਣਨ ਦਿਆਗਾ। ਜੇਲਾਂ ਭਰ ਭਰ ਕੇ ਹੱਕ ਮੰਗਣ ਵਾਲੇ ਸਿੱਖਾਂ ਨੂੰ ਭਾਰਤ ਸਰਕਾਰ ਨੇ ਅਕਤੂਬਰ 1955 ਵਿੱਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿੱਚ ਗੱਲਬਾਤ ਕਰਨ ਲਈ ਦਿੱਲੀ ਬੁਲਾਇਆ ਇਸ ਨਾਲ ਗਿਆਨੀ ਕਰਤਾਰ ਸਿੰਘ, ਹੁਕਮ ਸਿਘ, ਭਾਈ ਯੋਧ ਸਿੰਘ, ਗਿਆਨ ਸਿੰਘ ਰਾੜੇਵਾਲਾ ਸ਼ਾਮਲ ਹੋਏ। ਬਾਵਾ ਹਰਕ੍ਰਿਸ਼ਨ ਕੇਵਲ ਪਾਰਟੀ ਦੀਆਂ ਮੀਟਿੰਗਾ ਵਿੱਚ ਹੀ ਸ਼ਾਮਲ ਹੋਇਆ। ਸਰਕਾਰ ਵਲੋ ਪੰਡਿਤ ਨਹਿਰੂ, ਮੌਲਾਨਾ ਆਜ਼ਾਦ ਅਤੇ ਪੰਡਿਤ ਪੰਤ ਸ਼ਾਮਲ ਹੋਏ। ਇਸ ਮੀਟਿੰਗ ਤੋਂ ਬਾਅਦ ਰਿਜ਼ਨਲ ਫਾਰਮੂਲਾ ਹੋਂਦ ਵਿੱਚ ਆਇਆ ਪਰ ਸਰਕਾਰ ਨੇ ਲਾਗੂ ਕਰਨ ਵਿੱਚ ਕੋਈ ਉਤਸ਼ਾਹ ਨਾ ਵਿਖਾਇਆ। ਸ਼੍ਰੋਮਣੀ ਅਕਾਲੀ ਦਲ ਨੇ 23 ਅਗਸਤ 1958 ਨੂੰ ਮਤਾ ਪਾਸ ਕਰਕੇ ਪੰਜਾਬੀ ਸੂਬੇ ਲਈ ਮੋਰਚਾ ਫਿਰ ਚਲਾ ਦਿੱਤਾ। ਇਸ ਮੋਰਚੇ ਵਿੱਚ 58000 ਹਜ਼ਾਰ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਸਰਕਾਰ ਨੇ ਪਾਰਟੀ ਵਿੱਚ ਫੁੱਟ ਪਵਾ ਕੇ 1960 ਵਿੱਚ ਮੋਰਚਾ ਖ਼ਤਮ ਕਰਵਾ ਦਿੱਤਾ।



12 ਜੂਨ 1960 ਨੂੰ ਸਿਖਾਂ ਨੇ ਦਿੱਲੀ ਵਿੱਚ ਰੋਸ ਵਜੋਂ ਜਲੂਸ ਕੱਢਣ ਦੀ ਤਰੀਖ ਰੱਖ ਦਿੱਤੀ ਪਰ ਮਾਸਟਰ ਤਾਰਾ ਸਿੰਘ ਨੂੰ 24-25 ਮਈ ਦੀ ਰਾਤ ਨੂੰ ਫੜ ਕੇ ਧਰਮਸ਼ਾਲਾ ਜ੍ਹੇਲ ਵਿੱਚ ਬੰਦ ਕਰ ਦਿੱਤਾ। 29 ਮਈ ਨੂੰ ਪ੍ਰਿੰਸੀਪਲ ਇਕਬਾਲ ਸਿੰਘ ਦੀ ਅਗਵਾਈ ਵਿੱਚ ਜਾ ਰਹੇ ਜੱਥਾ ਨੂੰ ਰਸਤੇ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ। ਦਿੱਲੀ ਵਿੱਚ 12 ਜੂਨ ਨੂੰ ਸਿੱਖਾਂ ਨੇ ਸ਼ਾਂਤਮਈ ਜਲੂਸ ਕੱਢਿਆ ਪਰ ਪੁਲੀਸ ਨੇ ਸਖਤੀ ਨਾਲ ਲਾਠੀਚਾਰਜ ਕਰਕੇ ਸੈਕੜੇ ਸਿੱਖ ਜਖ਼ਮੀ ਕਰ ਦਿੱਤੇ ਅਤੇ 10 ਸਿੱਖ ਸ਼ਹੀਦ ਹੋ ਗਏ।

29 ਅਕਤੂਬਰ 1960 ਨੂੰ ਸੰਤ ਫ਼ਤਿਹ ਸਿੰਘ ਨੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। 18 ਦਸੰਬਰ 1960 ਨੂੰ ਮਰਨ ਵਰਤ ਸ਼ੁਰੂ ਹੋ ਗਿਆ। 4 ਜਨਵਰੀ 1961 ਨੂੰ ਮਾਸਟਰ ਤਾਰਾ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। 7 ਜਨਵਰੀ ਨੂੰ ਭਾਵਨਗਰ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਾਸਟਰ ਤਾਰਾ ਸਿੰਘ ਮਿਲਣ ਚੱਲਿਆ ਗਿਆ।

ਪੰਡਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਵਿਸ਼ਵਾਸ਼ ਦਿਵਾ ਦਿੱਤਾ ਪੰਜਾਬੀ ਸੂਬਾ ਬਣਾਉਣ ਵਿੱਚ ਸਿੱਖਾਂ ਨਾਲ ਕੋਈ ਵਿਤਕਰਾ ਨਹੀ ਕੀਤਾ ਜਾਵੇਗਾ। ਮਾਸਟਰ ਤਾਰਾ ਸਿੰਘ ਨੇ ਪੰਡਤ ਨਹਿਰੂ ਤੇ ਵਿਸ਼ਵਾਸ਼ ਕਰਕੇ ਸੰਤ ਫ਼ਤਿਹ ਸਿੰਘ ਦਾ ਮਰਨ ਵਰਤ ਤੁੜਵਾ ਦਿੱਤਾ। ਬਾਅਦ ਵਿੱਚ ਪੰਡਿਤ ਨਹਿਰੂ ਫਿਰ ਮੁੱਕਰ ਗਿਆ। ਇਸ ਗੱਲ ਲਈ ਅਕਾਲੀ ਦਲ ਨੇ ਮਾਸਟਰ ਤਾਰਾ ਸਿੰਘ ਨੂੰ ਦੋਸ਼ੀ ਠਹਿਰਾਇਆ। ਸੰਤ ਫ਼ਤਿਹ ਸਿੰਘ ਤੇ ਮਾਸਟਰ ਤਾਰਾ ਸਿੰਘ ਆਪਸ ਵਿੱਚ ਤਕਰਾਰ ਦੇ ਰਾਹ ਤੁਰ ਪਏ।

ਸੰਤ ਫ਼ਤਿਹ ਸਿੰਘ ਨੇ 1962 ਵਿੱਚ ਵੱਖਰਾ ਅਕਾਲੀ ਦਲ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜੀ 90 ਸੀਟਾਂ ਸੰਤ ਫ਼ਤਿਹ ਸਿੰਘ ਨੇ ਜਿੱਤ ਲਈਆਂ ਜਦ ਕਿ ਮਾਸਟਰ ਤਾਰਾ ਸਿੰਘ ਨੂੰ 45 ਸੀਟਾਂ ਹੀ ਮਿਲ ਸਕੀਆਂ। ਇਸ ਤਰਾਂ ਸੰਤ ਫ਼ਤਿਹ ਸਿੰਘ ਅਕਾਲੀ ਦਲ ਤੇ ਕਾਬਜ਼ ਹੋ ਗਿਆ। ਮਾਸਟਰ ਤਾਰਾ ਸਿੰਘ ਅਕਾਲੀ ਦਲ ਵਿੱਚੋਂ ਖਤਮ ਹੁੰਦਾ ਗਿਆ।

ਸੰਤ ਫ਼ਤਿਹ ਸਿੰਘ ਨੇ 16 ਅਗਸਤ 1965 ਨੂੰ ਸਰਕਾਰ ਨੂੰ ਅਲਟੀ ਮੇਟਮ ਦੇ ਦਿੱਤਾ ਜੇਕਰ ਉਹ ਪੰਜਾਬੀ ਸੂਬੇ ਦੀ ਮੰਗ 10 ਸਤੰਬਰ ਤੱਕ ਨਹੀ ਮੰਨਣਗੇ ਤਾਂ ਮੈਂ ਮਰਨ ਵਰਤ ਸ਼ੁਰੂ ਕਰ ਦੇਵਾਂਗਾ।

6 ਸਤੰਬਰ 1965 ਨੂੰ ਭਾਰਤ ਦੀ ਪਾਕਿਸਤਾਨ ਨਾਲ ਜੰਗ ਛਿੜ ਗਈ। ਸ਼ਾਸ਼ਤਰੀ ਜੀ ਨੇ ਸੰਤ ਫ਼ਤਿਹ ਸਿੰਘ ਨੂੰ ਮਰਨ ਵਰਤ ਨਾਂ ਰੱਖਣ ਦੀ ਅਪੀਲ ਕਰ ਦਿੱਤੀ। ਸੰਤ ਫ਼ਤਿਹ ਸਿੰਘ ਨੇ ਅਪੀਲ ਮੰਨ ਲਈ।

ਜੰਗ ਵਿੱਚ ਸਿੱਖ ਬਹਾਦਰੀ ਨਾਲ ਲੜੇ। ਇਸ ਗੱਲ ਤੋਂ ਖੁਸ਼ ਹੋ ਕੇ ਸ਼ਾਸ਼ਤਰੀ ਜੀ ਨੇ ਜੰਗ ਬੰਦ ਹੋਣ ਤੋਂ ਬਾਅਦ ਪੰਜਾਬੀ ਸੂਬੇ ਤੇ ਵਿਚਾਰ ਕਰਨ ਲਈ ਆਪਣੇ ਤਿੰਨ ਮੰਤਰੀਆਂ ਇੰਦਰਾ ਗਾਂਧੀ, ਮਹਾਂਵੀਰ ਤਿਆਗੀ ਅਤੇ ਵਾਈ. ਵੀ. ਚਵਾਨ ਦੇ ਅਧਾਰ ਤੇ ਇਕ ਸਬ ਕਮੇਟੀ ਬਣਾ ਦਿੱਤੀ। ਲੋਕ ਸਭਾ ਦੇ ਸਪੀਕਰ ਹੁਕਮ ਸਿੰਘ ਦੀ ਅਗਵਾਈ ਹੇਠ ਸੰਸਦ ਦੇ ਬਾਈ ਮੈਂਬਰ ਜੋ ਸਾਰੀਆਂ ਪਾਰਟੀਆਂ ਨਾਲ ਸਬੰਧ ਰੱਖਦੇ ਸਨ ਉਹਨਾਂ ਦੀ ਇਕ ਕਮੇਟੀ ਬਣਾ ਦਿੱਤੀ।ਪਰ ਸਿੱਖਾਂ ਨੂੰ ਜੋ ਸ਼ਾਸ਼ਤਰੀ ਜੀ ਤੇ ਆਸਾਂ ਸਨ ਉਹਨਾਂ ਆਸਾਂ ਤੇ ਉਸ ਟਾਈਮ ਪਾਣੀ ਫਿਰ ਗਿਆ ਜਦ 11 ਜਨਵਰੀ 1966 ਨੂੰ ਸਾਸ਼ਤਰੀ ਜੀ ਦੀ ਤਾਸ਼ਕੰਦ ਵਿੱਖੇ ਮੌਤ ਹੋ ਗਈ।

19 ਜਨਵਰੀ 1966 ਨੂੰ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ। ਇੰਦਰਾ ਗਾਂਧੀ ਦੀ ਮਿਲੀ ਭੁਗਤ ਅਨੁਸਾਰ ਕੇ-ਕਾਮਰਾਜ ਦੀ ਪ੍ਰਧਾਨਗੀ ਹੇਠ ਸਰਬ ਹਿੰਦ ਕਾਗਰਸ ਨੇ 9 ਮਾਰਚ 1966 ਨੂੰ ਭਾਸ਼ਾ ਦੇ ਅਧਾਰ ਤੇ ਪੰਜਾਬੀ ਸੂਬਾ ਬਣਾਉਣ ਲਈ ਭਾਰਤ ਸਰਕਾਰ ਨੂੰ ਸ਼ਿਫਾਰਸ਼ ਕੀਤੀ। 15 ਮਾਰਚ ਨੂੰ ਹੁਕਮ ਸਿੰਘ ਕਮੇਟੀ ਨੇ ਵੀ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਰਿਪੋਰਟ ਵਿੱਚ ਲਿਖਿਆ ਗਿਆ ਪੰਜਾਬੀ ਭਾਸ਼ਾ ਦੇ ਅਧਾਰ ਤੇ ਪੰਜਾਬੀ ਸੂਬਾ ਬਣਾਇਆ ਜਾਵੇ। ਹਿੰਦੀ ਭਾਸ਼ਾ ਦੇ ਅਧਾਰ ਤੇ ਨਵਾਂ ਸੂਬਾ ਹਰਿਆਣਾ ਬਣਾਇਆ ਜਾਵੇ। ਕਾਗੜਾ, ਕੁਲੂ ਸ਼ਿਮਲਾ ਇਹ ਪਹਾੜੀ ਇਲਾਕਿਆਂ ਨੂੰ ਹਿਮਾਚਲ ਪ੍ਰਦੇਸ਼ ਵਿੱਚ ਮਿਲਾਇਆ ਜਾਵੇ। ਕੇਂਦਰੀ ਗ੍ਰਹਿ ਮੰਤਰੀ ਗੁਲਜਾਰੀ ਲਾਲ ਨੰਦਾ ਨੇ 23 ਅਪਰੈਲ ਨੂੰ ਜਸਟਿਸ ਸ਼ਾਹ,ਐਸ ਦੱਤ,ਐਮ ਐਸ ਫਿਲਪਸ ਦੇ ਅਧਾਰਿਤ ਇਕ ਕਮਿਸ਼ਨ ਬਣਾ ਦਿੱਤਾ ਜਿਸ ਨੇ 1961 ਦੀ ਮਰਦਮ ਸ਼ੁਮਾਰੀ ਨੂੰ ਮੁੱਖ ਰੱਖ ਕੇ ਇਕ ਤਹਿਸੀਲ ਨੂੰ ਇਕ ਯੂਨਿਟ ਮੰਨ ਕੇ ਹੱਦ ਬੰਦੀ ਬਣਾਉਣ ਲਈ ਕਿਹਾ। ਭਾਰਤ ਸਰਕਾਰ ਨੇ 10 ਅਗਸਤ ਨੂੰ ਪੰਜਾਬ ਪੁਨਰਗਠਨ ਬਿਲ ਪਾਸ ਕੀਤਾ। 15 ਅਗਸਤ 1966 ਨੂੰ ਰੀਆਰਗਨਾਇਜੇਸ਼ਨ ਵਲੋਂ ਐਕਟ ਪਾਸ ਹੋਇਆ। ਪੰਡਤ ਨਹਿਰੂ ਦੇ ਸਿੱਖਾਂ ਨੂੰ ਵੱਖਰੀ ਖਿੱਤਾ ਵਿਚ ਆਜ਼ਾਦੀ ਦਾ ਨਿਘ ਮਾਨਣ ਵਾਲੇ ਲਾਏ ਲਾਰੇ ਵਿਚ ਅਜ਼ਾਦੀ ਮਿਲਣ ਸਮੇਂ ਪਹਿਲੇ ਝਟਕੇ ਅੱਧਾ ਪੰਜਾਬ (ਢਾਈ ਦਰਿਆ) ਵੱਡ ਕੇ ਪਾਕਿਸਤਾਨ ਨੂੰ ਦੇ ਦਿੱਤੇ। ਆਜ਼ਾਦੀ ਤੋਂ ਬਾਅਦ ਲੰਮਾਂ ਸਮਾਂ ਸਿੱਖ ਆਪਣੇ ਖਿੱਤੇ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੇ, ਪਰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਕੋਰੀ ਨਾਹ ਮਿਲਦੀ ਰਹੀ ਅਖੀਰ 1 ਨੰਵਬਰ 1966 ਨੂੰ ਅੱਖਾਂ ਤੋਂ ਅੱਥਰੂ ਪੂੰਝਣ ਦਾ ਕੰਮ ਕਰਦਿਆ ਜਿਸ ਤਰਾਂ ਜੁਵਾਕ ਹੱਥ ਛੁਣ ਛਣਾ ਫੜਾ ਦੇਈਦਾ ਹੈ ਕੱਟ ਵੱਡ ਕੀਤਾ ਹੋਇਆ ਬੇ- ਇਨਸਾਫ਼ੀ ਵਾਲਾ ਪੰਜਾਬੀ ਸੂਬਾ ਹੋਂਦ ਵਿੱਚ ਆਇਆ। ਇਸ ਵਿਚੋਂ ਹਰਿਆਣਾ ਬਣਾ ਦਿੱਤਾ ਗਿਆ ਹਰਿਆਣੇ ਵਿੱਚ ਬਹੁਤ ਸਾਰਾ ਪੰਜਾਬੀ ਬੋਲਦਾ ਇਲਾਕਾ ਚਲਿਆ ਗਿਆ। ਪਹਾੜੀ ਇਲਾਕਾ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਲ ਕਰ ਦਿੱਤਾ ਗਿਆ। ਚੰਡੀਗੜ੍ਹ ਨੂੰ ਸ਼ਾਸਤ ਪ੍ਰਦੇਸ਼ ਬਣਾ ਦਿੱਤਾ। ਪੰਜਾਬ ਦੇ ਬਹੁਤ ਸਾਰੇ ਸਬੰਧ ਹਰਿਆਣਾ ਸਟੇਟ ਨਾਲ ਸਾਂਝੇ ਕਰ ਦਿੱਤੇ।

ਦੋਵਾਂ ਰਾਜਾਂ ਦੀ ਰਾਜਧਾਨੀ ਤੇ ਸਾਂਝਾ ਹਾਈਕੋਰਟ ਚੰਡੀਗੜ੍ਹ ਨੂੰ ਬਣਾ ਦਿੱਤਾ। ਰਾਜ ਬਿਜਲੀ ਬੋਰਡ, ਰਾਜ ਹਾਉਸਿੰਗ ਕਾਰਪੋਰੇਸ਼ਨ, ਹੋਰ ਜਿੰਨੀਆਂ ਵੀ ਕਾਰਪੋਰੇਸ਼ਨਾਂ ਸਨ ਕਿਹਾ ਕੇ ਸਾਂਝੇ ਤੌਰ ਤੇ ਕੰਮ ਕਰਨਗੀਆਂ। ਭਾਖੜਾ ਮਨੇਜਮਿੰਟ ਬੋਰਡ ਹੋਰ ਜਿੰਨੇ ਵੀ ਪ੍ਰਾਜੈਕਟ ਸਨ ਜਿਵੇਂ ਨੰਗਲ ਡੈਮ, ਰੋਪੜ, ਹਰੀਕੇ ਸਤਲੁਜ ਬਿਆਸ ਲਿੰਕ ਪ੍ਰਜੈਕਟ ਆਦਿ ਸਭ ਕੇਂਦਰ ਸਰਕਾਰ ਨੇ ਆਪਣੇ ਹੱਥ ਵਿੱਚ ਲੈ ਲਏ ਇਸ ਤਰਾਂ ਕਰਨ ਨਾਲ ਬਿਜਲੀ ਪਾਣੀ ਦਾ ਕੰਟਰੋਲ ਨਵੇਂ ਬਣੇ ਪੰਜਾਬੀ ਸੂਬੇ ਤੋਂ ਖੋਹ ਲਿਆ।

# ਦਿਵਾਲੀ, ਪਟਾਕੇ ਅਤੇ ਸਥਾਨਕ ਅਫਸਰ ਸ਼ਾਹੀ




**ਰਵਿੰਦਰ ਸਿੰਘ ਸੋਢੀ**
001-604-369-2371
ਰਿਚਮੰਡ, ਕੈਨੇਡਾ



ਇਸ ਵਿਚ ਕੋਈ ਸ਼ਕ ਨਹੀਂ ਦਿਵਾਲੀ ਸਾਡੇ ਦੇਸ਼ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਅਤੇ ਸਾਰੇ ਭਾਰਤ ਵਿਚ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪਟਾਕੇ, ਮਠਿਆਈਆਂ, ਦੀਵੇ, ਮੋਮਬੱਤੀਆਂ, ਲਾਈਟਾਂ ਦੀਆਂ ਲੜੀਆਂ, ਜੂਆ, ਇਕ ਦੂਜੇ ਨੂੰ ਤੋਹਫ਼ਿਆਂ ਦੇ ਲੈਣ-ਦੇਣ ਤੋਂ ਲੈ ਕੇ ਰਿਸ਼ਵਤ ਦੇ ਰੂਪ ਵਿਚ ਦਿੰਦੇ ਜਾਂਦੇ ਵੱਡੇ-ਵੱਡੇ ਤੋਹਫ਼ਿਆਂ ਦਾ ਚਲਣ ਵੀ ਇਸ ਤਿਉਹਾਰ ਨਾਲ ਜੁੜਿਆ ਹੋਇਆ ਹੈ।

ਉਪਰੋਕਤ ਵਿਚੋਂ ਪਟਾਕੇ ਅਤੇ ਮਠਿਆਈਆਂ ਦੋ ਅਜਿਹੇ ਪਹਿਲੂ ਹਨ ਜਿੰਨਾਂ ਨੇ ਇਸ ਤਿਉਹਾਰ ਦੀ ਰੌਣਕ ਵਧਾਉਣ ਦੇ ਨਾਲ-ਨਾਲ ਇਸ ਪਵਿੱਤਰ ਤਿਉਹਾਰ ਦੀ ਪਵਿੱਤਰਤਾ ਨੂੰ ਸੱਟ ਮਾਰੀ ਅਤੇ ਜਾਨੀ ਤੇ ਮਾਲੀ ਨੁਕਸਾਨ ਵੀ ਕੀਤਾ ਹੈ। ਅਜੋਕੇ ਸਮੇਂ ਵਿੱਚ ਮਠਿਆਈਆਂ ਵਿਚ ਹੁੰਦੀ ਮਿਲਾਵਟ ਆਮ ਜਨਤਾ ਦੀ ਸਿਹਤ ਨਾਲ ਖਿਲਵਾੜ ਕਰਕੇ ਕਈ ਜਾਣ ਲੇਵਾ ਬਿਮਾਰੀਆਂ ਦੇ ਲੜ ਲਾਉਂਦੀ ਹੈ। ਇਹ ਹਰ ਕੋਈ ਜਾਣਦਾ ਹੈ ਕਿ ਦਿਵਾਲੀ ਦੇ ਦਿਨਾਂ ਵਿਚ ਵਿਕਣ ਵਾਲੀ ਮਠਿਆਈ ਕਈ ਮਹੀਨੇ ਪਹਿਲਾਂ ਤਿਆਰ ਹੋਣੀ ਸ਼ੁਰੂ ਹੋ ਜਾਂਦੀ ਹੈ, ਉਹ ਵੀ ਗੰਦਗੀ ਭਰੇ ਮਾਹੌਲ ਵਿਚ, ਜਿਥੇ ਮੱਖੀਆਂ, ਮੱਛਰਾਂ, ਛਿਪਕਲੀਆਂ, ਕਾਕਰੋਜ, ਚੂਹਿਆਂ ਆਦਿ ਦੀ ਭਰਮਾਰ ਹੁੰਦੀ ਹੈ। ਸਰਕਾਰ ਨੇ ਇਹਨਾਂ ਤੇ ਨਜ਼ਰ ਰੱਖਣ ਲਈ ਕਰਮਚਾਰੀ ਤਾਇਨਾਤ ਕੀਤੇ ਹੋਏ ਹਨ, ਪਰ ਕੀ ਉਹ ਆਪਣਾ ਫਰਜ਼ ਨਿਭਾ ਰਹੇ ਹਨ ਜਾਂ ਆਪਣੀਆਂ ਜੇਬਾਂ ਭਰ ਰਹੇ ਹਨ, ਇਸ ਬਾਰੇ ਹਰ ਕੋਈ ਭਲੀ-ਭਾਂਤ ਜਾਣਦਾ ਹੈ। ਨਹੀਂ ਪਤਾ ਤਾਂ ਸਰਕਾਰ ਜਾਂ ਹਰ ਸ਼ਹਿਰ, ਤਹਿਸੀਲ ਦੀ ਅਫਸਰ ਸ਼ਾਹੀ ਨੂੰ ਹੀ ਨਹੀਂ ਪਤਾ ਕਿਉਂ ਜੋ ਉਹ ਕੁਰਸੀ ਦੇ ਨਸ਼ੇ ਵਿਚ ਚੂਰ ਮਸਤ ਹੋ ਚੁੱਕੇ ਹਨ ਜਾਂ ਉਹਨਾਂ ਨੇ ਵੀ ਇਹਨਾਂ ਦਿਨਾਂ ਵਿਚ 'ਵਹਿੰਦੀ ਗੰਗਾ ਵਿਚ ਹੱਥ ਧੋਣੇ' ਹੁੰਦੇ ਹਨ।

ਹੁਣ ਗੱਲ ਕਰੀਏ ਪਟਾਕਿਆਂ ਦੀ। ਹਰ ਸਾਲ ਹੀ ਦਿਵਾਲੀ ਤੋਂ ਦੂਜੇ ਦਿਨ ਦੇ ਅਖ਼ਬਾਰਾਂ ਵਿਚ ਇਹੋ ਜਿਹੀਆਂ ਖ਼ਬਰਾਂ ਦੀ ਭਰਮਾਰ ਹੁੰਦੀ ਹੈ ਕਿ ਪਟਾਕਿਆਂ ਕਰਕੇ ਕਿੱਥੇ-ਕਿੱਥੇ ਅੱਗ ਲੱਗਣ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਤਕਰੀਬਨ ਦੋ ਕੁ ਦਹਾਕੇ ਪਹਿਲਾਂ ਦੀ ਗੱਲ ਹੈ ਕਿ ਪੰਜਾਬ ਦੇ ਇਕ ਰਿਆਸਤੀ ਸ਼ਹਿਰ ਵਿਚ ਆਤਿਸ਼ਬਾਜ਼ੀ ਕਰਕੇ ਕਈ ਦੁਕਾਨਾਂ ਅੱਗ ਦੀ ਭੇਟ ਚੜ੍ਹ ਗਈਆਂ ਸੀ ਅਤੇ ਕਈ ਜਾਨਾ ਵੀ ਗਈਆਂ ਸਨ। ਅਜਿਹੀਆਂ ਦੁਰਘਟਨਾਵਾਂ ਤਕਰੀਬਨ ਹਰ ਸਾਲ ਹੀ ਵਾਪਰਦੀਆਂ ਹਨ। ਦੋ-ਚਾਰ ਘੰਟੇ ਦੀ ਮੌਜ ਮਸਤੀ ਕਈ ਘਰਾਂ ਦੇ ਚਿਰਾਗ ਹਮੇਸ਼ਾ ਲਈ ਬੁਝਾ ਦਿੰਦੀ ਹੈ ਜਿਸ ਕਰਕੇ ਉਹਨਾਂ ਪਰਿਵਾਰਾਂ ਦੀ ਦਿਵਾਲੀ ਸਾਰੀ ਉਮਰ ਲਈ ਹੀ ਕਾਲੀ ਦੀਵਾਲੀ ਦਾ ਰੂਪ ਅਖਤਿਆਰ ਕਰ ਲੈਂਦੀ ਹੈ।

ਸਮੁੱਚੇ ਦੇਸ਼ ਵਿਚ ਹੀ ਸਥਾਨਕ ਅਫਸਰ ਸ਼ਾਹੀ ਸਰਕਾਰ ਤੋਂ ਮਿਲੀਆਂ ਦਿਖਾਵੇ ਦੀਆਂ ਹਿਦਾਇਤਾਂ ਅਨੁਸਾਰ ਕਾਗਜ਼ੀ ਕਾਰਵਾਈ ਪੂਰੀ ਕਰਨ ਲਈ ਹੇਠਲੇ ਅਫਸਰਾਂ ਨੂੰ ਤਾੜਨਾ ਕਰਦੀ ਹੈ ਕਿ ਪਟਾਕੇ ਤੰਗ ਗਲੀਆਂ, ਬਜ਼ਾਰਾਂ ਵਿਚ ਨਹੀਂ ਵਿਕਣੇ ਚਾਹੀਦੇ, ਜਿਹੜੇ ਦੁਕਾਨਦਾਰਾਂ ਕੋਲ ਪਟਾਕੇ ਵੇਚਣ ਦਾ ਲਾਇਸੰਸ ਹੈ, ਉਹੀ ਪਟਾਕੇ ਵੇਚ ਸਕਦੇ ਹਨ, ਬਾਕੀਆਂ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਹ ਕਾਨੂੰਨੀ ਕਾਰਵਾਈ ਕੀ ਹੁੰਦੀ ਹੈ? ਇਸਦਾ ਅਜੇ ਤੱਕ ਪਤਾ ਨਹੀਂ ਲੱਗਿਆ। ਹਰ ਛੋਟੇ-ਵੱਡੇ ਸ਼ਹਿਰ ਦੀਆਂ ਦੁਕਾਨਾਂ ਦੇ ਅੱਗੇ ਮੰਜੇ ਜਾਂ ਫੱਟੇ ਲਾ ਕੇ ਪਟਾਕੇ ਧੜੱਲੇ ਨਾਲ ਵਿਕਦੇ ਹਨ। ਪਤਾ ਨਹੀਂ ਡੀ. ਸੀ, ਐਸ. ਡੀ. ਐਮ, ਪੁਲਿਸ ਮਹਿਕਮੇ ਦੇ ਉੱਪਰ ਤੋਂ ਲੈ ਕੇ ਹੇਠਲੇ ਪੱਧਰ ਦੇ ਕਰਮਚਾਰੀ ਕਿਹੜੇ ਭੋਰੇ ਵਿਚ ਬੈਠੇ ਸਰਕਾਰੀ ਹੁਕਮਾਂ ਦੀ ਤਾਮੀਲ ਕਰ ਰਹੇ ਹੁੰਦੇ ਹਨ ਜਾਂ ਲਛਮੀ ਦੇਵੀ ਵੱਲੋਂ ਬਰਸਾਏ ਨੋਟਾਂ ਦੇ ਝਲਕਾਰੇ ਲੈ ਰਹੇ ਹੁੰਦੇ ਹਨ?

ਇਹ ਨਹੀਂ ਕਿਹਾ ਜਾ ਸਕਦਾ ਕਿ ਦਿਵਾਲੀ ਵਾਲੇ ਦਿਨਾਂ ਵਿਚ ਪਟਾਕੇ ਨਾ ਚਲਾਓ, ਪਰ ਹਰ ਚੀਜ਼ ਇਕ ਹੱਦ ਵਿਚ ਹੀ ਚੰਗੀ ਲੱਗਦੀ ਹੈ। ਖੁਸ਼ੀ ਮਨਾਉਣ ਦਾ ਵੀ ਢੰਗ ਹੁੰਦਾ ਹੈ। ਖੁਸ਼ੀ ਵੇਲੇ ਘਰ ਫੂਕ ਤਮਾਸ਼ਾ ਤਾਂ ਨਹੀਂ ਦੇਖਿਆ ਜਾ ਸਕਦਾ।

ਹੁਣ ਤਾਂ ਵਿਦੇਸ਼ਾਂ ਵਿਚ ਵੀ ਭਾਰਤੀਆਂ ਨੇ ਪਟਾਕਿਆਂ ਦੇ ਨਾਂ ਤੇ ਗੰਦ ਪਾਉਣਾ ਸ਼ੁਰੂ (ਮੁਆਫ਼ੀ ਸਹਿਤ) ਕਰ ਦਿੱਤਾ ਹੈ। ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਦੇ ਕੁਝ ਸ਼ਹਿਰਾਂ ਵਿਚ ਪੁਲਿਸ ਵੱਲੋਂ ਨਿਰਧਾਰਤ ਸਮੇਂ ਤੋਂ ਬਾਅਦ ਵੀ ਪਟਾਕੇ ਚਲਾਏ ਗਏ, ਪੁਲਿਸ ਵੱਲੋਂ ਰੋਕਣ ਤੇ ਉਹਨਾਂ ਨਾਲ ਬੋਲ ਬੁਲਾਰਾ ਕੀਤਾ ਗਿਆ। ਇਸਦਾ ਨਤੀਜਾ ਕੀ ਨਿਕਲਿਆ? ਕਈ ਵਿਦਿਆਰਥੀਆਂ ਨੂੰ ਡਿਪੋਰਟ ਕੀਤਾ ਗਿਆ। ਦੇਸ਼ ਦੀ ਜੋ ਬਦਨਾਮੀ ਹੋਈ ਉਹ ਵੱਖ। ਇਥੇ ਇਹ ਲਿਖਣ ਵਿਚ ਕੋਈ ਹਰਜ ਨਹੀਂ ਇਹਨਾਂ ਵਿਚੋਂ ਬਹੁਤੇ ਵਿਦਿਆਰਥੀ ਪੰਜਾਬ ਨਾਲ ਸਬੰਧਿਤ ਸਨ।

ਪਟਾਕਿਆਂ ਦੀ ਸਮੱਸਿਆ ਨਾਲ ਨਜਿੱਠਣਾ ਬਹੁਤਾ ਮੁਸ਼ਕਿਲ ਨਹੀਂ, ਸਰਕਾਰ ਇਹ ਕੰਮ ਅਸਾਨੀ ਨਾਲ ਕਰ ਸਕਦੀ ਹੈ। ਹਰ ਸ਼ਹਿਰ ਨੂੰ ਵੱਖ-ਵੱਖ ਹਲਕਿਆਂ ਵਿਚ ਵੰਡਿਆ ਜਾਵੇ। ਹਰ ਹਲਕੇ ਦੇ ਦੁਕਾਨਦਾਰ ਜੋ ਵੀ ਪਟਾਕੇ ਵੇਚ ਰਹੇ ਹਨ, ਉਹਨਾਂ ਦੀ ਵੀਡੀਓ ਗ੍ਰਾਫੀ ਕਰਵਾਈ ਜਾਵੇ ਅਤੇ ਉਹਨਾਂ ਨੂੰ ਕਿਹਾ ਜਾਵੇ ਕਿ ਉਹ ਆਪਣੇ ਲਾਇਸੈਂਸ ਦੁਕਾਨ ਦੇ ਬਾਹਰ ਲਾ ਕੇ ਰੱਖਣ। ਵੀਡੀਓ ਗ੍ਰਾਫੀ ਕਰਦੇ ਵੇਲੇ ਦੁਕਾਨਦਾਰ ਦੇ ਲਾਇਸੰਸ ਦੀ ਸਾਫ ਫ਼ੋਟੋ ਲੈਣ ਦੀ ਹਦਾਇਤ ਕੀਤੀ ਜਾਵੇ ਤਾਂ ਜੋ ਲਾਇਸੰਸ ਨੰਬਰ ਸਾਫ-ਸਾਫ ਦਿੱਖੇ। ਉਸ ਤੋਂ ਬਾਅਦ ਲਾਇਸੰਸ ਜਾਰੀ ਕਰਨ ਵਾਲੇ ਦਫਤਰ ਤੋਂ ਰਿਕਾਰਡ ਮੰਗਿਆ ਜਾਵੇ ਕਿ ਕਿਸੇ ਹਲਕੇ ਵਿਚ ਕਿੰਨੇ ਦੁਕਾਨਦਾਰਾਂ ਨੂੰ ਪਟਾਕੇ ਵੇਚਣ ਦੀ ਮਨਜ਼ੂਰੀ ਦਿੱਤੀ ਗਈ ਸੀ। ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਤਕਰੀਬਨ ਸਾਰੇ ਮਹਿਕਮਿਆਂ ਵਿਚ ਹੀ ਉੱਪਰ ਤੋਂ ਲੈ ਕੇ ਹੇਠਾਂ ਤੱਕ ਰਿਸ਼ਵਤ ਦੀ ਬਿਮਾਰੀ ਇਕ ਮਹਾਂ-ਮਾਰੀ ਦੇ ਰੂਪ ਵਿਚ ਫੈਲੀ ਹੋਈ ਹੈ ਅਤੇ ਸੰਬੰਧਿਤ ਕਰਮਚਾਰੀ ਆਪਣੇ ਚਾਹ-ਪਾਣੀ ਦਾ ਜੁਗਾੜ ਬਣਾ ਹੀ ਲੈਂਦੇ ਹਨ, ਪਰ ਸਖ਼ਤਾਈ ਕਰਨ ਨਾਲ ਕੁਝ ਅਸਰ ਪਵੇਗਾ ਜਰੂਰ। ਬਿਨਾਂ ਮਨਜ਼ੂਰੀ ਪਟਾਕੇ ਵੇਚਣ ਵਾਲਿਆਂ ਨੂੰ ਭਾਰੀ ਜੁਰਮਾਨੇ ਕੀਤੇ ਜਾਣ। ਇਸ ਸਖ਼ਤੀ ਨਾਲ ਹਰ ਸਾਲ ਹੋਣ ਵਾਲੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਕਾਫੀ ਹੱਦ ਤੱਕ ਰਾਹਤ ਮਿਲ ਸਕਦੀ ਹੈ ਅਤੇ ਪੰਜ-ਸੱਤ ਸਾਲਾਂ ਵਿਚ ਹਾਲਾਤ ਕਾਫੀ ਹੱਦ ਤੱਕ ਸੁਧਰ ਸਕਦੇ ਹਨ।

ਦੇਸ਼ ਦੀ ਸੁਪਰੀਮ ਕੋਰਟ ਨੇ ਵੀ ਪਟਾਕਿਆਂ ਸੰਬੰਧੀ ਹਦਾਇਤਾਂ ਦਿੱਤੀਆਂ ਹੋਈਆਂ ਹਨ। ਜਿਹੜੇ ਸਥਾਨਕ ਉੱਚ ਅਧਿਕਾਰੀ ਇਸ ਕੰਮ ਵਿਚ ਸਹਾਇਤਾ ਨਹੀਂ ਕਰਦੇ ਉਹ ਭਾਵੇਂ ਡੀ ਸੀ ਹੋਣ, ਐਸ ਡੀ ਐਮ ਜਾਂ ਪੁਲਿਸ ਅਫਸਰ ਸਭ ਤੇ ਕਾਰਵਾਈ ਹੋਣੀ ਚਾਹੀਦੀ ਹੈ, ਤਾਂ ਹੀ 'ਹਰੀ ਦਿਵਾਲੀ' ਦਾ ਨਾਹਰਾ ਅਮਲ ਵਿਚ ਆ ਸਕਦਾ ਹੈ, ਨਹੀਂ ਤਾਂ ਦਿਵਾਲੀ ਦੇ ਦਿਨਾਂ ਵਿਚ ਆਏ ਸਾਲ ਅੱਗਾਂ ਲੱਗਦੀਆਂ ਰਹਿਣਗੀਆਂ ਅਤੇ ਜਾਨੀ-ਮਾਲੀ ਨੁਕਸਾਨ ਹੁੰਦਾ ਰਹੇਗਾ। ਫੋਕੀਆਂ ਗੱਲਾਂ ਨਾਲ ਹਾਲਾਤ ਨਹੀਂ ਸੁਧਰਨੇ। ਸੰਬੰਧਿਤ ਅਫਸਰ ਸ਼ਾਹੀ ਨੂੰ ਜੁਆਬ ਦੇਹ ਬਣਾਉਣਾ ਸਮੇਂ ਦੀ ਲੋੜ ਹੈ।

## ਪੈਨਸਿਲਵਾਨੀਆ ਰਾਜ ਵਿਚ ਦਿਵਾਲੀ ਦੀ ਹੋਵੇਗੀ ਛੁੱਟੀ, ਗਵਰਨਰ ਵੱਲੋਂ ਬਿੱਲ 'ਤੇ ਦਸਤਖਤ




*ਗਵਰਨਰ ਬਿੱਲ ਉਪਰ ਦਸਤਖਤ ਕਰਦੇ ਹੋਏ*

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਦਿਵਾਲੀ ਵਾਲੇ ਦਿਨ ਸਰਕਾਰੀ ਛੁੱਟੀ ਰਹੇਗੀ। ਇਸ ਸਬੰਧੀ ਬਿੱਲ ਉਪਰ ਗਵਰਨਰ ਜੋਸ਼ ਸ਼ਪੀਰੋ ਨੇ ਸਹੀ ਪਾਈ। ਇਸ ਮੌਕੇ ਗਵਰਨਰ ਨੇ ਕਿਹਾ ਕਿ ਇਸ ਬਿੱਲ ਨੂੰ ਕਨੂੰਨ ਵਿਚ ਬਦਲਕੇ ਅਸੀਂ ਨਾ ਕੇਵਲ ਦਿਵਾਲੀ ਦੀ ਮਹੱਤਤਾ ਨੂੰ ਮਾਨਤਾ ਦਿੱਤੀ ਹੈ ਬਲਕਿ ਅਮੀਰ ਸਭਿਆਚਾਰ ਵਿਰਾਸਤ ਤੇ ਏਸ਼ੀਆਈ ਅਮਰੀਕੀ ਭਾਈਚਾਰੇ ਵੱਲੋਂ ਪੈਨਸਿਲਵਾਨੀਆ ਵਿਚ ਪਾਏ ਯੋਗਦਾਨ ਨੂੰ ਵੀ ਪ੍ਰਵਾਨ ਕੀਤਾ ਹੈ। ਉਨਾਂ ਕਿਹਾ ਕਿ ਦਿਵਾਲੀ ਦਾ ਤਿਓਹਾਰ ਹਨੇਰੇ ਉਪਰ ਰੋਸ਼ਨੀ, ਅਗਿਆਨਤਾ ਉਪਰ ਗਿਆਨ ਤੇ ਨਿਰਾਸ਼ਾ ਉਪਰ ਆਸ ਦੀ ਜਿੱਤ ਦਾ ਪ੍ਰਤੀਕ ਹੈ। ਗਵਰਨਰ ਨੇ ਹੋਰ ਕਿਹਾ ਕਿ ਪੈਨਸਿਲਵਾਨੀਆ ਆਪਣੀ ਭਿੰਨਤਾ ਕਾਰਨ ਮਜ਼ਬੂਤ ਹੈ ਤੇ ਦਿਵਾਲੀ ਦੀ ਸਰਕਾਰੀ ਛੁੱਟੀ ਇਸ ਮਜ਼ਬੂਤੀ, ਸਨਮਾਨ ਤੇ ਏਕਤਾ ਦਾ ਪ੍ਰਤੀਕ ਹੈ ਜਿਸ ਦਾ ਆਨੰਦ ਅਸੀਂ ਇਸ ਰਾਜ ਵਿਚ ਮਾਣ ਰਹੇ ਹਾਂ। ਉਨਾਂ ਕਿਹਾ ਕਿ ਅੱਜ ਅਸੀਂ ਇਕ ਵਾਰ ਫਿਰ ਰਵਾਇਤਾਂ ਤੇ ਸਭਿਆਚਾਰ ਪ੍ਰਤੀ ਆਪਣੇ ਸੰਕਲਪ ਉਪਰ ਮੋਹਰ ਲਾਈ ਹੈ ਜਿਸ ਸਦਕਾ ਸਾਡਾ ਰਾਜ ਸ਼ਕਤੀਸ਼ਾਲੀ ਤੇ ਗਤੀਸ਼ੀਲ ਹੈ।

# ਬਚਾਅ-ਜਾਂਚ 'ਤੇ ਇਲਾਜ਼ ਜਰੂਰੀ ਹੈ-ਛਾਤੀ ਦੇ ਕੈਂਸਰ 'ਚ

**ANIL DHEER**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)






"ਅਕਤੂਬਰ 2024 ਦਾ ਮਹੀਨਾ ਛਾਤੀ ਦੇ ਕੈਂਸਰ ਬਾਰੇ ਜਾਗਰੂਕਤਾ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਅਮੈਰੀਕਨ ਕੈਂਸਰ ਸੰਸਥਾ ਮੁਤਾਬਿਕ, ਛਾਤੀ ਦੇ ਸਾਰੇ ਜਾਂ ਕੁੱਝ ਹਿੱਸੇ ਦੀ ਸੋਜ, ਦਰਦ, ਨਿੱਪਲ ਦਾ ਦਰਦ ਜਾਂ ਨਿੱਪਲ ਦਾ ਅੰਦਰ ਵੱਲ ਮੁੜਨਾ, ਉਸ ਹਿੱਸੇ ਦੀ ਲਾਲ ਰਹਿਣਾ, ਖੁਜਲੀ, ਜਲਨ, ਡਿੰਪਲਿੰਗ, ਜਾਂ ਚਮੜੀ ਮੋਟੀ ਮਹਿਸੂਸ ਹੋਣਾ, ਕਈ ਬਾਰ ਇਸ ਕੈਂਸਰ ਦਾ ਲੱਛਣ ਬਣ ਸਕਦੇ ਹਨ"-

ਹੈਲਥ ਮੀਡੀਆ ਕੈਨੇਡਾ : ਸਾਲ 2024 ਛਾਤੀ ਦੇ ਕੈਂਸਰ ਜਾਗਰੂਕਤਾ ਮਹੀਨੇ ਦਾ ਥੀਮ ਹੈ ਜਾਗਰੂਕਤਾ ਦੌਰਾਨ ਅਜੁਕੇਸ਼ਨ, ਪਰਿਵਾਰ, ਦੋਸਤ-ਮਿੱਤਰਾਂ ਦੁਆਰਾ ਮਾਨਸਿਕ ਤੌਰ 'ਤੇ ਉਤਸ਼ਾਹਿਤ ਕਰਨਾ, ਮੈਮੋਗ੍ਰਾਮ ਕਰਵਾ ਕੇ ਸਕ੍ਰੀਨਿੰਗ ਅਤੇ ਕੈਂਸਰ ਦਾ ਜਲਦੀ ਪਤਾ ਲਗਾਉਣ ਵਿਚ ਸ਼ਾਮਿਲ ਹੈ। ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਛਾਤੀ ਦੇ ਕੈਂਸਰ ਦੀ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਦੇ ਕੰਮ ਦਾ ਸਮਰਥਨ ਕਰਨਾ ਵੀ ਹੈ। ਅਕਤੂਬਰ 2023 ਬ੍ਰੇਸਟ ਕੈਂਸਰ ਜਾਗਰੂਕਤਾ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਛਾਤੀ ਦਾ ਕੈਂਸਰ ਮਰਦ 'ਤੇ ਔਰਤਾਂ ਵਿਚ ਛਾਤੀ ਦੇ ਸੈੱਲਾਂ ਅੰਦਰ ਹੋਣ ਵਾਲਾ ਕੈਂਸਰ ਜ਼ਿਆਦਾ ਔਰਤਾਂ 'ਚ ਦੇਖਿਆ ਜਾ ਰਿਹਾ ਹੈ। ਔਰਤਾਂ ਚਮੜੀ ਦੇ ਕੈਂਸਰ ਤੋਂ ਬਾਅਦ ਛਾਤੀ ਦੇ ਕੈਂਸਰ ਦੀ ਜ਼ਿਆਦਾ ਸ਼ਿਕਾਰ ਹੋ ਰਹੀਆਂ ਹਨ। ਇਸ ਕੈਂਸਰ ਪ੍ਰਤੀ ਜਾਗਰੂਕਤਾ, ਸਕ੍ਰੀਨਿੰਗ, ਅਤੇ ਹੋ ਰਹੀ ਰਿਸਰਚ ਕਾਰਨ ਬਿਮਾਰੀ ਦਾ ਆਂਕੜਾ ਘੱਟ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਯੂਨੀਸੈਫ ਵੱਲੋਂ ਵਿਸ਼ਵ ਪੱਧਰ 'ਤੇ ਛਾਤੀ ਦਾ ਦੁੱਧ ਚੁੰਘਾਉਣ ਬਾਰੇ ਜਾਗਰੂਕਤਾ ਦੀ ਮੁਹਿਮ ਨੂੰ ਵੀ ਹੋਰ ਤੇਜ਼ ਕੀਤਾ ਜਾ ਰਿਹਾ ਹੈ। 70% ਦੇ ਗਲੋਬਲ 2030 ਟੀਚੇ ਤੱਕ ਪਹੁੰਚਣ ਲਈ, ਆਪਣਟ ਛਾਤੀ ਦਾ ਦੁੱਧ ਚੁੰਘਾਉਣ ਦੇ ਟੀਚੇ ਨੂੰ ਹਾਸਲ ਕਰਨ ਵਿਚ ਔਰਤਾਂ ਅਤੇ ਪਰਿਵਾਰਾਂ ਨੂੰ ਦਰਪੇਸ਼ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ ਹੈ।

ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਰਫ ਛਾਤੀ ਦਾ ਦੁੱਧ ਪਿਲਾਉਣ ਦੀ ਲੋੜ ਹੁੰਦੀ ਹੈ। ਜਨਮ ਤੋਂ ਬਾਅਦ ਪਹਿਲੇ ਕੁੱਝ ਦਿਨਾਂ ਵਿਚ ਮਾਂ ਦੀ ਛਾਤੀ ਵਿਚ ਜੋ ਤਰਲ ਪਦਾਰਥ ਪੈਦਾ ਹੁੰਦਾ ਹੈ ਉਸਨੂੰ ਕੋਲੋਸਟ੍ਰਮ ਕਿਹਾ ਜਾਂਦਾ ਹੈ। ਇਹ ਬੱਚੇ ਲਈ ਸੁਪਰ-ਫੂਡ ਦਾ ਕੰਮ ਵੀ ਕਰਦਾ ਹੈ।

ਛਾਤੀ-ਕੈਂਸਰ ਦੀਆਂ ਆਮ ਕਿਸਮਾਂ 'ਚ ਇਨਵੇਸਿਵ ਡਕਟਲ ਕਾਰਸੀਨੋਮਾ, ਲੋਬੂਲਰ ਛਾਤੀ ਦਾ ਕੈਂਸਰ, ਡਕਟਲ ਕਾਰਸੀਨੋਮਾ ਇਨ ਸੀਟੂ, ਟ੍ਰਿਪਲ-ਨੈਗੇਟਿਵ ਛਾਤੀ ਦਾ ਕੈਂਸਰ, ਇਨਫਲਾਮੈਂਟਰੀ ਬ੍ਰੈਸਟ ਕੈਂਸਰ ਅਤੇ ਛਾਤੀ ਦੀ ਪੇਗੇਟ ਦੀ ਬਿਮਾਰੀ: ਇਹ ਦੁਰਲੱਭ ਕੈਂਸਰ ਨਿੱਪਲ ਦੀ ਚਮੜੀ ਨੂੰ ਏਪ੍ਰਭਾਵਿਤ ਕਰਦਾ ਹੈ 'ਤੇ ਧੱਫੜ ਵਰਗਾ ਵੀ ਲੱਗ ਸਕਦਾ ਹੈ। ਸਾਰੇ ਛਾਤੀ ਦੇ ਕੈਂਸਰਾਂ ਵਿੱਚੋਂ 4% ਤੋਂ ਘੱਟ ਛਾਤੀ ਦੀ ਪੇਗੇਟ ਦੀ ਬਿਮਾਰੀ ਹੈ।

## ਧਿਆਨ ਦੇਣ ਦੀ ਲੋੜ:

ਕੁੱਝ ਮਾਮਲਿਆਂ 'ਚ ਇੱਕ ਗੰਢ ਬਹੁਤ ਛੋਟੀ ਹੋ ਸਕਦੀ ਹੈ ਜਿਸ ਨੂੰ ਤੁਸੀਂ ਮਹਿਸੂਸ ਕਰ ਸਕਦੇ ਹੋ, ਦੇਖ ਸਕਦੇ ਹੋ, ਜਾਂ ਕੋਈ ਤਬਦੀਲੀ ਦੀ ਜਾਂਚ ਲਈ ਸਕ੍ਰੀਨਿੰਗ ਮੈਮੋਗ੍ਰਾਮ ਦੁਆਰਾ ਜਾਂਚ ਦੀ ਲੋੜ ਹੁੰਦੀ ਹੈ।

ਦੂਜੇ ਮਾਮਲਿਆਂ ਵਿਚ ਛਾਤੀ ਦੇ ਕੈਂਸਰ ਦੀ ਪਹਿਲੀ ਨਿਸ਼ਾਨੀ ਛਾਤੀ ਵਿਚ ਇੱਕ ਨਵੀਂ ਗੰਢ ਜਾਂ ਪੁੰਜ ਹੈ ਤੁਹਾਡਾ ਡਾਕਟਰ ਮਹਿਸੂਸ ਕਰ ਸਕਦਾ ਹੈ। ਇੱਕ ਗੰਢ ਜੋ ਬਿਨਾ ਦਰਦ, ਸਖਤ, ਅਤੇ ਅਸਮਾਨ ਕਿਨਾਰਿਆਂ ਵਾਲੀ ਹੋਵੇ, ਕੈਂਸਰ ਹੋਣ ਦੀ ਸੰਭਾਵਨਾ ਹੁੰਦੀ ਹੈ। ਪਰ ਕਈ ਬਾਰ ਕੈਂਸਰ ਕੋਲ, ਨਰਮ ਅਤੇ ਗੋਲ ਹੋ ਸਕਦੇ ਹਨ।

ਮਾਸਿਕ ਛਾਤੀ ਦੀ ਸਵੈ-ਜਾਂਚ ਕਰਾਉਣਾ ਤੁਹਾਡੀ ਛਾਤੀ ਵਿਚ ਕਿਸੇ ਵੀ ਤਬਦੀਲੀ ਨੂੰ ਦੇਖਣ ਦਾ ਸੱਭ ਤੋਂ ਵਧੀਆ ਤਰੀਕਾ ਹੈ। ਜਿਨੀਂ ਛੇਤੀ ਹੋ ਸਕੇ ਜਾਂਚ ਲਈ ਮਾਹਿਰ ਦੀ ਮਦਦ ਲੈਣੀ ਚਾਹੀਦੀ ਹੈ।

ਮਾਂ ਬੱਚੇ ਨੂੰ ਜਨਮ ਤੋਂ ਬਾਅਦ ਆਪਣਾ ਦੁੱਧ ਹੀ ਪਿਲਾਵੇ, ਤਾਕਿ ਛਾਤੀ-ਕੈਂਸਰ ਦਾ ਅੰਕੜਾ ਘੱਟ ਕੀਤਾ ਜਾ ਸਕੇ। ਛਾਤੀ ਦਾ ਦੁੱਧ ਨਾ ਪਿਲਾਣ ਦੀ ਹਾਲਤ ਵਿਚ ਕਈ ਬਾਰ ਕੁੱਝ ਬਿਮਾਰੀਆਂ ਪਹਿਲੇ ਸਾਲ ਵਿਚ ਮੌਤ ਦਾ ਕਾਰਨ ਵੀ ਬਣ ਜਾਂਦੀਆਂ ਹਨ।

ਜ਼ਿਆਦਾ ਭਾਰ ਜਾਂ ਮੋਟਾ ਹੋਣਾ, ਖਾਸ ਕਰਕੇ ਮੀਨੋਪੋਜ਼ ਤੋਂ ਬਾਅਦ, ਛਾਤੀ ਦੇ ਕੈਂਸਰ ਦਾ ਖਤਰਾ ਵਧਾ ਸਕਦਾ ਹੈ। ਇੱਕ ਸੰਤੁਲਿਤ ਖੁਰਾਕ ਅਤੇ ਡੇਲੀ ਕਸਰਤ ਦੁਆਰਾ ਇੱਕ ਹੈਦੀ ਵਜ਼ਨ ਬਣਾ ਕੇ ਰੱਖਣਾ ਕਈ ਖਤਰਿਆਂ ਨੂੰ ਰੋਕਦਾ ਹੈ।

ਰੋਜਾਨਾਂ ਸਰੀਰਕ ਗਤੀਵਿਧੀਆਂ ਐਸਟ੍ਰੋਜਨ ਤੇ ਇਨਸੁਲਿਨ ਵਰਗੇ ਹਾਰਮੋਨਾਂ ਨੂੰ ਕੰਟ੍ਰੋਲ ਕਰਕੇ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਘੱਟ ਕਰਨ ਵਿਚ ਹੈਲਪ ਕਰਦੀ ਹੈ।

ਅਲਕੋਹਲ ਦੇ ਲਗਾਤਾਰ ਅਤੇ ਬਿਨਾ ਕੰਟ੍ਰੋਲ ਇਸਤੇਮਾਲ ਨਾਲ ਛਾਤੀ ਦੇ ਕੈਂਸਰ ਦੀ ਸੰਭਾਵਨਾ ਵੱਧ ਸਕਦੀ ਹੈ।

ਤੰਬਾਕੂਨੋਸ਼ੀ ਛਾਤੀ ਦੇ ਕੈਂਸਰ ਸਮੇਤ ਕਈ ਕਿਸਮ ਦੇ ਕੈਂਸਰ ਨਾਲ ਜੁੜੀ ਹੋਈ ਹੈ। ਸਿਗਰਟਨੋਸ਼ੀ ਛੱਡਣ ਨਾਲ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ, ਖਾਸਕਰ ਪ੍ਰੀਮੇਨੋਪਾਜ਼ਲ ਔਰਤਾਂ 'ਚ।

ਕੰਬੀਨੇਸ਼ਨ ਹਾਰਮੋਨ ਰਿਪਲੇਸਮੈਂਟ ਥੇਰੇਪੀ ਛਾਤੀ ਦੇ ਕੈਂਸਰ ਦੇ ਖਤਰੇ ਨੂੰ ਵਧਾ ਸਕਦੀ ਹੈ ਜੇਕਰ ਲੰਬੇ ਸਮੇਂ ਤੱਕ ਵਰਤੀ ਜਾਂਦੀ ਹੈ।

ਜੇਕਰ ਤੁਹਾਡੇ ਪਰਿਵਾਰ ਵਿਚ ਛਾਤੀ ਦਾ ਕੈਂਸਰ ਚਲਦਾ ਹੈ, ਤਾਂ ਆਪਣੇ ਡਾਕਟਰ ਨਾਲ ਜੇਨੇਟਿਕ ਟੈਸਟਿੰਗ ਅਤੇ ਵਿਸਤ੍ਰਿਤ ਸਕ੍ਰੀਨਿੰਗ ਵਿਕਲਪਾਂ ਬਾਰੇ ਗੱਲ ਕਰਨ ਨਾਲ ਖਤਰੇ ਨੂੰ ਜਾਣ ਕੇ ਸ਼ੁਰੂਆਤੀ ਰੋਕਥਾਮ ਅਤੇ ਨਿਗਰਾਨੀ ਵਿਚ ਮਦਦ ਕਰ ਸਕਦੀ ਹੈ। ਮੈਮੋਗ੍ਰਾਮ ਅਤੇ ਛਾਤੀ ਦੇ ਟੈਸਟਾਂ ਨਾਲ ਜਲਦੀ ਪਤਾ ਲਗਾਉਣ ਨਾਲ ਛਾਤੀ ਦੇ ਕੈਂਸਰ ਦੇ ਅਸਰ ਨੂੰ ਕਾਫੀ ਘੱਟ ਕੀਤਾ ਜਾ ਸਕਦਾ ਹੈ।

ਮਾਂ ਦੇ ਦੁੱਧ ਵਿਚ ਪ੍ਰੋਟੀਨ, ਕਾਰਬੋਹਾਈਡਰੇਟ, ਚਰਬੀ, ਵਿਟਾਮਿਨ ਅਤੇ ਖਣਿਜ ਪੂਰੀ ਮਾਤਰਾ ਵਿਚ ਹੁੰਦੇ ਹਨ। ਛੇਤੀ ਹਜ਼ਮ ਵੀ ਹੋ ਜਾਂਦਾ ਹੈ।

ਛਾਤੀ ਦਾ ਦੁੱਧ ਬੱਚਿਆਂ ਨੂੰ ਆਮ ਛੂਤ ਦੀਆਂ ਬਿਮਾਰੀਆਂ ਬਚਾਅ ਦੇ ਨਾਲ-ਨਾਲ ਰੋਗਾਂ ਨਾਲ ਲੜਨ ਦੀ ਤਾਕਤ ਵੀ ਵਧਾਉਂਦਾ ਹੈ। ਬੱਚੇ ਨੂੰ ਪੂਰੀ ਸਮਰਥਾ ਦੇ ਨਾਲ ਵੱਧਣ 'ਤੇ ਵਿਕਾਸ ਕਰਨ 'ਚ ਜ਼ਰੂਰੀ ਪੋਸ਼ਟਿਕ ਤੱਤ ਮਿਲਦੇ ਹਨ।

ਜੇਕਰ ਤੁਹਾਡੀ ਉਮਰ 40 ਸਾਲ ਤੋਂ ਵੱਧ ਹੈ, ਫੈਮਿਲੀ ਹਿਸਟਰੀ, ਜਾਂ ਕੈਂਸਰ ਹੋਣ ਦੀ ਜ਼ਿਆਦਾ ਸੰਭਾਵਨਾ ਹੈ, ਹਰ ਸਾਲ ਮੈਮੋਗ੍ਰਾਫੀ ਅਤੇ ਸਰੀਰਕ ਜਾਂਚ ਕਰਵਾਉਣੀ ਜਰੂਰੀ ਹੋ ਜਾਂਦੀ ਹੈ। ਇਸਦੀ ਜਾਂਚ ਜਿਨੀਂ ਛੇਤੀ ਹੋਵੇ, ਨਾਲ ਇਲਾਜ ਦੁਆਰਾ ਠੀਕ ਹੋਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।

ਨੋਟ : ਛਾਤੀ ਦੇ ਕੈਂਸਰ ਤੋਂ ਪ੍ਰਭਾਵਿਤ ਲੋਕਾਂ ਲਈ ਮੁਫਤ ਸਾਧਨਾਂ ਅਤੇ ਪ੍ਰੋਗਰਾਮਿੰਗ ਦੇ ਸਮਰਥਨ ਲਈ ਧਨ ਦੇਣ ਲਈ ਹਰ ਵਿਅਕਤੀ ਵੱਲੋਂ ਹਾਲਾਤ ਮੁਤਾਬਿਕ ਮਦਦ ਦੀ ਲੋੜ ਹੈ। ਛੇ ਮਹੀਨੇ ਤੋਂ ਘੱਟ ਉਮਰ ਦੇ ਬੱਚੇ ਨੂੰ ਹਰ ਮਾਂ ਆਪਣਾ ਦੁੱਧ ਚੁੰਘਾਵੇ। ਔਰਤਾਂ ਅਲਕੋਹਲ ਅਤੇ ਦੂਜੇ ਨਸ਼ਿਆਂ ਤੋਂ ਹਮੇਸ਼ਾ ਬਚਣ। ਰੋਗ ਦੇ ਕਿਸੇ ਵੀ ਲਗਾਤਾਰ ਲੱਛਣ ਰਹਿਣ ਦੀ ਹਾਲਤ ਵਿਚ ਤੁਰੰਤ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਦੋ ਸਾਲ ਪਹਿਲਾਂ M6 'ਤੇ ਕਾਰ ਹਾਦਸੇ ਵਿੱਚ ਹੋਈ ਇੱਕ ਮਹਿਲਾ ਦੀ ਮੌਤ ਦੇ ਇਲਜ਼ਾਮ ਵਿੱਚ ਇੱਕ ਵਿਅਕਤੀ ਗ੍ਰਿਫਤਾਰ



ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-ਕਲੋਏ ਵਿਲੀਅਮਜ਼, 19, ਡਬਲੇ ਤੋਂ, ਦਸੰਬਰ 2022 ਵਿੱਚ ਚੇਸ਼ਾਇਰ ਵਿੱਚ ਸੈਂਡਬੈਚ ਨੇੜੇ ਹੋਈ ਟੱਕਰ ਵਿੱਚ ਸ਼ਾਮਲ ਤਿੰਨ ਕਾਰਾਂ ਵਿੱਚੋਂ ਇੱਕ ਵਿੱਚ ਸਵਾਰ ਸੀ। ਚੇਸ਼ਾਇਰ ਪੁਲਿਸ ਨੇ ਦੱਸਿਆ ਕਿ ਕ੍ਰਾਸ਼ਾਬੁਥ, ਲੰਕਾਸ਼ਾਇਰ ਦੇ ਬਰਨਲੇ ਰੋਡ ਦੇ 29 ਸਾਲਾ ਡੇਨੀਅਲ ਬਾਰਲੋ ਨੂੰ 4 ਨਵੰਬਰ ਨੂੰ ਕਰੂ ਮੈਜਿਸਟ੍ਰੇਟ ਅਦਾਲਤ ਵਿਚ ਪੇਸ਼ ਹੋਣਾ ਹੈ, ਜਿਸ 'ਤੇ ਖਤਰਨਾਕ ਡਰਾਈਵਿੰਗ ਕਰਕੇ ਮੌਤ ਦਾ ਦੋਸ਼ ਲਗਾਇਆ ਗਿਆ ਹੈ। ਮਿਸਟਰ ਬਾਰਲੋ 'ਤੇ ਖ਼ਤਰਨਾਕ ਡਰਾਈਵਿੰਗ ਦੁਆਰਾ ਗੰਭੀਰ ਸੱਟ ਲੱਗਣ ਦੇ ਦੋ ਮਾਮਲਿਆਂ ਅਤੇ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰਨ ਲਈ ਇੱਕ ਗਲਤ ਬਿਆਨ ਦੇਣ ਦੇ ਦੋਸ਼ ਲਗਾਏ ਗਏ ਹਨ। ਇਹ ਹਾਦਸਾ 2 ਦਸੰਬਰ 2022 ਨੂੰ ਉੱਤਰ ਵੱਲ M6 'ਤੇ ਜੰਕਸ਼ਨ 16 ਅਤੇ ਜੰਕਸ਼ਨ 17 ਦੇ ਵਿਚਕਾਰ ਵਾਪਰਿਆ ਸੀ।

ਮਿਸਟਰ ਬਾਰਲੋ ਨੂੰ ਹਾਦਸੇ ਤੋਂ ਤੁਰੰਤ ਬਾਅਦ ਗ੍ਰਿਫਤਾਰ ਕਰ ਲਿਆ ਗਿਆ ਅਤੇ ਫਿਰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਸ਼੍ਰੀਮਤੀ ਵਿਲੀਅਮਜ਼ ਦੇ ਪਰਿਵਾਰ ਨੇ ਉਸ ਸਮੇਂ ਕਿਹਾ ਸੀ ਕਿ ਬ੍ਰਿਟਿਸ਼ ਏਅਰਵੇਜ਼ ਨਾਲ ਆਪਣਾ "ਸੁਪਨਾ ਕੈਰੀਅਰ" ਸ਼ੁਰੂ ਕਰਨ ਤੋਂ ਥੋੜ੍ਹੀ ਦੇਰ ਪਹਿਲਾਂ ਕਿਸ਼ੋਰ ਦੀ ਮੌਤ ਹੋ ਗਈ ਸੀ।

ਅਮਰੀਕੀ ਰਾਸ਼ਟਰਪਤੀ ਚੋਣਾਂ

# ਰਾਸ਼ਟਰ ਵਿਆਪੀ ਸਰਵੇ ਵਿਚ ਕਮਲਾ ਹੈਰਿਸ ਤੇ ਟਰੰਪ ਵਿਚਾਲੇ ਕਾਂਟੇ ਦੀ ਟੱਕਰ

## ✪ ਟਰੰਪ ਵੋਟਾਂ ਦੀ ਮੁਕੰਮਲ ਗਿਣਤੀ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੇਤੂ ਐਲਾਨ ਸਕਦੇ ਹਨ-ਹੈਰਿਸ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਰਾਸ਼ਟਰਪਤੀ ਚੋਣਾਂ ਦਾ ਦਿਨ ਜਿਉਂ ਜਿਉਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਸਥਿੱਤੀ ਸਾਫ ਹੁੰਦੀ ਜਾ ਰਹੀ ਹੈ। ਇਸ ਵਾਰ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵਿਚਾਲੇ 2020 ਦੀਆਂ ਚੋਣਾਂ ਨਾਲੋਂ ਵੀ ਮੁਕਾਬਲਾ ਵਧੇਰੇ ਫਸਵਾਂ ਬਣਦਾ ਜਾ ਰਿਹਾ ਹੈ।

2020 ਵਿਚ ਵੋਟਾਂ ਦੀ ਗਿਣਤੀ ਵਿੱਚ ਧਾਂਦਲੀਆਂ ਦਾ ਦੋਸ਼ ਲਾ ਕੇ ਡੋਨਾਲਡ ਟਰੰਪ ਨੇ ਆਪਣੇ ਸਮਰਥਕਾਂ ਨੂੰ ਬਗਾਵਤ ਕਰਨ ਲਈ ਉਕਸਾਇਆ ਸੀ। ਮੌਜੂਦਾ ਸਥਿੱਤੀ ਦੇ ਮੱਦੇਨਜ਼ਰ ਕਮਲਾ ਹੈਰਿਸ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਉਨਾਂ ਦਾ ਵਿਰੋਧੀ ਉਮੀਦਵਾਰ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੀ ਜਿੱਤ ਦਾ ਐਲਾਨ ਕਰ ਸਕਦਾ ਹੈ। ਰਾਈਟਰਜ/ਇਪਸੋਸ ਵੱਲੋਂ ਕੀਤੇ ਤਾਜ਼ਾ ਸਰਵੇ ਅਨੁਸਾਰ ਰਾਸ਼ਟਰੀ ਪੱਧਰ 'ਤੇ ਹੈਰਿਸ ਨੂੰ ਟਰੰਪ ਉਪਰ ਮਾਮੂਲੀ ਬੜਤ ਹਾਸਲ ਹੈ। ਯੂ ਐਸ ਟੂਡੇਅ/ਸੁਫੋਲਕ ਯੁਨੀਵਰਸਿਟੀ ਦੇ ਵਿਸ਼ੇਸ਼ ਸਰਵੇ ਜਿਸ ਨੂੰ ਬੀਤੇ ਦਿਨ ਜਾਰੀ ਕੀਤਾ ਗਿਆ ਹੈ, ਅਨੁਸਾਰ ਹੈਰਿਸ ਦੇ ਹੱਕ ਵਿਚ 45% ਅਮਰੀਕੀ ਮੱਤਦਾਤਾ ਹਨ ਜਦ ਕਿ 44% ਮੱਤਦਾਤਾ ਟਰੰਪ ਦੇ ਹੱਕ ਵਿਚ ਹਨ। ਅਗਸਤ ਵਿਚ ਕੀਤੇ ਸਰਵੇ ਦੀ ਤੁਲਨਾ ਵਿਚ ਇਸ ਤਾਜ਼ਾ ਸਰਵੇ ਵਿਚ ਵਧੇਰੇ ਫਸਵਾਂ ਮੁਕਾਬਲਾ ਬਣਦਾ ਨਜਰ ਆ ਰਿਹਾ ਹੈ।

ਹੈਰਿਸ ਦੇ ਇਕ ਸਲਾਹਕਾਰ ਨੇ ਕਿਹਾ ਹੈ ਕਿ 7 ਅਹਿਮ ਰਾਜਾਂ ਵਿਚ ਕੇਵਲ 1% ਦੇ ਫਰਕ ਨਾਲ ਫੈਸਲਾ ਹੋਵੇਗਾ। ਯੂ ਐਸ ਟੂਡੇਅ /ਸੁਫੋਲਕ ਯੁਨੀਵਰਸਿਟੀ ਦੇ ਸਰਵੇ ਅਨੁਸਾਰ



ਟਰੰਪ ਦੀ ਤੁਲਨਾ ਵਿਚ 17% ਵਧ ਔਰਤ ਮੱਤਦਾਤਾ ਹੈਰਿਸ ਨੂੰ ਚਹੁੰਦੇ ਹਨ ਜਦ ਕਿ ਹੈਰਿਸ ਦੀ ਤੁਲਨਾ ਵਿੱਚ 16% ਵਧ ਮਰਦ ਮੱਤਦਾਤਾ ਟਰੰਪ ਦੇ ਹੱਕ ਵਿਚ ਹਨ। ਇਸੇ ਦੌਰਾਨ ਕਮਲਾ ਹੈਰਿਸ ਨੇ ਲਿੰਗ ਅਧਾਰਤ ਪ੍ਰਚਾਰ ਨੂੰ ਰੱਦ ਕਰ ਦਿੱਤਾ ਹੈ ਤੇ ਕਿਹਾ ਹੈ ਕਿ ਇਹ ਉਸ ਲਈ ਨਾਕਾਰਾਤਮਿਕ ਪਹਿਲੂ ਹੈ। ਉਨਾਂ ਸਰਵੇ ਉਪਰੰਤ ਇਕ ਚੈਨਲ 'ਤੇ ਗੱਲਬਾਤ ਕਰਦਿਆਂ ਕਿਹਾ ਕਿ "ਮੈ ਕਦੀ ਵੀ ਨਹੀਂ ਚਹੁੰਦੀ ਕਿ ਸਾਡਾ ਦੇਸ਼ ਲਿੰਗ ਜਾਂ ਨਸਲ ਦੇ ਆਧਾਰ 'ਤੇ ਆਪਣਾ ਆਗੂ ਚੁਣੇ। ਇਸ ਦੀ ਬਜਾਏ ਆਗੂਆਂ ਨੂੰ ਵੋਟਾਂ ਦੇਸ਼ ਦੀ ਵਾਸਤਵਿਕਤਾ ਦੇ ਆਧਾਰ 'ਤੇ ਮੰਗਣੀਆਂ ਚਾਹੀਦੀਆਂ ਹਨ।" ਹੈਰਿਸ ਨੇ ਹੋਰ ਕਿਹਾ ਕਿ ਮੇਰਾ ਵਿਸ਼ਵਾਸ਼ ਹੈ ਕਿ ਅਮਰੀਕੀ ਇਕ ਔਰਤ ਆਗੂ ਲਈ ਬਿਲਕੁੱਲ ਤਿਆਰ ਹਨ ਤੇ ਇਕ ਗੈਰ ਗੋਰੀ ਔਰਤ ਰਾਸ਼ਟਰਪਤੀ ਬਣਨ ਲਈ ਤਿਆਰ ਹੈ। ਉਨਾਂ ਹਸਦਿਆਂ ਹੋਇਆਂ ਕਿਹਾ "ਹਾਂ ਮੈ ਸਪੱਸ਼ਟ ਕਰਦੀ ਹਾਂ ਕਿ ਮੈ ਔਰਤ ਹਾਂ, ਮੈਨੂੰ ਇਸ ਸਬੰਧੀ ਹੋਰ ਕਿਸੇ ਬਾਰੇ ਕੁਝ ਕਹਿਣ ਦੀ ਲੋੜ ਨਹੀਂ ਹੈ।"

ਹੈਰਿਸ ਨੇ ਐਨ ਬੀ ਸੀ ਨਿਊਜ਼ ਦੇ ਪ੍ਰਤੀਨਿੱਧ ਹੈਲੀ ਜੈਕਸਨ ਨਾਲ ਗੱਲਬਾਤ ਦੌਰਾਨ ਹੋਰ ਕਿਹਾ ਕਿ ਉਸ ਦੇ ਚੋਣ ਮੁਹਿੰਮ ਸੰਚਾਲਕ ਆਪਣੇ ਆਪ ਨੂੰ ਉਸ ਸੰਭਾਵਨਾ ਦੇ ਮੱਦੇਨਜਰ ਤਿਆਰ ਕਰ ਰਹੇ ਹਨ ਜਿਸ ਸੰਭਾਵਨਾ ਤਹਿਤ ਟਰੰਪ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਜੇਤੂ ਐਲਾਨ ਸਕਦੇ ਹਨ।


ਉਨਾਂ ਕਿਹਾ ਕਿ "ਦੋ ਹਫਤੇ ਬਾਕੀ ਹਨ ਤੇ ਅਸੀਂ ਮੌਜੂਦਾ ਸਥਿੱਤੀ ਦੇ ਮੱਦੇਨਜਰ ਜ਼ਮੀਨੀ ਪੱਧਰ 'ਤੇ ਸੋਚ ਰਹੇ ਹਾਂ। ਅਸੀਂ ਚੋਣ ਵਾਲੀ ਰਾਤ ਤੇ ਅਗਲੇ ਦਿਨਾਂ ਦੌਰਾਨ ਪੈਦਾ ਹੋਣ ਵਾਲੀ ਸਥਿੱਤੀ ਲਈ ਤਿਆਰ ਹਾਂ। ਸਾਡੇ ਕੋਲ ਸਾਧਨ ਹਨ ਤੇ ਮਾਹਿਰ ਹਨ। ਅਸੀਂ ਸਮੁੱਚੀ ਸਥਿੱਤੀ ਵੱਲ ਤਵਜੋਂ ਦੇ ਰਹੇ ਹਾਂ।"

ਕਾਵਿ-ਵਿਅੰਗ

### ਪਿਉ ਵਾਲ਼ਾ ਹਾਲ ਦਲ ਦਾ ?

ਸਜ਼ਾ ਹਾਲੇ ਤਨਖਾਹੀਏ ਨੂੰ ਲੱਗਣੀ ਏ<br>
ਫਿਰ ਵੀ ਚੜ੍ਹੀ ਹੰਕਾਰ ਦੀ 'ਪਾਣ' ਦੇਖੋ।<br>
ਤਖਤ ਸਾਹਬ ਨੂੰ 'ਵਰਤਣਾ' ਫੇਰ ਚਾਹੇ<br>
ਕਰੀ ਜਾ ਰਿਹਾ ਵਿਰਸੇ ਦਾ ਘਾਣ ਦੇਖੋ।<br>
'ਸੁਪਨੇ' ਦੇਖਦਾ ਚੋਣਾ ਵਿਚ ਜਿੱਤਣੇ ਦੇ<br>
ਲਾਵੇ ਗੋਲਕ 'ਤੇ ਕਬਜੇ ਲਈ ਤਾਣ ਦੇਖੋ।<br>
ਕੋਈ ਪ੍ਰਧਾਨ ਖੁਦ 'ਡੋਬਦਾ' ਪਾਰਟੀ ਨੂੰ<br>
ਐਸਾ ਮਿਲ਼ਦਾ ਨਹੀਂ ਕੋਈ ਪ੍ਰਮਾਣ ਦੇਖੋ।<br>
ਪੰਜ ਵਾਰ ਦਾ ਸੀ.ਐੱਮ ਰਿਹਾ ਬਾਪ ਜਿੰਦਾਂ<br>
'ਕੱਖੋਂ ਹੌਲ਼ਾ' ਕਰ ਦੁਨੀਆਂ ਤੋਂ ਤੋਰ ਦਿੱਤਾ।<br>
'ਦਲ' ਏਦਾਂ ਦਾ ਕਰ'ਤਾ ਭਰਦਾਨ ਜੀ ਨੇ<br>
'ਬਾਦਲ-ਦਲ' ਬਣਾਉਂਦੇ ਨੇ ਖੋਰ ਦਿੱਤਾ !

ਤਰਲੋਚਨ ਸਿੰਘ 'ਦੁਪਾਲ ਪੁਰ' 001-408-915-1268



## ਸ਼ੱਕੀ ਸ਼ਰਾਬੀ ਡਰਾਈਵਰ ਨੇ ਗਲਤ ਪਾਸਿਉਂ ਆਪਣੀ ਕਾਰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਕਾਫਲੇ ਦੇ ਸਾਹਮਣਿਉਂ ਲੰਘਾਈ, ਹੋਇਆ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਡਾਊਨਟਾਊਨ ਮਿਲਵੌਕੀ ਵਿਚ ਇਕ ਸ਼ੱਕੀ ਸ਼ਰਾਬੀ ਡਰਾਈਵਰ ਵੱਲੋਂ ਗਲਤ ਪਾਸਿਉਂ ਆਪਣੀ ਕਾਰ ਕਮਲਾ ਹੈਰਿਸ ਦੇ ਕਾਫਲੇ ਸਾਹਮਣੇ ਲੈ ਆਉਣ ਦੀ ਖਬਰ ਹੈ। ਜਿਉਂ ਹੀ ਗਲਤ ਪਾਸੇ ਤੋਂ ਇਕ ਕਾਰ ਆਉਂਦੀ ਦਿੱਸੀ ਤਾਂ ਸੁਰੱਖਿਆ ਜਵਾਨ ਹਰਕਤ ਵਿਚ ਆ ਗਏ। ਮਿਲਵੌਕੀ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਜੇਮਜ ਬਰਨੈਟ ਅਨੁਸਾਰ ਜਿਉਂ ਹੀ ਕਾਰ ਹੈਰਿਸ ਦੇ ਕਾਫਲੇ ਨੇੜੇ ਪੁੱਜੀ ਤਾਂ ਪੁਲਿਸ ਅਫਸਰਾਂ ਨੇ ਉਸ ਨੂੰ ਰੋਕ ਲਿਆ। ਪੁਲਿਸ ਅਫਸਰਾਂ ਨੂੰ ਸ਼ੱਕ ਪਿਆ ਕਿ ਡਰਾਈਵਰ ਦੀ ਹਾਲਤ ਠੀਕ ਨਹੀਂ ਹੈ ਤੇ ਕਾਰ ਵਿਚ ਸ਼ਰਾਬ ਦੀ ਬੋਤਲ ਖੁਲੀ ਪਈ ਸੀ। ਪੁਲਿਸ ਅਫਸਰਾਂ ਨੇ ਸ਼ੱਕੀ ਡਰਾਈਵਰ ਨੂੰ ਹੱਦ ਤੋਂ ਵਧ ਸ਼ਰਾਬ ਪੀ ਕੇ ਗੱਡੀ ਚਲਾਉਣ, ਲਾਪਰਵਾਹੀ ਵਰਤਣ ਤੇ ਸੁਰੱਖਿਆ ਲਈ ਖਤਰਾ ਪੈਦਾ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਹੈ। ਸ਼ੈਰਿਫ ਦਫਤਰ ਅਨੁਸਾਰ ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ ਹੈ। ਸ਼ੈਰਿਫ ਦਫਤਰ ਨੇ ਘਟਨਾ ਸਬੰਧੀ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਯੂ ਐਸ ਸੀਕਰੇਟ ਸਰਵਿਸ ਦੇ ਬੁਲਾਰੇ ਜੋ ਬੀਸਕ ਨੇ ਕਿਹਾ ਹੈ ਕਿ ਏਜੰਸੀ ਘਟਨਾ ਤੋਂ ਜਾਣੂ ਹੈ ਤੇ ਮਾਮਲਾ ਜਾਂਚ ਅਧੀਨ ਹੈ।

## 1831 ਦੀ ਸੰਧੀ ਨੂੰ ਸਮਰਪਿਤ ਸਮਾਗਮ ਧੂਮ ਧਾਮ ਨਾਲ ਮਨਾਇਆ ਜਾਵੇਗਾ-"ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ"

ਰੋਪੜ (ਦਲਜੀਤ ਸਿੰਘ ਸਿੱਧੂ)-ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਿਰਾਸਤੀ ਸੰਮੇਲਨ ਜੋ ਕੇ ਮਿਤੀ 1 ਦਸੰਬਰ 2024 ਨੂੰ ਮਹਾਰਾਜਾ ਰਣਜੀਤ ਸਿੰਘ ਪਾਰਕ ਰੋਪੜ ਵਿਖੇ #ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੇਟਿੰਕ ਵਿਚਕਾਰ ਹੋਈ 1831 ਦੀ ਸੰਧੀ ਨੂੰ ਸਮਰਪਿਤ ਹੋ ਕੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦੀਆਂ ਤਿਆਰੀਆਂ ਸਬੰਧੀ ਇਕ ਹੰਗਾਮੀ ਮੀਟਿੰਗ ਗੁਰੁਦਵਾਰਾ ਸ਼੍ਰੀ ਭੱਠਾ ਸਾਹਿਬ ਰੋਪੜ ਵਿਖੇ ਹੋਈ।

ਜ਼ਿਕਰਯੋਗ ਹੈ ਕਿ ਇਹ ਸਮਾਗਮ ਇੰਟਰਨੈਸ਼ਨਲ ਪੱਧਰ ਤੇ "ਇੰਟਰਨੈਸ਼ਨਲ ਪੰਜਾਬੀ ਫਾਊਂਡੇਸ਼ਨ" ਦੇ ਸਰਪ੍ਰਸਤ ਸਰਦਾਰ ਗੁਰਚਰਨ ਸਿੰਘ ਬਣਵੈਤ ਦੀ ਅਗਵਾਈ ਹੇਠ, ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪਾਕਿਸਤਾਨ ਤੋਂ ਮੁੱਖ ਮਹਿਮਾਨ ਪਹੁੰਚ ਰਹੇ ਹਨ, ਪੰਜਾਬ ਸਰਕਾਰ ਦੇ ਮੰਤਰੀ ਮੰਡਲ ਨਾਲ ਮੀਟਿੰਗਾਂ ਤੋਂ ਬਾਅਦ ਹਰੀ ਝੰਡੀ ਦੇ ਦਿੱਤੀ ਗਈ ਹੈ। ਛੇਤੀ ਹੀ ਪੰਜਾਬ ਦੇ ਮੁੱਖ ਮੰਤਰੀ ਨਾਲ ਆਖਰੀ ਮੀਟਿੰਗ ਕਰਕੇ ਪੋਸਟਰ ਜਾਰੀ ਕੀਤਾ ਜਾਵੇਗਾ।

ਮੀਟਿੰਗ ਵਿੱਚ ਪੂਰੇ ਪ੍ਰੋਗਰਾਮ ਦੀ ਰੂਪਰੇਖਾ ਤਿਆਰ ਕੀਤੀ ਗਈ, ਜਿਸ ਵਿੱਚ ਪੰਜਾਬ ਦੀਆਂ ਧਾਰਮਿਕ ਸੰਸਥਾਵਾਂ, ਸ਼੍ਰੋਮਣੀ ਕਮੇਟੀ ਅੰਮ੍ਰਿਤਸਰ, ਦਿੱਲੀ ਗੁਰਦੁਆਰਾ ਪ੍ਰਬੰਧਕ, ਸਿੱਖ ਸਟੂਡੈਂਟ ਫੈਡਰੇਸ਼ਨ, ਨਿਹੰਗ ਸਿੰਘ ਜਥੇਬੰਦੀਆਂ, ਪੱਤਰਕਾਰ ਭਾਈਚਾਰਾ, ਬੁੱਧੀਜੀਵੀ, ਪੰਜਾਬ ਪੰਜਾਬੀਅਤ ਲਈ ਕੰਮ ਕਰ ਰਹੀਆਂ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਨੂੰ ਸੱਦਾ ਪੱਤਰ ਭੇਜਿਆ ਜਾਵੇਗਾ ਤੇ ਸਹਿਯੋਗ ਲਿਆ ਜਾਵੇਗਾ।

ਸਾਡੀ ਕੋਸ਼ਿਸ਼ ਹੈ ਕਿ ਅਸੀਂ ਉਸ ਸੰਧੀ ਨੂੰ ਉਸੇ ਤਰ੍ਹਾਂ ਹੀ ਰੂਪਮਾਨ ਕਰਕੇ ਪੇਸ਼ ਕਰੀਏ, ਜਿਵੇਂ ਵਿਲੀਅਮ ਬਾਉਂਟਿਕ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਹਾਥੀਆਂ ਉੱਤੇ ਬੈਠ ਕੇ ਪਹਿਲੀ ਵਾਰ ਇੱਕ ਦੂਜੇ ਨੂੰ ਹੱਥ ਮਿਲਾਇਆ ਸੀ, ਲਾਲ ਰੰਗ ਦੇ ਕਾਰਪੇਟ ਵਿਛੇ ਹੋਏ ਸਨ, ਦੋਹਾਂ ਪਾਸਿਆਂ ਤੋਂ ਫੌਜਾਂ ਡਿਸਿਪਲਨ ਵਿੱਚ ਖੜੀਆਂ ਹੋਈਆਂ ਸਨ। ਉਸ ਸਮੇਂ ਦਾ ਪਹਿਰਾਵਾ ਆਦਿ , ਨਿਹੰਗ ਸਿੰਘਾਂ ਦਾ ਗਤਕਾ ਖੇਡਣਾ, ਸਟੇਜ ਉੱਪਰ ਸਿਰਫ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਹੀ ਗੱਲ ਕਰਨੀ, ਸਾਡੀ ਕੋਸ਼ਿਸ਼ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਨਿਸ਼ਾਨੀਆਂ ਨੂੰ ਇਸ ਸਮਾਗਮ ਵਿੱਚ ਪ੍ਰਦਰਸ਼ਨ ਕਰੀਏ। ਸਾਨੂੰ ਲੋੜ ਹੈ ਤੁਹਾਡੇ ਸਹਿਯੋਗ ਦੀ ਜੇਕਰ ਤੁਸੀਂ ਵੀ ਕੋਈ ਇਸ ਸਮਾਗਮ ਸਬੰਧੀ ਆਪਣਾ ਸੁਝਾਓ ਭੇਜੋ ਤਾਂ ਜੋ ਅਸੀਂ ਆਪਣੇ ਸਿੱਖ ਰਾਜ ਦੇ ਉਸ ਸੁਨਹਿਰੀ ਰਾਜ ਨੂੰ ਬਾਖੂਬੀ ਪੇਸ਼ ਕਰ ਸਕੀਏ।

ਸਾਈ ਮੀਆਂ ਮੀਰ ਇੰਟਰਨੈਸ਼ਨਲ ਫਾਊਂਡੇਸ਼ਨ, 9814121127

**ਵਿਚਾਰ :–** ਜਿਸ ਕੋਲ ਸਹਿਣ ਸ਼ਕਤੀ ਹੈ, ਉਸ ਕੋਲ ਪਰੇਮ ਦਾ ਸਾਗਰ ਹੈ ।



ਰਜਿੰਦਰ ਸਿੰਘ ਪੁਰੇਵਾਲ

# ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਮਿਲਕੇ ਅਕਾਲੀ ਦਲ ਨੂੰ ਮਜਬੂਤ ਕਰਨ

ਹੁਣੇ ਜਿਹੇ ਭਾਈ ਹਰਜਿੰਦਰ ਸਿੰਘ ਧਾਮੀ ਦੀ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਬਹੁਤਾਤ ਸ਼੍ਰੋਮਣੀ ਅਕਾਲੀ ਦਲ ਨਾਲ ਹੈ ਜਿਸ ਕਰਕੇ ਅਕਾਲੀ ਸੁਧਾਰ ਲਹਿਰ ਦੀ ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਪੰਥਕ ਨਿਰਣੇ ਨੂੰ ਖਿੜੇ ਮੱਥੇ ਪ੍ਰਵਾਨ ਕਰੇ। ਸਿੱਖਾਂ ਦੇ ਧਾਰਮਿਕ ਮਸਲਿਆਂ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਬਾਹਰੀ ਦਖਲਅੰਦਾਜ਼ੀ ਨੂੰ ਸਿੱਖ ਕੌਮ ਨੇ ਕਦੇ ਵੀ ਬਰਦਾਸ਼ਤ ਨਹੀਂ ਕੀਤਾ। 28 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਸਾਲਾਨਾ ਚੋਣ ਨੇ ਵੀ ਆਪਣੇ ਪਹਿਲੇ ਸ਼ਾਨਾਮਤੀ ਇਤਿਹਾਸ ’ਤੇ ਮੋਹਰ ਲਗਾਈ ਹੈ ਜਿਸ ਕਰਕੇ ਪੰਥਕ ਨਿਰਣੇ ਨੂੰ ਸਿਰ ਮੱਥੇ ਮੰਨ ਕੇ ਪੰਥ ਦੀ ਚੜ੍ਹਦੀ ਕਲਾ ਲਈ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੂੰ ਮਾਂ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਵਿੱਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ। ਬੀਬੀ ਜਗੀਰ ਕੌਰ ਨੂੰ ਭੜਕਾਊ ਬਿਆਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੋ ਅਕਾਲੀ ਦਲ ਵਿਚ ਏਕਤਾ ਹੋ ਸਕੇ।

ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਸਿੰਘ ਸਾਹਿਬਾਨਾਂ ਤੇ ਸ੍ਰੋਮਣੀ ਕਮੇਟੀ ਨੂੰ ਮਿਲਕੇ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਪੰਥਕ ਧਿਰਾਂ ਦਾ ਇਕਠ ਸਿਰਜਣਾ ਚਾਹੀਦਾ ਹੈ। ਪੰਥਕ ਨਿਸ਼ਾਨਿਆਂ ਤੇ ਪੰਥਕ ਨੀਤੀ ਬਾਰੇ ਪੁਨਰ ਵਿਚਾਰ ਕਰਕੇ ਸਹੀ ਦਿਸ਼ਾ ਪ੍ਰਦਾਨ ਕਰਨ ਦੀ ਲੋੜ ਹੈ। ਅਕਾਲੀ ਦਲ ਦਾ ਪ੍ਰਧਾਨ ਤੇ ਉਸਦੀ ਸੁਪਰ ਕਮੇਟੀ ਉਹ ਹੋਣੀ ਚਾਹੀਦੀ ਹੈ ਜੋ ਚੋਣ ਨਾ ਲੜੇ। ਇਸ ਨਾਲ ਅਕਾਲੀ ਦਲ ਦੋਸ਼ਾਂ ਤੋਂ ਰਹਿਤ ਹੋ ਸਕੇਗਾ। ਸਤਾ ਵਿਚ ਰਹਿਕੇ ਕਈ ਗਲਤੀਆਂ ਹੋ ਜਾਂਦੀਆਂ ਹਨ ਜਿਸ ਨਾਲ ਪੰਥਕ ਪਰੰਪਰਾਵਾਂ ਨੂੰ ਧਕਾ ਲਗਦਾ ਹੈ। ਜੇਕਰ ਅਕਾਲੀ ਦਲ ਦਾ ਪ੍ਰਧਾਨ ਪੰਥਕ ਸੋਚ ਵਾਲਾ, ਸਤਾ ਤੋਂ ਨਿਰਪਖ ਹੋਵੇਗਾ, ਉਹੀ ਅਕਾਲੀ ਦਲ ਦੀ ਨੀਂਹ ਪਰਪੱਕ ਕਰ ਸਕੇਗਾ। ਜਿਸ ਤਰਾਂ ਦੀਆਂ ਪੰਥ ਨੂੰ ਨੈਸ਼ਨਲ ਤੇ ਇੰਟਰਨੈਸ਼ਨਲ ਪੱਧਰ ਉਪਰ ਚੁਣੌਤੀਆਂ ਗੰਭੀਰ ਹਨ, ਉਸਦਾ ਮੁਕਾਬਲਾ ਕਰਨ ਲਈ ਸ੍ਰੋਮਣੀ ਅਕਾਲੀ ਦਲ ਦਾ ਮਜਬੂਤ ਹੋਣਾ ਜਰੂਰੀ ਹੈ।

## ਭਾਰਤ ਤੇ ਚੀਨ ਦੇ ਸਬੰਧ ਸੁਧਰਨ ਵਲ

ਭਾਰਤ ਤੇ ਚੀਨ ਵੱਲੋਂ ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ ਦੇ ਨਾਲ ਟਕਰਾਅ ਵਾਲੇ ਖੇਤਰਾਂ ਵਿਚੋਂ ਫੌਜਾਂ ਪਿੱਛੇ ਹਟਾਉਣ ਦਾ ਅਮਲ ਬੀਤੇ ਦਿਨੀਂ ਪੂਰਾ ਹੋ ਗਿਆ। ਉਪਰੰਤ ਦੋਵਾਂ ਦੇਸ਼ਾਂ ਦੀਆਂ ਫੌਜਾਂ ਨੇ ਆਪੋ ਆਪਣੀਆਂ ਪੁਜ਼ੀਸ਼ਨਾਂ ਦੀ ਤਸਦੀਕ ਅਤੇ ਇਕ ਦੂਜੇ ਵੱਲੋਂ ਉਸਾਰਿਆ ਬੁਨਿਆਦੀ ਢਾਂਚਾ ਢਾਹੁਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਦੇਪਸਾਂਗ ਤੇ ਡੈਮਚੌਕ ਵਿਚ ਆਰਜ਼ੀ ਢਾਂਚਾ ਢਾਹੁਣ ਦਾ ਕੰਮ ਲਗਪਗ ਪੂਰਾ ਹੈ ਤੇ ਦੋਵਾਂ ਪਾਸੇ ਚੌਕੀਆਂ ਦੀ ਤਸਦੀਕ ਦਾ ਥੋੜ੍ਹਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਪੁਜ਼ੀਸ਼ਨਾਂ ਦੀ ਤਸਦੀਕ ਲਈ ਸੁਰੱਖਿਆ ਬਲ ਖ਼ੁਦ ਮੌਕੇ ’ਤੇ ਜਾ ਰਹੇ ਹਨ ਜਦੋਂਕਿ ਇਸ ਕੰਮ ਲਈ ਯੂਏਵੀ’ਜ਼ (ਅਨਮੈਨਡ ਏਰੀਅਲ ਵਹੀਕਲਜ਼) ਦੀ ਵੀ ਮਦਦ ਲਈ ਜਾ ਰਹੀ ਹੈ। ਫੌਜਾਂ ਪਿੱਛੇ ਹਟਾਉਣ ਦੇ ਅਮਲ ਤਹਿਤ ਦੋਵਾਂ ਪਾਸੇ ਸੁਰੱਖਿਆ ਬਲਾਂ ਨੂੰ ਪਿਛਲੀਆਂ ਲੋਕੇਸ਼ਨਾਂ ਉੱਤੇ ਜਾਣ ਲਈ ਆਖ ਦਿੱਤਾ ਗਿਆ ਹੈ।

ਦੋਵਾਂ ਧਿਰਾਂ ਵਿਚ ਬਣੀ ਸਹਿਮਤੀ ਤਹਿਤ ਸਲਾਮਤੀ ਦਸਤੇ ਹੁਣ 10 ਤੋਂ 15 ਦੀ ਗਿਣਤੀ ਵਿਚ ਹੀ ਉਨ੍ਹਾਂ ਪੁਆਇੰਟਾਂ ਤੱਕ ਗਸ਼ਤ ਕਰ ਸਕਣਗੇ, ਜਿੱਥੇ ਅਪਰੈਲ 2020 ਤੋਂ ਗਸ਼ਤ ਦੀ ਮਨਾਹੀ ਸੀ। ਭਾਰਤ ਤੇ ਚੀਨ ਦਰਮਿਆਨ ਪਿਛਲੇ ਸਾਢੇ ਚਾਰ ਸਾਲਾਂ ਤੋਂ ਐੱਲਏਸੀ ਦੇ ਨਾਲ ਜਮੂਦ ਬਰਕਰਾਰ ਸੀ, ਪਰ ਪਿਛਲੇ ਹਫ਼ਤੇ ਦੋਵਾਂ ਦੇਸ਼ਾਂ ਨੇ ਦੇਪਸਾਂਗ ਤੇ ਡੈਮਚੌਕ ਵਿਚ ਗਸ਼ਤ ਬਾਰੇ ਸਹਿਮਤੀ ਬਣਨ ਦਾ ਐਲਾਨ ਕੀਤਾ ਸੀ। ਭਾਰਤੀ ਫੌਜ ਵਿਚਲੇ ਸੂਤਰਾਂ ਨੇ ਕਿਹਾ ਸੀ ਕਿ ਤਸਦੀਕ ਦਾ ਅਮਲ ਮੁਕੰਮਲ ਹੋਣ ਮਗਰੋਂ ਅਗਲੇ ਦੋ ਤਿੰਨ ਦਿਨਾਂ ਵਿਚ ਗਸ਼ਤ ਸ਼ੁਰੂ ਹੋ ਜਾਵੇਗੀ। ਉਂਝ ਦੋਵਾਂ ਧਿਰਾਂ ਵੱਲੋਂ ਇਸ ਬਾਰੇ ਅਗਾਊਂ ਜਾਣਕਾਰੀ ਇਕ ਦੂਜੇ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਤਾਂ ਕਿ ਟਕਰਾਅ ਵਾਲੀ ਸਥਿਤੀ ਨਾ ਬਣੇ। ਦੇਪਸਾਂਗ ਖੇਤਰ ਵਿਚ ਭਾਰਤੀ ਫੌਜਾਂ ਹੁਣ ‘ਬੌਟਲਨੈੱਕ’ ਇਲਾਕੇ ਤੋਂ ਪਾਰ ਵੀ ਗਸ਼ਤ ਕਰ ਸਕਣਗੀਆਂ ਜਦੋਂਕਿ ਡੈਮਚੌਕ ਵਿਚ ਭਾਰਤੀ ਸੁਰੱਖਿਆ ਬਲਾਂ ਨੂੰ ਟਰੈਕ ਜੰਕਸ਼ਨ ਤੇ ਚਾਰਡਿੰਗ ਨੁੱਲਾ ਤਕ ਜਾਣ ਦੀ ਖੁੱਲ੍ਹ ਹੋਵੇਗੀ।

ਭਾਰਤ ਤੇ ਚੀਨ ਦੇ ਸੁਧਰ ਰਹੇ ਸਬੰਧ ਦੱਖਣੀ ਏਸ਼ੀਆ ਦੀ ਸ਼ਾਂਤੀ ਲਈ ਜਰੂਰੀ ਸਨ ਜਦੋਂ ਕਿ ਵਿਸ਼ਵ ਦੇ ਹਿਸਿਆਂ ਵਿਚ ਯੂਕਰੇਨ ਰੂਸ ਜੰਗ, ਇਜਰਾਈਲ, ਇਰਾਨ ਤਣਾਅ ਚਲ ਰਿਹਾ ਹੈ। ਇਹ ਯਤਨ ਵਿਸ਼ਵ ਸ਼ਾਂਤੀ ਲਈ ਸੰਦੇਸ਼ ਦੇਵੇਗਾ। ਪ੍ਰਧਾਨ ਮੰਤਰੀ ਮੋਦੀ ਇਸ ਪਖੋਂ ਵਧਾਈ ਦੇ ਹੱਕਦਾਰ ਹਨ। ਅਮਰੀਕਾ ਨੇ ਵੀ ਇਸ ਸਮਝੌਤੇ ਦਾ ਸਵਾਗਤ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ ਦਿਤੀ ਹੈ।

## ਤਿਹਾੜ ਜੇਲ੍ਹ ਦਾ ਵਾਰਡਰ ਡਰਗ ਦਾ ਸੌਦਾਗਰ

ਐਨਸੀਬੀ ਨੇ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨਾਲ ਮਿਲ ਕੇ ਨਸ਼ੀਲੇ ਮੈਥਮਫੇਟਾਮਾਈਨ ਡਰੱਗਜ਼ ਬਣਾਉਣ ਤੇ ਉਸਨੂੰ ਦੇਸ਼-ਵਿਦੇਸ਼ ਵਿਚ ਵੇਚਣ ਦੇ ਮਾਮਲੇ ਵਿਚ ਇਕ ਮੈਕਸੀਕਨ ਨਾਗਰਿਕ ਤੇ ਤਿਹਾੜ ਜੇਲ੍ਹ ਦੇ ਵਾਰਡਨ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੈਕਸੀਕਨ ਨਾਗਰਿਕ ਨੂੰ ਸਰਗਨਾ ਦੱਸਿਆ ਜਾ ਰਿਹਾ ਹੈ। ਐੱਨਸੀਬੀ ਨੇ ਗੌਤਮਬੁੱਧ ਨਗਰ ਵਿਚ ਜੇ-36 ਸੂਰਜਪੁਰ ਇੰਡਸਟਰੀਅਲ ਏਰੀਆ ਸਥਿਤ ਫੈਕਟਰੀ ’ਤੇ ਛਾਪਾ ਮਾਰ ਕੇ ਕਰੀਬ 10 ਕਰੋੜ ਰੁਪਏ ਮੁੱਲ ਦੀ 95 ਕਿੱਲੋ ਮੈਥਮਫੇਟਾਮਾਈਨ ਵੀ ਬਰਾਮਦ ਕੀਤੀ ਹੈ।

ਬਾਕੀ ਹਿਸਾ EXT-B ਤੇ ਪੜ੍ਹੋ →

**NEWS & VIEWS**

# 1984 SIKH GENOCIDE A FAILURE OF INDIAN DEMOCRATIC INSTITUTIONS



Gurmukh Singh OBE

In 2009, Late Sardar Jarnail Singh, a journalist, rose to fame when, in righteous indignation, he threw a shoe towards the then Home Minister, P Chidambaram. He wrote his famous book, *I ACCUSE…Anti Sikh Violence of 1984.* Later that year, I interviewed him during a local radio programme in Southall, UK and also reviewed his book (see link at footnote**).

The question uppermost in my mind as I finished reading the book was: *How can all checks and safeguards of a democracy fail so completely at the same time in the capital city of the largest democracy in the world?* Or, to quote the book cover note, *Why did the state apparatus allow it to happen?* The guardians of the constitution: the President, the Parliament, different branches of the administration, the judiciary, the media – all abdicated their responsibility for three days from 1 November to 3 November 1984. Then this fire of hatred was extinguished with the same efficiency as it had been started as the world media arrived for the funeral of Indira Gandhi.

Memoirs of BD Pande, the Governor of Punjab from October 10, 1983, to June 27, 1984, published with the title: *In the Service of Free India*, blamed Indira Gandhi for Operation Bluestar in June 1984. Pande showed that the Sikhs were victims of a false narrative and the biased Hindutva press. He claimed that the Centre was adamant on harsh measures. The whole Indian system had turned against the most loyal citizens of India, the Sikhs.

The President of India, Giani Zail Singh, felt that he had no right to intervene; Delhi Police Commissioner Subhash Tandon said that he was not informed even though he was seen with crowds attacking Gurdwara Rakab Ganj. Home Minister Narsimha Rao remained silent. Lt Governor P G Gavai thought everything was under control and did not consider it necessary to call in the army. A magistrate refused to sign an order to control mobs with force if necessary, even as Sikh properties and people were being burnt in his neighbourhood.

Senior Congress politicians like Rajpal Saroj held private meetings on the evening of 31 October to make all arrangements right up to the finer details about distributing kerosene and a white inflammable powder to set the victims alight. Delhi transport and Police support was enlisted.

*Doordarshan*, the only TV station, played its part by repeatedly showing the body of Indira Gandhi kept in state at Teen Murti Bhawan, alternating with scenes of mobs shouting *khoon ka badla khoon* (blood for blood in revenge).

The main media focus on 31st November 1984, was the assassination of Indira Gandhi. She had sanctioned army invasion of Darbar Sahib, the holiest shrine of the Sikhs only five months before. In effect, this was an invasion by the Indian Army of the *Indian* State of Panjab regarded as the Sikh homeland. Thousands of innocent civilians were killed in peacetime. Extra-judicial killings of Sikh youth followed in the next ten years.

From a Sikh perspective, successive Indian governments have been manipulating and exploiting Sikh grievances rather than resolving them. Unchecked extreme Brahmanic Hindutva nationalism predates and fuels freedom movements which can divide India.

For the Sikhs, the *Anandpur Sahib Resolution of 1973*, can be a basis for a process leading to conciliation. Otherwise, justice, delayed and denied, continues to cause deep hurt to the global Sikh community.

** I Accuse…Book review:
https://www.sikhmissionarysociety.org/sms/smsresourcecentre/products/jarnailsinghjournalist/antisikhviolenceof1984/

Gurmukh Singh OBE, Ret'd Principal Civil Servant (UK) sewauk2005@yahoo.co.uk

# ਪੰਜਾਬ ਵਿੱਚ ਹਵਾ ਪ੍ਰਦੂਸ਼ਣ ਵਧਣ ਕਾਰਣ ਸਾਹ ਤੇ ਅਲਰਜੀ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਵਧਣ ਲੱਗੀ

## ✪ ਜ਼ਹਿਰੀਲੀ ਹੋਈ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਦੀ ਹਵਾ ✪ ਆਸਮਾਨ ਵਿਚ ਸਮੋਗ ਦੀ ਚਾਦਰ ਵਿਛੀ ✪ ਹਵਾ ਦਾ ਪ੍ਰਦੂਸ਼ਣ ਵਧਣ ਕਾਰਣ ਸਾਹ ਤੇ ਅਲਰਜੀ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਵਧਣ ਲੱਗੀ



ਪਟਿਆਲਾ-ਪੰਜਾਬ ਵਿੱਚ ਹਵਾ ਪ੍ਰਦੂਸ਼ਣ ਲਾਲ ਨਿਸ਼ਾਨ 'ਤੇ ਪੁੱਜ ਗਿਆ ਹੈ ਤੇ ਆਸਮਾਨ ਵਿਚ ਸਮੋਗ ਦੀ ਚਾਦਰ ਵਿਛ ਗਈ ਹੈ। ਹਵਾ ਦਾ ਪ੍ਰਦੂਸ਼ਣ ਵਧਣ ਨਾਲ ਸਾਹ ਤੇ ਅਲਰਜੀ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਵਧਣ ਲੱਗੀ ਹੈ।ਬੀਤੇ ਐਤਵਾਰ ਨੂੰ ਪਰਾਲੀ ਸੜਨ ਦੇ ਮਾਮਲਿਆਂ ਨੇ 138 ਨਾਲ ਪਿਛਲਾ ਰਿਕਾਰਡ ਤੋੜ ਦਿੱਤਾ ਹੈ। ਗੁਰੂ ਦੀ ਨਗਰੀ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਹਵਾ ਸਭ ਤੋਂ ਵੱਧ ਜ਼ਹਿਰੀਲੀ ਹੋਈ ਹੈ, ਜਿਸਦਾ ਏਕਿਊਆਈ ਸਭ ਤੋਂ ਵੱਧ 317 ਦਰਜ ਕੀਤਾ ਗਿਆ ਹੈ। ਇਸ ਤੋਂ ਬਾਅਦ ਪਟਿਆਲਾ ਅਤੇ ਮੰਡੀ ਗੋਬਿੰਦਗੜ੍ਹ ਦੀ ਹਵਾ ਵੀ ਸਾਹ ਲੈਣ ਯੋਗ ਨਹੀਂ ਰਹੀ ਹੈ। ਜਲੰਧਰ, ਲੁਧਿਆਣਾ, ਰੂਪ ਨਗਰ ਅਤੇ ਖੰਨਾ ਦੀ ਹਵਾ ਵਿਚ ਭਾਰੀ ਤੱਤਾਂ ਦੀ ਮਾਤਰਾ ਵਧੀ ਹੈ। ਸਰਕਾਰੀ ਮੈਡੀਕਲ ਸੰਸਥਾਵਾਂ ਦੇ ਡਾਕਟਰਾਂ ਨੇ ਕਿਹਾ ਕਿ ਮੌਜੂਦਾ ਹਾਲਾਤ ਨੱਕ ਅਤੇ ਬ੍ਰੌਨਕਸੀਅਲ ਐਲਰਜੀ ਤੋਂ ਬਚਾਅ ਲਈ ਸਾਵਧਾਨੀਆਂ ਜ਼ਰੂਰੀ ਹਨ।

### ਮਰੀਜ਼ਾਂ ਦੀ ਸਿਹਤ 'ਤੇ ਪੈ ਰਿਹਾ ਬੁਰਾ ਪ੍ਰਭਾਵ

0-50 ਤੱਕ ਦੇ ਏਅਰ ਕੁਆਲਟੀ ਇੰਡੈਕਸ ਵਾਲੀ ਹਵਾ ਨੂੰ ਚੰਗਾ ਮੰਨਿਆ ਜਾਂਦਾ ਹੈ ਜਿਸਦਾ ਮਨੁੱਖ 'ਤੇ ਘੱਟ ਪ੍ਰਭਾਵ ਹੁੰਦਾ ਹੈ। 51-100 ਤੱਕ ਏ ਕਿਊ ਆਈ ਸੰਤੁਸ਼ਟੀਜਨਕ ਹੈ ਸੰਵੇਦਨਸ਼ੀਲ ਲੋਕਾਂ ਲਈ ਸਾਹ ਲੈਣ ਵਿੱਚ ਔਖ ਹੁੰਦੀ ਹੈ। 101-200 ਤੱਕ ਦੇ ਏ ਕਿਊ ਵਿਚ ਫੇਫੜਿਆਂ, ਦਮਾ ਅਤੇ ਦਿਲ ਦੀਆਂ ਬਿਮਾਰੀਆਂ ਵਾਲੇ ਲੋਕਾਂ ਲਈ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋ ਸਕਦੀ ਹੈ। 201-300 ਏਕਿਊਆਈ ਮਨੁੱਖ ਸਿਹਤ ਲਈ ਮਾੜਾ ਹੈ, ਲੰਬੇ ਸਮੇਂ ਤੱਕ ਇਸ ਹਵਾ ਦੇ ਸੰਪਰਕ ਵਿੱਚ ਰਹਿਣ 'ਤੇ ਜ਼ਿਆਦਾਤਰ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ। 301-400 ਏਕਿਊਆਈ ਵਾਲੀ ਹਵਾ ਮਨੁੱਖ ਲਈ ਬਹੁਤ ਮਾੜੀ ਹੈ, ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ 'ਤੇ ਸਾਹ ਦੀ ਬਿਮਾਰੀ ਹੋ ਸਕਦੀ ਹੈ। 401-500 ਏਕਿਊਆਈ ਵਾਲੀ ਹਵਾ ਸਿਹਤਮੰਦ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਅਤੇ ਮੌਜੂਦਾ ਬਿਮਾਰੀਆਂ ਵਾਲੇ ਲੋਕਾਂ ਨੂੰ ਗੰਭੀਰਤਾ ਨਾਲ ਪ੍ਰਭਾਵਿਤ ਕਰਦਾ ਹੈ। ਦੱਸਣਯੋਗ ਹੈ ਕਿ ਏਅਰ ਕੁਆਲਿਟੀ ਇੰਡੈਕਸ ਰਾਹੀਂ ਹਵਾ ਦੀ ਗੁਣਵੱਤਾ ਦਾ ਰੋਜ਼ਾਨਾ ਮਾਪਿਆ ਜਾਂਦਾ ਹੈ, ਜੋਕਿ ਦਰਸਾਉਂਦਾ ਹੈ ਕਿ ਹਵਾ ਕਿੰਨੀ ਸਾਫ਼ ਜਾਂ ਪ੍ਰਦੂਸ਼ਿਤ ਹੈ ਅਤੇ ਸਿਹਤ 'ਤੇ ਸੰਭਾਵੀ ਸਿਹਤ ਪ੍ਰਭਾਵਾਂ ਬਾਰੇ ਦੱਸਦਾ ਹੈ।

### ਬਿਨਾਂ ਲੋੜ ਤੋਂ ਨਾ ਨਿਕਲੋ ਬਾਹਰ, ਸੈਰ ਵੀ ਕਰੋ ਬੰਦ

ਪਟਿਆਲਾ ਸਥਿਤ ਟੀਬੀ ਹਸਪਤਾਲ ਦੇ ਡਾ: ਵਿਸ਼ਾਲ ਚੋਪੜਾ ਨੇ ਦੱਸਿਆ ਕਿ ਖੰਘ, ਐਲਰਜੀ, ਦਮਾ, ਵਗਦਾ ਨੱਕ ਅਤੇ ਅੱਖਾਂ ਦੀ ਐਲਰਜੀ ਦੀ ਸ਼ਿਕਾਇਤ ਨੂੰ ਲੈਕੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਓ ਪੀ ਡੀ ਵਿਚ ਸਾਹ ਤੇ ਐਲਰਜੀ ਦੇ ਮਰੀਜਾਂ ਵਿਚ ਆਮ ਦਿਨਾਂ ਨਾਲੋਂ 10 ਤੋਂ 15 ਪ੍ਰਤੀਸ਼ਤ ਵਾਧਾ ਹੋਇਆ ਹੈ, ਜੇਕਰ ਹਲਾਤ ਅਜਿਹੇ ਰਹੇ ਤਾਂ ਆਉਣ ਵਾਲੇ ਦਿਨਾਂ ਵਿਚ ਇਹ ਗਿਣਤੀ ਹੋਰ ਵਧੇਗੀ।

ਡਾ. ਚੋਪੜਾ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਦੋ ਪਹੀਆ ਵਾਹਨਾਂ 'ਤੇ ਸਫ਼ਰ ਕਰਦੇ ਸਮੇਂ ਹਵਾ ਦੇ ਸਿੱਧੇ ਸੰਪਰਕ ਤੋਂ ਬਚਿਆ ਜਾਵੇ ਅਤੇ ਮਾਸਕ ਅਤੇ ਜਰੂਰ ਐਨਕਾਂ ਪਾਈਆਂ ਜਾਣ। ਬਿਨਾ ਲੋੜ ਤੋਂ ਘਰੋਂ ਬਾਹਰ ਨਾ ਨਿਕਲਿਆ ਜਾਵੇ ਅਤੇ ਇਹਨਾ ਦਿਨਾਂ ਵਿਚ ਸਵੇਰ ਸ਼ਾਮ ਦੋ ਸੈਰ ਵੀ ਕਰਨਾ ਹਾਨੀਕਾਰਕ ਹੋ ਸਕਦਾ ਹੈ।

| ਏਅਰ ਕੁਆਲਿਟੀ | ਇੰਡੈਕਸ |
|---|---|
| ਅੰਮ੍ਰਿਤਸਰ | 317 |
| ਗੋਬਿੰਦਗੜ੍ਹ | 216 |
| ਪਟਿਆਲਾ | 203 |
| ਜਲੰਧਰ | 161 |
| ਲੁਧਿਆਣਾ | 153 |
| ਰੂਪਨਗਰ | 151 |
| ਖੰਨਾ | 135 |
| ਬਠਿੰਡਾ | 89 |

### ਅਗਲੇ ਹਫਤੇ ਤੱਕ ਰਹੇਗਾ ਇਹੀ ਹਾਲ

ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਅਨੁਸਾਰ ਅਗਲੇ ਹਫਤੇ ਖੇਤਰ ਵਿੱਚ ਖੁਸ਼ਕ ਅਤੇ ਧੁੰਦਲੇ ਹਾਲਾਤ ਬਣੇ ਰਹਿਣਗੇ। ਆਉਣ ਵਾਲੇ ਦਿਨਾਂ ਵਿੱਚ ਵੀ ਪੱਛਮੀ ਗੜਬੜੀ ਦੀ ਕੋਈ ਸੰਭਾਵਨਾ ਨਹੀਂ ਜਾਪਦੀ ਹੈ। ਇਸ ਲਈ, ਮੀਂਹ ਜਾਂ ਤੇਜ਼ ਹਵਾ ਦੀ ਸੰਭਾਵਨਾ ਨਹੀਂ, ਜੋ ਧੂੜ ਨੂੰ ਸਾਫ ਕਰੇ ਜਾਂ ਇਸ ਨੂੰ ਉਡਾ ਦੇਵੇ।

# ਤਿਹਾੜ ਜੇਲ

## EXT-A - ਸਫ਼ੇ ਦਾ ਬਾਕੀ ਹਿਸਾ

ਇਸ ਤੋਂ ਇਲਾਵਾ ਇੱਥੇ ਏਸੀਟੋਨ, ਸੋਡੀਅਮ ਹਾਈਡ੍ਰਾਕਸਾਈਡ, ਮੈਥੀਲੀਨ ਕਲੋਰਾਈਡ, ਪ੍ਰੀਮੀਅਮ ਗ੍ਰੇਡ ਇਥੇਨਾਲ, ਟੋਲਯੂਨੀ, ਰੈੱਡ ਫਾਸਫੋਰਸ ਏਥਿਲ ਏਸੀਟੇਟ ਆਦਿ ਰਸਾਇਣ ਤੇ ਨਿਰਮਾਣ ਲਈ ਦਰਾਮਦ ਹੋਈਆਂ ਮਸ਼ੀਨਾਂ ਵੀ ਮਿਲੀਆਂ। ਮੁਲਜ਼ਮਾਂ ਤੋਂ ਪਤਾ ਲੱਗਾ ਕਿ ਛਾਪੇ ਦੇ ਸਮੇਂ ਫੈਕਟਰੀ 'ਚ ਮਿਲੇ ਕਾਰੋਬਾਰੀ ਨੇ ਤਿਹਾੜ ਜੇਲ੍ਹ ਦੇ ਵਾਰਡਨ ਨਾਲ ਮਿਲ ਕੇ ਨਾਜਾਇਜ਼ ਫੈਕਟਰੀ ਖੋਲ੍ਹੀ ਸੀ। ਉਸਨੇ ਵੱਖ ਵੱਖ ਥਾਵਾਂ ਤੋਂ ਮੈਥਮਫੇਟਾਮਾਈਨ ਦੇ ਨਿਰਮਾਣ ਲਈ ਜ਼ਰੂਰੀ ਰਸਾਇਣਾਂ ਦੀ ਖ਼ਰੀਦ ਕੀਤੀ ਸੀ। ਚਾਰਾਂ ਮੁਲਜ਼ਮਾਂ ਨੂੰ ਪੁੱਛਗਿੱਛ ਲਈ ਤਿੰਨ ਦਿਨਾਂ ਦੇ ਰਿਮਾਂਡ 'ਤੇ ਲਿਆ ਗਿਆ ਹੈ।

ਐੱਨਸੀਬੀ ਦੇ ਡਿਪਟੀ ਡਾਇਰੈਕਟਰ ਜਨਰਲ (ਆਪ੍ਰੇਸ਼ਨ) ਗਿਆਨੇਸ਼ਵਰ ਸਿੰਘ ਨੇ ਕਿਹਾ ਕਿ ਸੂਚਨਾ ਮਿਲੀ ਸੀ ਕਿ ਕੁਝ ਲੋਕ ਵਿਦੇਸ਼ 'ਚ ਬਰਾਮਦ ਦੇ ਨਾਲ ਭਾਰਤ 'ਚ ਖ਼ਪਤ ਲਈ ਮੈਥਾਮਫੇਟਾਮਾਈਨ ਵਰਗੀ ਸਿੰਥੈਟਿਕ ਡਰੱਗ ਦਾ ਉਤਪਾਦਨ ਕਰ ਰਹੇ ਹਨ। ਤਸਕਰਾਂ ਨੇ ਐੱਨਸੀਆਰ 'ਚ ਕਈ ਥਾਵਾਂ 'ਤੇ ਲੈਬ ਦੀ ਆੜ 'ਚ ਫੈਕਟਰੀ ਖੋਲ੍ਹੀ ਹੋਈ ਹੈ, ਜਿਸ ਵਿਚ ਮੈਕਸੀਕਨ ਸੀਜੇਐੱਨਜੀ ਡਰੱਗਜ਼ ਕਾਰਟੇਲ (ਕਾਰਟੇਲ ਡੀ ਜਲਿਸਕੋ ਨੁਏਵਾ ਜਨਰੇਸ਼ਨ) ਦੇ ਲੋਕ ਵੀ ਸ਼ਾਮਲ ਹਨ।

ਪੁਲਿਸ ਅਨੁਸਾਰ ਕਾਰੋਬਾਰੀ ਨੂੰ ਪਹਿਲਾਂ ਮਾਲੀਆ ਖ਼ੁਫ਼ੀਆ ਵਿਭਾਗ (ਡੀਆਰਆਈ) ਵਲੋਂ ਐੱਨਡੀਪੀਐੱਸ ਮਾਮਲੇ 'ਚ ਗ੍ਰਿਫ਼ਤਾਰ ਕਰ ਕੇ ਤਿਹਾੜ ਜੇਲ੍ਹ ਭੇਜਿਆ ਗਿਆ ਸੀ, ਜਿੱਥੇ ਉਹ ਜੇਲ੍ਹ ਵਾਰਡਨ ਦੇ ਸੰਪਰਕ ਵਿਚ ਆਇਆ। ਡਰੱਗਜ਼ ਦੇ ਨਿਰਮਾਣ ਲਈ ਮੁੰਬਈ ਸਥਿਤ ਰਸਾਇਣ ਮਾਹਰ ਨੂੰ ਸ਼ਾਮਲ ਕੀਤਾ ਗਿਆ ਤੇ ਉਸਦੀ ਗੁਣਵੱਤਾ ਦਾ ਪ੍ਰੀਖਣ ਦਿੱਲੀ ਵਿਚ ਰਹਿਣ ਵਾਲਾ ਮੈਕਸੀਕਨ ਕਾਰਟੇਲ ਦਾ ਮੈਂਬਰ ਕਰਦਾ ਸੀ। ਮੁਲਜ਼ਮਾਂ ਦੇ ਹੋਰ ਲੋਕਾਂ ਨਾਲ ਸਬੰਧ, ਮਨੀ ਟ੍ਰੇਲ ਤੇ ਜਾਇਦਾਦਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

ਇਸ ਸਾਲ ਐੱਨਸੀਬੀ ਨੇ ਗੁਜਰਾਤ ਦੇ ਗਾਂਧੀਨਗਰ ਤੇ ਅਮਰੇਲੀ, ਰਾਜਸਥਾਨ ਦੇ ਜੋਧਪੁਰ ਤੇ ਸਿਰੋਹੀ ਤੇ ਮੱਧ ਪ੍ਰਦੇਸ਼ ਦੇ ਭੋਪਾਲ ਵਿਚ ਇਸ ਤਰ੍ਹਾਂ ਦੀਆਂ ਫੈਕਟਰੀਆਂ ਦਾ ਪਰਦਾਫਾਸ਼ ਕੀਤਾ ਹੈ। ਭੋਪਾਲ ਦੇ ਬਗਰੋਦਾ ਇੰਡਸਟਰੀਅਲ ਏਰੀਆ ਵਿਚ ਗੁਜਰਾਤ ਏਟੀਐੱਸ ਨਾਲ ਸਾਂਝੀ ਕਾਰਵਾਈ ਵਿਚ ਫੈਕਟਰੀ ਫੜੀ ਗਈ ਸੀ, ਜਿੱਥੋਂ ਲਗਪਗ 907 ਕਿੱਲੋ ਮੇਫੇਡ੍ਰੋਨ ਤੇ ਮਸ਼ੀਨਰੀ ਦੇ ਨਾਲ ਲਗਪਗ 7,000 ਕਿੱਲੋ ਵੱਖ-ਵੱਖ ਰਸਾਇਣ ਜ਼ਬਤ ਕੀਤੇ ਗਏ ਸਨ। ਮੰਨਿਆ ਜਾਂਦਾ ਹੈ ਕਿ ਮੈਥਾਮਫੇਟਾਮਾਈਨ ਤੇ ਮੇਫੇਡ੍ਰੋਨ ਵਰਗੀਆਂ ਸਿੰਥੈਟਿਕ ਡਰੱਗਜ਼ ਦੇ ਉਤਪਾਦਨ ਦੀ ਘੱਟ ਲਾਗਤ ਨੂੰ ਦੇਖਦੇ ਹੋਏ ਮਾਫ਼ੀਆ ਤੇਜ਼ੀ ਨਾਲ ਇੰਡਸਟਰੀਅਲ ਇਲਾਕਿਆਂ ਵਿਚ ਅਜਿਹੀਆਂ ਗੁਪਤ ਪ੍ਰਯੋਗਸ਼ਾਲਾਵਾਂ ਸਥਾਪਤ ਕਰ ਰਹੇ ਹਨ। ਇਸ ਤੋਂ ਸਪੱਸ਼ਟ ਹੈ ਕਿ ਗੁਜਰਾਤ, ਦਿਲੀ ਵਿਚ ਡਰਗ ਦੀਆਂ ਨਾਜਾਇਜ਼ ਫੈਕਟਰੀਆਂ ਹਨ, ਜਿਥੋਂ ਡਰਗ ਪੰਜਾਬ ਵਿਚ ਖਪਾਈ ਜਾਂਦੀ ਹੈ। ਇਸ ਵਿਚ ਭ੍ਰਿਸ਼ਟ ਨੇਤਾ, ਪੁਲਿਸ ਅਫਸਰ, ਡਰਗ ਮਾਫੀਆ ਦਾ ਗਠਜੋੜ ਸ਼ਾਮਲ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਨੂੰ ਸਖਤੀ ਨਾਲ ਰੋਕੇ।

-ਰਜਿੰਦਰ ਸਿੰਘ ਪੁਰੇਵਾਲ

# ਕਾਂਗਰਸ ਵਲੋਂ ਪੰਜਾਬ ਵਿਚ ਜ਼ਿਮਨੀ ਚੋਣਾਂ ਲਈ ਰਣਨੀਤੀ ਘੜੀ ਯੋਜਨਾ ਕਮੇਟੀ ਬਣਾਈ

## ✪ ਪ੍ਰਤਾਪ ਸਿੰਘ ਬਾਜਵਾ ਨੂੰ ਬਣਾਇਆ ਕਨਵੀਨਰ

ਨਵੀਂ ਦਿੱਲੀ-ਪੰਜਾਬ ਦੇ 4 ਵਿਧਾਨ ਸਭਾ ਹਲਕਿਆਂ ਲਈ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਲਈ ਕਾਂਗਰਸ ਨੇ ਰਣਨੀਤੀ ਅਤੇ ਯੋਜਨਾ ਕਮੇਟੀ ਦਾ ਗਠਨ ਕੀਤਾ ਹੈ। ਪੰਜਾਬ ਕਾਂਗਰਸ ਦੇ ਇੰਚਾਰਜ ਦਵਿੰਦਰ ਯਾਦਵ ਵਲੋਂ ਜਾਰੀ ਇਕ ਆਦੇਸ਼ ਮੁਤਾਬਿਕ ਇਸ ਕਮੇਟੀ ਵਿਚ 7 ਵਿਅਕਤੀਆਂ ਨੂੰ ਸ਼ਾਮਿਲ ਕੀਤਾ ਗਿਆ। ਕਮੇਟੀ ਕਨਵੀਨਰ ਪ੍ਰਤਾਪ ਸਿੰਘ ਬਾਜਵਾ ਹੋਣਗੇ। ਉਨ੍ਹਾਂ ਤੋਂ ਇਲਾਵਾ ਪ੍ਰਦੇਸ਼ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਜੈ ਇੰਦਰ ਸਿੰਗਲਾ, ਅਲੋਕ ਸ਼ਰਮਾ ਅਤੇ ਰਵਿੰਦਰ ਦਲਵੀ ਕਮੇਟੀ ਵਿਚ ਸ਼ਾਮਿਲ ਹਨ । ਜ਼ਿਕਰਯੋਗ ਰਾਜਾ ਵੜਿੰਗ ਦੀ ਪਤਨੀ ਅੰਮਿਬਾ ਵੜਿੰਗ ਗਿੱਦੜਬਾਹਾ ਤੋਂ ਅਤੇ ਰੰਧਾਵਾ ਦੀ ਪਤਨੀ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਦੇ ਉਮੀਦਵਾਰ ਹਨ। ਪੰਜਾਬ ਵਿਚ 13 ਨਵੰਬਰ ਨੂੰ ਗਿੱਦੜਬਾਹਾ, ਡੇਰਾ ਬਾਬਾ ਨਾਨਕ, ਬਰਨਾਲਾ ਅਤੇ ਚੱਬੇਵਾਲ 'ਚ ਜ਼ਿਮਨੀ ਚੋਣਾਂ ਹੋਣੀਆਂ ਹਨ।

# ਕਾਵਿ-ਕਿਆਰੀ

## "ਦੁਸਹਿਰਾ-ਦਿਵਾਲੀ"



ਨਛੱਤਰ ਸਿੰਘ ਭੋਗਲ "ਭਾਖੜੀਆਣਾ"

ਚੰਗਾ ਲੱਗੇ ਨਾਂ ਦੁਸਹਿਰਾ, ਮਨਭਾਉਂਦੀ ਨਹੀਂ ਦਿਵਾਲੀ।
ਕਿਹੜੇ ਚਾਵਾਂ ਨਾਲ ਦੱਸੋ, ਮੈਂ ਮਨਾਵਾਂ ਇਹ ਦਿਵਾਲੀ॥

ਜ਼ਮੀਨਾਂ ਖੋਹਣ ਦਾ ਖਿਆਲ, ਤੇਰੇ ਮਨ ਵਿੱਚ ਆਇਆ,
ਧੱਕੇ-ਸ਼ਾਹੀ ਦੇ ਖ਼ਿਲਾਫ਼, ਕਿਸਾਨਾਂ ਮੋਰਚਾ ਲਗਾਇਆ,
ਝੱਲੀ ਰੁੱਤਾਂ ਦੀ ਕਰੋਪੀ, ਬਹਿ ਕੇ ਭੁੱਖਾ ਤਰਿਹਾਇਆ,
ਜੈ ਜਵਾਨ-ਜੈ ਕਿਸਾਨ, ਨਾਹਰਾ ਸਾਡੇ ਹਿੱਸੇ ਆਇਆ,
ਸਾਡੇ ਨਾਲ ਮਾੜੀ ਕੀਤੀ, ਸਾਡੇ ਚਿੱਤ ਨਾ ਖ਼ਿਆਲੀ।
ਕਿਹੜੇ ਚਾਵਾਂ ਨਾਲ ਦੱਸੋ, ਮੈਂ ਮਨਾਵਾਂ ਇਹ ਦਿਵਾਲੀ॥

ਕਾਲ੍ਹਾ-ਦੌਰ ਅਸੀਂ ਆਪਣੇ ਹੈ ਪਿੰਡੇ ਤੇ ਹੰਢਾਇਆ,
ਜਿਹਨੇ ਚੜ੍ਹਦੀ ਜਵਾਨੀ ਨੂੰ ਰਾਹ ਸਿਵਿਆਂ ਦੇ ਪਾਇਆ,
ਮਾਂ, ਬਾਪ, ਧੀਆਂ, ਭੈਣਾਂ ਨੂੰ ਜਾ ਠਾਣੇ ਸੀ ਬਿਠਾਇਆ,
ਝੂਠ ਚੰਦਰੇ ਨੇਂ ਸੱਚ ਨੂੰ ਸੀ ਫਾਂਸੀ ਲਟਕਾਇਆ,
ਛਾਇਆ ਘਰ-ਘਰ ਮਾਤਮ ਤੇ ਪਿੰਡ ਹੋਏ ਖਾਲ੍ਹੀ।
ਕਿਹੜੇ ਚਾਵਾਂ ਨਾਲ ਦੱਸੋ, ਮੈਂ ਮਨਾਵਾਂ ਇਹ ਦਿਵਾਲੀ॥

ਹਵਾਵਾਂ ਵਿੱਚ ਹੈ ਕੁੜੱਤਣ, ਜ਼ਹਿਰ ਘੁਲ੍ਹੀ ਵਿੱਚ ਪਾਣੀ,
ਮਾਰੂਥਲ ਬਣੀ ਜਾਂਦੀ, ਪਿਆਸੀ ਧਰਤੀ ਨਿਮਾਣੀ,
ਖੇਤੀ ਜੱਟ ਲਈ ਹੈ ਬਣੀ, ਬਘਿਆੜੀ ਬੰਦੇ ਖਾਣੀ,
ਤਾਹੀਉਂ ਰੱਸਾ ਗੱਲ੍ਹ ਪਾਕੇ ਕਰੇ ਖਤਮ ਕਹਾਣੀ,
ਉੱਡੀ ਫਸਲਾਂ ਦੇ ਉਤੋਂ, ਜਿਹੜੀ ਆਈ ਹਰਿਆਲੀ।
ਕਿਹੜੇ ਚਾਵਾਂ ਨਾਲ ਦੱਸੋ, ਮੈਂ ਮਨਾਵਾਂ ਇਹ ਦਿਵਾਲੀ॥

ਸਾਡੇ ਹਾਕਮਾਂ ਨੇ ਖ਼ੁਦ, ਬੜੀ ਲੁੱਟ-ਖੋਹ ਮਚਾਈ,
ਡੇਰੇ ਵਾਲ਼ਿਆਂ ਤੋਂ ਡਰੀ ਹੋਈ ਖੁਦਾ ਦੀ ਖੁਦਾਈ,
ਲੱਚਰ ਗਾਇਕਾਂ, ਬੇਸ਼ਰਮੀਂ ਦੀ ਹੱਦ ਹੈ ਮੁਕਾਈ,
ਜ਼ਿਹਨਾਂ ਢੋਲ ਦੀ ਧਮਾਲ ਤੇ ਪੰਜਾਬਣ ਨੱਚਾਈ,
ਸੁੱਚੇ ਵਿਰਸੇ ਦੇ ਮੂੰਹ ਤੇ ਲਾਉਣ ਕਾਲਖ ਇਹ ਕਾਲ੍ਹੀ।
ਕਿਹੜੇ ਚਾਵਾਂ ਨਾਲ ਦੱਸੋ, ਮੈਂ ਮਨਾਵਾਂ ਇਹ ਦਿਵਾਲੀ॥

ਬੇਅਦਬੀ ਸ਼ਬਦ ਗੁਰੂ ਦੀ, ਸੋਚੀ ਸਮਝੀ ਸੀ ਚਾਲ,
ਭਾਵਨਾਵਾਂ ਦਾ ਕਤਲ, ਰੂਹ ਕੀਤੀ ਸੀ ਹਲਾਲ,
ਅਕਾਲ ਤੱਖਤ ਉਡਾਇਆ, ਸ਼ਰੇਆਮ ਤੋਪਾਂ ਨਾਲ,
ਨਹੀਂਉ ਭੁੱਲਣਾ "ਚੁਰਾਸੀ", ਹੋਇਆ ਕੌਮ ਦਾ ਜੋ ਹਾਲ,
ਨਛੱਤਰ ਭੋਗਲ ਯਾਦ ਰੱਖੀਂ, ਗੱਲ ਨਹੀਂ ਭਲਾਉਣ ਵਾਲੀ।
ਕਿਹੜੇ ਚਾਵਾਂ ਨਾਲ ਦੱਸੋ, ਮੈਂ ਮਨਾਵਾਂ ਇਹ ਦਿਵਾਲੀ॥

## ਦੀਵਾਲੀ



ਮਹਿੰਦਰ ਸਿੰਘ ਮਾਨ

ਅੱਜ ਖੁਸ਼ੀਆਂ ਦਾ ਤਿਉਹਾਰ ਦੀਵਾਲੀ ਹੈ,
ਲੋਕਾਂ ਨੂੰ ਪਟਾਕੇ ਚਲਾਉਣ ਦੀ ਬੜੀ ਕਾਹਲੀ ਹੈ।
ਪਟਾਕੇ ਚਲਾਉਣ ਵਾਲਿਓ ਲੋਕੋ, ਜ਼ਰਾ ਸੰਭਲ ਕੇ,
ਖਾ ਲਿਉ ਤਰਸ ਬੇਵੱਸ ਪੰਛੀਆਂ ਅਤੇ ਜਾਨਵਰਾਂ ਤੇ।
ਪਟਾਕਿਆਂ ਦੇ ਧੂੰਏਂ ਨਾਲ ਹਵਾ ਹੋਰ ਦੂਸ਼ਿਤ ਹੋ ਜਾਣੀ,
ਸਾਹ ਲੈਣ 'ਚ ਸਭ ਨੂੰ ਮੁਸ਼ਕਲ ਹੈ ਪੇਸ਼ ਆਉਣੀ।
ਕਰੋੜਾਂ ਰੁਪਏ ਫੂਕ ਕੇ ਤੁਸੀਂ ਕੀ ਪਾ ਲੈਣਾ,
ਝੁੱਗਾ ਆਪਣਾ ਤੁਸੀਂ ਹੋਰ ਵੀ ਚੌੜ ਕਰਾ ਲੈਣਾ।
ਨਕਲੀ ਮਠਿਆਈਆਂ ਖਾਣ ਤੋਂ ਵੀ ਕਰਿਉ ਪ੍ਰਹੇਜ਼,
ਇਨ੍ਹਾਂ ਨੇ ਤੁਹਾਨੂੰ ਹਸਪਤਾਲਾਂ 'ਚ ਦੇਣਾ ਭੇਜ।
ਫਿਰ ਦੇਣੇ ਪੈਣਗੇ ਤੁਹਾਨੂੰ ਹਜ਼ਾਰਾਂ ਰੁਪਏ ਦੇ ਬਿੱਲ,
ਮਹੀਨਾ ਭਰ ਮੰਜਿਆਂ ਤੋਂ ਤੁਹਾਥੋਂ ਹੋਣਾ ਨ੍ਹੀ ਹਿੱਲ।
ਇਸ ਕਰਕੇ ਜੋ ਕੁਝ ਚਾਹੁੰਦੇ ਹੋ ਤੁਸੀਂ ਖਾਣਾ,
ਉਹ ਆਪਣੇ ਘਰਾਂ 'ਚ ਬੈਠ ਕੇ ਹੀ ਬਣਾਉਣਾ।
ਏਸੇ ਵਿੱਚ ਹੀ ਹੈ ਭਲਾ ਲੋਕੋ,ਤੁਹਾਡਾ ਸਭ ਦਾ,
ਚੱਜ ਨਾਲ ਮਨਾਇਆਂ ਹੀ ਤਿਉਹਾਰ ਚੰਗਾ ਲੱਗਦਾ।

## ਦਵਈਆ ਛੰਦ



## ਦੀਵਾਲੀ ਦੇ ਸੱਤ ਦੀਵੇ

1.ਕੁਝ ਤਾਂ ਮੈਂ ਵੀ ਕਰ ਦਿਖਲਾਵਾਂ, ਨਿਸ਼ਚਾ ਕਰ ਲਾਂ ਕੇਰਾਂ।
ਦੁਨੀਆਂ ਦੇ ਹਰ ਕੋਨੇ ਅੰਦਰ, ਚਾਨਣ ਪਿਆ ਬਖੇਰਾਂ।
ਰਾਤੀਂ ਇਸ ਦੀਵਾਲੀ ਨੂੰ ਮੈ, ਦੀਵੇ ਸੱਤ ਜਗਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

2.ਲਟਲਟ ਬਲੇ ਪਿਆਰ ਦਾ ਦੀਵਾ, ਹਰ ਹਿਰਦੇ ਦੇ ਅੰਦਰ।
ਹਰ ਇੱਕ ਰੂਹ ਹੀ ਕਰੇ ਇਬਾਦਤ, ਹਰ ਇੱਕ ਦਿਲ ਹੀ ਮੰਦਰ।
ਵੈਰ ਵਿਰੋਧ ਈਰਖਾ ਸਾੜੇ, ਜੜ੍ਹ ਤੋਂ ਪੁੱਟ ਦਿਖਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਵਾਂ।

3.ਤੰਦਰੁਸਤੀ ਦਾ ਦੀਵਾ ਦੂਜਾ, ਕੰਚਨ ਹੋਵੇ ਕਾਇਆ।
ਸਦਾ ਨਿਰੋਗ ਰਹੇ ਹਰ ਕੋਈ, ਗ਼ਮ ਦਾ ਪਵੇ ਨਾ ਛਾਇਆ।
ਹਰ ਬੂਟਾ ਹੀ ਹਰਿਆ ਹੋਵੇ, ਸਦ ਹੀ ਪਾਣੀ ਪਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

4.ਬਾਲਾਂ ਇੱਕ ਵਿਵੇਕ ਦਾ ਦੀਵਾ, ਭਰਮ ਭੁਲੇਖਾ ਜਾਵੇ।
ਝੂਠੇ ਛੱਪਰ ਟੁੱਟੀ ਜਾਵਣ, ਗਿਆਨ ਹਨੇਰੀ ਆਵੇ।
ਵਿੱਦਿਆ, ਬੁੱਧੀ, ਸੂਝ ਬੂਝ ਦਾ, ਚਾਨਣ ਖੂਬ ਫੈਲਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

5.ਧਨ ਦਾ ਦੀਵਾ ਕਰੇ ਰੋਸ਼ਨੀ, ਹਰਕਿ ਬਨੇਰੇ ਉੱਤੇ।
ਹਰਘਰ ਵਿੱਚ ਲੱਛਮੀ ਆਵੇ, ਖੁਸ਼ਹਾਲੀ ਦੀ ਰੁੱਤੇ।
ਸਭ ਦੀ ਲੋਚਾ ਪੂਰੀ ਹੋਵੇ, ਦਿਲ ਤੋਂ ਕਰਾਂ ਦੁਆਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

6. ਹਾਸਿਆਂ ਵਾਲਾ ਦੀਵਾ ਜਗਦਾ, ਲਾਟ ਏਸ ਦੀ ਨੱਚੇ।
ਖਿੜਦੇ ਦਿੱਸਣ ਸਭ ਨਰ-ਨਾਰੀ, ਜੀਕਣ ਹੱਸਦੇ ਬੱਚੇ।
ਖੁਸ਼ੀਆਂ ਦਾ ਦੀਵਾ ਚੌਮੁਖੀਆ, ਸਾਂਝੀ ਥਾਂ ਵੀ ਲਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

7.ਦੀਵਾ ਇੱਕ ਸਹਿਜ ਦਾ ਐਸਾ, ਮੱਠਾ ਚਾਨਣ ਦੇਵੇ।
ਸ਼ਾਂਤੀ ਅਤੇ ਨਿਮਰਤਾ ਵਰਗੇ, ਮਿਲਣ ਨਾ ਕਿਧਰੇ ਮੇਵੇ।
"ਜੀਓ ਅਤੇ ਜੀਊਣ ਦੇਵੋ," ਸਭ ਨੂੰ ਸਬਕ ਪੜ੍ਹਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।


8.ਸੱਤਵਾਂ ਦੀਵਾ ਸਿਦਕ ਦਾ ਜੇ ਉਸ ਇੱਕ ਸੱਚੇ ਤੇ ਆਵੇ।
ਜਿਸ ਨੇ ਸਭ ਨੂੰ ਪੈਦਾ ਕੀਤਾ, ਸਭ ਨੂੰ ਰਿਜ਼ਕ ਪੁਚਾਵੇ।
ਨਾਮ ਓਸ ਦਾ ਕਦੇ ਨਾ ਭੁੱਲਾਂ, ਰਾਤ ਦਿਨੇ ਪਿਆ ਗਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

9.ਸੱਤੇ ਦੀਵੇ ਬਲ੍ਹਦੇ ਸਾਰੇ, ਇੱਕ ਸੇਧ ਵਿੱਚ ਰੱਖਾਂ।
ਸਦਾ ਰੋਸ਼ਨੀ ਦੇਵਣ ਵਾਲੇ, ਦੀਵੇ ਜਗਣੇ ਲੱਖਾਂ।
ਹਰ ਦਿਲ ਤਾਈਂ ਧੜਕਣ ਦੇਵਾਂ, ਨੱਚਾਂ ਅਤੇ ਨਚਾਵਾਂ।
ਪਸਰੇ ਗੂੜ੍ਹੇ ਕਾਲੇ ਨ੍ਹੇਰੇ, ਪਲ ਵਿੱਚ ਦੂਰ ਭਜਾਵਾਂ।

ਜਸਵਿੰਦਰ ਸਿੰਘ ਰੁਪਾਲ
9814715796



## ਤਨਖਾਹੀਏ ਦੇ ਸਿਪਾਹੀ




ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਚਿਹਨ ਚਕਰ ਜਾਂ ਦੇਖ ਪਹਿਰਾਵਿਆਂ ਨੂੰ
ਸਾਡੇ ਬਾਰੇ ਕੋਈ ਭਰਮ ਨਾ ਪਾਲ਼ਿਉ ਜੀ।
ਆਪਾਂ 'ਮਾਲਕ' ਦੇ ਬੱਧੇ ਗੁਲਾਮ ਹਾਂ ਜੀ
ਕੋਈ ਅਜ਼ਾਦੀ ਦਾ ਕੰਮ ਨਾ ਭਾਲ਼ਿਉ ਜੀ।
ਕੌਮੀ ਗ਼ੈਰਤ ਜਾਂ ਅਣਖੀ ਇਤਹਾਸ ਵਾਲ਼ੇ
'ਟੀਕੇ' ਲਾਉਣ ਦੇ ਜ਼ਫਰ ਨਾ ਜਾਲ਼ਿਉ ਜੀ।
ਪਾਇਉ 'ਪੰਥਕ ਅਵਾਜ਼ਾਂ' ਨਾ ਕੰਨ ਸਾਡੇ
ਨੀਂਦ ਗਫਲਤ 'ਚੋਂ ਸੁੱਤੇ ਨਾ 'ਠਾਲ਼ਿਉ ਜੀ।
ਭਾਈ ਲਾਲੋਆਂ ਨਾਲ ਨਹੀਂ ਤੁਰਨ ਦਿੰਦਾ
ਮਲਿਕ ਭਾਗੋ ਦੀਆਂ ਖਾਣੀਆਂ ਵੈਲ ਸਾਡਾ।
ਉਹ ਅਕਾਲੀ ਨਹੀਂ 'ਕਾਲੀ' ਹੀ ਜਾਣੀਏਂ ਜੀ
ਜੋ ਤਨਖਾਹੀਏ ਨੂੰ ਕਹਿਣ 'ਜਰਨੈਲ' ਸਾਡਾ!

* * * * * * *

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ– ਮ:੧
The unexamined life is not worth living. –Plato

## ਚਲਾਣ



ਕੁਲਵੰਤ ਸਿੰਘ ਢੇਸੀ, ਯੂ ਕੇ,

ਕਹਿਣ ਨੂੰ ਕਹਿੰਦੇ ਨੇ ਦਿਲ ਦੀ, ਦਿਲ ਵਧੇਰੇ ਜਾਣਦਾ।
ਦਿਲ ਭਲਾ ਕੀ ਜਾਣਦਾ, ਜੋ ਹੋਊਗਾ ਅਨਜਾਣ ਦਾ।

ਦਿਲ ਦੀ ਅਦਾਲਤ ਨਾਲ ਹੀ, ਦਿਲ ਦੇ ਨੇ ਫੈਸਲੇ,
ਥਾਣਾ ਨਾ ਕੋਈ ਵੀ ਬਾਹਰ ਹੈ, ਰਹਿੰਦਾ ਜੋ ਠਾਣਦਾ।

ਹੱਥੀਂ ਪਾਈ ਜੋ ਜਾਣਦੇ, ਦੰਦਾਂ ਨੇ ਖੋਲ੍ਹਣੀ,
ਰੱਖਦੇ ਖਿਆਲ ਬੜਾ ਉਹ, ਹੁੰਦੇ ਚਲਾਣ ਦਾ।

ਟੁਰਨਾ ਹੋਏ ਦੁਸ਼ਵਾਰ ਤੇ, ਥਾਂ ਥਾਂ 'ਤੇ ਠੋਹਕਰਾਂ,
ਪੈ ਜਾਏ ਗਲ਼ ਸਾਥ ਜੇ, ਮੂਰਖ ਅੰਞਾਣ ਦਾ।

ਆਪ ਮਰੇ ਪਰਲੋ ਹੈ ਜੱਗ, ਸੁਣਿਆ ਬੜੀ ਵੇਰੀ,
ਸਿਰ ਪਈ ਤੇ ਸਮਝਿਆ, ਮਤਲਬ ਅਖਾਣ ਦਾ।

ਹੁੰਦਾ ਹੈ ਜੋ ਹੁੰਦਾ ਰਹੇ, ਤੇਵਰ ਤਕਾਜ਼ਾ ਉਮਰ ਦਾ,
ਜੀਅ ਦੀ ਰਗ਼ ਜੋ ਜਾਣਦਾ, ਉਹ ਭਰ ਜਵਾਨੀ ਮਾਣਦਾ।

ਕੌਡੀਆਂ ਘੱਟੇ ਹੀ ਜਿਹਦੀ ਬੀਤਣੇ ਨੂੰ ਬੀਤਦੀ,
ਲਾਹਾ ਕਿਵੇਂ ਉਹ ਲੈ ਲਊ ਲਾਲਾਂ ਦੀ ਖਾਣ ਦਾ।

ਪੱਤਝੜ ਵੀ ਰਾਹੀਂ ਓਸ ਦੇ, ਕਲੀਆਂ ਬਿਖੇਰ ਦੇਊ,
ਰੂਹ ਦੀ ਵਾੜੀ ਜੋ ਕੋਈ, ਰੱਜ ਰੱਜ ਕੇ ਮਾਣਦਾ।

ਕਦੀ ਤਾਂ 'ਢੇਸੀ' ਵੀ 'ਢੇਸੀ' ਨੂੰ ਜਚੂ ਰੱਜ ਕੇ,
ਖਾਕ ਆਪਣੇ ਜੀਅ ਦੀ ਰਹਿੰਦਾ ਜੋ ਛਾਣਦਾ,

* * * * * * *

# ਹੋ ਗਈ ਚੋਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀ ?

**ਕੇਵਲ ਸਿੰਘ**
95920-93472



ਸਿੱਖ ਸੰਸਥਾਵਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜਿਹੀ ਸੰਸਥਾ ਹੈ ਜਿਸ ਤੋਂ ਸਿੱਖ ਕੌਮ ਲਈ ਕੰਮ ਕਰਨ ਵਾਲੀ ਸੰਸਥਾ ਦੇ ਤੌਰ ਤੇ ਉਮੀਦ ਸਿੱਖ ਚੇਤਨਾ ਵਿਚ ਵੱਸੀ ਰਹਿੰਦੀ ਹੈ ਕਿ ਇਹ ਪੰਥਕ ਸਰੋਕਾਰਾਂ ਪ੍ਰਤੀ ਵਧੇਰੇ ਸੋਚ ਰੱਖ ਕੇ ਕੰਮ ਕਰ ਸਕਦੀ ਹੈ। ਇਸ ਦਾ ਸਦੀ ਤੋਂ ਵੱਡਾ ਇਤਿਹਾਸ ਵੀ ਹੈ। ਇਸ ਦੇ ਵਾਰਸਾਂ ਨੇ ਬੀਤੇ ਵਿਚ ਕੌਮੀ ਪੱਖ ਤੇ ਨ ਕੇਵਲ ਸੰਘਰਸ਼ ਲੜੇ ਹਨ ਬਲਕਿ ਜਿੱਤੇ ਵੀ ਹਨ। ਸੰਸਾਰ ਦੀਆਂ ਹਕੂਮਤਾਂ ਤੇ ਮਜ਼ਬੀ ਜਮਾਤਾਂ ਇਸ ਨੂੰ ਸਿੱਖਾਂ ਦੀ ਹੋਣੀ ਵਾਲੀ ਸਮਰੱਥਾ ਵਾਲੀ ਵਾਰਸ ਸੰਸਥਾ ਮੰਨਦੀਆਂ ਆਈਆਂ ਹਨ। ਇਹ ਸੰਸਥਾ ਜਨਮ ਦੇ ਨੇੜੇ ਤੇੜੇ ਤੋਂ ਸਿੱਖ ਸਿਆਸੀ ਧੜਿਆਂ ਦੀ ਖਿੱਚ ਦਾ ਕੇਂਦਰ ਰਹੀ ਹੈ। ਧੜਿਆਂ ਵਾਲੇ ਇਸ ਦਾ ਪ੍ਰਬੰਧ ਹਥਿਆਉਣ ਲਈ ਸਭ ਕੂੜ ਕਪਟ ਭਰੇ ਦਾਅ ਪੇਚ ਵਰਤ ਕੇ ਇਸ ਦੇ ਮਹੱਤਵ ਤੇ ਮੰਤਵ ਨੂੰ ਦਾਗਦਾਰ ਕਰਦੇ ਆਏ ਹਨ। ਤੇ ਹੁਣ ਉਸ ਤੋਂ ਵੀ ਭਿਅੰਕਰ ਰੂਪ ਵਿਚ ਕਰਦੇ ਹਨ।

ਸਿੱਖ ਅਮਾਮ ਦਾ ਵੱਡਾ ਹਿੱਸਾ ਤਾਂ ਪੰਥ ਤੇ ਪੰਥਕ ਸਰੋਕਾਰਾਂ ਤੋਂ ਬਿਲਕੁਲ ਬੇਖ਼ਬਰ ਸੁੱਤਾ ਹੋਇਆ ਧੀਆਂ ਪੁੱਤਾਂ ਦੀ ਮਮਤਾ ਦੁਆਲੇ ਹੀ ਘੁੰਮਣਾ ਜਾਣਦਾ ਹੈ । ਗੁਰੂ ਪੰਥ ਪ੍ਰਤੀ ਕੀ ਜ਼ਿੰਮੇਵਾਰੀ ਹੈ ਇਸ ਗੱਲ ਦੇ ਉਸ ਲਈ ਕੋਈ ਅਰਥ ਨਹੀਂ ਤਥਾ ਮਹੱਤਤਾ ਨਹੀਂ ! ਕੁਝ ਹਿੱਸਾ ਸੁਜੱਗ ਹੈ। ਉਸ ਵਿੱਚੋਂ ਵੱਡਾ ਭਾਗ ਉਹ ਹੈ ਜਿਸ ਦੀ ਮਾਨਸਿਕਤਾ ਵੀ ਡੇਰੇਦਾਰ ਤੇ ਸੰਪਰਦਾਈ ਪ੍ਰਭਾਵ ਨੇ ਬਹੁਤ ਹਿੱਸਿਆਂ ਵਿਚ ਵੰਡੀ ਹੋਈ ਹੈ। ਉਸ ਲਈ ਪੰਥਕ ਇਕਸੁਰਤਾ ਇਕਸਾਰਤਾ ਦੇ ਕੋਈ ਮਾਇਨੇ (ਅਰਥ) ਨਹੀਂ ਹਨ। ਉਸ ਲਈ ਸੰਪਰਦਾ ਮਹਾਨ ਹੈ। ਡੇਰਾ ਤੇ ਡੇਰੇ ਦੀ ਪ੍ਰਥਾ ਮਹੱਤਵਪੂਰਨ ਹੈ। ਇਸ ਤਰ੍ਹਾਂ ਦੀ ਖਿੰਡਾਓ ਵਾਲੀ ਸਿੱਖ ਮਾਨਸਿਕਤਾ ਨੂੰ ਪੰਥਕ ਯੱਕਜਹਿਤੀ ਨਾਲ ਕੀ ਮਤਲਬ ? ਭਾਵ ਕੋਈ ਲੈਣ ਦੇਣ ਨਹੀਂ।

ਅੱਜ ਅਸੀਂ ਕੀ ਦੇਖ ਰਹੇ ਧੜੇ ਤੇ ਪੈਸੇ ਦੀ ਪ੍ਰਧਾਨਤਾ ਦਾ ਬੋਲਬਾਲਾ ਕਾਇਮ ਰੱਖਣ ਲਈ ਸਿੱਖ ਸਿਆਸੀ ਲੋਕ ਹਰ ਤਰ੍ਹਾਂ ਦੇ ਕਪਟ ਫਰੇਬ ਨੂੰ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ੧੯੮੪ ਤੋਂ ਪਹਿਲਾਂ ਤੇ ੧੯੮੪ ਤੋਂ ਮਗਰੋਂ ਦੇ ਮਾਹੌਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਵੱਖ ਵੱਖ ਪੱਖੋਂ ਕਮਜ਼ੋਰ ਹੋਇਆ ਹੈ। ਜੱਥੇਦਾਰ ਸਰਦਾਰ ਗੁਰਚਰਨ ਸਿੰਘ ਜੀ ਟੌਹੜਾ ਤੋਂ ਮਗਰੋਂ ਪ੍ਰਧਾਨਗੀ ਮਿਆਰ ਆਏ ਦਿਨ ਕਮਜ਼ੋਰ ਹੁੰਦਾ ਗਿਆ ਹੈ। ਲੰਮਾ ਸਮਾਂ ਹੋਇਆ ਹੈ ਬਾਦਲ ਦਲ ਦਾ ਧੜਾ ਇਸ ਸੰਸਥਾ ਦੀ ਪ੍ਰਧਾਨਗੀ ਕਰਦਾ ਆ ਰਿਹਾ ਹੈ। ਸਾਹਮਣੇ ਮੁਕਾਬਲੇ ਵਿਚ ਸਰਦਾਰ ਸਿਮਰਨਜੀਤ ਸਿੰਘ ਜੀ ਮਾਨ ਦਾ ਧੜਾ ਵਧੇਰੇ ਕਰਕੇ ਰਿਹਾ ਹੈ। ੨੦੧੫ ਤੋਂ ਮਗਰੋਂ ਬਾਦਲ ਧੜੇ ਵੱਲੋਂ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕਰਕੇ ਸਿੱਖ ਸੰਗਤਾਂ ਵਿਚ ਜ਼ਬਰਦਸਤ ਵਿਰੋਧ ਹੈ। ਇਸ ਵਿਰੋਧ ਦਾ ਮੁਕਾਬਲਾ ਬਾਦਲ ਦਲ ਕਰਨ ਦੇ ਸਮਰੱਥ ਹੋ ਹੀ ਨਹੀਂ ਸਕਿਆ। ਨਾ ਹੀ ਨਿਕਟ ਭਵਿੱਖ ਵਿਚ ਐਸਾ ਇਸ ਧੜੇ ਨੇ ਕਰ ਸਕਣਾ ਹੈ



ਪਿਛਲੇ ਇਕ ਦੋ ਸਾਲਾਂ ਜਾਂ ਕੁਝ ਵੱਧ ਸਮੇਂ ਤੋਂ ਇਸੇ ਧੜੇ ਦੀ ਟੁੱਟ ਭੱਜ ਹੁੰਦੀ ਆ ਰਹੀ ਹੈ। ਸਵਾਰਥ ਖਾਤਰ ਫਿਰ ਮਿਲਦੇ ਵਿਛੜਦੇ ਵੇਖਣ ਵਿਚ ਆਉਂਦੇ ਹਨ। ਬੀਬੀ ਜਗੀਰ ਕੌਰ ਜੀ ਨੇ ਪਿਛਲੇ ਵਰ੍ਹੇ ਵੀ ਆਪਣੇ ਹੀ ਧੜੇ ਦੇ ਵਿਰੋਧ ਵਿਚ ਚੋਣ ਲੜੀ ਸੀ ਤੇ ਇਸ ਵਾਰ ਵੀ। ਜਦ ਵੀ ਬਾਦਲ ਧੜੇ ਅੰਦਰ ਟੁੱਟ ਭੱਜ ਹੁੰਦੀ ਹੈ ਸਿੱਖ ਕੌਮ ਦਾ ਜਜ਼ਬਾਤੀ ਤੇ ਤੱਤਫੱਟ ਬਦਲਾਅ ਦੀ ਚਾਹਤ ਵਾਲਾ ਹਿੱਸਾ ਰੌਲਾ ਪਾਉਣ ਲੱਗਦਾ ਹੈ ਲਓ ਜੀ ਹੁਣ ਇਸ ਤਰ੍ਹਾਂ ਹੋ ਜਾਣਾ ਹੈ ਜਾਂ ਰੱਬ ਕਰੇ ਕਿ ਇਸ ਤਰ੍ਹਾਂ ਹੋ ਜਾਵੇ। ਇਸ ਰੌਲੇ ਦਾ ਸਾਥ ਅੱਜ ਕੱਲ ਆਕਾਸ਼ ਮੋਢਿਆਂ ਤੇ ਚੁੱਕੀ ਫਿਰਨ ਵਾਲਾ ਸਮਾਜਿਕ ਪ੍ਰਸਾਰ ਪ੍ਰਚਾਰ ਤੰਤਰ (ਸ਼ੋਸ਼ਲ ਮੀਡੀਆ) ਦੇਂਦਾ ਹੈ। ਉਹ ਆਪਣੇ ਤੀਰ ਤੁੱਕੇ ਚਲਾਉਣ ਲੱਗਦਾ ਹੈ। ਸਿੱਖ ਕੌਮ ਦਾ ਉਹ ਹਿੱਸਾ ਜੋ ਬਾਦਲ ਦਲ ਦੀਆਂ ਪੰਥ ਮਾਰੂ ਹਰਕਤਾਂ ਤੋਂ ਅੱਕਿਆ ਥੱਕਿਆ ਪਿਆ ਹੋਇਆ ਹੈ ਉਹ ਤਾਂ ਬਿਲਕੁਲ ਬੇਸਬਰਾ ਜਾਂ ਕਾਹਲਾ ਪਿਆ ਹਿੱਸਾ ਨਾਲ ਰਲ ਕੇ ਇਹ ਕਹਿਣ ਲੱਗਦਾ ਹੈ "ਕਿ ਬੱਸ ਜੀ ਇਸ ਵਾਰ ਤੇ ਬਾਦਲ ਦਲ ਗਿਆ ਕਿ ਗਿਆ।" ਇਹ ਹਵਾਈ ਤੀਰ ਵਰਤਮਾਨ ਚੋਣ ਪ੍ਰਬੰਧ ਦੇ ਹੁੰਦਿਆਂ ਮਨ ਨੂੰ ਲੁਭਾਉਣ ਤੋਂ ਸਵਾਏ ਕਦੀ ਹਕੀਕਤ ਨਹੀਂ ਬਣ ਸਕਦੇ।

ਅਸੀਂ ਭੁੱਲਦੇ ਹਾਂ ਸਾਲਾਨਾ ਪ੍ਰਧਾਨਗੀ ਦੀ ਚੋਣ, ਹਾਲ ਦੀ ਘੜੀ ਨਾ ਤਾਂ ਸ਼੍ਰੋਮਣੀ ਕਮੇਟੀ ਪ੍ਰਬੰਧ ਦੇ ਸੁਧਾਰ ਦਾ ਰਾਹ ਖੋਲ੍ਹ ਸਕਦੀ ਹੈ ਨਾ ਹੀ ਉਹ ਪ੍ਰਬੰਧਕੀ ਤਬਦੀਲੀ ਲਿਆ ਸਕਦੀ ਜੋ ਲਿਆਉਣੀ ਬੜੀ ਜ਼ਰੂਰੀ ਹੈ। ਹਾਲ ਦੀ ਘੜੀ ਤਾਂ ਉਨ੍ਹਾਂ ਮਰ ਚੁੱਕੀਆਂ ਜ਼ਮੀਰਾਂ ਵਾਲੇ ਧੜੇ ਬਾਜ਼ਾਂ ਨੇ ਖ਼ਾਨਾਪੂਰਤੀ ਕਰਨੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕੁਝ ਸੁਝ ਵੀ ਨਹੀਂ ਸਕਦਾ। ਨਾਲੇ ਹੁਣ ਵਾਲਾ ਮਾਹੌਲ ਕੀ ਹੈ ਸਮਝਣ ਦੀ ਲੋੜ ਹੈ ? ਬਾਦਲ ਦਲ/ਬਾਦਲ ਦਲ। ਜਿਹੜਾ ਸੁਧਾਰਵਾਦੀ ਅਕਾਲੀ ਧੜਾ ਹੈ ਇਨ੍ਹਾਂ ਦੀ ਮਾਨਸਿਕਤਾ ਵਿਚ ਵੀ ਗੁਰੂ ਪੰਥ ਨਹੀਂ ਹੈ ਇਹ ਵੀ ਧੜਾਪ੍ਰਸਤ ਹਨ ਇਨ੍ਹਾਂ ਰਹਿਣਾ ਵੀ ਬਾਦਲਕੇਆਂ ਦੇ ਨਾਲ ਹੀ ਹੈ। ਇਨ੍ਹਾਂ ਵਿਚ ਨਾ ਕੋਈ ਜੱਥੇਦਾਰ ਊਧਮ ਸਿੰਘ ਜੀ ਨਾਗੋਕੇ ਬਣਨ ਜੋਗਾ ਹੈ ਅਤੇ ਨਾ ਹੀ ਜੱਥੇਦਾਰ ਮੋਹਣ ਸਿੰਘ ਜੀ ਤੁੜ ! ਜੋ ਨਤੀਜਾ ੨੮ ਅਕਤੂਬਰ ਨੂੰ ਨਿਕਲਿਆ ਹੈ ਇਹ ਹੀ ਨਿਕਲਣਾ ਸੀ। ਕੁਝ ਵੀ ਹੈਰਾਨੀ ਭਰਿਆ ਨਹੀਂ ਹੈ।

ਦੂਜਾ ਪਾਸਾ ਕੱਲ੍ਹ ਜੋ ਕੁਝ ਮੁੜ ਚੁਣੇ ਗਏ ਪ੍ਰਧਾਨ ਜੀ ਨੇ ਆਪਣੀ ਪਿੱਠ ਥਾਪੜੀ ਹੈ ਇਹ ਵੀ ਆਪਣੇ ਧੜੇ ਅੰਦਰ ਪਸਰੀ ਨਮੋਸ਼ੀ ਨੂੰ ਛੁਪਾਉਣ ਦਾ ਇਕ ਢੰਗ ਹੈ। ਉਹ ਵੀ ਜਾਣਦੇ ਗੁਲਾਮਾਂ ਨੇ ਗੁਲਾਮ ਚੁਣਿਆ ਹੈ ! ਇਹ ਸੱਜੇ ਖੱਬੇ ਜਾਣ ਜੋਗੇ ਨਹੀਂ ਸਨ ਨਹੀਂ ਹਨ !

ਬੜੀ ਹੈਰਾਨੀ ਹੋ ਰਹੀ ਸੀ ਪ੍ਰਧਾਨ ਜੀ ਦਾ ਬਿਆਨ ਸੁਣ ਕੇ ! ਉਹ ਕਿਧਰੇ ਆਰ ਐਸ ਐਸ, ਕਿਧਰੇ ਭਾਜਪਾ, ਕਿਧਰੇ ਪੰਜਾਬ ਸਰਕਾਰ ਤੇ ਕਿਧਰੇ ਕਾਂਗਰਸ ਦੇ ਦਖ਼ਲ ਬਾਰੇ ਮਨਘੜ੍ਹਤ ਹੀ ਬੋਲ ਰਹੇ ਸਨ। ਤੇ ਬਾਹਰੀ ਤੌਰ 'ਤੇ ਹੋਰ ਪਤਾ ਨਹੀਂ ਕਿੰਨਿਆਂ ਨੂੰ ਕੋਸ ਰਹੇ ਸਨ। ਦਾਸ ਸੋਚ ਰਿਹਾ ਸੀ, ਐਸਾ ਸਭ ਕੁਝ ਜਾਨਣ ਵਾਲੇ ਸੱਜਣ ਜੀ ਨੂੰ ਕਦੋਂ ਅੰਦਰੋਂ ਗੁਰੂ ਬਚਨ ਰਾਹੀਂ ਸੁਣਾਈ ਦੇਵੇਗਾ "ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥"

ਕੀ ਇਸ ਮੁੜ ਪ੍ਰਧਾਨਗੀ ਮਿਲ ਜਾਣ ਨਾਲ ਬਾਦਲ ਦੇ ਆਗੂ ਪਿਛਲੇ ਕੀਤੇ ਪਾਪਾਂ ਤਥਾ ਗੁਨਾਹਾਂ ਤੋਂ ਮੁਕਤ ਹੋ ਗਏ ਹਨ ? ਕਦਾਚਿਤ ਨਹੀਂ ! ਕਦਾਚਿਤ ਨਹੀਂ !! ਕਦਾਚਿਤ ਨਹੀਂ !!! ਦੋਸ਼ੀ ਜਿਉਂ ਤਿਉਂ ਗੁਨਾਹਗਾਰ ਗੁਰੂ ਪੰਥ ਦੇ !

ਇਸੇ ਹੀ ਤਰ੍ਹਾਂ ਬੀਬੀ ਜਗੀਰ ਕੌਰ ਜੀ ਵੀ ਮਨ ਮਰਜ਼ੀ ਦਾ ਸਹਿਯੋਗ ਨਾ ਮਿਲਣ ਕਰਕੇ ਦੂਜਿਆਂ ਦੀ ਜ਼ਮੀਰਾਂ ਨੂੰ ਕੋਸ ਰਹੇ ਸਨ ਜੋ ਕਿ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਹ ਖੁਦ ਸੋਚਣ ਜਦੋਂ ਬਾਦਲ ਦਲ ਗੁਰੂ ਪੰਥ ਦੀਆਂ ਭਾਵਨਾਵਾਂ ਨੂੰ ਹਕੂਮਤ ਦੀ ਹੈਂਕੜ ਨਾਲ ਪੈਰਾਂ ਹੇਠ ਪੀਹ ਰਿਹਾ ਸੀ ਖ਼ੁਦ ਕਿੱਥੇ ਸਨ ? ਕੀ ਕੀ ਧੜੇ ਦੀ ਖਾਤਰ ਬੋਲਦੇ ਰਹੇ ਹਨ। ਉਸ ਵਕਤ ਇਨ੍ਹਾਂ ਦੀ ਤੇ ਅੱਜ ਵਾਲੇ ਸੁਧਾਰਵਾਦੀਆਂ ਦੀਆਂ ਜ਼ਮੀਰਾਂ ਕਿਉ ਨ ਜਾਗੀਆਂ ?

ਹੁਣ ਤੇ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੂਜੇ ਜੱਥੇਦਾਰ ਸਭ ਨੂੰ ਗੁਰੂ ਪੰਥ ਦੀ ਆਵਾਜ਼ ਨੂੰ ਸੁਣਨਾ ਜ਼ਰੂਰੀ ਹੈ। ਇਹ ਸਮਝਣਾ ਬੜਾ ਜਰੂਰੀ ਹੈ ਕਿ ਬਾਦਲ ਦਲ ਵਾਲਿਆਂ ਦੇ ਗੁਨਾਹ, ਸਮੇਤ ਸੁਧਾਰਵਾਦੀਆਂ ਦੇ ਨਾ ਬਖਸ਼ਣਯੋਗ ਹਨ। ਅਕਾਲ ਤਖ਼ਤ ਸਾਹਿਬ ਦੀ ਆੜ ਵਿਚ ਕੂੜੀ ਸਿਆਸਤ ਕਰਨ ਵਾਲਿਆਂ ਸਭ ਨੂੰ ਸਿੱਖ ਸਿਆਸਤ ਦੀ ਜ਼ਿੰਮੇਵਾਰੀ ਤੋਂ ਸਦਾ ਫਾਰਗ ਕਰਕੇ ੧੯੨੦ ਵਾਲੇ ਮੂਲ ਅਕਾਲੀ ਦਲ ਦੀ ਸੋਚ ਦੇ ਹਾਣੀ ਸਾਰੇ ਸੰਸਾਰ ਵਿਚੋਂ ਲੱਭ ਕੇ ਕੌਮੀ ਸਿਆਸੀ ਹੋਣੀ ਨੂੰ ਸਿਰਜਣ ਲਈ ਨਵਾਂ ਨਕੋਰ ਅਕਾਲੀ ਦਲ ਖੜਾ ਕਰਨਾ ਚਾਹੀਦਾ ਹੈ।

ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ।
panthaknagara@gmail.com


## -ਚੋਣਾਂ ਵਿਚ ਜਿੱਤ ਤੋਂ ਬਾਅਦ ਸੁਖਬੀਰ ਬਾਦਲ ਨੇ ਕਿਹਾ-

## 'ਖ਼ਾਲਸਾ ਪੰਥ ਨੂੰ ਆਗੂ ਰਹਿਤ ਕਰਨ ਦੀ ਗਹਿਰੀ ਸਾਜ਼ਿਸ਼'

ਅੰਮ੍ਰਿਤਸਰ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਚੋਣਾਂ ਵਿੱਚ ਜਿੱਤ ਤੋਂ ਬਾਅਦ ਪਹਿਲਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦੇਣ ਦੇ ਨਾਲ-ਨਾਲ ਵਿਰੋਧੀਆਂ 'ਤੇ ਤਿੱਖੇ ਨਿਸ਼ਾਨੇ ਲਾਏ ਹਨ।

ਸੁਖਬੀਰ ਸਿੰਘ ਬਾਦਲ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ, 'ਖ਼ਾਲਸਾ ਪੰਥ ਦੀ ਨਿਰਾਲੀ ਸ਼ਾਨ ਦੇ ਝੰਡਾ ਬਰਦਾਰ ਤੇ ਕੌਮ ਵੱਲੋਂ ਚੁਣੇ ਹੋਏ ਕੌਮ ਦੇ ਜਰਨੈਲ, ਸਮੂਹ ਮੈਂਬਰਾਨ, ਸ਼੍ਰੋਮਣੀ ਕਮੇਟੀ ਨੂੰ ਮੈਂ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਤੇ ਉਨ੍ਹਾਂ ਦਾ ਤਹਿ ਦਿਲੋਂ ਕੋਟਿਨ ਕੋਟਿ ਧੰਨਵਾਦ ਵੀ ਕਰਦਾ ਹਾਂ ਕਿ ਉਹਨਾਂ ਨੇ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ, ਉਹਨਾਂ ਦੀਆਂ ਏਜੰਸੀਆਂ ਅਤੇ ਉਹਨਾ ਦੀ ਸ਼ਹਿ 'ਤੇ ਪੰਥ ਨੂੰ ਦੋਫਾੜ ਅਤੇ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਵਿਚ ਲੀਨ ਪੰਥ ਵਿਰੋਧੀ ਅਨਸਰਾਂ ਦੇ ਸਾਂਝੇ ਹੱਲੇ ਨੂੰ ਕੱਲ ਲੱਕ ਤੋੜਵੀਂ ਹਾਰ ਦਿੱਤੀ ਹੈ।'

ਸੁਖਬੀਰ ਸਿੰਘ ਬਾਦਲ ਨੇ ਕਿਹਾ, 'ਖ਼ਾਲਸਾ ਪੰਥ ਨੂੰ ਆਗੂ ਰਹਿਤ ਕਰਨ ਦੀ ਗਹਿਰੀ ਸਾਜ਼ਿਸ਼ ਅਧੀਨ ਪਿਛਲੇ ਲਗਭਗ ਡੇਢ ਦਹਾਕੇ ਤੋਂ ਪੰਥਕ ਸਫਾਂ ਵਿਚ ਪੰਥ ਦੀ ਵਾਹਿਦ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਅਤੇ ਪੰਥ ਦਰਦੀਆਂ ਦੇ ਮਨਾਂ ਵਿੱਚ ਉਨ੍ਹਾਂ ਦੀ ਆਪਣੀ



ਜਥੇਬੰਦੀ ਖਿਲਾਫ ਸ਼ੱਕ ਖੜ੍ਹਾ ਕਰਨ ਲਈ ਇੱਕ ਵਿਆਪਕ ਤੇ ਜ਼ਹਿਰੀਲਾ ਕੂੜ ਪ੍ਰਚਾਰ ਤੰਤਰ ਦਿਨ ਰਾਤ ਕੰਮ ਕਰ ਰਿਹਾ ਹੈ।'

'ਪਰ ਕਲਗੀਧਰ ਪਾਤਸ਼ਾਹ ਨੇ ਆਪਣੇ ਪੰਥ ਦੇ ਸਿਰ 'ਤੇ ਆਪਣੀ ਮਿਹਰ ਦਾ ਹੱਥ ਰੱਖਿਆ ਤੇ ਕੌਮ ਨੂੰ ਇਤਿਹਾਸਿਕ ਤੇ ਬੇਮਿਸਾਲ ਜਿੱਤ ਹਾਸਿਲ ਹੋਈ ਹੈ। ਇਹ ਸਭ ਗੁਰੂ ਸਾਹਿਬ ਦੀ ਕਿਰਪਾ ਦੀ ਲੀਲਾ ਹੈ। ਮੈਂ ਇਸ ਕਿਰਪਾ ਦੇ ਪਾਤਰ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਜੁਝਾਰੂ ਮੈਂਬਰ ਸਾਹਿਬਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲੱਖ-ਲੱਖ ਵਧਾਈ ਪੇਸ਼ ਕਰਦਾ ਹਾਂ ਤੇ ਸਮੂਹ ਖ਼ਾਲਸਾ ਪੰਥ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।